

ਸਲੀਮ ਪਾਸ਼ਾ ਨਾਲ ਮੁਲਾਕਾਤ ਆਖਰੀ ਸਫ਼ੇ 'ਤੇ

# ਨਵਾਂ ਜ਼ਮਾਨਾ ਐਤਵਾਰਤਾ

ਭਗਤ ਸਿੰਘ ਦੇ ਨਾਂ 'ਤੇ ਲੁੱਟ
ਗਾਂਧੀ ਦੇ ਨਾਂ 'ਤੇ ਕਤਲੇਆਮ
ਕਿੰਨੀ ਤਬਦੀਲੀ ਦਿਖਾਈ ਦੇ ਰਹੀ
ਹੈ ਦੇਸ਼ ਵਿੱਚ
- ਜਗਵਿੰਦਰ ਜੋਧਾ

Regd. No : Pb/JL-123/2021-2023, (R.N.I.)-00068/57 | ਜਲੰਧਰ : ਐਤਵਾਰ, 2 ਅਕਤੂਬਰ 2022 | www.nawanzamana.in | ਕੀਮਤ 5.00 ਰੁਪਏ


ਸਮਕਾਲੀ ਚਿੰਤਨ


ਕਾਮਰੇਡ ਜਗਰੂਪ


# ਕੁਦਰਤ ਅਤੇ ਸਮਾਜਿਕ ਦਵੰਦਵਾਦ ਦੇ ਨੇਮ ਤੇ ਸੱਤਾ-2

**ਸਾਂਝੇ ਘੋਲ ਦੀ ਬੁਨਿਆਦ ਸਾਂਝੀ ਹੋਣੀ ਜ਼ਰੂਰੀ ਹੈ**

ਇਹ ਸਾਰਿਆਂ ਦੀਆਂ ਮੰਗਾਂ ਦਾ ਇਕੱਠਾ ਕੀਤਾ ਮਸੌਦਾ ਨਹੀਂ ਹੁੰਦਾ। ਇਸ ਤਰ੍ਹਾਂ ਦੇ ਮਸੌਦੇ ਦੇ ਆਧਾਰ ਉੱਪਰ ਅਗਰ ਕੋਈ ਸਾਂਝੀ ਸਰਗਰਮੀ ਅਰੰਭ ਹੁੰਦੀ ਹੈ ਤਾਂ ਉਸ ਦੇ ਬਿਖਰ ਜਾਣ ਦਾ ਡਰ ਵੀ ਮੌਜੂਦ ਹੁੰਦਾ ਹੈ। ਜਿਵੇਂ ਹਿੱਸੇਦਾਰ ਆਜ਼ਾਦ ਸੋਚ ਆਧਾਰ 'ਤੇ ਹਿੱਸਾ ਬਣਦੇ ਹਨ, ਉਵੇਂ ਹੀ ਆਜ਼ਾਦ ਸੋਚ ਆਧਾਰ ਤੇ ਵੱਖ ਹੋਣ ਦਾ ਫੈਸਲਾ ਲੈ ਲੈਣ ਦਾ ਹੱਕ ਵੀ ਵਰਤਨ ਯੋਗ ਹੁੰਦੇ ਹਨ। ਇਸ ਵਿੱਚ 'ਇਮਾਨਦਾਰ ਮੌਕਾਪ੍ਰਸਤੀ' ਦੀ ਭਾਰੀ ਗੁੰਜਾਇਸ਼ ਹੁੰਦੀ ਹੈ। (ਏਨਾ ਕਹਿਣਾ ਹੀ ਕਾਫੀ ਹੁੰਦਾ ਹੈ, 'ਇਹ ਸਾਡੀ ਜਥੇਬੰਦੀ ਦਾ ਫੈਸਲਾ ਹੈ।') 'ਇਮਾਨਦਾਰ ਮੌਕਾਪ੍ਰਸਤੀ ਸਭ ਤੋਂ ਖਤਰਨਾਕ ਹੁੰਦੀ ਹੈ' (ਸੱਤਾ ਦੇ ਸਵਾਲ 'ਤੇ ਮਾਰਕਸ ਦਾ ਇਹ ਕਥਨ ਵਡਮੁੱਲਾ ਹੈ) ਇਹ ਵਰਤਮਾਨ ਲਾਭ ਲਈ ਭਵਿੱਖ ਕੁਰਬਾਨ ਕਰਨਾ ਹੁੰਦਾ ਹੈ।

ਅਜਿਹੇ ਆਧਾਰ 'ਤੇ ਬਣੀ ਸਾਂਝੀ ਸਰਗਰਮੀ ਦੇ ਖਿਲਰ ਜਾਣ ਦੇ ਬੀਜ ਮੁੱਢ ਵਿੱਚ ਹੀ ਮੌਜੂਦ ਹੁੰਦੇ ਹਨ। ਸੱਤਾ ਲਈ ਇਕ ਧਿਰ ਨੂੰ ਵੱਖ ਕਰਨ ਦਾ ਮੌਕਾ ਅਸਾਨ ਹੁੰਦਾ ਹੈ। ਅਜਿਹਾ ਹੋਣ ਨਾਲ ਸਾਂਝੀ ਲਹਿਰ ਟੁੱਟ ਜਾਂਦੀ ਹੈ ਅਤੇ ਇਕ-ਦੂਜੇ ਵਿਰੁੱਧ ਤਣਾਅ ਵਧ ਜਾਂਦਾ ਹੈ, ਜੋ ਭਵਿੱਖ ਦੀ ਸਾਂਝੇ ਆਧਾਰ ਵਾਲੀ ਸਾਂਝ ਨੂੰ ਵੀ ਬਰਬਾਦ ਕਰ ਦਿੰਦਾ ਹੈ।

ਇਸ ਦਾ ਅਰਥ ਇਹ ਹਰਗਿਜ਼ ਨਹੀਂ ਕਿ ਸਾਂਝੇ ਉੱਦਮ ਨਿਕਾਰ ਦਿੱਤੇ ਜਾਣ। ਇਸ ਦਾ ਮਤਲਬ ਹੈ ਕਿ ਸਾਂਝੀ ਲਹਿਰ ਉਸਾਰੀ ਦੀ ਬੁਨਿਆਦ ਸਾਂਝੀ ਤੇ ਵਿਗਿਆਨਿਕ ਹੋਵੇ, ਜਿਸ ਵਿੱਚ ਲਹਿਰ ਨੂੰ ਬਿਖੇਰਨ ਦੀ ਕੋਸ਼ਿਸ਼ ਕਰਨ ਵਾਲਾ ਖੁਦ ਨਿੱਖੜ ਜਾਣ ਦੇ ਡਰੋਂ, ਲਹਿਰ ਦਾ ਅੰਗ ਬਣੇ ਰਹਿਣ ਲਈ ਮਜਬੂਰ ਹੋਵੇ। ਜੇ ਉਹ ਨਿੱਖੜੇ ਤਾਂ ਲਹਿਰ ਦਾ ਮਾਰੂ ਨੁਕਸਾਨ ਨਾ ਕਰ ਸਕੇ. ਇਹ ਕੇਵਲ ਕਹਿਣ ਦੀਆਂ ਗੱਲਾਂ ਨਹੀਂ ਹਨ, ਇਸ ਤਰ੍ਹਾਂ ਦੀ ਲਹਿਰ ਉਸਾਰੀ ਬਗੈਰ ਕਾਮਯਾਬੀ ਅਸੰਭਵ ਹੈ।



ਇਸ ਦੀ ਪਹਿਲੀ ਸ਼ਰਤ ਹੈ 'ਆਰਥਕ ਮੰਗਾਂ' ਦੀ ਪੂਰਤੀ ਦਾ ਵੀ 'ਜਮਾਤੀ-ਘੋਲ' (ਰਾਜਸੀ ਘੋਲ) ਹੋਵੇ। ਇਹ ਸਮਝਦਾਰੀ ਵੀ ਬਣਾਈ ਰੱਖਣੀ ਹੋਵੇਗੀ : 'ਹਰ ਜਮਾਤੀ ਘੋਲ ਰਾਜਸੀ ਘੋਲ ਹੁੰਦਾ ਹੈ।' ਰਾਜਸੀ-ਘੋਲ ਰਾਜਨੀਤਕ ਪਾਰਟੀ ਦੇ ਨਾਂਅ ਨਾਲ ਜੁੜਿਆ ਹੋਣਾ ਜ਼ਰੂਰੀ ਨਹੀਂ, ਸਗੋਂ ਘੋਲ ਦਾ ਕਾਨੂੰਨ ਬਣਾਉਣ ਨਾਲ ਜੁੜਿਆ ਹੋਣਾ ਲਾਜ਼ਮੀ ਹੈ। ਇਹੀ ਇਸ ਦੀ ਵਿਗਿਆਨਿਕਤਾ ਹੈ। ਇਹ ਆਰਥਕ-ਘੋਲ ਦਾ ਗਾਹੜਾ ਰੂਪ ਹੈ। ਇਸ (ਜਮਾਤੀ+ਰਾਜਸੀ) ਘੋਲ ਦੀ ਪ੍ਰਾਪਤੀ ਆਰਥਕ ਹਿੱਤਾਂ ਦੀ ਪੂਰਤੀ ਵੀ ਕਰਦੀ ਹੈ।

ਜਦੋਂ ਇਕ ਉਤਪਾਦਨ ਢੰਗ ਆਪਣੀ ਸਿਖਰ 'ਤੇ ਪੁੱਜ (ਪੱਕ) ਜਾਂਦਾ ਹੈ ਤਾਂ ਉਸ ਨੇ ਆਪਣੇ ਤੋਂ ਉਚੇਰੇ, ਨਵੇਂ-ਨਵੇਰੇ ਪ੍ਰਬੰਧ ਲਈ ਥਾਂ ਖਾਲੀ ਕਰਨੀ ਹੁੰਦੀ ਹੈ। ਉਦੋਂ ਕੇਵਲ ਤੇ ਕੇਵਲ ਸਭ ਤੋਂ ਹੇਠਲੀ ਜਮਾਤ (ਪਰੋਲਤਾਰੀ) (ਨੀਚਾ ਅੰਦਰ ਨੀਚ) ਦੇ ਦ੍ਰਿਸ਼ਟੀਕੋਣ ਤੋਂ ਹੀ ਲੜਿਆ ਤੇ ਜਿੱਤਿਆ ਜਾ ਸਕਦਾ ਹੈ।

ਬਾਕੀ ਜਮਾਤਾਂ ਦੇ ਪੈਂਤੜੇ ਤੋਂ ਕੇਵਲ ਕੁਝ ਰਿਆਇਤਾਂ ਹੀ ਹਾਸਲ ਕੀਤੀਆਂ ਜਾ ਸਕਦੀਆਂ ਹਨ, ਉਹ ਵੀ ਵਧੇਰੇ ਸ਼ਕਤੀ ਲਾ ਕੇ, ਜਦੋਂ ਕਿ ਪਰੋਲਤਾਰੀ ਪੈਂਤੜੇ ਤੋਂ ਇਸ (ਜਮਾਤੀ ਘੋਲ) ਨਾਲ ਸਭ ਆਰਥਕ ਮੰਗਾਂ ਦੀ ਪੂਰਤੀ ਵੀ ਸੰਭਵ ਹੁੰਦੀ ਹੈ। ਆਰਥਕ ਘੋਲ ਅਕਸਰ ਅੰਸ਼ਕ ਹੁੰਦੇ ਹਨ। 'ਜਮਾਤੀ ਘੋਲ' ਵਿਗਿਆਨਕ, ਵਿਆਪਕ ਅਤੇ ਸਭ ਕਿਰਤੀਆਂ ਦੇ ਆਰਥਕ ਹਿੱਤਾਂ ਦੀ ਪੂਰਤੀ ਦਾ ਸਾਂਝਾ ਘੋਲ ਵੀ ਹੁੰਦਾ ਹੈ।

ਦੇਸ਼ ਦੇ ਅਰਥਚਾਰੇ ਦੀ ਖਾਸੀਅਤ ਹੈ ਕਿ ਇਹ 'ਸਰਮਾਏਦਾਰੀ ਪੈਦਾਵਾਰੀ ਢੰਗ' ਦੇ ਪੱਕ ਜਾਣ ਦੇ ਸਬੂਤ ਮੁਹੱਈਆ ਕਰਦਾ ਹੈ। ਜਿੱਥੇ ਕਿਸੇ ਦੂਜੀ ਰਾਏ ਦੇ ਵਿਚਾਰਨ ਦੀ ਲੋੜ ਮੁੱਕ ਜਾਂਦੀ ਹੈ ਅਤੇ ਨਾਲ ਹੀ ਇਸ ਦਾ ਇਹ ਮਤਲਬ ਕਦੇ ਵੀ ਨਹੀਂ ਹੁੰਦਾ ਕਿ ਇਸ ਤੋਂ ਪਹਿਲੇ ਢੰਗ (ਜਗੀਰੂ ਅਤੇ ਗੁਲਾਮਦਾਰੀ) ਬਿਲਕੁਲ ਅਲੋਪ ਹੋ ਗਏ ਹੁੰਦੇ ਹਨ। ਉਹਨਾਂ ਦੀ ਹੋਂਦ ਦੀ ਨਿਸ਼ਾਨਦੇਹੀ ਵੀ ਮੌਜੂਦ ਰਹਿੰਦੀ ਹੈ। ਭਾਰੂ ਸੰਬੰਧ ਸਰਮਾਏ ਦੀ ਧੌਂਸ ਹੇਠ ਹਨ। ਪੱਕ ਚੁੱਕੇ ਸੰਬੰਧ :

1. ਇਹ ਸਰਮਾਏ ਦੇ ਇਕੱਤਰੀਕਰਨ ਅਤੇ ਕੇਂਦਰੀਕਰਨ ਨਾਲ ਵੀ ਨਵੇਂ ਰੁਜ਼ਗਾਰ ਪੈਦਾ ਨਹੀਂ ਕਰਦਾ। ਆਧੁਨਿਕ ਮਸ਼ੀਨਰੀ ਘੱਟ ਕਿਰਤੀਆਂ ਨਾਲ ਪਹਿਲਾਂ ਜਿੰਨਾ ਜਾਂ ਉਸ ਤੋਂ ਵੀ ਵੱਧ ਉਤਪਾਦਨ ਕਰਦੀ ਹੈ, ਜਿਸ ਨਾਲ ਪੁਰਾਣੇ ਉਦਯੋਗ ਬੰਦ ਹੁੰਦੇ ਹਨ ਜਾਂ ਉਹਨਾਂ ਨੂੰ ਮਸ਼ੀਨਰੀ ਬਦਲਣ ਦੀ ਲੋੜ ਪੈਂਦੀ ਹੈ, ਜਿਸ ਨਾਲ ਉਹ ਪਹਿਲੇ ਕਾਮਿਆਂ ਨੂੰ ਬਾਹਰ ਦਾ ਰਸਤਾ ਦਿਖਾ ਦਿੰਦੇ ਹਨ। ਨਤੀਜਨ ਬੇਰੁਜ਼ਗਾਰੀ ਪੱਕਾ ਵਰਤਾਰਾ ਬਣ ਜਾਂਦਾ ਹੈ। 'ਵਾਧੂ ਵਸੋਂ' ਦਾ ਝਲਕਾਰਾ ਬਣਨ ਲੱਗਦਾ ਹੈ। ਅਸੀਂ ਇਹ ਹੰਢਾ ਰਹੇ ਹਾਂ। ਉਦਾਹਰਨ ਵਜੋਂ ਪੰਜਾਬ ਵਰਗੇ ਤਿੰਨ ਕਰੋੜ ਦੀ ਵਸੋਂ ਵਾਲੇ ਸੂਬੇ ਵਿੱਚ (ਖੇਤੀ ਵੀ ਸਰਮਾਏਦਾਰੀ ਢੰਗ ਦੀ ਹੈ) ਇਕ ਕਰੋੜ ਬੇਰੁਜ਼ਗਾਰ ਹਨ। ਉਹ ਕੌਮੀ ਆਮਦਨ ਵਿੱਚ ਕੋਈ ਹਿੱਸਾ ਨਹੀਂ ਪਾ ਰਹੇ ਜਾਂ ਨਹੀਂ ਪਵਾਇਆ ਜਾ ਰਿਹਾ, ਪਰ ਉਹ ਸਮਾਜਕ ਉਪਜ ਵਿੱਚੋਂ ਖਾਂਦੇ-ਵਰਤਦੇ ਤਾਂ ਹਨ, ਜਿਸ ਨਾਲ ਵਾਧਾ ਦਰ (ਗਰੋਥ ਰੇਟ) ਡਿੱਗਣਾ ਲਾਜ਼ਮੀ ਬਣ ਜਾਂਦਾ ਹੈ, ਜੋ ਸਾਰੇ ਸੰਕਟਾਂ ਦਾ ਸੰਕਟ ਹੈ। ਇਸ ਦੇ ਵਿਗਿਆਨਕ ਹੱਲ ਬਗੈਰ ਦੂਜਾ ਕੋਈ ਰਾਹ ਨਹੀਂ।

2. ਖੇਤੀਬਾੜੀ ਵਿੱਚ ਸਰਮਾਏਦਾਰੀ ਢੰਗ ਦੀ ਖੇਤੀ (ਜਿਣਸ ਪੈਦਾਵਾਰ) ਦੇ ਨਾਲ ਕਿਸਾਨ ਕਾਸ਼ਤਕਾਰ (ਸਵੈ-ਰੁਜ਼ਗਾਰ) ਵਾਲੀ ਸਥਿਤੀ ਵੀ ਹੈ, ਜਿੱਥੇ ਛੋਟੀਆਂ ਜ਼ਮੀਨੀ ਢੇਰੀਆਂ, ਉਸ ਦੇ ਮਾਲਕ ਨੂੰ ਪਰਵਾਰ ਦੀਆਂ ਲੋੜ ਦੀ ਪੂਰਤੀ ਯੋਗ ਵੀ ਨਹੀਂ ਬਣਾਉਂਦੀਆਂ। ਉਸ ਦੇ ਲਾਗਤੀ ਖਰਚੇ ਵਧੇਰੇ ਹਨ, ਉਹ ਘਾਟੇ ਵਿੱਚ ਜਾਂਦਾ ਹੈ। ਉਸ ਲਈ ਇਕਸਾਰ 'ਐੱਮ ਐੱਸ ਪੀ' ਦੀ ਸਹੂਲਤ ਵੀ ਨਹੀਂ ਹੈ। ਹਰ ਸਾਲ ਲੱਖਾਂ ਕਿਸਾਨ ਖੇਤੀ ਤੋਂ ਬਾਹਰ ਜਾਂਦੇ ਹਨ। ਇਸ ਮੁਢਲੇ ਤੇ ਅਹਿਮ ਖੇਤਰ ਨੂੰ ਸਰਮਾਇਆ ਤਰਜੀਹੀ ਆਧਾਰ 'ਤੇ ਹਥਿਆਉਣ ਲਈ ਕਾਹਲਾ ਹੈ। ਸੱਤਾ (ਸਰਕਾਰ) ਸਰਮਾਏਦਾਰੀ ਢੰਗ ਦੀ ਫਾਰਮ ਰੂਪੀ ਖੇਤੀ ਨੀਤੀ ਦੇ ਅਮਲ ਨੂੰ ਤੇਜ਼ ਕਰਨ 'ਤੇ ਉਤਾਰੂ ਹੈ। ਦੇਸ਼ ਵਿਆਪੀ 2020-21 'ਸੰਯੁਕਤ ਕਿਸਾਨ ਅੰਦੋਲਨ' ਇਸ ਵਰਤਾਰੇ ਦੇ ਟਕਰਾਅ ਦੀ ਗਵਾਹੀ ਹੈ।

3. ਸੇਵਾਵਾਂ ਦਾ ਖੇਤਰ ਰੁਜ਼ਗਾਰ ਦੇਣ ਤੋਂ ਹੱਥ ਖੜੇ ਕਰ ਗਿਆ ਹੈ। ਇਹ ਜਟਿਲ ਵਰਤਾਰਾ ਹੈ। ਸੇਵਾਵਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ। ਪਬਲਿਕ ਸੇਵਾਵਾਂ ; ਕੌਮੀ ਆਮਦਨ ਵਿੱਚ ਵਾਧਾ ਕਰਦੀਆਂ ਹਨ। ਨਿੱਜੀ ਸੇਵਾਵਾਂ ਕੌਮੀ ਆਮਦਨ ਵਿੱਚ ਵਾਧਾ ਨਹੀਂ ਕਰਦੀਆਂ। ਮਾਲਕ, ਨਿੱਜੀ ਸੇਵਾਦਾਰਾਂ ਨੂੰ ਆਪਣੀ (ਕਿਰਤ ਦੀ ਲੁੱਟ ਕਰਕੇ ਜੋੜੀ ਰਾਸ਼ੀ ਵਿੱਚੋਂ) ਸਹੂਲਤ, ਸੇਵਾਵਾਂ ਦਾ ਭੁਗਤਾਨ ਕਰਦਾ ਹੈ। ਇਸ ਕਰਕੇ ਸੇਵਾਵਾਂ ਵੀ ਨੇਮ ਅਧੀਨ ਮੁਢਲੇ (ਪੈਦਾਵਾਰੀ ) ਸੈਕਟਰ ਦੇ ਕਾਮਿਆਂ ਦੀ ਗਿਣਤੀ ਦੇ ਅਨੁਪਾਤ ਅਨੁਸਾਰ ਵਧਦੀਆਂ/ਘਟਦੀਆਂ ਹਨ। ਤਕਨੀਕੀ ਇਨਕਲਾਬ ਅਤੇ ਸੂਚਨਾ ਕ੍ਰਾਂਤੀ ਨੇ ਸੇਵਾਵਾਂ ਦੇ ਖੇਤਰ ਵਿੱਚ ਰੁਜ਼ਗਾਰ ਨੂੰ ਵੱਡਾ ਝਟਕਾ ਦੇ ਦਿੱਤਾ ਹੈ।

ਗਿਆਨ ਦਾ ਇਹ ਤੱਥ ਧਿਆਨ ਵਿੱਚ ਰਹਿਣਾ ਚਾਹੀਦਾ ਹੈ ਕਿ 'ਸਰਬ-ਸਾਂਝੀਆਂ ਸਮੱਸਿਆਵਾਂ ਨੂੰ ਹੱਲ ਕੀਤੇ ਬਗੈਰ ਜਦੋਂ ਅੰਸ਼ਕ ਸਮੱਸਿਆਵਾਂ ਨੂੰ ਹੱਲ ਕਰਦੇ ਹਾਂ ਤਾਂ ਸਰਬ-ਸਾਂਝੀਆਂ ਸਮੱਸਿਆਵਾਂ ਉਹਨਾਂ ਦੇ ਹੱਲ ਦਾ ਰਾਹ ਵੀ ਰੋਕ ਲੈਂਦੀਆਂ ਹਨ।'

'ਜਮਾਤੀ-ਘੋਲ' ਸਰਬਸਾਂਝੀਆਂ ਸਮੱਸਿਆਵਾਂ ਲਈ ਹੁੰਦਾ ਹੈ। 'ਆਰਥਕ-ਘੋਲ' ਜਾਂ 'ਮਜ਼ਦੂਰ-ਘੋਲ' ਅੰਸ਼ਕ ਸਮੱਸਿਆਵਾਂ ਦੇ ਹੱਲ ਲਈ ਹੁੰਦੇ ਹਨ। ਇਹਨਾਂ ਦੀ ਆਪਣੀ-ਆਪਣੀ ਮਹੱਤਤਾ ਹੈ, ਇਹ (ਆਰਥਕ ਤੇ ਮਜ਼ਦੂਰ ਘੋਲ) ਜਮਾਤੀ ਘੋਲ ਦੀ ਲੋੜ ਉਭਾਰਦੇ ਹਨ, ਇਹਨਾਂ ਨੂੰ ਘਟਾ ਕੇ ਨਹੀਂ ਲੈਣਾ ਚਾਹੀਦਾ, ਇਹ ਵਾਰ-ਵਾਰ ਕਰਨੇ ਪੈਂਦੇ ਹਨ। ਇਹ ਜਮਾਤੀ-ਘੋਲ ਲਈ ਹਾਲਾਤ ਤਿਆਰ ਕਰਦੇ ਹਨ। ਇਹ ਅੰਦਰੂਨੀ ਤੇ ਬਾਹਰੀ ਹਾਲਤਾਂ ਦੇ ਪੱਕ ਜਾਣ ਤੱਕ ਇੰਤਜ਼ਾਰ ਕਰਵਾਉਂਦੇ ਹਨ।

ਸਾਡੀ ਆਰਥਕ-ਸਮਾਜਕ ਤੇ ਰਾਜਨੀਤਕ ਬਣਤਰ ਦੇ ਅੰਤਰ ਵਿਰੋਧ ਕੀ ਹਨ?

ਵਰਤਾਰੇ ਦੇ ਅੰਤਰ-ਵਿਰੋਧੀ ਬਲ ਤੇ ਰੁਝਾਨ ਕੀ ਹਨ?

'ਵਿਸਲੇਸ਼ਣ ਤੇ ਸੰਸਲੇਸ਼ਣ ਦੀ ਏਕਤਾ' ਕੀ ਦਰਸਾਉਂਦੀ ਹੈ?

ਆਰਥਕ-ਸਮਾਜਕ ਹਾਲਤਾਂ ਦਾ ਜ਼ਿਕਰ ਉੱਪਰ ਕਰ ਲਿਆ ਹੈ। 'ਫਿਰਕੂ ਬਣਤਰ' ਅਤੇ 'ਆਰਥਕ ਬਣਤਰ' ਵਿੱਚੋਂ ਦੋ ਸੱਚ ਉਜਾਗਰ ਹੁੰਦੇ (ਹੋਏ) ਹਨ।

'ਰਾਜਨੀਤਕ ਬਣਤਰ' ਦੀ ਖਰੀ ਤਸਵੀਰ ਲੁਕੀ ਹੋਈ ਹੈ।

ਰਾਜਨੀਤੀ ਮੁੱਢੋਂ ਹੀ ਜਮਾਤੀ ਸੀ ਅਤੇ ਰਹੇਗੀ, ਜਦੋਂ ਤੱਕ ਜਮਾਤਾਂ ਭਾਵ ਸਟੇਟ ਰਹੇਗਾ, ਰਾਜ ਇਕ ਜਮਾਤ ਦਾ ਦੂਜੀ 'ਤੇ ਹੁਕਮ ਚਲਣਾ ਹੈ।

ਜਮਾਤਾਂ ਰਾਜ-ਸੱਤਾ ਲਈ ਘੁਲਦੀਆਂ ਹਨ। ਇਸ ਤੋਂ ਮੁਨਕਰ ਹੋਣਾ ਸਚਾਈ ਤੋਂ ਮੁਨਕਰ ਹੋਣਾ ਹੈ।

ਲੰਮੇ ਸਮੇਂ ਤੋਂ ਕਿਰਤੀ, ਕਿਸਾਨ, ਮਿਹਨਤਕਸ਼ ਰਾਜਸੀ ਲੜਾਈ ਵਿੱਚੋਂ ਮਨਫੀ ਹੋਈ ਜਾ ਰਹੇ ਹਨ। ਸੱਤਾ ਲਈ ਘੋਲ ਇੱਕੋ ਜਮਾਤ, ਜਾਇਦਾਦ-ਮਾਲਕ ਜਮਾਤ ਦੀਆਂ ਉਪਰਲੀਆਂ ਪਰਤਾਂ ਵਿਚਕਾਰ ਹੋ ਰਿਹਾ ਹੈ, ਜੋ ਇਕ ਫੀਸਦੀ ਅਮੀਰਾਂ ਲਈ ਰਾਖਵਾਂ ਹੋ ਗਿਆ ਹੈ। ਗਰੀਬਾਂ ਦੇ ਹੱਕ ਵਿੱਚ ਕੇਵਲ ਵੋਟ ਲੈਣ ਲਈ ਲੁਭਾਉਣੇ ਭਾਸ਼ਣ ਹੁੰਦੇ ਹਨ, ਲੋਕਾਂ ਦਾ ਭਰੋਸਾ ਤੇ ਸਬਰ ਮੁੱਕ ਰਿਹਾ ਹੈ।

ਉਤਪਾਦਕਤਾ ਜਿੱਥੇ ਪੁੱਜ ਚੁੱਕੀ ਹੈ, ਉੱਥੇ ਜਮਾਤੀ (ਰਾਜਸੀ) ਬਦਲਾਅ ਬਗੈਰ ਕਿਸੇ ਸੁਧਾਰ ਦੀ ਗੁੰਜਾਇਸ਼ ਨਹੀਂ

ਉਪਰਲੀਆਂ ਜਮਾਤੀ ਪਰਤਾਂ ਨੂੰ ਲੋਕ-ਪੱਖੀ ਸੁਧਾਰਾਂ ਦੀ ਲੋੜ ਹੀ ਨਹੀਂ ਹੈ। 'ਲੋਕਾਂ' ਤੋਂ ਮੁਰਾਦ ਹੈ, "ਲੁਟੇਰਿਆਂ ਭਾਵ ਸਰਮਾਏਦਾਰਾਂ, ਵਿੱਤੀ ਸਰਮਾਏਦਾਰਾਂ, ਜਗੀਰਦਾਰਾਂ, ਜ਼ਿੰਦਾ ਕਿਰਤ ਦਾ ਲਹੂ ਪੀਣ ਵਾਲਿਆਂ ਨੂੰ ਛੱਡ ਕੇ ਬਾਕੀ ਜੋ ਬਚਦਾ ਹੈ, ਉਹ 'ਲੋਕ' ਹਨ। ਜਦੋਂ ਲੋਕਾਂ ਦੀ ਗੱਲ ਕਰਦੇ ਹਾਂ ਤਾਂ ਉਹਨਾਂ ਵਿੱਚ 'ਲੋਟੂ' ਸ਼ਾਮਲ ਨਹੀਂ ਹੁੰਦੇ।"

> ☛ 'ਇਮਾਨਦਾਰ ਮੌਕਾਪ੍ਰਸਤੀ ਸਭ ਤੋਂ ਖਤਰਨਾਕ ਹੁੰਦੀ ਹੈ'
>
> ☛ ਸਰਮਾਇਆ ਕਿਰਤੀ ਤੋਂ ਖੋਹ ਕੇ ਹੀ ਰਿਓੜੀਆਂ ਵੰਡਦਾ ਹੈ।
>
> ☛ ਮਾਮਲਾ ਤਰਕ ਦਾ ਹੈ, ਜਵਾਬ ਤਰਸ ਦਾ ਹੋਵੇਗਾ।

ਉਤਲੀਆਂ ਪਰਤਾਂ ਵਿੱਚ ਇਕ ਫੀਸਦੀ ਅਮੀਰ ਅਤੇ ਨੌਂ ਫੀਸਦੀ ਮੱਧ ਵਰਗ, ਕੁੱਲ ਦਸ ਫੀਸਦੀ ਹਨ। ਉਪਰਲੀਆਂ ਪਰਤਾਂ ਦਾ ਵਰਤਾਰਾ-ਰੁਝਾਨ ਦੱਸਦਾ ਹੈ ਕਿ ਆਰਥਕਤਾ ਉਪਰਲੇ ਇਕ ਫੀਸਦੀ ਵੱਲ ਉਲਾਰ ਹੋਈ ਜਾ ਰਹੀ ਹੈ। 2014 ਵਿਚ ਇਕ ਫੀਸਦੀ ਅਮੀਰਾਂ ਕੋਲ ਆਮਦਨ ਦਾ 53 ਫੀਸਦੀ ਸੀ, ਜੋ 2018 ਵਿੱਚ ਇਕ ਫੀਸਦੀ ਅਮੀਰਾਂ ਕੋਲ ਆਮਦਨ ਦਾ 73 ਫੀਸਦੀ ਹੋ ਗਿਆ।

ਇਹ (9 ਫੀਸਦੀ) ਮੱਧ ਵਰਗ ਤੋਂ ਵੀ ਖੋਹਿਆ ਗਿਆ ਸੀ। ਉਸ ਕੋਲ 2014 ਵਿੱਚ ਆਮਦਨ ਦਾ 23 ਫੀਸਦੀ ਸੀ, ਜੋ 2018 ਵਿੱਚ ਘਟ ਕੇ 15 ਫੀਸਦੀ ਉੱਪਰ ਆ ਗਿਆ, ਇਹ 8 ਫੀਸਦੀ ਉੱਡ ਕੇ ਅਮੀਰਾਂ ਦੀ ਢੇਰੀ 'ਚ ਜਾ ਮਿਲਿਆ ਸੀ।

ਇਹ ਮੋਦੀ ਸਰਕਾਰ ਦਾ ਚਾਰ ਸਾਲ ਦਾ 'ਚਮਤਕਾਰ' ਸੀ।

ਹੁਣ 2018 ਤੋਂ 2022 ਦੇ ਚਾਰ ਸਾਲਾਂ ਦਾ ਹਿਸਾਬ ਸੋਚ ਲਵੋ, ਕਿੰਨਾ ਹੋਰ ਉੱਡ ਗਿਆ ਹੈ।

ਬਾਕੀ ਲੋਕ ਜਿਨ੍ਹਾਂ ਨੂੰ ਗਰੀਬ ਖਾਤੇ ਦੇ 90 ਫੀਸਦੀ ਸੱਦਿਆ ਜਾਂਦਾ ਹੈ, ਉਹਨਾਂ ਵਿੱਚੋਂ ਕੁਝ ਕੁ ਨੂੰ ਛੱਡ ਕੇ ਬਾਕੀਆਂ ਨੂੰ ਸਰਕਾਰੀ ਸਹਾਇਤਾ ਸਕੀਮਾਂ ਰਾਹੀਂ ਜੀਵਤ ਰੱਖਿਆ ਜਾ ਰਿਹਾ ਹੈ।

ਵੋਟ ਦਾ 18 ਸਾਲ ਉਮਰ ਤੋਂ ਸੰਵਿਧਾਨਕ ਹੱਕ ਹੋਣ ਕਰਕੇ ਚੋਣਾਂ ਵੇਲੇ ਇਹ ਪਰਤਾਂ 'ਸਾਡੀ ਸਰਕਾਰ ਆਹ-ਆਹ ਦੇਵੇਗੀ' (ਜਿਸ ਨੂੰ ਪੀ ਐੱਮ ਨੇ ਹੁਣ 'ਰਿਓੜੀਆਂ ਵੰਡਣਾ' ਦਾ ਨਾਂਅ ਦਿੱਤਾ ਹੈ ਅਤੇ ਕੁਝ ਵਿਦਵਾਨ ਇਸ ਨੂੰ 'ਸਿਆਸੀ ਮਜਬੂਰੀ' ਵੀ ਲਿਖ ਰਹੇ ਹਨ।)

ਇਸ 'ਰਿਓੜੀਆਂ ਵੰਡਣ' ਦੇ ਹੱਕ ਅਤੇ ਵਿਰੋਧ ਵਿੱਚ ਬਹਿਸ ਹੀ ਨਹੀਂ, ਹੁਣ ਸਮਾਜ ਅੰਦਰ ਹਕੀਕੀ ਵੰਡ ਵੀ ਵੇਖਣ ਨੂੰ ਮਿਲੇਗੀ। ਇਹ ਲੋਕਾਂ ਨੂੰ ਵੰਡ ਕੇ ਰੱਖਣ ਦੀਆਂ ਵਿਉਂਤਾਂ ਦੇ ਚਮਤਕਾਰ ਹਨ। ਇਹ ਵੰਡ ਦਾ ਨਵਾਂ ਬੀਜ ਹੈ।

ਹਕੀਕਤ ਤਾਂ ਇਹ ਹੈ ; ਕਿਰਤ ਮੁੱਲ ਸਿਰਜਦੀ ਹੈ !

ਇਹ ਜੋ ਵੰਡਿਆ ਜਾਣਾ ਹੈ, ਇਹ ਕਿੱਥੋਂ ਆਉਣਾ ਹੈ?

ਕੁਦਰਤੀ ਹੈ ਜੋ ਮਨੁੱਖ ਕੰਮ, ਕਿਰਤ ਕਰਦਾ ਹੈ, ਉਸ ਤੋਂ ਖੋਹ ਕੀਤੀ ਜਾਵੇਗੀ। ਉਸ ਉਤੇ ਕੰਮ ਬੋਝ ਵਧਾਇਆ ਜਾਵੇਗਾ ਅਤੇ ਉਜਰਤ ਡੇਗੀ ਜਾਵੇਗੀ। ਇਹੀ 'ਬੱਚਤ' ਦੀਆਂ (ਨਵੀਂ) ਸਰਕਾਰ ਰਿਓੜੀਆਂ ਵੇਚੇਗੀ, ਵੰਡੇਗੀ।

ਸਰਕਾਰ ਨੇ ਬੜੀ ਹੁਸ਼ਿਆਰੀ ਨਾਲ 'ਕੰਮ ਦਿਹਾੜੀ ਸਮਾਂ' 8 ਘੰਟੇ ਤੋਂ 12 ਘੰਟੇ ਕਰਨ ਦਾ ਰਾਹ ਬਣਾ ਦਿੱਤਾ ਹੈ।

ਕਿਰਤੀ ਮਾਲਕ ਨਾਲ ਸਿੱਧਾ ਉਜਰਤ ਤਹਿ ਕਰੇਗਾ।

ਹਫਤੇ ਦੇ ਕੰਮ ਦਿਨ ਚਾਰ ਹੋਣਗੇ, ਹਫਤੇ ਦੇ ਕੰਮ ਘੰਟੇ 48 ਹੋਣਗੇ। ਇਸ ਦਾ ਮਤਲਬ ਮਜ਼ਦੂਰ ਹੁਣ 12 ਘੰਟੇ ਦੀ ਕੰਮ ਦਿਹਾੜੀ ਹੰਢਾਏਗਾ, ਫੈਕਟਰੀ ਤਾਂ ਸੱਤ ਦਿਨ ਹੀ ਚੱਲੇਗੀ। ਬਾਕੀ ਤਿੰਨ ਦਿਨ ਵੀ ਉਸ ਲਈ 12 ਘੰਟੇ ਲੰਮੀ ਕੰਮ ਦਿਹਾੜੀ ਕਰਨੀ ਪਵੇਗੀ, ਕਿਉਂਕਿ ਉਹ ਮਜਬੂਰ ਮਜ਼ਦੂਰ ਹੈ। ਉਸ ਨੇ ਘਰ ਦੇ ਖਰਚੇ ਪੂਰੇ ਕਰਨੇ ਹਨ। ਉਜਰਤਾਂ ਵੀ ਘਟ ਗਈਆਂ ਅਤੇ ਕੰਮ ਦਿਹਾੜੀ ਸਮਾਂ ਵੀ ਵਧ ਗਿਆ ਹੈ।

'ਲੁੰਪਨ ਲੀਡਰ' ਵਰਤਾਰਾ, ਇਸ ਨੂੰ ਵੀ ਤਰਕਸੰਗਤ ਕਰਨ ਦੀਆਂ ਦਲੀਲਾਂ ਦੇਵੇਗਾ ਕਿ 'ਵਰਕਰ ਖੁਦ ਵੱਧ ਘੰਟੇ ਕੰਮ ਕਰਨਾ ਚਾਹੁੰਦਾ ਹੈ।' ਲੁੱਟ ਕਿੰਨੇ ਫੀਸਦੀ ਵਧ ਗਈ ਹੈ, ਉਹ ਇਹ ਜ਼ਿਕਰ ਬਿਲਕੁੱਲ ਹੀ ਨਹੀ ਕਰੇਗਾ, ਮਜ਼ਦੂਰ ਦੀ ਮੁਕਤੀ ਦੇ ਮਾਰਗ ਦੀ ਤਾਂ ਗੱਲ ਹੀ ਛੱਡੋ।

ਸੋ ਸਪੱਸ਼ਟ ਹੈ ਸਰਮਾਇਆ ਕਿਰਤੀ ਤੋਂ ਖੋਹ ਕੇ ਹੀ ਰਿਓੜੀਆਂ ਵੰਡਦਾ ਹੈ, ਆਪਣੇ ਕੋਲੋਂ ਕੁਝ ਨਹੀਂ ਦਿੰਦਾ।

ਮੁੜ ਮਹੱਤਵਪੂਰਨ ਸਵਾਲ ਹੈ, ਮੁਕਤੀ ਦਾ ਮਾਰਗ ਕਿੱਥੋਂ ਸ਼ੁਰੂ ਹੋਵੇ? ਇਹ ਸਹੀ ਤਾਂ ਬੈਠਣਾ ਹੈ, ਜੇ 'ਵਿਸ਼ਲੇਸ਼ਣ ਤੇ ਸੰਸਲੇਸ਼ਣ ਦੀ ਏਕਤਾ' ਉਤੇ ਪੂਰਾ ਉਤਰੇ। ਮਤਲਬ ਇਹ ਸਾਰੇ 'ਲੋਕਾਂ' (90 ਫੀਸਦੀ) ਦੀ ਏਕਤਾ, ਭਾਵ ਹਿੱਤ ਪੂਰਤੀ ਕਰੇ, ਇਹ 'ਜਮਾਤੀ-ਸੂਝ' ਬਗੈਰ ਸੰਭਵ ਨਹੀਂ।

ਕਿਸਾਨ ਵੀ ਇਕ ਜਮਾਤ ਹੈ, ਇਸ ਅੱਗੇ ਢੇਰਾਂ ਸਮੱਸਿਆਵਾਂ ਹਨ, ਕਿੰਨੀ ਵੱਡੀ ਪੱਧਰ 'ਤੇ ਖੁਦਕੁਸ਼ੀਆਂ ਹੋ ਰਹੀਆਂ ਹਨ।

ਕੀ ਇੱਥੋਂ ਸ਼ੁਰੂ ਕਰ ਕੇ ਮੁਕਤੀ ਹਾਸਲ ਹੋ ਸਕਦੀ ਹੈ?

ਕੀ ਕਿਸਾਨ ਘੋਲ ਮੁਕਤੀ ਦੀ ਅਗਵਾਈ ਕਰ ਸਕਦਾ ਹੈ?

ਪਹਿਲੀ ਗੱਲ ਆਰਥਿਕਤਾ ਵਿੱਚ ਕਿਸਾਨੀ ਮਹੱਤਵਪੂਰਨ ਅਤੇ ਮੁਢਲੇ ਸੈਕਟਰ ਵਿੱਚ ਆਉਂਦੀ ਹੈ। ਹੁਣ ਖੇਤੀ ਸੈਕਟਰ ਦੀ ਗਲੋਬਲ ਮਹਤੱਤਾ ਵਧ ਗਈ ਹੈ। ਖੇਤੀ ਖੁਰਾਕ ਲੋੜਾਂ ਪੂਰੀਆਂ ਕਰਦੀ ਹੈ ਅਤੇ ਇਸ ਦਾ ਕੋਈ ਬਦਲ ਵੀ ਨਹੀਂ।

ਖੇਤੀ ਵਰਤੋਂ ਮੁੱਲ ਪੈਦਾ ਕਰਨ ਦਾ ਪੱਕਾ ਅਤੇ ਸਦੀਵੀਂ ਸਰੋਤ ਹੈ। ਜਿਣਸ ਵਜੋਂ ਮੁਨਾਫੇ ਦਾ ਪੱਕਾ ਸਰੋਤ ਹੈ। ਸਰਮਾਇਆ ਇਸ ਸਰੋਤ ਨੂੰ ਹਥਿਆਉਣਾ ਅਤੇ ਇਸ ਉੱਪਰ


● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ


ਏਕ ਭਾਰਤ, ਸ਼੍ਰੇਸ਼ਠ ਭਾਰਤ-3


ਕਮਲਜੀਤ ਥਾਬਲਕੇ


# ਲੱਕੜੀ ਦੇ ਖਿਡੌਣਿਆਂ ਵਾਲਾ ਕੋਂਡਾਪੱਲੀ

ਅਗਲੇ ਪੜਾਅ ਲਈ ਜਾਣ ਦਾ ਸਮਾਂ ਆ ਗਿਆ ਤੇ ਸਾਰੇ ਬੱਸ 'ਚ ਸਵਾਰ ਹੋ ਗਏ। ਬੱਸ ਨੇ ਹਰੀਥਾ ਕੋਕੋਨਟ ਰਿਜ਼ੋਰਟ, ਡਿੰਡੀ ਪਿੰਡ ਵੱਲ ਨੂੰ ਰੁਖ ਕਰ ਲਿਆ। ਮਹਾਂਨਗਰ ਦੀ ਚਮਕ-ਦਮਕ ਤੋਂ ਦੂਰ ਡਿੰਡੀ ਗੋਦਾਵਰੀ ਨਦੀ ਦੇ ਕਿਨਾਰੇ 'ਤੇ ਸਥਿਤ ਹੈ। ਬੱਸ ਆਪਣੀ ਰਫ਼ਤਾਰ ਨਾਲ ਚਲਦੀ ਹੋਏ ਸੜਕ ਦੇ ਦੋਵੇਂ ਪਾਸੇ ਲੱਗੇ ਉਚੇ-ਉਚੇ ਨਾਰੀਅਲ ਦੇ ਦਰੱਖ਼ਤਾਂ, ਹਰੇ-ਭਰੇ ਝੋਨੇ ਦੇ ਖੇਤਾਂ ਨੂੰ ਪਿੱਛੇ ਛੱਡਦੇ ਹੋਏ ਦੌੜ ਰਹੀ ਸੀ। ਚਾਰੇ ਪਸਿਓਂ ਨਾਰੀਅਲ ਦੀ ਮੱਠੀ-ਮੱਠੀ ਖੁਸ਼ਬੂ ਆ ਰਹੀ ਸੀ। ਇਸ ਪਿੰਡ ਦੀ ਹਰਿਆਲੀ ਤੁਹਾਨੂੰ ਮੰਤਰ-ਮੁਗਧ ਕਰ ਦਿੰਦੀ ਹੈ। ਜਦ ਹੋਟਲ ਪਹੁੰਚੇ ਤਾਂ ਰਾਤ ਦੇ 2 ਵੱਜ ਚੁੱਕੇ ਸਨ। ਵੈਸੇ ਤਾਂ ਲੱਗਭੱਗ ਸਭ ਨੇ ਕੁਝ ਕੁ ਨੀਂਦ ਤਾਂ ਬੱਸ 'ਚ ਪੂਰੀ ਕਰ ਲਈ ਸੀ, ਫਿਰ ਵੀ ਸਾਰੇ ਅੱਧ-ਸੁੱਤੇ ਆਪਣੇ ਕਮਰਿਆਂ 'ਚ ਜਾ ਕੇ ਘੂਕ ਸੌਂ ਗਏ ਤੇ ਸਵੇਰੇ 10 ਤੋਂ ਪਹਿਲਾਂ ਕੋਈ ਨਹੀਂ ਉਠਿਆ। ਜਦ ਮੈਂ ਸਵੇਰੇ ਉਠ ਕੇ ਬਾਹਰ ਦੇਖਿਆ ਤਾਂ ਸਾਹਮਣੇ ਨਾਰੀਅਲ ਦੇ ਦਰੱਖ਼ਤਾਂ ਵਿਚਦੀ ਦੂਰ ਤੱਕ ਪਾਣੀ ਦਿਖਾਈ ਦੇ ਰਿਹਾ ਸੀ, ਪਹਿਲੀ ਨਜ਼ਰੇ ਲੱਗਾ ਸਮੁੰਦਰ, ਫਿਰ ਜਦ ਹੋਟਲ ਦੇ ਕਮਰੇ 'ਚੋ ਬਾਹਰ ਜਾ ਕੇ ਦੇਖਿਆ ਤਾਂ ਪਤਾ ਚੱਲਿਆ ਕਿ ਇਹ ਗੋਦਾਵਰੀ ਨਦੀ ਹੈ। ਗੋਦਾਵਰੀ ਨੂੰ ਦੱਖਣ ਭਾਰਤ ਦੀ ਗੰਗਾ ਵੀ ਕਿਹਾ ਜਾਂਦਾ ਹੈ। ਇਹ ਗੰਗਾ ਤੋਂ ਬਾਅਦ ਭਾਰਤ ਦੀ ਦੂਜੀ ਸਭ ਤੋਂ ਵੱਡੀ ਨਦੀ ਹੈ, ਜਿਸ ਦੀ ਲੰਬਾਈ 1465 ਕਿਲੋਮੀਟਰ ਹੈ। ਨਦੀ ਭਾਰਤ ਦੇ ਚਾਰ ਸੂਬਿਆਂ ਮਹਾਰਾਸ਼ਟਰ ਤੇਲੰਗਾਨਾ, ਛੱਤੀਸਗੜ੍ਹ ਅਤੇ ਆਂਧਰਾ ਪ੍ਰਦੇਸ਼ 'ਚ ਵਹਿੰਦੀ ਹੈ। ਗੋਦਾਵਰੀ ਦਾ ਜਨਮ ਮਹਾਰਾਸ਼ਟਰ ਦੇ ਨਾਸਿਕ ਦੀਆਂ ਪਹਾੜੀਆਂ 'ਚ ਵਸੇ ਤ੍ਰਿਯੰਬਕ ਪਿੰਡ 'ਚ ਹੁੰਦਾ ਹੈ। ਬੰਗਾਲ ਦੀ ਖਾੜੀ 'ਚ ਸਮਾਉਣ ਤੋਂ ਪਹਿਲਾਂ ਇਹ ਨਦੀ ਦੌਲੇਸ਼ਵਰਮ ਕੋਲ ਛੋਟੀਆਂ-ਛੋਟੀਆਂ ਧਰਾਵਾਂ ਦੇ ਰੂਪ 'ਚ ਸਮੁੰਦਰ 'ਚ ਸਮਾਅ ਜਾਂਦੀ ਹੈ। ਗੋਦਾਵਰੀ ਨਦੀ ਕ੍ਰਿਸ਼ਨਾ ਨਦੀ ਦੇ ਨਾਲ ਮਿਲ ਕੇ ਆਂਧਰਾ ਪ੍ਰਦੇਸ਼ 'ਚ ਭਾਰਤ ਦੇ ਦੂਜੇ ਸਭ ਤੋਂ ਵੱਡੇ ਡੈਲਟਾ ਕ੍ਰਿਸ਼ਨਾ-ਗੋਦਾਵਰੀ ਦਾ ਨਿਰਮਾਣ ਕਰਦੀ ਹੈ।

ਨਾਸ਼ਤਾ ਕਰਨ ਤੋਂ ਬਾਅਦ ਅਸੀਂ ਆਂਧਰਾ ਪ੍ਰਦੇਸ਼ ਸੈਰ-ਸਪਾਟਾ ਵਿਕਾਸ ਨਿਗਮ ਦੇ ਸੀਨੀਅਰ ਅਧਿਕਾਰੀਆਂ ਨਾਲ ਗੱਲਬਾਤ ਕਰਨ ਲਈ ਵਿਜੇਵਾੜਾ ਚਲੇ ਗਏ। ਆਂਧਰਾ ਪ੍ਰਦੇਸ਼ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਵਿਜੈਵਾੜਾ ਤੋਂ ਲੱਗਭੱਗ 20 ਕਿਲੋਮੀਟਰ ਦੂਰ ਕੋਂਡਾਪੱਲੀ 'ਚ ਸੱਤਵੀਂ ਸ਼ਤਾਬਦੀ 'ਚ ਬਣਾਇਆ ਗਿਆ ਕਿਲ੍ਹਾ ਵੀ ਦੇਖਣਯੋਗ ਹੈ। ਵਿਜੈਵਾੜਾ ਆਂਧਰਾ ਪ੍ਰਦੇਸ਼ ਦੇ ਕ੍ਰਿਸ਼ਨਾ ਜ਼ਿਲ੍ਹੇ 'ਚ ਕ੍ਰਿਸ਼ਨਾ ਨਦੀ ਕਿਨਾਰੇ ਵਸਿਆ ਹੋਇਆ ਸ਼ਹਿਰ ਹੈ। ਵਿਜੈਵਾੜਾ ਦੋ ਸ਼ਬਦਾਂ ਤੋਂ ਬਣਿਆ ਹੋਇਆ ਹੈ, ਜਿਨ੍ਹਾਂ ਦਾ ਆਪਣਾ ਹੀ ਅਰਥ ਹੈ, ਵਿਜੈ ਮਤਲਬ 'ਜਿੱਤ', 'ਵਾੜਾ' ਮਤਲਬ ਭੂਮੀ, ਜਿਸ ਦਾ ਮਤਲਬ 'ਜਿੱਤ ਦੀ ਭੂਮੀ'। ਇਸ ਦਾ ਨਾਂਅ ਸ਼ਹਿਰ ਦੀ ਦੇਵੀ ਕਨਕ ਦੁਰਗਾ ਦੇ ਨਾਂਅ 'ਤੇ ਰੱਖਿਆ ਗਿਆ ਹੈ, ਜਿਸ ਨੂੰ ਵਿਜੈ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਇੱਥੇ ਏ ਪੀ ਟੀ ਡੀ ਸੀ ਦੇ ਅਧਿਕਾਰੀਆਂ ਨੇ ਪੱਤਰਕਾਰਾਂ ਨੂੰ ਸੈਰ-ਸਪਾਟੇ ਰਾਹੀਂ ਮਾਲੀਆ ਕਮਾਉਣ ਲਈ ਸ਼ੁਰੂ ਕੀਤੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਬਾਰੇ ਜਾਣੂ ਕਰਵਾਇਆ, ਪਰ ਇਸ ਤੋਂ ਪਹਿਲਾਂ ਦੁਪਹਿਰ ਦੇ ਲਜ਼ੀਜ਼ ਖਾਣੇ ਨਾਲ ਟੀਮ ਦੇ ਮੈਂਬਰਾਂ ਦਾ ਸੁਆਗਤ ਕੀਤਾ ਗਿਆ। ਅਸਿਸਟੈਂਟ ਡਾਇਰੈਕਟਰ ਲਾਜਵੰਤੀ ਨਾਇਡੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਆਂਧਰਾ ਪ੍ਰਦੇਸ਼ ਵਿੱਚ 41 ਬੀਚ, 40 ਮਹਾਤਮਾ ਬੁੱਧ ਦੇ ਦੇਖਣਯੋਗ ਸਥਾਨ, 20 ਕਿਲ੍ਹੇ, 3 ਰਾਸ਼ਟਰੀ ਪਾਰਕ, 3 ਪਹਾੜੀ ਸਟੇਸ਼ਨ ਅਤੇ 70 ਦਿਲਖਿਚਵੇਂ ਮੰਦਰ ਹਨ, ਪ੍ਰਦੇਸ਼ ਲਈ ਮਾਣ ਵਾਲੀ ਗੱਲ ਹੈ। ਉਨ੍ਹਾ ਦੱਸਿਆ ਕਿ ਆਂਧਰਾ ਦਾ ਸਮੁੰਦਰੀ ਤੱਟ 974 ਕਿਲੋਮੀਟਰ ਲੰਮਾ ਹੈ, ਜਿਸ 'ਚ 41 ਪ੍ਰਮੁੱਖ ਬੀਚ ਹਨ। ਵਿਸ਼ਵ ਬੈਂਕ ਦੀ ਇੱਕ ਟੀਮ ਨੇ ਇਨ੍ਹਾਂ 'ਚੋਂ 21 ਸਮੁੰਦਰੀ ਕਿਨਾਰਿਆਂ ਦਾ ਦੌਰਾ ਕਰਕੇ ਨੌਂ ਨੂੰ ਬਲਿਊ ਫਲੈਗ ਬੀਚ ਦਾ ਟੈਗ ਦਿੱਤਾ ਹੈ। ਬਲਿਊ ਫਲੈਗ ਬੀਚ ਦਾ ਟੈਗ 33 ਅੰਤਰਰਾਸ਼ਟਰੀ ਮਾਨਕਾਂ 'ਤੇ ਖਰਾ ਉਤਰਨ ਤੋਂ ਬਾਅਦ ਦਿੱਤਾ ਜਾਂਦਾ ਹੈ। ਇਨ੍ਹਾਂ ਨੂੰ ਦੁਨੀਆ ਦੇ ਸਾਫ਼ ਤੱਟਾਂ 'ਚ ਸ਼ਾਮਲ ਕੀਤਾ ਜਾਂਦਾ ਹੈ। ਇਸ ਸਮੇਂ ਵਿਸਾਖਾਪਟਨਮ ਤੇ ਰਿਸ਼ੀਕੌਂਡਾ ਬੀਚ ਨੂੰ ਹੀ ਇਹ ਟੈਗ ਦਿੱਤਾ ਗਿਆ ਹੈ। ਇਸ ਤੋਂ ਬਾਅਦ ਸਾਨੂੰ ਸਾਰਿਆਂ ਨੂੰ ਬੱਸ ਰਾਹੀਂ ਲਾਜਵੰਤੀ ਨਾਇਡੂ ਵਿਜੈਵਾੜਾ ਦੇ ਨਜ਼ਦੀਕ ਹੀ ਪੈਂਦੇ ਛੋਟੇ ਜਿਹੇ ਪਿੰਡ ਕੋਂਡਾਪੱਲੀ 'ਚ ਲੈ ਗਏ।









ਕੋਂਡਾਪੱਲੀ ਪਿੰਡ ਦੇ ਸਾਰੇ ਲੋਕ ਲੱਕੜੀ ਦੇ ਖਿਡੌਣੇ ਬਣਾਉਂਦੇ ਹਨ। ਜਦ ਤੁਸੀਂ ਪਿੰਡ ਦੀ ਮੁੱਖ ਸੜਕ ਤੋਂ ਲੰਘਦੇ ਹੋ ਤਾਂ ਘਰਾਂ 'ਚ ਚਲਾਈਆਂ ਜਾ ਰਹੀ ਛੋਟੀਆਂ-ਛੋਟੀਆਂ ਦੁਕਾਨਾਂ 'ਚੋਂ ਆਉਣ ਵਾਲੀ ਖੱਟ-ਖੱਟ ਦੀ ਅਵਾਜ਼ ਤੁਹਾਡੇ ਕੰਨਾਂ ਨੂੰ ਸੁਣਾਈ ਦਿੰਦੀ ਹੈ। ਪਿੰਡ ਦੇ ਲੱਗਭੱਗ 200 ਪਰਵਾਰ ਇਸ ਕਲਾ ਨਾਲ ਜੁੜੇ ਹੋਏ ਹਨ। ਕੋਂਡਾਪੱਲੀ ਦੇ ਖਿਡੌਣੇ ਪੁਰਾਣੇ ਸਮੇਂ 'ਚ ਸੰਸਕ੍ਰਿਤੀ ਅਤੇ ਨਰਾਤਿਆਂ ਦੇ ਤਿਉਹਾਰਾਂ ਦਾ ਇਕ ਵਿਸ਼ੇਸ਼ ਹਿੱਸਾ ਹੋਇਆ ਕਰਦੇ ਸਨ। ਖਿਡੌਣੇ ਆਪਣੇ ਚਮਕੀਲੇ ਰੰਗਾਂ ਲਈ ਮਸ਼ਹੂਰ ਹਨ। ਇਹ ਕਲਾ ਲੱਗਭੱਗ 500 ਸਾਲ ਪੁਰਾਣੀ ਹੈ। ਇੱਕ ਖਾਸ ਤਰ੍ਹਾਂ ਦੀ ਲੱਕੜੀ, ਜੋ ਇੱਥੇ ਹੀ ਪਾਈ ਜਾਂਦੀ ਹੈ, ਜੋ 'ਤੇਲਾ ਪੋਨਿਕੀ' ਦਰੱਖਤ ਤੋਂ ਮਿਲਦੀ ਹੈ, ਨਾਲ ਇਹ ਖਿਡੌਣੇ ਬਣਾਏ ਜਾਂਦੇ ਹਨ। ਇਹ ਖਿਡੌਣੇ ਦੇਸ਼-ਵਿਦੇਸ਼ ਤੱਕ ਮਸ਼ਹੂਰ ਹਨ।

ਜੇਕਰ ਕੋਈ ਤੁਹਾਨੂੰ ਲੱਕੜੀ ਦਾ ਟੁਕੜਾ ਦੇ ਕੇ ਉਸ ਦਾ ਇਸਤੇਮਾਲ ਕਰਨ ਲਈ ਕਹੇ ਤਾਂ ਅਸੀਂ ਸਾਰੇ ਇੱਕੋ ਕੰਮ ਕਰਾਂਗੇ ਜਾਂ ਤਾਂ ਉਸ ਦਾ ਪੇਪਰ ਵੇਟ ਬਣਾਵਾਂਗੇ ਜਾਂ ਫਿਰ ਕਿਸੇ ਹੋਰ ਵਸਤੂ, ਜੋ ਅਸਾਨੀ ਨਾਲ ਬਣ ਸਕੇ, ਪਰ ਇਸ ਦੇ ਉਲਟ ਜੇ ਕੋਂਡਾਪੱਲੀ ਦੇ ਕਾਰੀਗਰਾਂ ਨੂੰ ਉਹੀ ਟੁਕੜਾ ਦੇ ਦਿੱਤਾ ਜਾਵੇ ਤਾਂ ਉਹ ਆਪਣੇ ਹੱਥਾਂ ਦੇ ਜਾਦੂ ਦਾ ਇਸਤੇਮਾਲ ਕਰਕੇ ਕਿਸ ਤਰ੍ਹਾਂ ਉਸ 'ਚ ਰੰਗ ਭਰ ਕੇ ਤੁਹਾਡੇ ਸਾਹਮਣੇ ਇੱਕ ਖੂਬਸੂਰਤ ਖਿਡੌਣਾ ਬਣਾ ਕੇ ਦਿਖਾ ਦਿੰਦੇ ਹਨ। ਭਾਰਤ 'ਚ ਬਹੁਤ ਸਾਰੇ ਸਥਾਨ ਇਸ ਤਰ੍ਹਾਂ ਦੇ ਹਨ, ਜਿੱਥੇ ਲੱਕੜੀ ਦੇ ਖਿਡੌਣੇ ਤਿਆਰ ਕੀਤੇ ਜਾਂਦੇ ਹਨ। ਦੱਖਣ ਭਾਰਤ 'ਚ ਆਂਧਰਾ ਪ੍ਰਦੇਸ਼ ਦੇ ਕੋਂਡਾਪੱਲੀ, ਨਿਰਮਲ ਏਟੀਕੋੱਪਕਾ ਅਤੇ ਤਿਰੂਪਤੀ ਲੱਕੜੀ ਦੇ ਖਿਡੌਣੇ ਬਣਾਉਣ ਲਈ ਜਾਣੇ ਜਾਂਦੇ ਹਨ। ਇੱਕ ਸੂਬਾ ਪੁਰਸਕਾਰ ਜੇਤੂ ਕਾਰੀਗਰ ਕੇ. ਵੈਂਕਟਚਾਰੀ ਅਤੇ ਉਨ੍ਹਾ ਦੀ ਪਤਨੀ ਜਯੋਤੀ ਵੱਖ-ਵੱਖ ਸਮਾਜਕ ਵਿਸ਼ਿਆਂ 'ਤੇ ਆਧਾਰਤ ਖਿਡੌਣਿਆਂ ਨੂੰ ਬਣਾਉਂਦੇ ਹਨ। ਵੈਂਕਟਚਾਰੀ ਸਿਰਫ਼ ਆਪਣੀ ਮਾਤ ਭਾਸ਼ਾ ਹੀ ਬੋਲ ਸਕਦੇ ਹਨ, ਜਦੋਂ ਉਨ੍ਹਾ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾ ਸਿਰ ਹਿਲਾ ਦਿੱਤਾ ਤੇ ਅੰਦਰ ਉਨ੍ਹਾ ਦੀ ਬੇਟੀ ਭਾਰਗਵੀ, ਜੋ ਕਿ ਇੰਜੀਨੀਅਰਿੰਗ ਦੀ ਵਿਦਿਆਰਥਣ ਹੈ, ਨੇ ਇਸ ਬਾਰੇ ਸਾਰੀ ਜਾਣਕਾਰੀ ਦਿੱਤੀ ਕਿ ਕਿਸ ਤਰ੍ਹਾਂ ਇੱਕ ਲੱਕੜੀ ਨੂੰ ਘੰਟਿਆਂ ਤੱਕ ਤਰਾਸ਼ਣ ਤੋਂ ਬਾਅਦ ਇਮਲੀ ਦੇ ਬੀਜ ਅਤੇ ਲੱਕੜੀ ਦੇ ਬੁਰਾਦੇ ਤੋਂ ਬਣੇ ਪੇਸਟ ਨਾਲ ਟੁਕੜਿਆਂ ਨੂੰ ਜੋੜਿਆ ਜਾਂਦਾ ਹੈ। ਇਸ ਤੋਂ ਬਾਅਦ ਕੁਦਰਤੀ ਰੰਗਾਂ ਨਾਲ ਇਨ੍ਹਾਂ ਖਿਡੌਣਿਆਂ ਨੂੰ ਸਜਾਇਆ ਜਾਂਦਾ ਹੈ। ਇਸ ਤੋਂ ਬਾਅਦ ਖਿਡੌਣਿਆਂ ਨੂੰ ਚਮਕਾਉਣ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਵੈਂਕਟਚਾਰੀ ਆਪਣੀ ਭਾਸ਼ਾ 'ਚ ਬੇਟੀ ਨੂੰ ਦੱਸਦਾ ਤੇ ਫਿਰ ਉਹ ਅੰਗਰੇਜ਼ੀ 'ਚ ਉਸ ਗੱਲ ਦਾ ਤਰਜ਼ਮਾ ਕਰਦੀ। ਇਹ ਪੂਰਾ ਪਰਵਾਰ ਸਵੇਰ ਤੋਂ ਹੀ ਆਪਣੇ ਕੰਮ 'ਚ ਲੱਗ ਜਾਂਦਾ ਹੈ ਤੇ ਸੂਰਜ ਛਿਪਣ ਤੱਕ ਲਗਾਤਾਰ ਕੰਮ ਕਰਦਾ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਉਹ ਬਿਨਾਂ ਕਿਸੇ ਮਸ਼ੀਨਰੀ ਦੀ ਵਰਤੋਂ ਕੀਤੇ ਇਨ੍ਹਾਂ ਖਿਡੌਣਿਆਂ ਨੂੰ ਬਣਾਉਂਦੇ ਹਨ। ਖਿਡੌਣੇ ਜ਼ਿਆਦਾਤਰ ਪੇਂਡੂ ਜ਼ਿੰਦਗੀ ਨੂੰ ਦਰਸਾਉਂਦੇ ਹਨ। ਇਸ ਦੇ ਨਾਲ ਹੀ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਵੀ ਬਣਾਈਆਂ ਜਾਂਦੀਆਂ ਹਨ। ਇਹ ਹਸਤਕਲਾ ਹੁਣ ਹੌਲੀ-ਹੌਲੀ ਖ਼ਤਮ ਹੁੰਦੀ ਜਾ ਰਹੀ ਹੈ।


● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਲੜਾਈ ਤਾਂ ਭ੍ਰਿਸ਼ਟਾਚਾਰ ਵਿਰੁੱਧ ਚਾਹੀਦੀ ਹੈ, ਪਰ ਕੰਮ ਸੁਖਾਲਾ ਨਹੀਂ

## ਦ੍ਰਿਸ਼ਟੀਕੋਣ

### ਜਤਿੰਦਰ ਪਨੂੰ

ਪ੍ਰਧਾਨ ਮੰਤਰੀ ਹੁੰਦਿਆਂ ਅਟਲ ਬਿਹਾਰੀ ਵਾਜਪਾਈ ਨੇ ਇੱਕ ਵਾਰ ਹਾਸੇ ਵਿੱਚ ਕਿਹਾ ਸੀ ਕਿ ਭਾਰਤ ਵਿੱਚ ਇਹੀ ਗੱਲ ਪਤਾ ਨਹੀਂ ਲੱਗਦੀ ਕਿ ਸੜਕ ਵਿੱਚ ਖੱਡੇ ਬਣ ਗਏ ਹਨ ਜਾਂ ਖੱਡਿਆਂ ਵਿੱਚ ਸੜਕ ਬਣਾਈ ਗਈ ਹੈ! ਅੱਜ ਏਦਾਂ ਦੀ ਗੱਲ ਪੰਜਾਬ ਬਾਰੇ ਜਾਪਦੀ ਹੈ ਕਿ ਪਤਾ ਨਹੀਂ ਪੰਜਾਬ ਵਿੱਚ ਹੱਦੋਂ ਬਾਹਰਾ ਭ੍ਰਿਸ਼ਟਾਚਾਰ ਹੈ ਜਾਂ ਭ੍ਰਿਸ਼ਟਾਚਾਰ ਵਿੱਚ ਪੰਜਾਬ ਫਸਿਆ ਪਿਆ ਹੈ! ਇੱਟ ਪੁੱਟਿਆਂ ਚੋਰ ਨਿਕਲਣ ਵਾਲਾ ਮੁਹਾਵਰਾ ਵੀ ਏਥੇ ਖੋਖਲਾ ਹੋ ਗਿਆ ਹੈ। ਭ੍ਰਿਸ਼ਟਾਚਾਰੀਏ ਇੱਟਾਂ ਓਹਲੇ ਲੁਕੇ ਨਹੀਂ, ਹਰ ਗਲੀ ਵਿੱਚ ਹਰ ਮੋੜ ਉੱਤੇ ਖੜੋਤੇ ਜਾਂ ਘੁੰਮਦੇ ਮਿਲ ਸਕਦੇ ਹਨ। ਛੇ ਮਹੀਨੇ ਗੁਜ਼ਾਰ ਚੁੱਕੀ ਅਤੇ ਬਾਕੀ ਸਾਢੇ ਚਾਰ ਮਹੀਨੇ ਸੁਖ-ਸਬੀਲੀਂ ਗੁਜ਼ਾਰਨ ਦੇ ਸੁਫਨੇ ਲੈਂਦੀ ਭਗਵੰਤ ਮਾਨ ਸਰਕਾਰ ਕਹਿੰਦੀ ਹੈ ਕਿ ਪੰਜਾਬ ਵਿੱਚ ਭ੍ਰਿਸ਼ਟਾਚਾਰ ਰਹਿਣ ਨਹੀਂ ਦੇਣਾ, ਪਰ ਇਹ ਦਾਅਵਾ ਉਹ ਸਿਰੇ ਚਾੜ੍ਹ ਸਕੇਗੀ, ਇਸ ਦਾ ਯਕੀਨ ਕਰਨਾ ਲੋਕਾਂ ਨੂੰ ਔਖਾ ਜਾਪਦਾ ਹੈ। ਭ੍ਰਿਸ਼ਟਾਚਾਰ ਸਾਡੇ ਪੰਜਾਬ ਵਿੱਚ ਆਜ਼ਾਦੀ ਮਿਲਦੇ ਸਾਰ ਸ਼ੁਰੂ ਹੋ ਗਿਆ ਸੀ, ਪਰ ਮੁੱਖ ਮੰਤਰੀ ਬੇਅੰਤ ਸਿੰਘ ਵਾਲੀ ਸਰਕਾਰ ਦੇ ਵਕਤ ਇਸ ਨੇ ਸਪੀਡ ਤੇਜ਼ ਕੀਤੀ ਤੇ ਉਸ ਤੋਂ ਬਾਅਦ ਦੀ ਹਰ ਸਰਕਾਰ ਦੇ ਦੌਰਾਨ ਇਹ ਅਗਲੇ ਤੋਂ ਅਗਲਾ ਗੇਅਰ ਬਦਲਦਾ ਇਸ ਪੱਧਰ ਤੱਕ ਪੁੱਜਿਆ ਪਿਆ ਹੈ ਕਿ ਇਸ ਦੇ ਖਤਮ ਹੋਣ ਦੀ ਗੱਲ ਕਿਧਰੇ ਰਹੀ, ਘਟਾਉਣ ਦਾ ਦਾਅਵਾ ਵੀ ਕੋਈ ਕਰੇ ਤਾਂ ਆਮ ਲੋਕ ਛੇਤੀ ਕੀਤੇ ਯਕੀਨ ਨਹੀਂ ਕਰਦੇ। ਜਿਸ ਕਿਸੇ ਵਿਭਾਗ ਅੰਦਰ ਭ੍ਰਿਸ਼ਟਾਚਾਰ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਸ਼ੁਰੂ ਹੋਣ ਲੱਗਦੀ ਹੈ, ਸ਼ੁਰੂ ਭਾਵੇਂ ਉਹ ਇੱਕ-ਦੋ ਜਣਿਆਂ ਤੋਂ ਹੁੰਦੀ ਹੈ, ਫਿਰ ਖਿਲਾਰਾ ਏਨਾ ਖਿੱਲਰ ਜਾਂਦਾ ਹੈ ਕਿ ਜੇ ਸਾਰੇ ਦੋਸ਼ੀ ਫੜੇ ਜਾਣ ਤਾਂ ਉਹ ਵਿਭਾਗ ਖਾਲੀ ਹੋਣ ਦੀ ਨੌਬਤ ਆ ਸਕਦੀ ਹੈ। ਏਦਾਂ ਦੇ ਹਾਲਾਤ ਵਿੱਚ ਕਿਸੇ ਨਾ ਕਿਸੇ ਥਾਂ ਜਾ ਕੇ ਜਾਂਚ ਕਰਤੇ ਵੀ ਇਹ ਕਹਿਣ ਲੱਗਦੇ ਹਨ ਕਿ 'ਕਿੰਨਿਆਂ ਕੁ ਨੂੰ ਫੜੀ ਜਾਵਾਂਗੇ!'

ਸਾਡੇ ਸਾਹਮਣੇ ਇੱਕ ਕਿੱਸਾ ਪੰਜਾਬ ਦੇ ਜੰਗਲਾਤ ਵਿਭਾਗ ਦਾ ਖੁੱਲ੍ਹਿਆ ਸੀ। ਕੈਪਟਨ ਅਮਰਿੰਦਰ ਸਿੰਘ ਦੇ ਵਕਤ ਦਾ ਜੰਗਲਾਤ ਮੰਤਰੀ ਫਸਿਆ, ਫਿਰ ਅਗਲੇ ਕਾਂਗਰਸੀ ਮੁੱਖ ਮੰਤਰੀ ਚਰਨਜੀਤ ਸਿੰਘ ਦੇ ਵਕਤ ਦਾ ਜੰਗਲਾਤ ਮੰਤਰੀ ਵੀ ਇਸ ਦੀ ਜਾਂਚ ਹੇਠ ਆ ਗਿਆ। ਇੱਕ ਨੂੰ ਅਗੇਤੀ ਜ਼ਮਾਨਤ ਮਿਲ ਗਈ ਤੇ ਦੂਸਰਾ ਕੁਝ ਸਮਾਂ ਜੇਲ੍ਹ ਵਿੱਚ ਕੱਟਣ ਮਗਰੋਂ ਜ਼ਮਾਨਤ ਕਰਵਾ ਕੇ ਬਾਹਰ ਆ ਗਿਆ। ਜਾਂਚ ਅਜੇ ਤੱਕ ਚੱਲੀ ਜਾਂਦੀ ਹੈ, ਜਿਸ ਵਿੱਚ ਬੀਤੇ ਦਿਨੀਂ ਪੰਜਾਬ ਦੇ ਜੰਗਲਾਤ ਵਿਭਾਗ ਦਾ ਮੰਤਰੀ ਤੇ ਇੰਚਾਰਜ ਸੈਕਟਰੀ ਤੋਂ ਬਾਅਦ ਦਾ ਸਭ ਤੋਂ ਵੱਡਾ ਅਫਸਰ ਫੜਿਆ ਗਿਆ ਹੈ। ਉਸ ਮਗਰੋਂ ਕਈ ਫਰਮਾਂ ਦੇ ਮਾਲਕ ਵੀ ਫਸਦੇ ਜਾਪਦੇ ਹਨ ਤੇ ਵਿਭਾਗ ਦੇ ਕਈ ਛੋਟੇ ਜਾਂ ਵੱਡੇ ਅਫਸਰ ਵੀ ਤੇ ਏਜੰਟਾਂ ਨੂੰ ਜੋੜ ਕੇ ਪੰਜਾਹ ਕੁ ਲੋਕ ਤਾਂ ਏਸੇ ਚੱਕਰ ਵਿੱਚ ਫਸ ਜਾਣਗੇ। ਪਰਾਲੀ ਸੰਭਾਲਣ ਵਾਸਤੇ ਕੇਂਦਰ ਸਰਕਾਰ ਤੋਂ ਮਿਲੀ ਰਕਮ ਨਾਲ ਕਿਸਾਨਾਂ ਵਾਸਤੇ ਖਰੀਦੀਆਂ ਗਈਆਂ ਮਸ਼ੀਨਾਂ ਦੇ ਕੇਸ ਵਿੱਚ ਕਈ ਜ਼ਿਲ੍ਹਿਆਂ ਦੇ ਅਧਿਕਾਰੀ ਵੀ ਫਸਦੇ ਸੁਣੀਂਦੇ ਹਨ, ਕਈ ਡੀਲਰ ਅਤੇ ਏਜੰਟ ਵੀ ਤੇ ਕੁਝ ਕਿਸਾਨ ਵੀ ਇਸ ਵਿੱਚ 'ਕਾਣੇ ਕੀਤੇ' ਨਿਕਲੇ ਹਨ, ਜਦ ਕਿ ਜਾਂਚ ਦੇ ਦੌਰਾਨ ਪਿਛਲੀ ਸਰਕਾਰ ਦੇ ਖੇਤੀ ਮਹਿਕਮੇ ਨੂੰ ਸੰਭਾਲਣ ਵਾਲਾ ਮੰਤਰੀ ਅਤੇ ਉਸ ਦੇ ਸਾਥੀ ਵੀ ਫਸ ਸਕਦੇ ਸਨ।

ਬਹੁਤ ਵੱਡਾ ਮਾਮਲਾ ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਦਾ ਹੈ, ਜਿਸ ਵਿੱਚ ਇੱਕ ਛੋਟੇ ਜਿਹੇ ਕਾਰੋਬਾਰੀਏ ਨੂੰ ਪਹਿਲਾਂ ਲੁਧਿਆਣੇ ਵਿੱਚ ਲੇਬਰ ਦਾ ਠੇਕਾ ਦਿਵਾਇਆ ਗਿਆ, ਕਮਾਊ-ਪੁੱਤ ਸਾਬਤ ਹੋਇਆ ਤਾਂ ਸਾਰੇ ਲੁਧਿਆਣੇ ਜ਼ਿਲ੍ਹੇ ਦੇ ਠੇਕੇ ਓਸੇ ਕੋਲ ਚਲੇ ਗਏ ਤੇ ਫਿਰ ਪੰਜਾਬ ਭਰ ਦੇ ਠੇਕੇ ਓਸੇ ਨੂੰ ਮਿਲ ਗਏ। ਸਿਰਫ ਬਠਿੰਡਾ ਜ਼ਿਲ੍ਹਾ ਉਸ ਦੀ ਪਹੁੰਚ ਤੋਂ ਬਾਹਰ ਰਹਿ ਗਿਆ ਸੀ। ਉਸ ਦੇ ਕੰਮਾਂ ਦੀ ਪੜਤਾਲ ਹੋਣ ਲੱਗੀ ਤਾਂ ਪਤਾ ਲੱਗਾ ਕਿ ਮੰਡੀਆਂ ਤੋਂ ਫਸਲ ਦੀ ਚੁਕਾਈ ਵਾਸਤੇ ਜਿਹੜੇ ਟਰੱਕ ਵਰਤੇ ਦੱਸੇ ਸਨ, ਉਹ ਜਾਅਲੀ ਨਿਕਲੇ ਸਨ। ਬਿੱਲਾਂ ਉੱਤੇ ਲਿਖੇ ਹੋਏ ਨੰਬਰ ਮੋਟਰ ਸਾਈਕਲਾਂ ਤੇ ਸਕੂਟਰਾਂ ਦੇ ਸਨ। ਪਹਿਲਾਂ ਇਹ ਭੇਦ ਲੁਧਿਆਣੇ ਵਿੱਚ ਖੁੱਲ੍ਹਾ ਤੇ ਫਿਰ ਪੰਜਾਬ ਦੀਆਂ ਕਈ ਮੰਡੀਆਂ ਵਿੱਚੋਂ ਇਹੋ ਜਾਅਲੀ ਨੰਬਰਾਂ ਪਲੇਟਾਂ ਲੱਭਣ ਲੱਗ ਪਈਆਂ। ਵਿਜੀਲੈਂਸ ਅਧਿਕਾਰੀ ਇਸ ਘਪਲੇ ਦੀ ਬਾਕੀ ਜਾਂਚ ਦਾ ਕੰਮ ਕਰਨ ਦੀ ਥਾਂ ਜਾਅਲੀ ਨੰਬਰਾਂ ਵਾਲੇ ਟਰੱਕਾਂ ਤੇ ਉਨ੍ਹਾਂ ਦੇ ਮਾਲਕਾਂ ਦੀ ਜਾਂਚ ਕਰਨ ਦੇ ਕੰਮ ਵਿੱਚ ਰੁੱਝ ਗਏ। ਜਦੋਂ ਸਾਰੇ ਟਰੱਕਾਂ ਵਾਲੇ ਲੋਕ ਫੜੇ ਗਏ, ਜੇ ਉਹ ਸਾਰੇ ਸੱਚਮੁੱਚ ਫੜੇ ਗਏ ਤਾਂ ਪੰਜਾਬ ਵਿੱਚ ਇਹ ਗਿਣਤੀ ਹਜ਼ਾਰਾਂ ਤੱਕ ਪਹੁੰਚ ਸਕਦੀ ਹੈ, ਏਨੇ ਲੋਕਾਂ ਨੂੰ ਗ੍ਰਿਫਤਾਰ ਕਰਨਾ ਅਤੇ ਉਨ੍ਹਾਂ ਦੇ ਕੇਸ ਅਦਾਲਤਾਂ 'ਚ ਪੇਸ਼ ਕਰਨੇ ਹੋਰ ਔਖੇ ਹੋਣਗੇ। ਓਧਰ ਇਹ ਖਬਰ ਵੀ ਆ ਗਈ ਹੈ ਕਿ ਇਸ ਘਪਲੇ ਦੀਆਂ ਫਾਈਲਾਂ ਚੰਡੀਗੜ੍ਹ ਵਿੱਚ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੀ ਜਿਸ ਬ੍ਰਾਂਚ ਵਿੱਚ ਸਨ, ਓਥੋਂ ਉਹ ਗਾਇਬ ਕਰ ਦਿੱਤੀਆਂ ਗਈਆਂ ਹਨ। ਸਮਝ ਲਵੋ ਕਿ ਕੇਸ ਦਾ ਅੱਧਾ ਭੱਠਾ ਬੈਠ ਚੁੱਕਾ ਹੈ।

ਵਿਜੀਲੈਂਸ ਬਿਊਰੋ ਨੂੰ ਪਿਛਲੇ ਸਮੇਂ ਵਿੱਚ ਪੰਜਾਬ ਦੀਆਂ ਸਰਕਾਰਾਂ ਨੇ ਹਰ ਮਾਮਲੇ ਵਿੱਚ ਵਰਤਿਆ ਹੈ, ਪਰ ਕੁਝ ਸ਼ਰਾਰਤੀ ਲੋਕ ਵੀ ਉਸ ਦੀ ਵਰਤੋਂ ਨਾਲੋਂ ਬਹੁਤੀ ਦੁਰਵਰਤੋਂ ਕਰਦੇ ਹਨ। ਉਹ ਹਰ ਕਿਸੇ ਨਾਲ ਗੱਲ ਕਰਦੇ ਵਕਤ ਉਸ ਦੀ ਰਿਕਾਰਡਿੰਗ ਕਰ ਕੇ ਨਵੇਂ ਮੁੱਖ ਮੰਤਰੀ ਵੱਲੋਂ ਜਾਰੀ ਕੀਤੇ ਗਏ ਵਟਸਐਪ ਨੰਬਰ ਉੱਤੇ ਪੋਸਟ ਕਰਦੇ ਹਨ ਤੇ ਜਦੋਂ ਉਸ ਵਿਅਕਤੀ ਦੇ ਖਿਲਾਫ ਕਾਰਵਾਈ ਸ਼ੁਰੂ ਹੁੰਦੀ ਹੈ ਤਾਂ ਸੌਦੇਬਾਜ਼ੀ ਵਿੱਚ ਕਮਾਈ ਦਾ ਰਾਹ ਕੱਢਦੇ ਹਨ। ਇਸ ਦੀ ਇੱਕ ਮਿਸਾਲ ਇਸ ਹਫਤੇ ਓਦੋਂ ਮਿਲੀ, ਜਦੋਂ ਇੱਕ ਵਿਅਕਤੀ ਕਿਸੇ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਫੜਾਉਣ ਦੇ ਬਾਅਦ ਉਸ ਨੂੰ ਓਸੇ ਕੇਸ ਤੋਂ ਬਚਾਉਣ ਲਈ ਪੁਲਸ ਅਫਸਰਾਂ ਦੇ ਨਾਂਅ ਉੱਤੇ ਰਿਸ਼ਵਤ ਮੰਗਦਾ ਕਾਬੂ ਆ ਗਿਆ ਹੈ। ਇਸ ਤਰ੍ਹਾਂ ਦੇ ਕਈ ਕੇਸ ਪੰਜਾਬ ਵਿੱਚ ਸਾਹਮਣੇ ਆ ਚੁੱਕੇ ਹਨ, ਜਦੋਂ ਕਿਸੇ ਨੂੰ ਘੇਰ ਕੇ ਜਾਂਚ ਦੇ ਨਾਂਅ ਉੱਤੇ ਤੰਗ ਕੀਤਾ ਗਿਆ ਅਤੇ ਫਿਰ ਉਸ ਕੋਲੋਂ ਮੋਟੀ ਰਕਮ ਝਪਟੀ ਗਈ। ਪਿਛਲੇ ਹਫਤੇ ਇੱਕ ਪੁਲਸ ਅਫਸਰ ਨੂੰ ਏਦਾਂ ਦੇ ਕੇਸ ਵਿੱਚ ਰਾਜਸਥਾਨ ਤੋਂ ਫੜ ਕੇ ਲਿਆਂਦਾ ਗਿਆ ਅਤੇ ਉਸ ਵੱਲੋਂ ਏਦਾਂ ਕਮਾਈ ਹੋਈ ਰਕਮ ਉਸ ਦੀ ਨਿਸ਼ਾਨਦੇਹੀ ਉੱਤੇ ਉਸ ਦੇ ਰਿਸ਼ਤੇਦਾਰਾਂ ਦੇ ਘਰੋਂ ਕਢਵਾਈ ਗਈ ਹੈ। ਏਦਾਂ ਕਰਨ ਵਾਲਾ ਉਹ ਇੱਕਾ-ਦੁੱਕਾ ਨਹੀਂ, ਬਹੁਤ ਸਾਰੇ ਹੋਰ ਵੀ ਸੁਣੀਂਦੇ ਹਨ।

ਇਨ੍ਹਾਂ ਸਾਰੇ ਕੇਸਾਂ ਨਾਲੋਂ ਵੱਧ ਭ੍ਰਿਸ਼ਟਾਚਾਰ ਸਮਾਜ ਭਲਾਈ ਦੀਆਂ ਸਕੀਮਾਂ ਵਿੱਚ ਫੈਲਿਆ ਹੋਇਆ ਹੈ। ਹਰਿਆਣੇ ਦੀ ਸਰਕਾਰ ਨੇ ਜਦੋਂ ਬੁਢਾਪਾ, ਵਿਧਵਾ ਅਤੇ ਅੰਗਹੀਣ ਪੈਨਸ਼ਨਾਂ ਦੀ ਪੜਤਾਲ ਕਰਵਾਈ ਤਾਂ ਇਕਾਨਵੇਂ ਹਜ਼ਾਰ ਜਾਅਲੀ ਕੇਸ ਨਿਕਲ ਆਏ ਸਨ। ਹੈਰਾਨੀ ਦੀ ਗੱਲ ਇਹ ਸੀ ਕਿ ਇੱਕ ਹਜ਼ਾਰ ਤੋਂ ਵੱਧ ਏਦਾਂ ਦੇ ਕੇਸ ਨਿਕਲੇ, ਜਿਨ੍ਹਾਂ ਵਿੱਚ ਕਿਸੇ ਬੰਦੇ ਦੀ ਬੁਢਾਪਾ ਪੈਨਸ਼ਨ ਓਦੋਂ ਮਨਜ਼ੂਰ ਹੋਈ, ਜਦੋਂ ਉਹ ਮਰ ਚੁੱਕਾ ਸੀ ਅਤੇ ਉਸ ਦੇ ਵਾਰਸ ਆਪਣੇ ਪਿੰਡ ਦੇ ਕਿਸੇ ਵੱਡੇ ਬੰਦੇ ਅਤੇ ਬੈਂਕ ਮੈਨੇਜਰ ਨਾਲ ਮਿਲ ਕੇ ਹਰ ਮਹੀਨੇ ਕਢਵਾਈ ਜਾਂਦੇ ਸਨ। ਇਸ ਜਾਂਚ ਦੌਰਾਨ ਕੁਝ ਉਹ ਵਿਅਕਤੀ ਵੀ ਮਰੇ ਹੋਏ ਲਿਖ ਦਿੱਤੇ ਗਏ, ਜਿਹੜੇ ਬਜ਼ੁਰਗੀ ਹੰਢਾ ਰਹੇ ਸਨ ਅਤੇ ਪੈਨਸ਼ਨਾਂ ਦੇ ਹੱਕਦਾਰ ਸਨ। ਪੰਜਾਬ ਵਿੱਚ ਸਮਾਜ ਭਲਾਈ ਵਿਭਾਗ ਬਹੁਤ ਪਹਿਲਾਂ ਤੋਂ ਏਦਾਂ ਦੇ ਕੰਮਾਂ ਵਿੱਚ ਬਦਨਾਮ ਹੈ ਕਿ ਜਾਇਜ਼ ਹੱਕ ਬਣਦੇ ਵਾਲੇ ਲੋਕਾਂ ਨੂੰ ਪੈਨਸ਼ਨਾਂ ਇਸ ਲਈ ਨਹੀਂ ਦੇਂਦਾ ਕਿ ਉਨ੍ਹਾਂ ਦਾ ਕੋਈ ਸਿਫਾਰਸ਼ੀ ਨਹੀਂ ਹੁੰਦਾ ਅਤੇ ਉਹ ਰਿਸ਼ਵਤ ਵੀ ਦੇਣ ਜੋਗੇ ਨਹੀਂ ਹੁੰਦੇ, ਪਰ ਸਿਆਸੀ ਪਹੁੰਚ ਵਾਲੇ ਪਰਵਾਰਾਂ ਦੇ ਲੋਕਾਂ ਵਾਸਤੇ ਜਵਾਨੀ ਵਿੱਚ ਵੀ ਬੁਢਾਪਾ ਪੈਨਸ਼ਨ ਮਨਜ਼ੂਰ ਕਰ ਦੇਂਦਾ ਹੈ। ਅੱਜ ਜਾਂਚ ਕਰਵਾ ਲਈ ਜਾਵੇ ਤਾਂ ਹਰਿਆਣੇ ਦੇ ਇਕਾਨਵੇਂ ਹਜ਼ਾਰ ਤੋਂ ਵੱਧ ਇਹੋ ਜਿਹੇ ਕੇਸ ਪੰਜਾਬ ਵਿੱਚ ਮਿਲ ਜਾਣਗੇ, ਜਿਨ੍ਹਾਂ ਦੇ ਪੈਨਸ਼ਨਾਂ ਲੈਣ ਵਾਲੇ ਮਰ ਚੁੱਕੇ ਹਨ, ਪਰ ਪੈਨਸ਼ਨਾਂ ਚੱਲਦੀਆਂ ਹਨ। ਏਦਾਂ ਦੇ ਕੇਸਾਂ ਵਿੱਚ ਕਿਸੇ ਵੇਲੇ ਫੜੋ-ਫੜਾਈ ਹੋਈ ਤਾਂ ਏਨੇ ਲੋਕ ਫੜਨੇ ਪੈਣਗੇ ਕਿ ਜੇਲ੍ਹਾਂ ਵਿੱਚ ਰੱਖਣ ਜੋਗੀ ਥਾਂ ਹੀ ਪੰਜਾਬ ਸਰਕਾਰ ਨੂੰ ਨਹੀਂ ਮਿਲ ਸਕਣੀ।

ਜਿਸ ਗੱਲ ਉੱਤੇ ਵੱਡਾ ਅੜਿੱਕਾ ਪੈਂਦਾ ਹੈ, ਉਹ ਇਹ ਕਿ ਦੇਸ਼ ਦੀ ਸਰਕਾਰ ਚਲਾਉਣੀ ਹੋਵੇ ਜਾਂ ਪੰਜਾਬ ਦੀ, ਹਰ ਕਿਸੇ ਨੂੰ ਆਪਣੇ ਨਾਲ ਬੰਦੇ ਚਾਹੀਦੇ ਹਨ ਅਤੇ ਜਦੋਂ ਕੋਈ ਬੰਦਾ ਸਰਕਾਰ ਦੀ ਮਦਦ ਕਰਦਾ ਹੋਵੇ ਤਾਂ ਕਿਸੇ ਵੀ ਤਰ੍ਹਾਂ ਦਾ ਭ੍ਰਿਸ਼ਟਾਚਾਰ ਕਰਦਾ ਰਹੇ, ਉਸ ਦਾ ਲਿਹਾਜ ਕੇਂਦਰ ਤੇ ਰਾਜ ਸਰਕਾਰ ਦੋਵੇਂ ਕਰਦੀਆਂ ਹਨ। ਕੇਂਦਰ ਵਾਲੀ ਸਰਕਾਰ ਨੇ ਜਿਹੜੇ ਲੋਕਾਂ ਦੇ ਖਿਲਾਫ ਖੁਦ ਜ਼ੋਰ-ਸ਼ੋਰ ਨਾਲ ਜਾਂਚ ਸ਼ੁਰੂ ਕੀਤੀ ਕਿ ਉਹ ਵੱਡੇ ਭ੍ਰਿਸ਼ਟਾਚਾਰੀ ਹਨ, ਪਹਿਲੀ ਪਾਰਟੀ ਛੱਡ ਕੇ ਭਾਜਪਾ ਵਿੱਚ ਆਉਂਦੇ ਸਾਰ ਉਨ੍ਹਾਂ ਦੇ ਸਾਰੇ ਐਬ ਭੁਲਾ ਕੇ ਕੇਸ ਠੱਪ ਦਿੱਤੇ ਗਏ। ਆਂਧਰਾ ਪ੍ਰਦੇਸ਼ ਵਿੱਚੋਂ ਰਾਜ ਸਭਾ ਵਾਲੇ ਦੋ ਮੈਂਬਰਾਂ ਦਾ ਕਿੱਸਾ ਸਭ ਨੂੰ ਪਤਾ ਹੈ, ਜਿਹੜੇ ਤੇਲਗੂ ਦੇਸਮ ਪਾਰਟੀ ਨਾਲ ਸੰਬੰਧਤ ਸਨ ਤੇ ਭਾਜਪਾ ਦੇ ਸੀਨੀਅਰ ਬੁਲਾਰੇ ਜੀ ਵੀ ਐੱਲ ਨਰਸਿਮਹਾ ਰਾਓ ਨੇ ਰਾਜ ਸਭਾ ਦੇ ਚੇਅਰਮੈਨ, ਜਿਹੜਾ ਉੱਪ ਰਾਸ਼ਟਰਪਤੀ ਹੁੰਦਾ ਹੈ, ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਇਨ੍ਹਾਂ ਉੱਤੇ ਕਰੋੜਾਂ ਰੁਪਏ ਦੇ ਫਰਾਡ ਦੇ ਦੋਸ਼ ਹਨ। ਜਦੋਂ ਜਾਂਚ ਕਰਵਾਈ ਜਾਣ ਲੱਗੀ ਤਾਂ ਦੋਵੇਂ ਜਣੇ ਦਿੱਲੀ ਆਏ ਅਤੇ ਭਾਜਪਾ ਵਿੱਚ ਸ਼ਾਮਲ ਹੋ ਗਏ, ਉਸ ਦੇ ਬਾਅਦ ਉਨ੍ਹਾਂ ਖਿਲਾਫ ਕਾਰਵਾਈ ਦੀ ਫਾਈਲ ਠੱਪ ਕਰ ਦਿੱਤੀ ਗਈ, ਨਰਸਿਮਹਾ ਰਾਓ ਓਸੇ ਰਾਜ ਸਭਾ ਵਿੱਚ ਉਨ੍ਹਾਂ 'ਭ੍ਰਿਸ਼ਟ' ਪਾਰਲੀਮੈਂਟ ਮੈਂਬਰਾਂ ਦੇ ਨਾਲ ਬੈਠਾ ਦਿਖਾਈ ਦੇਂਦਾ ਰਿਹਾ। ਪੰਜਾਬ ਦੀ ਆਮ ਆਦਮੀ ਪਾਰਟੀ ਨਾਲ ਜੁੜੇ ਕੁਝ ਲੋਕ ਵੀ ਏਦਾਂ ਦੀ ਨੇੜਤਾ ਦਾ ਲਾਹਾ ਲੈਣ ਲੱਗ ਪਏ ਹਨ ਤਾਂ ਲੋਕ ਇਸ ਨੂੰ ਚੰਗਾ ਨਹੀਂ ਮੰਨਣਗੇ। ਭ੍ਰਿਸ਼ਟਾਚਾਰੀਆਂ ਦੀ ਢਾਣੀ ਅਮਰ-ਵੇਲ ਵਰਗੀ ਹੁੰਦੀ ਹੈ, ਇਹ ਜਿਹੜੇ ਰੁੱਖ ਨਾਲ ਚੰਬੜ ਜਾਵੇ, ਹੌਲੀ-ਹੌਲੀ ਉਹ ਰੁੱਖ ਆਪਣੀ ਜਕੜ ਵਿੱਚ ਲੈ ਲੈਂਦੀ ਹੈ। ਇਸ ਕਰ ਕੇ ਸਰਕਾਰ ਕੇਂਦਰ ਵਾਲੀ ਹੋਵੇ ਜਾਂ ਪੰਜਾਬ ਦੀ, ਦੋਵਾਂ ਨੂੰ ਸਿਰਫ ਐਲਾਨਾਂ ਵਿੱਚ ਨਹੀਂ, ਅਮਲਾਂ ਵਿੱਚ ਵੀ ਕੁਝ ਇਸ ਤਰ੍ਹਾਂ ਕਰ ਕੇ ਵਿਖਾਉਣਾ ਹੋਵੇਗਾ ਕਿ ਲੋਕਾਂ ਨੂੰ ਭ੍ਰਿਸ਼ਟਾਚਾਰ ਤੋਂ ਛੁਟਕਾਰਾ ਮਿਲਣ ਦੀ ਆਸ ਸਿਰੇ ਚੜ੍ਹਦੀ ਦਿਸੇ। ਬਦਕਿਸਮਤੀ ਨਾਲ ਅਜੇ ਤੱਕ ਇਹੋ ਜਿਹਾ ਭਰੋਸਾ ਹੋ ਸਕਣ ਵਾਲਾ ਕੰਮ ਐਲਾਨਾਂ ਵਿੱਚ ਭਾਵੇਂ ਬਹੁਤ ਹੈ, ਅਮਲ ਵਿੱਚ ਬਹੁਤਾ ਨਹੀਂ ਹੋ ਰਿਹਾ।

ਅਖੀਰਲੀ ਗੱਲ ਇਹ ਹੈ ਕਿ ਅਦਾਲਤੀ ਪ੍ਰਬੰਧ ਵੀ ਇਸ ਤਰ੍ਹਾਂ ਦਾ ਹੈ ਕਿ ਉਹ ਆਮ ਲੋਕਾਂ ਨਾਲੋਂ ਅਪਰਾਧੀਆਂ ਨੂੰ ਵੱਧ ਸੁਖਾਵਾਂ ਬਣਦਾ ਜਾਂਦਾ ਹੈ। ਆਮ ਆਦਮੀ ਉੱਤੇ ਕੇਸ ਬਣ ਜਾਵੇ ਤਾਂ ਮਿਹਨਤ ਦੀ ਕਮਾਈ ਖਾਣ ਵਾਲੇ ਨਾਗਰਿਕ ਨੂੰ ਹੇਠਲੀਆਂ ਅਦਾਲਤਾਂ ਦੇ ਵਕੀਲਾਂ ਦੀਆਂ ਫੀਸਾਂ ਵੀ ਦੇਣੀਆਂ ਮੁਸ਼ਕਲ ਹੁੰਦੀਆਂ ਹਨ, ਪਰ ਭ੍ਰਿਸ਼ਟਾਚਾਰ ਕਰਨ ਵਾਲੇ ਬੰਦੇ ਹੇਠਲੀਆਂ ਅਦਾਲਤਾਂ ਵਿੱਚੋਂ ਸ਼ੁਰੂ ਕਰਦੇ ਅਤੇ ਜ਼ਮਾਨਤ ਨਾ ਮਿਲੇ ਤਾਂ ਸੈਸ਼ਨ ਕੋਰਟ, ਫਿਰ ਹਾਈ ਕੋਰਟ ਤੇ ਲੋੜ ਪਵੇ ਤਾਂ ਸੁਪਰੀਮ ਕੋਰਟ ਤੱਕ ਜਾ ਪਹੁੰਚਦੇ ਹਨ। ਆਮ ਲੋਕ ਇਹ ਗੱਲ ਨਹੀਂ ਜਾਣਦੇ ਕਿ ਸੁਪਰੀਮ ਕੋਰਟ ਦੇ ਸੀਨੀਅਰ ਵਕੀਲਾਂ ਦੀ ਸਿਰਫ ਇੱਕ ਪੇਸ਼ੀ ਦੀ ਫੀਸ ਪੰਝੀ ਲੱਖ ਤੱਕ ਜਾਂ ਇਸ ਤੋਂ ਵੱਧ ਹੋ ਸਕਦੀ ਹੈ ਤੇ ਜੇ ਕਿਸੇ ਸਧਾਰਨ ਨਾਗਰਿਕ ਨੇ ਮੱਧ ਦਰਜੇ ਦਾ ਵਕੀਲ ਵੀ ਓਥੇ ਜਾ ਕੇ ਕਰਨਾ ਹੋਵੇ ਤਾਂ ਇੱਕ ਪੇਸ਼ੀ ਦੇ ਦਸ-ਬਾਰਾਂ ਲੱਖ ਦੇਣੇ ਆਮ ਗੱਲ ਹੈ। ਏਨੀਆਂ ਫੀਸਾਂ ਆਮ ਆਦਮੀ ਨਹੀਂ ਭਰ ਸਕਦਾ, ਦੇਸ਼ ਦੀ ਸਿਖਰਲੀ ਪੌੜੀ ਤੱਕ ਪੁੱਜਣਾ ਵੀ ਉਨ੍ਹਾਂ ਭ੍ਰਿਸ਼ਟਾਚਾਰੀਆਂ ਲਈ ਸੌਖਾ ਹੋ ਜਾਂਦਾ ਹੈ, ਜਿਨ੍ਹਾਂ ਨੇ ਨੋਟ ਕਮਾਏ ਵੀ ਬੇਰਹਿਮੀ ਨਾਲ ਹੁੰਦੇ ਹਨ ਅਤੇ ਖਰਚ ਕਰਨ ਵੇਲੇ ਵੀ ਉਹ 'ਮਾਲ-ਇ-ਮੁਫਤ, ਦਿਲ-ਇ-ਬੇਰਹਿਮ ਦੇ ਫਾਰਮੂਲੇ ਮੁਤਾਬਕ ਕੋਈ ਝਿਜਕ ਵਿਖਾਏ ਬਿਨਾਂ ਚੱਲਣ ਦੀ ਜੁਰਅੱਤ ਕਰ ਸਕਦੇ ਹਨ।

ਅੱਜ ਦੇ ਦੌਰ ਵਿੱਚ ਲੋਕਤੰਤਰ ਨੂੰ ਬਾਕੀ ਸਾਰੇ ਪ੍ਰਬੰਧਾਂ ਨਾਲੋਂ ਵਧੀਆ ਰਾਜ-ਪ੍ਰਬੰਧ ਕਿਹਾ ਜਾਂਦਾ ਹੈ, ਪਰ ਔਕੜ ਇਹ ਹੈ ਕਿ ਇਸ ਵਿੱਚ ਸਿਆਸੀ ਅਗੇਤ ਲਈ ਦੋਸ਼ੀਆਂ ਨਾਲ ਲਿਹਾਜ਼ ਦਾ ਅਮਲ ਇਸ ਪ੍ਰਬੰਧ ਨੂੰ ਕਲੰਕਤ ਕਰਨ ਲੱਗਾ ਰਹਿੰਦਾ ਹੈ। ਕੋਈ ਚੰਗੇ ਤੋਂ ਚੰਗਾ ਅਦਾਰਾ ਵੀ ਹੋਵੇ, ਜਦੋਂ ਉਸ ਵਿੱਚ ਕਿਸੇ ਚੋਣ ਜਾਂ ਹੋਰ ਅਗੇਤ ਵਾਸਤੇ ਦੋਹ ਧਿਰਾਂ ਦੀ ਟੱਕਰ ਹੋਵੇ ਤਾਂ ਆਪਣੇ ਵੱਲ ਬਹੁ-ਗਿਣਤੀ ਕਰਨ ਲਈ ਬਦਨਾਮ ਤੋਂ ਬਦਨਾਮ ਬੰਦਾ ਵੀ ਨਾਲ ਲਾਉਣ ਤੋਂ ਸ਼ਰਮ ਕੋਈ ਨਹੀਂ ਕਰਦਾ। ਇਸ ਖੇਡ ਨੇ ਬਹੁਤ ਚੰਗੀਆਂ ਚੱਲਦੀਆਂ ਸਮਾਜ ਸੇਵੀ ਸੰਸਥਾਵਾਂ, ਬਹੁਤ ਵਧੀਆ ਯੂਨੀਅਨਾਂ ਅਤੇ ਬਹੁਤ ਸਤਿਕਾਰ ਵਾਲੇ ਧਾਰਮਿਕ ਅਦਾਰਿਆਂ ਵਿੱਚ ਵੀ ਭ੍ਰਿਸ਼ਟਾਚਾਰ ਦਾ ਹੜ੍ਹ ਲਿਆ ਛੱਡਿਆ ਹੈ। ਆਮ ਲੋਕ ਜਿਨ੍ਹਾਂ ਥਾਂਵਾਂ ਉੱਤੇ ਆਪਣੇ ਜਾਣੇ-ਅਣਜਾਣੇ ਵਿੱਚ ਕੀਤੇ ਗਏ ਪਾਪਾਂ ਦੀ ਭੁੱਲ ਬਖਸ਼ਾਉਣ ਜਾਇਆ ਕਰਦੇ ਸਨ, ਭ੍ਰਿਸ਼ਟਾਚਾਰ ਦੀ ਲਾਗ ਜਦੋਂ ਓਥੋਂ ਤੱਕ ਵੀ ਪੁੱਜਣ ਲੱਗ ਪਈ ਤਾਂ ਆਮ ਲੋਕ ਆਸ ਕਿੱਥੋਂ ਰੱਖਣਗੇ! ਏਦਾਂ ਦੇ ਹਾਲਾਤ ਵਿੱਚ ਪੰਜਾਬ ਦੀ ਗੱਲ ਕਰਨੀ ਹੋਵੇ ਜਾਂ ਭਾਰਤ ਦੀ, ਅਟਲ ਬਿਹਾਰੀ ਵਾਜਪਾਈ ਦੇ ਸੜਕ ਤੇ ਖੱਡਿਆਂ ਦੀ ਗੱਲ ਕਹਿਣ ਵਾਂਗ ਇਹੋ ਪਤਾ ਨਹੀਂ ਲੱਗਦਾ ਕਿ ਦੇਸ਼ ਵਿੱਚ ਭ੍ਰਿਸ਼ਟਾਚਾਰ ਆ ਗਿਆ ਹੈ ਜਾਂ ਭ੍ਰਿਸ਼ਟਾਚਾਰ ਵਿੱਚ ਦੇਸ਼ ਦਾ ਨਕਸ਼ਾ ਉਲੀਕਿਆ ਗਿਆ ਹੈ।

# ਮੁੱਖ ਮੰਤਰੀ ਨਹੀਂ, ਮੁੱਖ ਮਿੱਤਰ

## ਸੁਲਘਦੇ ਸਵਾਲ

### ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਪਿੱਛੇ ਜਿਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੋਆ ਵਿੱਚ ਭਾਸ਼ਨ ਦਿੰਦਿਆਂ ਆਖਿਆ ਸੀ ਕਿ "ਅਸੀਂ ਮੁੱਖ ਮੰਤਰੀ ਨਹੀਂ ਬਣਾਉਂਦੇ, ਬਲਕਿ ਮੁੱਖ ਮਿੱਤਰ ਬਣਾਉਂਦੇ ਹਾਂ" ਭਾਵ ਉਹ ਮੁੱਖ ਮਿੱਤਰ ਜੋ ਬਨਣ ਤੋਂ ਬਾਅਦ ਆਪਣੇ ਮਿੱਤਰਾਂ ਨਾਲ ਮਿਲ ਕੇ ਮਨਮਾਨੀਆਂ ਕਰਦਾ ਜਾਂ ਕਰਦੇ ਹਨ, ਜਿਨ੍ਹਾਂ ਸਦਕਾ ਅੱਜ ਇੱਕ ਭਾਰਤ ਦੋ ਰੂਪਾਂ ਵਿੱਚ ਦਿਸ ਰਿਹਾ ਹੈ। ਇੱਕ ਹੈ ਅਮੀਰ ਭਾਰਤ ਅਤੇ ਇੱਕ ਹੈ ਗ਼ਰੀਬ ਭਾਰਤ। ਜਿਸ ਦੀ ਤਸਦੀਕ ਕੇਂਦਰੀ ਸੜਕੀ ਆਵਾਜਾਈ ਅਤੇ ਰਾਜ-ਮਾਰਗ ਮੰਤਰੀ ਸ੍ਰੀ ਨਿਤਿਨ ਗਡਕਰੀ ਨੇ ਵੀ ਪਿਛਲੇ ਦਿਨੀਂ ਕਰ ਦਿੱਤੀ ਹੈ। ਉਨ੍ਹਾ ਮੁਤਾਬਕ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥ-ਵਿਵਸਥਾ ਬਣਨ ਅਤੇ ਖ਼ੁਸ਼ਹਾਲ ਦੇਸ਼ ਹੋਣ ਦੇ ਬਾਵਜੂਦ ਭਾਰਤ ਦੀ ਆਬਾਦੀ ਗ਼ਰੀਬੀ, ਭੁੱਖਮਰੀ, ਬੇਰੁਜ਼ਗਾਰੀ, ਜਾਤੀਵਾਦ, ਛੂਤ-ਛਾਤ ਅਤੇ ਮਹਿੰਗਾਈ ਵਰਗੇ ਦੈਂਤ ਨਾਲ ਜੂਝ ਰਹੀ ਹੈ। ਉਨ੍ਹਾ ਆਪਣੇ ਬਿਆਨ ਵਿੱਚ ਮੰਨਿਆ ਕਿ ਭਾਰਤ ਵਿੱਚ ਅੱਜ ਦੇ ਦਿਨ ਅਮੀਰੀ ਅਤੇ ਗ਼ਰੀਬੀ ਦਾ ਪਾੜਾ ਬਹੁਤ ਡੂੰਘਾ ਹੋ ਚੁੱਕਾ ਹੈ, ਜੋ ਦਿਨੋ-ਦਿਨ ਹੋਰ ਵਧ ਰਿਹਾ ਹੈ। ਉਧਰ ਦੂਜੇ ਪਾਸੇ ਮੋਦੀ ਜੀ ਪੈਸੇ ਦੇ ਜ਼ੋਰ ਨਾਲ ਮਹਿੰਗੀਆਂ ਤੋਂ ਮਹਿੰਗੀਆਂ ਰੈਲੀਆਂ ਕਰਕੇ ਗ਼ਰੀਬ ਜਨਤਾ ਨੂੰ ਵੱਡੇ-ਵੱਡੇ ਸੁਪਨੇ ਦਿਖਾ ਰਹੇ ਹਨ।

ਇਸ ਅਮੀਰੀ-ਗ਼ਰੀਬੀ ਦੇ ਪਾੜੇ ਨੂੰ ਸਭ ਆਪੋ-ਆਪਣੀ ਜਗ੍ਹਾ ਮਹਿਸੂਸ ਕਰ ਰਹੇ ਹਨ, ਪਰ ਇਹ ਸਭ ਅਜੇ ਉਹਨਾਂ ਕਬੂਤਰਾਂ ਦੇ ਝੁੰਡ ਵਾਂਗ ਇਕੱਠੇ ਉੱਡ ਕੇ ਜਾਲ ਨਾਲ ਲੈ ਜਾਣ ਦੀ ਪੁਜ਼ੀਸ਼ਨ ਵਿੱਚ ਨਹੀਂ ਹਨ। ਇਸ ਵਾਸਤੇ ਵੱਖ-ਵੱਖ ਸਮੇਂ ਵੱਖ-ਵੱਖ ਥਾਵਾਂ 'ਤੇ ਉਪਰਾਲੇ ਹੋ ਰਹੇ ਹਨ। ਇਹ ਸਭ ਹੋਰ ਨੇੜੇ ਕਦੋਂ ਅਤੇ ਕਿਵੇਂ ਆਉਣਗੇ, ਇਹ ਸਭ ਭਵਿੱਖ ਦੀ ਕੁੱਖ ਵਿੱਚ ਹੈ, ਪਰ ਇਹ ਸਭ ਜਨਤਾ ਦੇ ਹੱਥ ਵਿੱਚ ਹੈ। ਜਬ ਤੱਕ ਸਮੁੱਚੀ ਦੁਖੀ, ਭੁੱਖੀ, ਦੁਖਿਆਰੀ ਜਨਤਾ ਸਮੇਤ ਸਭ ਵਿਰੋਧੀ ਧਿਰ ਇੱਕ ਆਵਾਜ਼ ਨਹੀਂ ਹੁੰਦੀ, ਯਾਦ ਰੱਖੋ ਉਦੋਂ ਤੱਕ ਮੋਦੀ ਸਾਹਿਬ ਜਨਤਾ ਦਾ ਧਿਆਨ ਭਟਕਾਉਣ ਲਈ ਉਹ ਸ਼ੇਰ ਖ਼ਰੀਦਦੇ ਰਹਿਣਗੇ, ਜਿਹੜੇ ਜਨਤਾ ਨੂੰ ਚਿੜਾਉਣ ਲਈ ਬੇਰੁਜ਼ਗਾਰੀ, ਮਹਿੰਗਾਈ, ਗ਼ਰੀਬੀ, ਭੁੱਖਮਰੀ, ਸੰਪਰਦਾਇਕਤਾ, ਨਫ਼ਰਤ, ਹਿੰਸਾ ਅਤੇ ਦਮਨ ਦੀ ਪ੍ਰਤੀਨਿਧਤਾ ਕਰਦੇ ਰਹਿਣਗੇ।

ਅੱਜ ਤੱਕ ਗੋਦੀ ਮੀਡੀਆ ਦੀ ਦੁਰਵਰਤੋਂ ਕਰਕੇ ਹਿੰਦੂ-ਮੁਸਲਮਾਨ ਕਰਕੇ, ਊਚ-ਨੀਚ ਕਰਕੇ, ਜਾਤਾਂ-ਪਾਤਾਂ ਵਿੱਚ ਪਾੜਾ ਪਾ ਕੇ ਐਸਾ ਨਫ਼ਰਤ ਭਰਿਆ ਮਾਹੌਲ ਪੈਦਾ ਕਰ ਦਿੱਤਾ ਹੈ ਕਿ ਹਰ ਇੱਕ ਇਨਸਾਨ ਆਪਣਿਆਂ ਨੂੰ ਵੀ ਸ਼ੱਕ ਦੀ ਨਿਗ੍ਹਾ ਨਾਲ ਦੇਖ ਰਿਹਾ ਹੈ। ਇਸੇ ਕਰਕੇ ਜਨਤਾ ਨੂੰ ਡਰਾਉਣ ਲਈ ਪਰਵਾਰਵਾਦ ਦਾ ਰੌਲਾ ਪਾਇਆ ਜਾ ਰਿਹਾ ਹੈ। ਇਹ ਉਸ ਪਰਵਾਰ ਬਾਰੇ ਬੋਲਿਆ ਜਾ ਰਿਹਾ ਹੈ, ਜਿਸ ਨੇ ਨਾ ਯੂ ਪੀ ਏ ਦੀ ਜਿੱਤ ਸਮੇਂ ਲਾਲਚ ਦਿਖਾਇਆ, ਨਾ ਹੁਣ ਪ੍ਰਧਾਨਗੀ ਦੀ ਚੋਣ ਸਮੇਂ ਆਪਣੇ-ਆਪ ਨੂੰ ਉਲਝਾਇਆ।

ਉਂਜ ਵੀ ਹੁਣ ਸਭ ਦੀਆਂ ਨਜ਼ਰਾਂ 2024 'ਤੇ ਲੱਗੀਆਂ ਹੋਈਆਂ ਹਨ। ਵੀਹ ਸੌ ਚੌਵੀ ਏਨੀ ਜਲਦੀ ਆਉਂਦਾ ਦਿਸ ਰਿਹਾ ਹੈ ਕਿ ਜਿਵੇਂ ਵਿਚਕਾਰ ਵੀਹ ਸੌ ਤੇਈ ਹੋਵੇ ਹੀ ਨਾ। ਇਸ ਦਾ ਮੂਲ ਕਾਰਨ ਇਹ ਹੈ ਕਿ ਦੁਖੀ ਜਨਤਾ ਵੀਹ ਸੌ ਚਵੀ ਵਿੱਚ ਮੌਜੂਦਾ ਸਰਕਾਰ ਤੋਂ ਨਿਜ਼ਾਤ ਪਾਉਣ ਲਈ ਉਤਾਵਲੀ ਹੈ, ਤਾਹੀਉਂ ਤਾਂ ਜਦ ਮੋਦੀ ਜਾਪਾਨ ਤੋਂ ਅਫਸੋਸ ਨਾਲ ਮੁੜਦਾ ਹੈ ਤਾਂ ਸਿੱਧਾ ਆਪਣੇ ਸੂਬੇ ਗੁਜਰਾਤ ਵਿੱਚ ਪਹੁੰਚਦਾ ਹੈ। ਇਹ ਸਭ ਕੁਝ ਇਸ ਕਰਕੇ ਵੀ ਹੋ ਰਿਹਾ ਹੈ, ਜਿਸ ਭਾਜਪਾ ਵਾਲੇ ਅਤੇ ਉਸ ਦੇ ਕੱਟੜ ਸਮੱਰਥਕ ਜਿਸ ਨੂੰ ਪੱਪੂ ਕਹਿੰਦੇ ਸਨ, ਉਸ ਨੇ ਅਚਾਨਕ ਆਪਣਾ ਚੋਲਾ ਬਦਲ ਕੇ ਇੱਕ ਨਵੀਂ ਅਜਿਹੀ ਸ਼ੁਰੂਆਤ ਕੀਤੀ, ਜਿਸ ਨਾਲ ਭਾਜਪਾ ਮੁੱਢ ਤੋਂ ਹੀ ਉਸ ਨੇ ਗਿਣਤੀਆਂ-ਮਿਣਤੀਆਂ ਵਿੱਚ ਪਾ ਦਿੱਤੀ। ਉਹ ਇੱਕਦਮ ਜਨਤਾ ਦਾ ਧਿਆਨ ਆਪਣੇ ਵੱਲ ਖਿੱਚੇਗਾ, ਕਦੇ ਕਿਸੇ ਸੋਚਿਆ ਤੱਕ ਨਹੀਂ ਸੀ। ਜਦ ਹੱਥਲਾ ਪਰਚਾ ਤੁਹਾਡੇ ਹੱਥ ਵਿੱਚ ਹੋਵੇਗਾ ਤਾਂ ਉਸ ਨੂੰ ਆਪਣੇ ਕੋਮਲ ਪੈਰਾਂ ਨਾਲ ਤੁਰਦਿਆਂ ਤਕਰੀਬਨ ਪੰਦਰਾਂ ਦਿਨ ਹੋ ਚੁੱਕੇ ਹੋਣਗੇ। ਲੋਕ ਕਿਵੇਂ ਅਤੇ ਕਿੰਦਾਂ-ਕਿੰਦਾਂ ਜੁੜ ਰਹੇ ਹਨ, ਇਹ ਸਭ ਲਈ ਅਚੰਭੇ ਵਾਲੀ ਗੱਲ ਹੈ। ਜਦ ਇਹ ਨਵੇਂ ਅਵਤਾਰ ਵਿੱਚ ਰਾਹੁਲ ਤਾਲਿਮ ਤੋਂ ਬਾਅਦ ਕੇਰਲਾ ਵਿੱਚ ਤੁਰ ਰਿਹਾ ਸੀ ਤਾਂ ਸਣੇ ਸਭ ਵਿਰੋਧੀਆਂ ਦੇ ਉਹਨਾਂ ਦੋ ਸਮੁੰਦਰ ਦੇਖੇ। ਇੱਕ ਪਾਣੀ ਵਾਲਾ, ਦੂਜਾ ਲੋਕਾਂ ਵਾਲਾ। ਜਿਸ ਵਿੱਚ ਲੋਕਾਂ ਦਾ ਹੜ੍ਹ ਦਿਖ ਰਿਹਾ ਸੀ। ਯਾਤਰਾ ਕਦੇ ਵੀ ਮਾੜੀ ਨਹੀਂ ਹੁੰਦੀ। ਜਿੱਥੇ ਪੈਦਲ ਯਾਤਰਾ ਸਰੀਰ, ਸਿਹਤ ਦਾ ਖਿਆਲ ਰੱਖਦੀ ਹੈ, ਉੱਥੇ ਉਹ ਯਾਤਰਾ, ਯਾਤਰਾ ਕਰਨ ਦੇ ਮਕਸਦ ਦਾ ਵੀ ਪੂਰਾ-ਪੂਰਾ ਖਿਆਲ ਰੱਖਦੀ ਹੈ। ਸੰਸਾਰ ਵਿੱਚ ਕਦੇ ਵੀ ਅਜਿਹੀ ਕੋਈ ਉਦਾਹਰਣ ਨਹੀਂ ਮਿਲਦੀ ਕਿ ਲੰਮੀ ਅਤੇ ਚੰਗੇ ਮਕਸਦ ਵਾਲੀ ਯਾਤਰਾ ਨੇ ਫਲ ਨਾ ਦਿੱਤਾ ਹੋਵੇ। ਜਿਹੜੇ ਭਾਜਪਾ ਨੇ ਇਸ ਭਾਰਤ ਜੋੜੋ ਯਾਤਰਾ 'ਤੇ ਸਵਾਲ ਖੜੇ ਕੀਤੇ ਸਨ, ਉਹ ਸਭ ਅੱਜ ਦੇ ਦਿਨ ਹਵਾ ਹੋ ਚੁੱਕੇ ਹਨ। ਉਂਜ ਜੇਕਰ ਸੋਚਿਆ ਜਾਵੇ ਤਾਂ ਭਾਜਪਾ ਵੀ ਅਡਵਾਨੀ ਦੀ ਅਗਵਾਈ ਵਿੱਚ ਫਿਰਕੂ ਯਾਤਰਾ ਕਰਕੇ ਅੱਗੇ ਵਧੀ ਹੈ। ਸਭ ਜਾਣਦੇ ਹਨ ਕਿ ਜਿਵੇਂ ਦੱਖਣ ਵਿੱਚ ਹੁੰਗਾਰਾ ਮਿਲਿਆ ਹੈ। ਜੇਕਰ ਇਹ ਉਤਸ਼ਾਹ ਬਰਕਰਾਰ ਰਿਹਾ ਤਾਂ ਕਈਆਂ ਦਾ ਸੁਆਦ ਬੇਕਿਰਕ ਹੋ ਜਾਵੇਗਾ। ਕਾਰਨ ਸਭ ਦੁਖੀ ਹਨ। ਇਸ ਕਰਕੇ ਜਨਤਾ ਜੁੜ ਰਹੀ ਹੈ। ਭਾਰਤ ਜੋੜੋ ਯਾਤਰਾ ਪਾਸ ਵੀ ਜਨਤਾ ਦੇ ਮੁੱਦੇ ਹਨ। ਰੁਜ਼ਗਾਰ, ਸਿਹਤ, ਐਜੂਕੇਸ਼ਨ, ਆਦਿ ਲੋਕ-ਪੱਖੀ ਅਤੇ ਗ਼ਰੀਬ-ਪੱਖੀ ਨਾਹਰੇ ਹਨ, ਜੋ ਜਨਤਾ ਨੂੰ ਟੁੰਭ ਰਹੇ ਹਨ।

ਉਸ ਉਪਰੋਕਤ ਯਾਤਰਾ ਨੇ ਬਹੁਤ ਕੁਝ ਸਾਫ ਕਰ ਦੇਣਾ ਹੈ। ਇਸ ਨੇ ਜਿੱਥੇ ਕਾਂਗਰਸ ਦਾ ਕਚਰਾ ਸਾਫ ਕਰ ਦੇਣਾ ਹੈ, ਉੱਥੇ ਇਹ ਯਾਤਰਾ ਹੋਰ ਪਾਰਟੀਆਂ ਅਤੇ ਲੋਕਾਂ ਲਈ ਰਾਹ-ਦਸੇਰਾ ਬਣੇਗੀ।

ਅਗਲੀ ਗੱਲ, ਸਭ ਤਰ੍ਹਾਂ ਦੇ ਵਿਰੋਧੀ ਵੀਹ ਸੌ ਚਵੀ ਵਿੱਚ ਰਲ ਕੇ ਹੱਲਾ ਮਾਰਨ ਜਾਂ ਨਾ, ਪਰ ਸਭ ਜਾਣ ਚੁੱਕੇ ਹਨ ਕਿ ਇਸ ਵਕਤ ਗਿਣਤੀ ਦੇ ਲੋਕ ਜੋ ਸਰਕਾਰੀ ਰਾਜ-ਭਾਗ ਦੇ ਹਿੱਸੇਦਾਰ ਹਨ। ਉਹਨਾਂ ਵਿੱਚੋਂ ਕੁਝ ਭਾਰਤ ਦੇ ਵੱਖ-ਵੱਖ ਪੁਰਜ਼ੇ ਵੇਚ ਰਹੇ ਹਨ। ਦੂਜੇ ਪਾਸੇ ਜਿਨ੍ਹਾਂ ਪਾਸ ਅਸਲ 'ਚ ਭਾਰਤ ਗਹਿਣੇ ਹੈ, ਖ਼ਰੀਦ ਰਹੇ ਹਨ। ਇਸ ਕਰਕੇ ਤਾਂ ਗ਼ਰੀਬ ਹੋਰ ਗ਼ਰੀਬ ਅਤੇ ਅਮੀਰ ਹੋਰ ਅਮੀਰ ਹੋ ਰਿਹਾ ਹੈ। ਜੋ ਇੱਕ ਹਫ਼ਤੇ ਦੁਨੀਆ ਤੋਂ ਚੌਥੇ ਨੰਬਰ 'ਤੇ ਹੁੰਦਾ ਹੈ। ਅਗਲੇ ਹਫਤੇ ਤੀਜੇ ਤੇ ਫਿਰ ਦੂਜੇ ਨੰਬਰ 'ਤੇ ਆ ਜਾਂਦਾ ਹੈ। ਇਹ ਸਭ ਮੌਜੂਦਾ ਸਰਕਾਰ ਦੀਆਂ ਪਾਲਿਸੀਆਂ ਕਰਕੇ ਹੈ। ਇਸ ਕਰਕੇ ਸਭ ਲੋਕਾਂ ਨੂੰ ਇਸ ਨੂੰ ਸਮਝਣਾ ਚਾਹੀਦਾ ਹੈ।

ਅੱਜ ਦੇ ਦਿਨ ਸਾਨੂੰ ਸਭ ਨੂੰ ਸਮਝਣਾ ਚਾਹੀਦਾ ਹੈ ਕਿ ਭਾਵੇਂ ਕਾਂਗਰਸ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਵਿੱਚ ਹੈ, ਪਰ ਇਹ ਧੁੱਪ ਵਾਂਗ ਚਿੱਟਾ ਸੱਚ ਹੈ ਕਿ ਇਸ ਤੋਂ ਵਗੈਰ ਕੋਈ ਵੀ ਅਜਿਹੀ ਪਾਰਟੀ ਨਹੀਂ ਹੈ, ਜੋ ਤਕਰੀਬਨ ਸਭ ਸੂਬਿਆਂ ਵਿੱਚ ਹੋਵੇ। ਇਸ ਕਰਕੇ ਸਭ ਵਿਰੋਧੀ ਪਾਰਟੀਆਂ ਨੂੰ ਖਾਸ ਕਰ ਭਾਰਤ ਦੀਆਂ ਖੱਬੀਆਂ ਪਾਰਟੀਆਂ ਨੂੰ ਸਭ ਤੋਂ ਪਹਿਲਾਂ ਆਪੋ-ਆਪਣੇ ਮੱਤਭੇਦ ਭੁਲਾ ਕੇ ਇਕੱਠੇ ਹੋ ਕੇ ਮਿਸਾਲ ਕਾਇਮ ਕਰਨੀ ਚਾਹੀਦੀ ਹੈ। ਜੇਕਰ ਉਹ ਇਸ ਵਿੱਚ ਕਾਮਯਾਬੀ ਹਾਸਲ ਕਰ ਲੈਂਦੇ ਹਨ ਤਾਂ ਫਿਰ ਇੱਕ ਹੋਈ ਖੱਬੀ ਧਿਰ ਨੂੰ ਵਿਰੋਧੀ ਸਾਂਝੇ ਮੋਰਚੇ 'ਚ ਅਗਵਾਈ ਰੋਲ ਕਰਨ ਤੋਂ ਕੋਈ ਰੋਕ ਨਹੀਂ ਸਕਦਾ। ਜਿਹੜੇ ਸੂਬੇ ਵਿੱਚ ਜਿਹੜੀ ਵਿਰੋਧੀ ਪਾਰਟੀ ਅੱਗੇ ਹੈ ਉਸ ਦੀ ਅਗਵਾਈ ਕਬੂਲੀ ਜਾਵੇ। ਜੋ ਕਹਿੰਦੇ ਹਨ "ਹਮ ਅਕੇਲੇ ਚਲੇਂਗੇ" ਉਹਨਾਂ ਨੂੰ ਮਿਲ ਕੇ ਸਮਝਾਇਆ ਜਾਵੇ। ਕਿਸੇ ਸੰਘਰਸ਼ੀ ਆਗੂ ਨੂੰ, ਘੱਟ ਨਾ ਨਾਪਿਆ ਜਾਵੇ। ਕਿਸੇ ਪਾਰਟੀ ਨੂੰ ਵੀ ਉਸ ਦੀ ਯੋਗਤਾ ਤੋਂ ਘੱਟ ਨਾ ਦਿੱਤਾ ਜਾਵੇ। ਅਗਰ ਆਉਣ ਵਾਲੀਆਂ ਵੀਹ ਸੌ ਚਵੀ ਦੀਆਂ ਚੋਣਾਂ ਵਿੱਚ ਸਭ ਇਕੱਠੇ ਹੋ ਕੇ ਹੰਭਲਾ ਮਾਰਨਗੇ ਤਾਂ ਹੀ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕਣਗੇ। ਨਹੀਂ ਤਾਂ ਫਿਰ ਸਭ ਬੀ ਜੇ ਪੀ ਦੇ ਪੈਂਦੀਂ ਬੈਠਣ ਲਈ ਮਜਬੂਰ ਹੋਣਗੇ। ਫਿਰ ਰਾਜ ਕਰਦੀ ਪਾਰਟੀ ਸੱਚਮੁੱਚ ਮੁੱਖ ਮੰਤਰੀ ਦੀ ਥਾਂ ਮੁੱਖ ਮਿੱਤਰ ਚੁਣ ਕੇ ਉਹਨਾਂ ਮਿੱਤਰਾਂ ਦੀ ਸੇਵਾ ਵਿੱਚ ਹਾਜ਼ਰ ਰਿਹਾ ਕਰੇਗੀ, ਜਿਨ੍ਹਾਂ ਦੀ ਮਾਇਆ ਸਦਕਾ ਉਹ ਗੱਦੀਆਂ 'ਤੇ ਬੈਠਦੇ ਹਨ, ਜਿਸ ਕਰਕੇ ਫਿਰ ਦੋ ਜਣੇ ਦੇਸ਼ ਵੇਚਦੇ ਹਨ, ਦੋ ਜਣੇ ਖਰੀਦਦੇ ਹਨ। ਬਾਕੀ ਸਭ ਦੇਖਦੇ ਹਨ। ਤਾਂਹੀਓਂ ਤਾਂ ਉਹ ਰਾਸ਼ਟਰੀ ਸੰਮਤੀ ਵੇਚ ਕੇ ਰਾਸ਼ਟਰਵਾਦੀ ਅਖਵਾਉਂਦੇ ਹਨ। ਫਿਰ ਦੇਸ਼ ਵੇਚ ਕੇ ਦੇਸ਼-ਭਗਤ ਅਖਵਾਉਣਗੇ।

ਸੰਪਰਕ : 98721-65741

## ਚੰਨ ਚਾਨਣੀ 'ਚ ਹਨੇਰਾ ਹੰਢਾਉਂਦਾ ਮਨ

ਹਾਦਸੇ ਦੀ ਮਾਰ 'ਚ ਆਏ
ਹੱਡੀਆਂ ਟੁੱਟੀਆਂ
ਆਪਣੇ ਖਬਰ ਲੈਣ ਨਾ ਆਏ

ਮੈਂ ਹੀ ਪਤਾ ਕਰਿਆ
ਆਏ ਨੀਂ?
ਠੀਕ-ਠਾਕ ਓ??
ਜਵਾਬ ਮਿਲਿਆ
ਆਪਣੀ ਧੀ ਦੇ
ਆਈਲੈੱਟ ਦੇ ਨੰਬਰ
ਘੁੰਮ-ਫਿਰ ਕੇ
ਲੈ-ਦੇ ਕੇ
ਮਸਾਂ ਪੂਰੇ ਕਰਾਏ
ਤਾਂ ਨ੍ਹੀਂ ਆਏ
ਅਸੀਂ ਠੀਕ-ਠਾਕ ਹਾਂ!

ਲੱਗਾ ਜਿਵੇਂ ਭੁਚਾਲ ਆ ਗਿਆ
ਟੁੱਟੀਆਂ ਹੱਡੀਆਂ ਜੁੜ ਜਾਣੀਆਂ
ਟੁੱਟਦੀਆਂ ਸਾਂਝਾਂ ਕਿੰਝ ਜੁੜਨੀਆਂ
ਸਾਰਾਂ ਨੇ ਕਿਸ ਜਾਣੀਆਂ !!

ਅੱਜ ਹੋਰ, ਕੱਲ੍ਹ ਹੋਰ
ਜ਼ਖਮਾਂ 'ਤੇ ਕਰਦਾ ਰਿਹਾ ਟਕੋਰ
ਅੱਜ ਕੀ ਦਿਨ ਹੈ?
ਕੀ ਟਾਈਮ ਹੋਇਆ?
ਆਖਰੀ ਬੱਸ ਲੰਘ ਗਈ ?
ਉਹ ਕਿਉਂ ਨਾ ਆਏ ??
ਮਨ ਦੇ ਵਲਵਲੇ ਸਮਝਾਏ
ਨਹੀਂ ਆਏ ਤਾਂ ਕਿਉਂ ਨਹੀਂ ਆਏ?

ਖੈਰ! ਸੁੱਖ ਹੋਵੇ ਤਾਂ ਵੀ ਚੰਗਾ
ਪਾਣੀ ਦਾ ਬੁਲਬੁਲਾ ਹੈ ਬੰਦਾ

ਸਮਾਂ ਤੁਰਦਾ ਗਿਆ
ਤੁਰਦਾ ਗਿਆ....
ਪੀੜ ਜਰਦਾ ਰਿਹਾ
ਜ਼ਖਮ ਭਰਦਾ ਗਿਆ
ਮਨ ਦੇ ਜ਼ਖਮ ਨੂੰ
ਉਹਨਾਂ ਦੇ ਨਾ ਆਉਣ ਦਾ ਜ਼ਖਮ
ਹੋਰ ਡੂੰਘਾ ਕਰਦਾ ਗਿਆ

ਹਿੰਮਤ ਕਰਕੇ, ਵਾਕਰ ਫੜ ਕੇ
ਹੱਥ ਵ੍ਹੀਲ ਚੇਅਰ 'ਤੇ ਧਰ ਕੇ
ਮਨ ਦਰਦਾਂ ਸੰਗ ਭਰ ਕੇ
ਮਿੱਤਰ-ਪਿਆਰੇ ਦੀ ਗੱਡੀ ਕਰਕੇ
ਆਪ ਹੀ ਖਬਰ ਲੈਣ ਦਾ ਮਨ ਬਣਾਇਆ
ਅਧਵਾਟੇ ਜਾ ਕੇ ਫੋਨ ਲਗਾਇਆ
ਮੈਂ ਕਿਹਾ ਮੈਂ ਆ ਰਿਹਾਂ
ਅੱਗੋਂ ਜਵਾਬ ਆਇਆ

ਸੌਰੀ ਮੈਂ ਜਾ ਰਿਹਾਂ

ਤੂੰ ਕਿੱਥੇ ਜਾ ਰਿਹਾਂ
ਰੁਕ ਜਾ ਮੈਂ ਆ ਰਿਹਾਂ

ਅੱਗੋਂ ਆਵਾਜ਼ ਆਈ
ਮਜਬੂਰੀ ਐ ਭਾਈ
ਰਾਤ ਹੀ ਟਿਕਟ ਹੈ ਆਈ
ਮੈਂ ਫੋਨ ਕਰਨ ਸੀ ਲੱਗਿਆ
ਐਨੇ ਨੂੰ ਤੇਰਾ ਫੋਨ ਵੱਜਿਆ !!

ਮਨ ਮਨ ਦਾ ਗਵਾਹ ਹੁੰਦਾ
ਦਿਲਾਂ ਨੂੰ ਦਿਲਾਂ ਚੀਂ ਰਾਹ ਹੁੰਦਾ
ਮੈਂ ਕਿਹਾ ਮੈਂ ਆਪ ਹੀ ਆ ਰਿਹਾਂ
ਉਸ ਕਿਹਾ
ਸੌਰੀ, ਮੈਂ ਜਾ ਰਿਹਾਂ

ਮੈਂ ਕਿਹੜਾ ਓਥੇ ਰਹਿਣਾ
ਬੱਸ ਜੁਆਕਾਂ ਦਾ ਮੰਨਿਆ ਕਹਿਣਾ
ਮਿਲਦੇ ਹਾਂ ਆ ਕੇ
ਹੁਣ ਨ੍ਹੇਰਾ ਹੋ ਰਿਹੈ
ਨ੍ਹੇਰੇ 'ਚ ਚੱਲਣਾ ਪੈਂਦਾ
ਲਾਈਟਾਂ ਜਗਾ ਕੇ

ਸਿਆਣੇ ਕਹਿੰਦੇ
ਨ੍ਹੇਰਾ ਨਹੀਂ ਕਰਨਾ ਚਾਹੀਦਾ
ਨ੍ਹੇਰੇ ਤੋਂ ਡਰਨਾ ਚਾਹੀਦਾ

ਤੂੰ ਵੀ ਪਿੱਛੇ ਮੁੜ ਜਾ
ਵੇਲੇ ਸਿਰ ਘਰ ਜਾਹ

ਚੰਗਾ ਮੈਂ ਜਾ ਰਿਹਾਂ
ਬੱਸ ਇਹ ਸਮਝ
ਮੈਂ ਮੁੜ ਕੇ ਆ ਰਿਹਾਂ
ਕਰਾਂਗੇ ਮੇਲੇ-ਗੇਲੇ
ਜੱਗ ਜਿਉਂਦਿਆਂ ਦੇ ਮੇਲੇ !

ਸੋਚਾਂ ਸੋਚ ਰਿਹਾਂ
ਜੇ ਜੱਗ ਜਿਉਂਦਿਆਂ ਦੇ ਮੇਲੇ
ਪਹਿਲਾਂ ਜਿਉਂਦੇ ਸੀ ਕਿ ..??

ਇਹ ਕੇਹੀ ਰੁੱਤ ਆਈ ਵੇ ਲਾਲੋ
ਕੌਣ ਜਾਣੇ ਪੀੜ ਪਰਾਈ ਵੇ ਲਾਲੋ
ਚੰਨ ਚਾਨਣੀ ਵੱਢ-ਵੱਢ ਖਾਏ
ਸੋਚਾਂ ਵਾਲਾ ਹੀ ਪੀੜ ਵੰਡਾਏ।
ਰਾਤ ਸਦਾ ਨਾ ਰਾਤ ਹੀ ਰਹਿੰਦੀ
ਚੰਨ ਚਾਨਣੀ ਇਹ ਵੀ ਕਹਿੰਦੀ

- ਅਮੋਲਕ ਸਿੰਘ

## ਸੀਤਾ ਭੈਣ ਜੀ ਨੂੰ ਮਿਲਣ ਮਗਰੋਂ!

### ਡਾਇਰੀ ਦਾ ਪੰਨਾ

#### ਨਿੰਦਰ ਘੁਗਿਆਣਵੀ

ਅੱਜ ਬੜੇ ਸਾਲਾਂ ਬਾਅਦ ਆਪਣੀ ਆਦਰਯੋਗ ਅਧਿਆਪਕਾ ਸ੍ਰੀਮਤੀ ਸੀਤਾ ਰਾਣੀ ਜੀ ਦੇ ਦਰਸ਼ਨ ਕੀਤੇ ਹਨ, ਲੱਗਭੱਗ ਪੈਂਤੀ-ਛੱਤੀ ਸਾਲਾਂ ਬਾਅਦ। ਸੱਚਮੁੱਚ ਅੰਦਰੋਂ ਸਕੂਨ ਮਿਲਿਆ ਹੈ। ਆਪਣੇ ਬਚਪਨ ਵਿਚ ਬਹੁਤ ਪਿਛਾਂਹ ਪਰਤ ਗਿਆ ਹਾਂ। ਬੜੀ ਤਾਂਘ ਰਿਹਾ ਕਰੇ ਇਨ੍ਹਾਂ ਨੂੰ ਮਿਲਣ ਦੀ, ਪਰ ਨਾ ਕੋਈ ਅਤਾ ਸੀ, ਨਾ ਪਤਾ ਸੀ। ਨਾ ਸਬੱਬ ਬਣਦਾ ਸੀ ਤੇ ਨਾ ਵਿਧਾ ਬਣਦੀ ਸੀ। ਆਖਿਰ, ਇਹ ਚੰਗਾ ਵੇਲਾ ਆ ਹੀ ਗਿਆ। ਸੀਤਾ ਭੈਣ ਜੀ ਦੇ ਮੁੰਡੇ ਸੰਦੀਪ, (ਜੋ ਵਾਤਾਵਰਣ ਸੰਬੰਧੀ 'ਸੀਰ' ਸੰਸਥਾ ਵਿਚ ਬੜਾ ਸਰਗਰਮ ਹੈ ਤੇ ਲੈਕਚਰਾਰ ਹੈ), ਦੇ ਸਾਂਢੂ ਲਵਦੀਪ ਨਾਲ ਅਚਾਨਕ ਮੇਲ ਹੋਇਆ ਸੀ, ਕੁੱਝ ਸਾਲ ਹੋ ਗਏ, ਫਿਰੋਜ਼ਪੁਰ ਡੀ ਈ ਓ ਦਫਤਰ ਗਿਆ ਸਾਂ। ਉਸ ਨੇ ਜਾਣ-ਪਛਾਣ ਕੱਢਦਿਆਂ ਗੱਲ ਤੋਰੀ ਕਿ ਆਪ ਜੀ ਸੀਤਾ ਭੈਣ ਜੀ ਕੋਲੋਂ ਪੜ੍ਹੇ ਓ ਘੁਗਿਆਣੇ ਹਾਈ ਸਕੂਲੇ? ਬਸ, ਉਹ ਦਿਨ ਤੇ ਆਹ ਦਿਨ!

ਫਿਰ ਮੈਂ ਇਕ ਪ੍ਰੋਗਰਾਮ ਵਿਉਂਤਿਆ ਸੀ ਕਿ ਆਪਣੇ ਵੱਲੋਂ ਆਪਣੇ ਸਾਰੇ ਅਧਿਆਪਕ ਇਕੱਠੇ ਕਰਕੇ ਸਨਮਾਨਣੇ ਹਨ। ਆਪਣੇ ਪਿੰਡ ਵਿਚ ਤੇ ਸਨਮਾਨਣੇ ਵੀ ਅਧਿਆਪਕ ਦਿਵਸ ਦੇ ਮੌਕੇ ਹਨ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਰਵੀ ਭਗਤ ਆਈ ਏ ਐੱਸ ਨੇ ਕਿਹਾ ਕਿ ਮੈਂ ਵੀ ਖੁਸ਼ੀ ਮਹਿਸੂਸ ਕਰਾਂਗਾ ਇਸ ਪ੍ਰੋਗਰਾਮ ਵਿਚ ਨਿੰਦਰ ਘੁਗਿਆਣਵੀ ਦੇ ਅਧਿਆਪਕਾਂ ਨੂੰ ਮਿਲ ਕੇ। ਜ਼ਿਲ੍ਹੇ ਦੇ ਐੱਸ ਐੱਸ ਪੀ ਤੇ ਸੈਸ਼ਨ ਜੱਜ ਵੀ ਆਉਣ ਨੂੰ ਚਾਹ ਰਹੇ ਸਨ ਘੁਗਿਆਣੇ ਪਿੰਡ ਵਿਚ, ਪਰ ਬਦਕਿਸਮਤੀ ਇਹ ਹੋਈ ਕਿ ਪ੍ਰੋਗਰਾਮ ਹੋਣ ਤੋਂ ਪਹਿਲਾਂ ਹੀ ਪਿੰਡ ਦੀ ਸਿਆਸਤ ਦੀ ਭੇਟ ਚੜ੍ਹ ਗਿਆ। ਮੈਂ ਬੜਾ ਨਮੋਸ਼ ਹੋਇਆ।

***

ਇਕ ਦਿਨ, ਸਵੇਰੇ-ਸਵੇਰੇ ਮੈਂ ਆਪਣੇ ਅਧਿਆਪਕ ਮਾਸਟਰ ਮੰਗਲ ਸਿੰਘ ਦਾ ਮਾਣ-ਸਨਮਾਨ ਕਰਨ ਉਨ੍ਹਾਂ ਦੇ ਘਰ ਸਾਦਿਕ ਚਲਾ ਗਿਆ, ਸੰਗਤ ਮਾਣੀ, ਤਾਂ ਆਤਮਾ ਨੂੰ ਠੰਢਕ ਜਿਹੀ ਪਈ ਮਹਿਸੂਸ ਹੋਈ। ਮਾਸਟਰ ਜੀ ਬੜੇ ਖੁਸ਼ ਹੋਏ। ਮੈਂ ਸੋਚ ਲਿਆ ਸੀ ਕਿ ਮੈਂ ਆਪਣੇ ਹਰ ਅਧਿਆਪਕ ਦੇ ਘਰ-ਘਰ ਖੁਦ ਉਨ੍ਹਾਂ ਦਾ ਸਨਮਾਨ ਕਰਨ ਜਾਵਾਂਗਾ, ਪਰ ਸਮਾਂ ਮੈਨੂੰ ਰਾਜਧਾਨੀ ਚੰਡੀਗੜ੍ਹ ਲੈ ਗਿਆ ਸੀ ਧੂਹ ਕੇ!

***

29 ਅਗਸਤ, 2021 ਐਤਵਾਰ ਦੀ ਦੁਪਹਿਰ। ਮੈਂ ਬੜਾ ਉਤਸੁਕ ਹਾਂ ਸੀਤਾ ਭੈਣ ਜੀ ਦੇ ਦਰਸ਼ਨਾਂ ਨੂੰ। ਉਨ੍ਹਾ ਦੇ ਬੇਟੇ ਸੰਦੀਪ ਨਾਲ ਸਮਾਂ ਤੈਅ ਕਰਕੇ ਮੈਂ ਮਹਾਰਾਜੇ ਫਰੀਦਕੋਟ ਦੇ ਕਿਲ੍ਹੇ ਦੀ ਪਿਛਵਾੜੇ ਜਾ ਪੁੱਜਿਆ ਹਾਂ। ਸੰਦੀਪ ਦਾ ਫੋਨ ਹੈ ਕਿ ਮੰਮੀ ਬਾਹਰ ਖੜੇ ਨੇ ਤੇ ਆਪ ਨੂੰ ਦੇਖ ਰਹੇ ਨੇ, ਘਰ ਲੱਭਣ ਵਿਚ ਕੋਈ ਦਿੱਕਤ ਨਹੀਂ ਆਵੇਗੀ ਥੋਨੂੰ। ਕਿਰਾਏ ਉਤੇ ਕੀਤੀ ਮੇਰੀ ਕਾਰ ਮੋੜ ਮੁੜਦੀ ਹੈ, ਥੋੜ੍ਹੀ ਦੂਰ ਸੀਤਾ ਭੈਣ ਜੀ ਖੜੇ ਪਛਾਣ ਲਏ ਨੇ ਮੈਂ। ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ ਹੈ। ਕਾਰ ਉਨ੍ਹਾਂ ਕੋਲ ਜਾ ਰੁਕੀ ਹੈ। ਮੇਰਾ ਮਨ ਕਹਿੰਦਾ ਹੈ ਕਿ ਨਹੀਂ, ਏਹ ਸੀਤਾ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਨਫਰਤੀ ਖਬਰਾਂ, ਸਰਕਾਰ ਦੀ ਸ਼ਹਿ ਅਤੇ ਗਾਂਧੀ ਦੇ ਤਿੰਨ ਬਾਂਦਰ

## ਵਾਹ-ਵਾਸਤਾ

### ਡਾ: ਸ਼ਿਆਮ ਸੁੰਦਰ ਦੀਪਤੀ

ਅੱਜ ਗਾਂਧੀ ਜੀ ਦਾ ਜਨਮ ਦਿਨ ਹੈ। ਦੇਸ਼ ਦੇ ਪਿਤਾ, ਜਿਨ੍ਹਾਂ ਨੂੰ ਰਾਸ਼ਟਰਪਿਤਾ ਕਿਹਾ ਜਾਂਦਾ ਹੈ। ਬਿਨਾਂ ਸ਼ੱਕ ਹਜ਼ਾਰਾਂ ਹੀ ਨਹੀਂ ਲੱਖਾਂ ਲੋਕਾਂ ਨੇ ਦੇਸ਼ ਨੂੰ ਆਜ਼ਾਦੀ ਦੇਖਣ ਲਈ ਕੁਰਬਾਨੀਆਂ ਦਿੱਤੀਆਂ ਨੇ, ਸੌ ਸਾਲਾਂ ਦਾ ਵਕਫਾ ਹੈ ਤਕਰੀਬਨ, ਆਜ਼ਾਦੀ ਦੇ ਇਤਿਹਾਸ ਦਾ। ਪਰ ਇੱਕ ਨਾਂਅ ਜੋ ਸਭ ਤੋਂ ਵੱਧ ਉੱਭਰ ਕੇ ਸਾਹਮਣੇ ਆਇਆ, ਜਿਸ ਦੀ ਇਸ ਸਾਰੇ ਦੌਰ ਵਿੱਚ ਵੱਡੀ ਭੂਮਿਕਾ ਵੀ ਰਹੀ, ਉਹ ਮਹਾਤਮਾ ਗਾਂਧੀ ਹੀ ਸੀ, ਜਿਸ ਦੇ ਇੱਕ ਸੱਦੇ 'ਤੇ ਪੂਰਾ ਦੇਸ਼ ਉੱਠ ਖੜ੍ਹਦਾ ਸੀ।

ਅੱਜ ਉਹਨਾ ਦੇ ਜਨਮ ਦਿਨ 'ਤੇ ਗਾਂਧੀ ਆਸ਼ਰਮ, ਸੇਵਾ ਗ੍ਰਾਮ ਅਤੇ ਹੋਰ ਗਾਂਧੀ ਸੰਸਥਾਵਾਂ ਵਿੱਚ ਰੋਜ਼ ਵਾਂਗ ਹੀ,ਉਹਨਾਂ ਦਾ ਹਰਮਨ ਪਿਆਰਾ ਗੀਤ/ਭਜਨ ਗਾਇਆ ਜਾ ਰਿਹਾ ਹੋਵੇਗਾ।

ਵੈਸ਼ਨਵ ਜਨ ਤੇ ਤੇਨੇ ਕਹਿਏ, ਜੋ ਪੀਰ ਪਰਾਈ ਜਾਣੇ ਰੇ,
ਪਰ ਦੁਖੇ ਉਪਕਾਰ ਕਰੇ ਤੋ ਯੇ, ਮਨ ਅਭਿਆਨ ਨਾ ਮਾਣੇ ਰੇ
ਸਕਲ ਲੋਕਾਈਆਂ ਸਹੁਨੇ ਵੰਦੇ, ਨਿੰਦਾ ਨ ਕਰੇ ਕੇਨੀ ਰੇ
ਵਾਹ ਕਾਛ ਮਨ ਨਿਸ਼ਚਲ ਰਾਖੇ, ਧਨ ਧਨ ਜਨਨੀ ਤੇਨੀ ਰੇ।

ਸੰਤ ਨਰਸੀ ਦਾ ਇਹ ਗੀਤ ਜਿਸ ਭਾਵ ਨੂੰ ਪੇਸ਼ ਕਰਦਾ ਹੈ, ਉਹੀ ਭਾਵ ਗਾਂਧੀ ਜੀ ਦੇ ਜੀਵਨ ਸਫਰ ਵਿੱਚ, ਉਹਨਾ ਦੀ ਵਿਚਾਰਧਾਰਾ ਵਿੱਚ ਝਲਕਦੇ ਹਨ। ਗਾਂਧੀ ਜੀ ਕੋਲ ਜੋ ਵਿਸ਼ੇਸ਼ ਹਥਿਆਰ ਸਨ, ਜਿਨ੍ਹਾਂ ਦਾ ਉਪਯੋਗ ਉਹਨਾ ਨੇ ਜੀਵਨ ਭਰ ਕੀਤਾ ਅਤੇ ਬ੍ਰਿਟਿਸ਼ ਹਕੂਮਤ ਦਾ ਟਾਕਰਾ ਕਰਨ ਲਈ ਵੀ ਅਜ਼ਮਾਇਆ, ਉਹ ਹਨ ਸੱਚਾਈ ਅਤੇ ਅਹਿੰਸਾ। ਗਾਂਧੀ ਜੀ ਨੂੰ ਇਸ ਗੀਤ ਰਾਹੀਂ ਵੀ ਵਡਿਆਇਆ ਜਾਂਦਾ ਹੈ ਕਿ 'ਲੈ ਦੀ ਹਮੇਂ ਆਜ਼ਾਦੀ ਬਿਨਾਂ ਖੜਗ, ਬਿਨਾਂ ਢਾਲ, ਸਾਬਰਮਤੀ ਕੇ ਸੰਤ ਤੂੰਨੇ ਕਰ ਦਿਆ ਕਮਾਲ'। ਫੌਰੀ ਤੌਰ 'ਤੇ ਸਿੱਟੇ ਲੱਭਣ ਵਾਲੇ ਲੋਕ ਸੱਚ ਅਤੇ ਅਹਿੰਸਾ ਨੂੰ ਕਮਜ਼ੋਰੀ ਸਮਝਦੇ ਹਨ, ਪਰ ਅਸਲ ਵਿੱਚ ਇਹਨਾਂ ਦਾ ਪ੍ਰਭਾਵ ਲੰਮੇਰਾ ਹੁੰਦਾ ਹੈ।

ਅੱਜ ਜਦੋਂ ਅਸੀਂ ਆਪਣੀ ਆਜ਼ਾਦੀ ਦਾ 75ਵਾਂ ਵਰ੍ਹਾ ਮਨਾ ਰਹੇ ਹਾਂ, ਗਾਂਧੀ ਜੀ ਨੂੰ ਯਾਦ ਕਰਦਿਆਂ ਉਹਨਾਂ ਦੇ ਅਹਿੰਸਾ ਵਾਲੇ ਪਾਠ ਨੂੰ ਵਾਰ-ਵਾਰ ਚੇਤੇ ਕਰਨ ਨੂੰ ਮਨ ਕਰਦਾ ਹੈ। ਉਹਨਾਂ ਦੀਆਂ ਭਾਵਨਾਵਾਂ ਉਲੀਕਦਾ ਭਜਨ 'ਪਰਾਈ ਪੀੜ' ਅਤੇ 'ਦੁਖੀ ਦਾ ਉਪਕਾਰ' ਅੱਜ ਬੜੀ ਸ਼ਿੱਦਤ ਨਾਲ ਮਹਿਸੂਸ ਹੁੰਦਾ ਹੈ, ਜਦੋਂ ਰਾਜ ਕਰਦੀ ਧਿਰ ਗਾਂਧੀ ਜੀ ਦੀ ਐਨਕ ਤਾਂ ਇਸਤੇਮਾਲ ਕਰ ਰਹੀ ਹੈ, ਪਰ ਆਪਣੇ ਨਜ਼ਰੀਏ ਨੂੰ ਗਾਂਧੀ ਜੀ ਦੇ ਹਾਣ ਦਾ ਬਣਾਉਣ ਵਿੱਚ ਹਿਚਕਿਚਾਹਟ ਮਹਿਸੂਸ ਕਰਦੀ ਦਿਖਾਈ ਦਿੰਦੀ ਹੈ।

ਅਖਬਾਰਾਂ ਦੀਆਂ ਸੁਰਖੀਆਂ ਡਰਾਉਂਦੀਆਂ ਵੀ ਹਨ ਤੇ ਚਿੜਾਉਂਦੀਆਂ ਵੀ ਹਨ ਕਿ ਕੀ ਆਜ਼ਾਦੀ ਦਾ ਮਤਲਬ ਇਹ ਸੀ, ਜੋ ਅੱਜ ਅਸੀਂ ਮਹਿਸੂਸ ਕਰ ਰਹੇ ਹਾਂ, ਦੇਸ਼ ਦੇ ਹਰ ਕੋਨੇ ਤੋਂ, ਹਰ ਵਰਗ ਤੋਂ ਆਵਾਜ਼ ਉੱਠੀ ਕਿ ਸਾਨੂੰ ਅੰਗਰੇਜ਼ੀ ਹਕੂਮਤ ਤੋਂ ਮੁਕਤੀ ਚਾਹੀਦੀ ਹੈ। ਜਲ੍ਹਿਆਂਵਾਲਾ ਬਾਗ ਵਰਗੇ ਕਾਂਡ ਵਿੱਚ ਹਜ਼ਾਰਾਂ ਹੀ ਬੇਕਸੂਰ, ਆਮ ਸ਼ਹਿਰੀ ਲੋਕਾਂ ਦਾ ਬੇਰਹਿਮੀ ਨਾਲ ਘਾਣ ਹੋਇਆ। ਕੀ ਇਹ ਸਭ ਅਜਿਹੀ ਆਜ਼ਾਦੀ ਵਾਸਤੇ ਹੋਇਆ, ਜਿੱਥੇ ਟੋਪੀ, ਤਿਲਕ, ਹਰੇ ਅਤੇ ਭਗਵੇਂ ਰੰਗ ਦੀ ਪਛਾਣ ਹੀ ਮਨੁੱਖ ਦੀ ਪਛਾਣ ਬਣ ਜਾਵੇ। ਧਰਮ ਸੰਸਦ ਦੇ ਨਾਂਅ 'ਤੇ ਦੇਸ਼ ਦੇ ਇੱਕ ਵਰਗ ਨੂੰ ਲਲਕਾਰਿਆ ਜਾਵੇ ਤੇ ਸੰਵਿਧਾਨਕ ਸੰਸਦ ਚੁੱਪ ਵੱਟ ਕੇ ਬੈਠੀ ਰਹੇ। ਮਹਾਤਮਾ ਗਾਂਧੀ ਨੇ ਕੋਈ ਰੰਗ ਨਹੀਂ ਅਪਨਾਇਆ। ਸ਼ਾਇਦ ਇਸੇ ਕਰਕੇ ਇੱਕ ਰੰਗ ਉਹਨਾਂ ਦਾ ਏਨਾ ਦੁਸ਼ਮਣ ਹੋਇਆ ਤੇ ਉਸ ਦੀ ਨਫਰਤ ਨੇ ਗਾਂਧੀ ਦੇ ਸੀਨੇ ਵਿੱਚ ਗੋਲੀ ਉਤਾਰ ਦਿੱਤੀ।

ਸਮਾਜ ਵਿੱਚ ਨਫਰਤ ਦਾ ਆਧਾਰ ਕਿੱਥੇ ਪਿਆ ਹੈ?

ਜੇਕਰ ਮਨੁੱਖੀ ਵਿਕਾਸ 'ਤੇ ਨਜ਼ਰ ਮਾਰੀਏ ਤਾਂ ਸਾਡੇ ਕਈ ਸੁਭਾਅ ਜੀਵ ਵਿਕਾਸ ਦੀ ਦੇਣ ਹਨ। ਉਹ ਕੁਦਰਤੀ ਹਨ। ਪਿਆਰ ਕੁਦਰਤੀ ਹੈ ਤੇ ਡਰ ਵੀ। ਲਾਲਚ ਵੀ ਕੁਦਰਤੀ ਹੈ ਤੇ ਈਰਖਾ ਵੀ, ਕਿਉਂ ਜੋ ਉਹ ਜੀਵ ਸੁਰੱਖਿਆ ਨਾਲ ਜੁੜੇ ਹਨ। ਈਰਖਾ ਅਤੇ ਲਾਲਚ ਵਿੱਚ ਲੜਾਈ-ਝਗੜਾ, ਮੁਕਾਬਲੇਬਾਜ਼ੀ ਨਿਕਲਦੀ ਹੈ, ਪਰ ਨਫਰਤ ਦਾ ਭਾਵ ਕੁਦਰਤੀ ਨਹੀਂ ਹੈ।

ਨਫਰਤ ਸਾਡੀ ਸਮਾਜਿਕ ਵਿਵਸਥਾ ਦੀ ਦੇਣ ਹੈ। ਜਦੋਂ ਮਨੁੱਖ ਨੇ ਆਪਣੇ ਮਨ ਵਿੱਚ ਕਬਜ਼ੇ ਦੀ, ਦੂਸਰੇ ਨੂੰ ਦਬਾਅ ਕੇ ਰੱਖਣ ਦੀ ਪ੍ਰਵਿਰਤੀ ਨੂੰ ਥਾਂ ਦਿੱਤੀ। ਇਸ ਪ੍ਰਕਿਰਿਆ ਤਹਿਤ ਇੱਕ ਵਰਗ ਨੇ ਦੂਸਰੇ ਵਰਗ ਦੇ ਕੁਝ ਔਗੁਣਾਂ ਨੂੰ ਤਲਾਸ਼ਿਆ ਜਾਂ ਉਚੇਚੇ ਤੌਰ 'ਤੇ ਦੂਸਰੇ ਦੀ ਜੀਵਨ-ਜਾਚ ਵਿੱਚੋਂ ਕੁਝ ਕੁ ਆਦਤਾਂ ਨੂੰ ਭੈੜਾ ਕਿਹਾ। ਭਾਵੇਂ ਉਹ ਪਹਿਰਾਵੇ ਦੀ ਗੱਲ, ਭਾਵੇਂ ਖਾਣ-ਪੀਣ ਅਤੇ ਅਦਬ-ਆਦਾਬ ਦੀ। ਉਹਨਾਂ ਪੱਖਾਂ ਨੂੰ ਅਹਿਮ ਥਾਂ ਦੇ ਕੇ, ਨਾਕਾਰ ਕੇ ਦੂਰੀ ਬਣਾਉਣ ਲਈ ਕਿਹਾ ਗਿਆ ਤੇ ਫਿਰ ਕਬਜ਼ੇ ਦੀ ਭਾਵਨਾ ਨਾਲ ਨਫਰਤੀ ਜਾਮਾ ਪਹਿਨਾਇਆ ਗਿਆ। ਨਫਰਤ ਨੂੰ ਹੌਲੀ-ਹੌਲੀ ਇੱਕ ਰਾਜਨੀਤਕ ਹਥਿਆਰ ਦੇ ਤੌਰ 'ਤੇ ਵਿਕਸਿਤ ਕੀਤਾ ਗਿਆ।

ਜਦੋਂ ਮਿਲ ਕੇ ਰਹਿਣ ਦੀ ਭਾਵਨਾ, ਇੱਕ ਮੁਹੱਲੇ, ਪਿੰਡ ਤੋਂ ਅੱਗੇ ਦੇਸ਼ ਦਾ ਹਿੱਸਾ ਬਣਦੀ ਹੈ ਤਾਂ ਸਮਾਜ ਇਸ ਨੂੰ ਸੰਚਾਲਤ ਕਰਨ ਦੀ ਮੰਗ ਕਰਦਾ ਹੈ। ਫਿਰ ਸਰਕਾਰ ਤੋਂ ਮੰਗ ਉੱਠਦੀ ਹੈ ਕਿ ਪਿੰਡ-ਸ਼ਹਿਰ ਜਾਂ ਦੇਸ਼ ਵਿੱਚ ਇੱਕ ਸਾਵਾਂ ਮਾਹੌਲ ਹੋਵੇ। ਸਾਡਾ ਸੰਵਿਧਾਨ ਆਪਸੀ ਭਾਈਚਾਰੇ ਦੀ ਗਰੰਟੀ ਦਿੰਦਾ ਹੈ। ਭਾਈਚਾਰਾ ਹੀ ਉਹ ਕੇਂਦਰੀ ਨੁਕਤਾ ਹੈ, ਜਿਸ ਦੇ ਦੁਆਲੇ ਇਨਸਾਫ, ਆਜ਼ਾਦੀ ਅਤੇ ਬਰਾਬਰੀ ਦੀ ਗੱਲ ਅਹਿਮੀਅਤ ਰੱਖਦੀ ਹੈ। ਬਰਾਬਰੀ ਅਤੇ ਭਾਈਚਾਰੇ ਦੀ ਆਸ ਕਿਸ ਤੋਂ ਹੈ? ਨਿਸ਼ਚਿਤ ਹੀ ਰਾਜ ਪ੍ਰਬੰਧ ਤੋਂ। ਦੇਸ਼-ਕੌਮ ਤੇ ਮੁਖੀਆਂ ਤੋਂ। ਲੋਕਤੰਤਰ ਵਿੱਚ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਮੁੱਖ ਮੰਤਰੀ ਆਦਿ ਵੱਡੇ ਜ਼ਿੰਮੇਵਾਰ ਅਹੁਦਿਆਂ 'ਤੇ ਬੈਠੇ ਲੋਕਾਂ ਤੋਂ, ਲੋਕਤੰਤਰ ਵਿੱਚ ਤਾਂ ਇਹ ਸਾਰੇ ਆਪਣੇ ਹੀ ਆਲੇ-ਦੁਆਲੇ ਤੋਂ ਪਹੁੰਚੇ ਲੋਕ ਹੁੰਦੇ ਹਨ। ਸਾਡੇ ਨਜ਼ਦੀਕੀ, ਸਾਡੀ ਰਗ-ਰਗ ਤੋਂ ਵਾਕਫ। ਹੁਣ ਉਹ ਰਾਜਸੀ ਸਮਾਂ ਨਹੀਂ ਹੈ ਕਿ ਰਾਜ ਦਰਬਾਰ ਵਿੱਚ ਜਾ ਕੇ ਫਰਿਆਦ ਕਰਨੀ ਪਵੇ। ਹੁਣ ਤਾਂ ਸਭ ਕੁਝ ਸਾਡੇ ਸਾਹਮਣੇ ਵਾਪਰਦਾ ਹੈ। ਇਨਸਾਫ ਦੀ ਕੁਰਸੀ 'ਤੇ ਬੈਠੇ ਲੋਕ ਵੀ ਸਾਡੇ ਵਿੱਚੋਂ ਹੀ ਹਨ।

ਹੁਣ ਜਦੋਂ ਲੋਕਤੰਤਰ ਦਾ ਦ੍ਰਿਸ਼ ਦੇਖਦੇ ਹਾਂ ਤਾਂ ਕਈਆਂ ਦੇ ਮੂੰਹੋਂ ਇਹ ਸੁਨਣ ਨੂੰ ਮਿਲਦਾ ਹੈ, ਜੋ ਅੱਜ ਵੀ ਬ੍ਰਿਟਿਸ਼ ਹਕੂਮਤ ਨੂੰ ਭੋਗ ਕੇ, ਆਜ਼ਾਦ ਭਾਰਤ ਦੇ ਵੀ ਗਵਾਹ ਹਨ। 'ਅਜਿਹਾ ਹਾਲ ਤਾਂ ਅੰਗਰੇਜ਼ਾਂ ਵੇਲੇ ਵੀ ਨਹੀਂ ਸੀ।' ਕਿੰਨੀ ਤਰਾਸਦੀ ਹੈ ਕਿ ਹੱਥ ਜੋੜ ਕੇ, ਪੈਰੀਂ ਪੈ ਕੇ ਵੋਟਾਂ ਲੈਣ ਵਾਲੇ ਲੋਕ, ਕੁਰਸੀ 'ਤੇ ਬੈਠਦਿਆਂ ਹੀ ਦੂਰੋਂ ਹੱਥ ਹਿਲਾਉਂਦੇ ਹਨ ਤੇ ਤੇਜ਼ ਰਫਤਾਰੀ ਕਾਰਾਂ ਨਾਲ ਸਿਰ ਵਿੱਚ ਘੱਟਾ ਪਾ ਕੇ ਉੱਡ ਜਾਂਦੇ ਹਨ।

ਪਰ ਗੱਲ ਸੀ ਨਫਰਤੀ ਮਾਹੌਲ ਦੀ, ਭੀੜ-ਤੰਤਰ ਦੀ। ਸੰਵਿਧਾਨ ਦੇ ਉਲਟ ਉੱਸਰ ਰਹੇ ਮਾਹੌਲ ਦੀ ਅਤੇ ਸੰਵਿਧਾਨ ਦੀ ਸਹੁੰ ਖਾ ਕੇ, ਇਹਨਾਂ ਕੁਰਸੀਆਂ 'ਤੇ ਬੈਠਣ ਵਾਲੇ, ਦੇਸ਼ ਦੀ ਸਰਵ-ਉੱਚ ਸੰਸਥਾ, ਲੋਕਤੰਤਰ ਦੇ ਮੰਦਰ, ਸੰਸਦ ਵਿੱਚ ਬੈਠ ਕੇ, ਲੋਕਾਂ ਦੀਆਂ ਹੋਣੀਆਂ ਦਾ ਫੈਸਲਾ ਕਰਨ ਵਾਲੇ, ਜਦੋਂ ਸਭ ਕੁਝ ਦੇਖਦੇ, ਸੁਣਦੇ ਹੋਏ ਸੰਸਦ ਵਿੱਚ ਵਿਚਾਰਨ ਲਈ ਸਮਾਂ ਹੀ ਨਾ ਕੱਢਣ ਜਾਂ ਇਸ ਨੂੰ ਕੋਈ ਅਹਿਮ ਮੁੱਦਾ ਹੀ ਨਾ ਸਮਝਣ ਤਾਂ ਦੇਸ਼ ਦੀ ਦਸ਼ਾ ਬਾਰੇ ਖੁਦ ਹੀ ਸੋਚਣਾ ਬਣਦਾ ਹੈ। ਸੰਵਿਧਾਨ ਦੀ ਮੂਲ ਭਾਵਨਾ, ਪਹਿਲੇ ਸਫੇ ਦੇ ਮੋਟੇ-ਉੱਭਰਵੇਂ ਸ਼ਬਦਾਂ ਵਿੱਚ ਉੱਕਰੇ 'ਭਾਈਚਾਰਾ' ਸ਼ਬਦ ਦਾ ਇੱਕ-ਇੱਕ ਅੱਖਰ ਅੱਡ-ਅੱਡ ਕੀਤਾ ਜਾ ਰਿਹਾ ਹੈ। ਸਾਫ-ਸਪੱਸ਼ਟ ਜਾਪਦਾ ਹੈ ਕਿ ਭਾਈਚਾਰਕ ਸਾਂਝ ਦੇ ਹਮਲੇ ਅਤੇ ਨਫਰਤੀ ਬੋਲਾਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਸੱਤਾ ਦੀ ਸ਼ਹਿ ਹੈ।

ਲੋਕਤੰਤਰ ਦਾ ਇੱਕ ਅਹਿਮ ਅੰਗ, ਚੌਥਾ ਥੰਮ੍ਹ ਕਿਹਾ ਜਾਣ ਵਾਲਾ ਮੀਡੀਆ, ਜਿਸ ਨੇ ਦੇਸ਼ ਦੀ ਹਕੀਕਤ ਲੋਕਾਂ ਤੱਕ ਪਹੁੰਚਾਉਣੀ ਹੁੰਦੀ ਹੈ, ਸੱਤਾ ਦੇ ਨਾਲ ਰਲਿਆ ਜਾਪਦਾ ਹੈ। ਜਿਵੇਂ ਸੱਤਾ ਦਾ ਏਜੰਡਾ, ਮੀਡੀਆ ਦਾ ਏਜੰਡਾ ਹੋਵੇ। ਦੇਸ਼ ਦੀ ਹਾਲਤ ਨੂੰ ਲੈ ਕੇ ਹੋ ਰਹੀਆਂ ਵਿਚਾਰ-ਚਰਚਾਵਾਂ, ਬਹਿਸਾਂ ਤੋਂ ਖੁਦ ਵਾ ਖੁਦ ਅੰਦਾਜ਼ਾ ਲੱਗ ਸਕਦਾ ਹੈ ਕਿ ਮੀਡੀਆ ਕਿਸ ਰਾਹ 'ਤੇ ਪਿਆ ਹੋਇਆ ਹੈ। ਇਸ ਸਥਿਤੀ ਦੇ ਮੱਦੇਨਜ਼ਰ ਹੀ ਦੇਸ਼ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਨੂੰ ਦਖਲ ਦੇਣਾ ਪਿਆ ਹੈ।

ਟੈਲੀਵਿਜ਼ਨ ਦੇ ਪ੍ਰੋਗਰਾਮਾਂ ਦੀ ਬਹਿਸ ਅਤੇ ਦਰਸ਼ਕਾਂ ਦੀ ਗਿਣਤੀ ਇਹ ਜੋ ਟੀ ਆਰ ਪੀ ਦੀ ਖੇਡ ਹੈ, ਉਹ ਮੀਡੀਆ ਮਾਲਕਾਂ ਦੇ ਵਿਵੇਕ ਨੂੰ ਨਸ਼ਟ-ਭ੍ਰਿਸ਼ਟ ਕਰ ਰਹੀ ਹੈ। ਇਸ ਪਿੱਛੇ ਸੱਤਾ ਦੀ ਵੀ ਬਰਾਬਰ ਦੀ ਭੂਮਿਕਾ ਹੈ। ਸੱਤਾ ਮੀਡੀਆ ਨੂੰ ਪਾਲਦੀ ਹੈ ਅਤੇ ਮੀਡੀਆ ਸੱਤਾ ਦੀ ਬੋਲੀ ਬੋਲਦਾ ਹੈ। ਕਿਸੇ ਵਕਤ ਮੀਡੀਆ ਸੱਤਾ ਦਾ ਰਾਹ ਤੈਅ ਕਰਦਾ ਸੀ, ਅੱਜ ਸੱਤਾ ਮੀਡੀਆ ਨੂੰ ਨਿਰਦੇਸ਼ ਦਿੰਦੀ ਹੈ।

ਟੀ ਆਰ ਪੀ ਦਾ ਮਤਲਬ ਹੈ ਦਰਸ਼ਕਾਂ ਦਾ ਜੁੜਨਾ। ਦਰਸ਼ਕਾਂ ਦਾ ਅਰਥ ਹੈ ਉਹਨਾਂ ਦੀਆਂ ਮਾਨਸਿਕ ਭਾਵਨਾਵਾਂ ਦੇ ਮੁਤਾਬਕ ਗਰਮਾ-ਗਰਮ ਭੜਕਾਊ ਬਹਿਸਾਂ, ਖਬਰਾਂ ਦੀ ਬਹਿਸ ਕਿਸੇ ਨਾਟਕ ਦਾ ਸੀਨ ਵੱਧ ਲੱਗਦੀ ਹੈ। ਦਰਸ਼ਕ ਬਹਿਸ ਤੋਂ ਕੁਝ ਸਿਖ-ਸਮਝ ਨਹੀਂ ਰਿਹਾ ਹੈ, ਸਗੋਂ ਮਜ਼ਾ ਲੈ ਰਿਹਾ ਹੈ ਤੇ ਉਸ ਨੂੰ ਬੇਸਬਰੀ ਨਾਲ ਉਡੀਕਦਾ ਹੈ। ਲੋਕ ਇਸ ਤਰ੍ਹਾਂ ਦੀ ਚਟਕਾਰੇਦਾਰ ਬਹਿਸ ਦੇ ਆਦੀ ਬਣਾਏ ਜਾ ਰਹੇ ਹਨ। ਜਦੋਂ ਹਰ ਚੀਜ਼ ਸਨਅਤ ਅਤੇ ਬਜ਼ਾਰ ਬਣ ਜਾਵੇ ਤਾਂ ਫਿਰ ਇਸ ਗੱਲ ਦਾ ਅਧਿਐਨ ਅਤੇ ਸਰਵੇਖਣ ਹੁੰਦਾ ਹੈ ਕਿ 'ਕਿਹੜਾ ਮਾਲ ਵਿਕਦਾ ਹੈ' ਤਾਂ ਸਥਿਤੀ ਸਮਝ ਵਿੱਚ ਆਉਂਦੀ ਹੈ ਕਿ ਪੱਤਰਕਾਰਿਤਾ ਕਿਵੇਂ ਕੁਰਾਹੇ ਪਈ ਹੋਈ ਹੈ। ਸਮਾਜ ਦੇ ਪੂਰੇ ਦ੍ਰਿਸ਼ ਵਿੱਚ ਜਿਵੇਂ ਨੈਤਿਕਤਾ ਦਾ ਥਾਂ ਸੁੰਗੜਦਾ ਜਾ ਰਿਹਾ ਹੈ, ਉਹੀ ਹਾਲ ਪੱਤਰਕਾਰਿਤਾ ਦਾ ਵੀ ਹੋ ਰਿਹਾ ਹੈ।

ਸਵਾਲ ਹੈ ਸਾਡੇ ਸਮਾਜ ਵਿੱਚ ਨਫਰਤ ਦੇ ਵਧ ਰਹੇ ਮਾਹੌਲ ਦਾ। ਸਵਾਲ ਹੈ ਮੀਡੀਆ ਦੀ ਭੂਮਿਕਾ ਦਾ। ਸਵਾਲ ਹੈ ਉਹਨਾਂ ਲੋਕਾਂ ਦਾ, ਜੋ ਖਬਰਾਂ ਦੀ ਥਾਂ ਮਜ਼ਾ ਭਾਲਦੇ ਨੇ। ਅਸੀਂ ਸਾਰੀਆਂ ਹੱਦਾਂ ਟੱਪ ਰਹੇ ਹਾਂ ਤੇ ਇਸ ਮੁਕਾਮ 'ਤੇ ਪਹੁੰਚੇ ਹਾਂ, ਜਿੱਥੇ ਭਾਈਚਾਰਕ ਸਾਂਝ ਬੇਮਾਇਨੇ ਹੋ ਗਈ ਹੈ। ਲੱਗਦਾ ਹੈ ਕਿਸੇ ਨੂੰ ਕਿਸੇ ਦੀ ਲੋੜ ਨਹੀਂ, ਪਰਵਾਹ ਨਹੀਂ। ਅਸੀਂ ਆਪਣੇ ਅੰਦਰ ਬੈਠੇ ਮਨੁੱਖ ਨੂੰ ਹੌਲੀ-ਹੌਲੀ ਮਨਫੀ ਕਰੀ ਜਾ ਰਹੇ ਹਾਂ।

ਮਹਾਤਮਾ ਗਾਂਧੀ ਦਾ ਜਨਮ ਦਿਹਾੜਾ ਹੈ। ਗਾਂਧੀ ਜੀ ਦੀ ਜਦੋਂ ਵੀ ਗੱਲ ਤੁਰਦੀ ਹੈ, ਉਹਨਾਂ ਦੇ ਤਿੰਨ ਬਾਂਦਰ ਵੀ ਯਾਦ ਆਉਂਦੇ ਹਨ। ਗਾਂਧੀ ਜੀ ਨੇ ਆਪਣੇ ਵਿਚਾਰ ਸਿਰਫ ਲਿਖੇ-ਬੋਲੇ ਹੀ ਨਹੀਂ, ਉਹਨਾਂ ਨਾਲ ਤਜਰਬੇ ਵੀ ਕੀਤੇ। ਇਹ ਤਿੰਨ ਬਾਂਦਰਾਂ ਰਾਹੀਂ ਮਨੁੱਖ ਦੀਆਂ ਤਿੰਨ ਅਹਿਮ ਇੰਦਰੀਆਂ ਅੱਖਾਂ, ਕੰਨ ਅਤੇ ਆਵਾਜ਼ ਨੂੰ ਬੁਰਾਈ ਤੋਂ ਦੂਰ ਰੱਖਣ ਦਾ ਸੰਦੇਸ਼ ਦਿੱਤਾ। ਇਹ ਤਿੰਨੋਂ ਹੀ ਆਪਣੇ ਆਲੇ-ਦੁਆਲੇ ਦੀ ਜਾਣਕਾਰੀ ਇਕੱਠੀ ਕਰਨ ਦੇ ਵੱਡੇ ਸਰੋਤ ਹਨ, ਪਰ ਤਸਵੀਰਾਂ, ਬੁੱਤਾਂ ਰਾਹੀਂ ਇਹ ਭਾਵ ਉਜਾਗਰ ਨਹੀਂ ਹੁੰਦਾ ਕਿ ਗਾਂਧੀ ਜੀ ਨੇ ਇਹ ਸੰਦੇਸ਼ 'ਬੁਰਾਈ' ਲਈ ਦਿੱਤਾ ਹੈ। ਉਂਜ ਕੋਈ ਇਹ ਸੰਦੇਸ਼ ਵੀ ਲੈ ਸਕਦਾ ਹੈ ਕਿ 'ਆਪਣੇ ਆਪ ਵਿੱਚ ਮਸਤ ਰਹੋ' ਤੁਸੀਂ ਕੀ ਲੈਣਾ ਆਪਣੇ ਆਲੇ-ਦੁਆਲੇ ਤੋਂ।

ਪਰ ਅਜਿਹਾ ਹੁੰਦਾ ਨਹੀਂ। ਮਨੁੱਖ ਤਾਂ ਹੀ ਮਨੁੱਖ ਹੈ, ਕਿਉਂ ਜੋ ਉਹ ਮਿਲ ਕੇ ਇੱਕ-ਦੂਸਰੇ ਦੀ ਮਦਦ ਅਤੇ ਸਹਿਯੋਗ ਨਾਲ ਰਹਿੰਦਾ ਹੈ। ਮਨੁੱਖ ਦੀਆਂ ਸਾਰੀਆਂ ਪ੍ਰਾਪਤੀਆਂ ਵਿੱਚ ਸਮਾਜ ਦੇ ਹਰ ਵਰਗ ਦਾ ਹੱਥ ਹੈ। ਨਿੱਜ ਇੱਕ ਭੁਲੇਖਾ ਹੈ, ਭਰਮ ਹੈ। ਅੱਖਾਂ ਬੰਦ ਕਰਕੇ, ਕੰਨਾਂ 'ਤੇ ਹੱਥ ਰੱਖ ਕੇ ਜੀਣਾ ਮਨੁੱਖ ਦੀ ਫਿਤਰਤ ਨਹੀਂ ਹੈ, ਸਗੋਂ ਦੇਖ-ਸੁਣ ਕੇ ਉਸ ਦੇ ਵਿਰੁੱਧ ਇੱਕ-ਜੁੱਟ ਹੋ ਕੇ ਆਵਾਜ਼ ਬੁਲੰਦ ਕਰਨਾ ਹੀ ਇੱਕੋ-ਇੱਕ ਰਾਹ ਹੈ। ਬੁਰਾਈ ਨੂੰ ਦੇਖ-ਸੁਣ ਕੇ ਚੁੱਪ ਰਹਿਣਾ ਮਨੁੱਖ ਹੋਣ ਦੀ ਹੱਤਕ ਹੈ।

ਸੰਪਰਕ : 98158-08506

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਦਮ-ਘੋਟੂ ਰਿਸ਼ਤਾ-ਨਾਤਾ ਪ੍ਰਬੰਧ ਦਾ ਕਥਾ ਬਿਰਤਾਂਤ

ਕਿਤਾਬ ਦੀ ਪਰਖ ਪੜਚੋਲ

**ਡਾ. ਹਰਜਿੰਦਰ ਸਿੰਘ**





## ਤੀਸਰੀ ਖਿੜਕੀ

**ਨਿਰੰਜਣ ਬੋਹਾ**
**(ਕਹਾਣੀ ਸੰਗ੍ਰਹਿ)**
**ਪੰਨੇ-133, ਮੁੱਲ-250 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

'ਤੀਸਰੀ ਖਿੜਕੀ' ਨਿਰੰਜਣ ਬੋਹਾ ਦਾ ਨਵ-ਪ੍ਰਕਾਸ਼ਤ ਕਹਾਣੀ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ ਕਹਾਣੀਕਾਰ ਨੇ ਆਪਣੀਆਂ ਬਾਰਾਂ ਕਹਾਣੀਆਂ ਨੂੰ ਸ਼ਾਮਲ ਕੀਤਾ ਹੈ। ਇਹ ਸਾਰੀਆਂ ਕਹਾਣੀਆਂ ਪੰਜਾਬੀ ਰਿਸ਼ਤਾ-ਨਾਤਾ ਪ੍ਰਬੰਧ ਦੀਆਂ ਵਿਭਿੰਨ ਪਰਤਾਂ ਨੂੰ ਯਥਾਰਥਵਾਦੀ ਵਿਧੀ ਨਾਲ ਪਰਤ-ਦਰ-ਪਰਤ ਖੋਲ੍ਹਦੀਆਂ ਹਨ। ਇਹਨਾਂ ਕਹਾਣੀਆਂ ਦੇ ਪਾਤਰ ਜਿਉਂਦੇ-ਜਾਗਦੇ ਤੇ ਜ਼ਿੰਦਗੀ ਦੀਆਂ ਤਲਖ਼-ਹਕੀਕਤਾਂ ਨਾਲ ਦੋ-ਚਾਰ ਹੁੰਦੇ ਸਧਾਰਨ ਲੋਕਾਂ ਦੀ ਨੁਮਾਇੰਦਗੀ ਕਰਦੇ ਹਨ। ਇਹ ਪਾਤਰ ਜਦੋਂ ਰਿਸ਼ਤਾ-ਨਾਤਾ ਪ੍ਰਬੰਧ ਦੇ ਦੋਹਾਂ ਵਰਤਾਰਿਆਂ (ਖ਼ੂਨ ਦੇ ਰਿਸ਼ਤੇ ਤੇ ਸਮਾਜਕ ਰਿਸ਼ਤੇ) ਵਿਚ ਆਪਣਾ ਦਮ ਘੁਟਦਾ ਮਹਿਸੂਸ ਕਰਦੇ ਹਨ ਤਾਂ ਇਹ ਕਿਸੇ ਤੀਸਰੀ ਕਿਸਮ ਦੇ ਵਿਸ਼ਵਾਸੀ ਰਿਸ਼ਤਿਆਂ ਦੇ ਵਰਤਾਰੇ ਦੀ ਖਿੜਕੀ ਖੁੱਲ੍ਹਣ ਦੀ ਆਸ ਵਿਚ ਜ਼ਿੰਦਗੀ ਨੂੰ ਨਵੇਂ ਅਰਥਾਂ ਵਿਚ ਸਮਝਣ ਲਈ ਅਗਰਸਰ ਹੁੰਦੇ ਦਿਸਦੇ ਹਨ। ਜ਼ਿੰਦਗੀ ਨੂੰ ਰੂਹ ਨਾਲ ਜਿਉਣ ਲਈ ਰਿਸ਼ਤਿਆਂ ਦੇ ਨਵੇਂ ਵਰਤਾਰੇ ਦੀ ਖਿੜਕੀ ਖੋਲ੍ਹਣ ਲਈ ਪਾਠਕ ਨੂੰ ਆਸ ਦੀ ਤੰਦ ਨਾ ਛੱਡਣ ਲਈ ਪ੍ਰੇਰਿਤ ਕਰਨ ਵਿਚ ਇਹਨਾਂ ਕਹਾਣੀਆਂ ਦੀ ਸਾਰਥਿਕਤਾ ਨੂੰ ਪਛਾਣਿਆ ਜਾ ਸਕਦਾ ਹੈ। ਚੇਤਨਾ ਪ੍ਰਵਾਹ ਦੀ ਬਿਰਤਾਂਤਕ ਵਿਧੀ ਦੀਆਂ ਧਾਰਨੀ ਇਹ ਕਹਾਣੀਆਂ ਜਿਥੇ ਜਟਿਲ ਬਿਰਤਾਂਤਕ ਜੁਗਤਾਂ ਨੂੰ ਆਤਮਸਾਤ ਕਰਦੀਆਂ ਹਨ, ਉਥੇ ਵਿਸ਼ੇ ਦੀ ਗੰਭੀਰਤਾ ਅਤੇ ਪੇਸ਼ਕਾਰੀ ਦੀ ਨਵੀਨਤਾ ਕਰਕੇ ਸਮਕਾਲੀ ਪੰਜਾਬੀ ਕਹਾਣੀ ਜਗਤ ਵਿਚ ਆਪਣੀ ਨਿਵੇਕਲੀ ਤੇ ਅਰਥਪੂਰਨ ਪਛਾਣ ਸਥਾਪਤ ਕਰਨ ਵੱਲ ਕਦਮ ਵਧਾਉਂਦੀਆਂ ਨਜ਼ਰ ਆਉਂਦੀਆਂ ਹਨ।

ਇਸ ਕਹਾਣੀ-ਸੰਗ੍ਰਹਿ ਦੀ ਪਹਿਲੀ ਕਹਾਣੀ 'ਉਹ ਮੇਰਾ ਵੀ ਕੁਝ ਲੱਗਦੈ' ਪੰਜਾਬੀ ਸਮਾਜ ਸੱਭਿਆਚਾਰ ਦੀਆਂ ਕਈ ਮਹੀਨ ਪਰਤਾਂ ਨੂੰ ਪਰਤ-ਦਰ-ਪਰਤ ਖੋਲ੍ਹਦੀ ਹੈ। ਇਹ ਕਹਾਣੀ 'ਮੈਂ' ਪਾਤਰ ਬਬਲੀ ਦੇ ਜੀਵਨ ਵਿਚ ਵਾਪਰੀਆਂ ਅਤਿ-ਦੁਖਾਂਤਿਕ ਘਟਨਾਵਾਂ ਨੂੰ ਕੇਂਦਰ ਵਿਚ ਰੱਖ ਕੇ ਪੰਜਾਬੀ ਰਿਸ਼ਤਾ-ਨਾਤਾ ਪ੍ਰਬੰਧ ਵਿਚ ਨਿੱਜੀ ਮੁਫਾਦਾਂ ਲਈ ਜੋੜੇ ਤੇ ਤੋੜੇ ਜਾਂਦੇ ਰਿਸ਼ਤਿਆਂ ਦੀ ਵਿਆਕਰਣ ਨੂੰ ਪ੍ਰਸਤੁਤ ਕਰਦੀ ਹੈ। ਕਹਾਣੀ ਵਿਚਲੇ ਕਥਾ-ਬਿਰਤਾਂਤਾਂ ਤੋਂ ਜ਼ਾਹਰ ਹੁੰਦਾ ਹੈ ਕਿ ਕਹਾਣੀ ਦੀ ਮੁੱਖ ਪਾਤਰ ਬਬਲੀ ਅਜਿਹੀ ਨਾਰੀ ਹੈ, ਜਿਸ ਨੂੰ ਭਰ ਜੋਬਨ ਦੀ ਅਵਸਥਾ ਵਿਚ ਵਿਧਵਾ ਹੋਣ 'ਤੇ ਉਸ ਦਾ ਸਹੁਰਾ ਪਰਵਾਰ ਘਰੋਂ ਦੁਰਕਾਰ ਦਿੰਦਾ ਹੈ ਤੇ ਪੇਕਾ ਪਰਵਾਰ ਉਸ ਦੇ ਢਿੱਡ ਦੀ ਆਂਦਰ ਨੂੰ (ਬੇਟੇ) ਆਪਣੇ ਕੋਲ ਰੱਖ ਕੇ ਕਿਸੇ ਬਾਲ-ਬੱਚਿਆਂ ਵਾਲੇ ਦੁਹਾਜੂ ਨਾਲ ਵਿਆਹ ਦਿੰਦਾ ਹੈ। ਅਜਿਹੀਆਂ ਕਰੂਰ ਸਥਿਤੀਆਂ/ਪਰਸਥਿਤੀਆਂ ਵਿਚ ਉਲਝੀ 'ਮੈਂ' ਪਾਤਰ ਦੇ ਜੀਵਨ-ਯਥਾਰਥ ਰਾਹੀਂ ਕਹਾਣੀ ਜਿਥੇ ਨਾਰੀ ਦੀ ਵੰਡੀ ਹੋਈ ਹੋਂਦ ਨੂੰ ਮਾਰਮਕ ਰੂਪ ਵਿਚ ਚਿਤਰਦੀ ਹੈ, ਉਥੇ ਮਾਂ-ਵਿਹੂਣੇ ਮਾਸੂਮ ਬੱਚਿਆਂ ਦੀਆਂ ਦੁਸ਼ਵਾਰੀਆਂ ਨੂੰ ਪੇਸ਼ ਕਰਦੀ ਹੋਈ ਰਿਸ਼ਤਿਆਂ ਨੂੰ ਨਵੇਂ ਪਰਿਪੇਖ ਵਿਚ ਗ੍ਰਹਿਣ ਕਰਨ ਦੀ ਸੋਝੀ ਪ੍ਰਦਾਨ ਕਰਦੀ ਹੈ। ਇਸ ਸੰਗ੍ਰਹਿ ਦੀ ਦੂਜੀ ਕਹਾਣੀ 'ਉਹ ਰਾਤ' ਵੀ ਪਹਿਲੀ ਕਹਾਣੀ ਵਾਂਗ ਇਕ ਵਿਧਵਾ ਔਰਤ ਦੇ ਜੀਵਨ-ਸੰਕਟਾਂ ਨੂੰ ਵੱਖਰੀਆਂ ਸਥਿਤੀਆਂ/ਪਰਿਸਥਤੀਆਂ ਵਿਚੋਂ ਸਮਝਣ ਲਈ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ। ਇਸ ਕਹਾਣੀ ਦੀ ਮੁੱਖ ਪਾਤਰ ਦੇ ਪਤੀ ਦੀ ਮੌਤ ਹੋਣ ਉਪਰੰਤ ਉਸ ਨੂੰ ਪੁੱਤਰ ਸਮੇਤ ਉਸ ਦੇ ਦਿਉਰ ਦੇ ਘਰ ਬਿਠਾ ਦਿੱਤਾ ਜਾਂਦਾ ਹੈ। ਸਥਿਤੀ ਦਾ ਸੰਕਟ ਇਹ ਹੈ ਕਿ ਦਿਉਰ ਪਹਿਲਾਂ ਹੀ ਕਿਸੇ ਹੋਰ ਕੁੜੀ ਨਾਲ ਵਿਆਹ ਕਰਵਾਉਣ ਦਾ ਵਾਅਦਾ ਕਰ ਚੁੱਕਾ ਹੈ ਤੇ ਵਾਅਦਾ ਪੂਰਾ ਨਾ ਹੋਣ ਦੀ ਸੂਰਤ ਵਿਚ ਉਹ ਸ਼ਰਾਬੀ ਬਣਿਆ ਭਰਜਾਈ ਤੋਂ ਘਰਵਾਲੀ ਬਣੀ 'ਮੈਂ' ਪਾਤਰ 'ਤੇ ਤਸ਼ੱਦਦ ਕਰਦਾ ਹੈ। ਇਉਂ ਕਹਾਣੀ ਜਿਥੇ ਅਣਜੋੜ ਵਿਆਹ ਦੀ ਸਮੱਸਿਆ ਨੂੰ ਕੇਂਦਰੀ ਥੀਮ ਵਜੋਂ ਗ੍ਰਹਿਣ ਕਰਦੀ ਹੈ, ਉਥੇ ਤਿਕੋਣੇ ਰਿਸ਼ਤਿਆਂ ਵਿਚਲੇ ਅੰਤਰ-ਦਵੰਧ ਨੂੰ ਵੀ ਪ੍ਰਸਤੁਤ ਕਰਦੀ ਹੈ। ਕਿਸਾਨੀ ਪਰਵਾਰਾਂ ਵਿਚ ਇਹ ਸਮੱਸਿਆ ਅਕਸਰ ਜ਼ਮੀਨ ਦੀ ਹੋਰ ਵੰਡ ਨੂੰ ਰੋਕਣ ਅਤੇ ਪੰਜਾਬੀ ਸਾਕਾਦਾਰੀ ਪ੍ਰਬੰਧ ਦੀ ਲੋਕ-ਮਰਿਆਦਾ ਤਹਿਤ ਕਰੇਵਾ ਜਾਂ ਚਾਦਰ ਪਾਉਣ ਵਰਗੇ ਵਿਆਹ-ਪ੍ਰਬੰਧ ਦੇ ਅੰਤਰਗਤ ਪੈਦਾ ਹੁੰਦੀ ਹੈ। ਕਹਾਣੀ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਇਸ ਤਰ੍ਹਾਂ ਦੇ ਵਿਆਹ ਬਹੁਤੀ ਵਾਰ ਔਰਤ-ਮਰਦ ਦੋਵਾਂ ਲਈ ਸੰਕਟਸ਼ੀਲ ਸਥਿਤੀਆਂ ਦੇ ਸਿਰਜਕ ਹੋ ਨਿਬੜਦੇ ਹਨ। ਕਹਾਣੀ ਜਿੱਥੇ ਨੂੰਹ-ਸੱਸ ਦੇ ਰਵਾਇਤੀ ਰਿਸ਼ਤੇ ਵਿਚਲੀਆਂ ਗਰਜ਼ਾਂ ਨੂੰ ਸਨਮੁਖ ਲਿਆਉਂਦੀ ਹੈ, ਉਥੇ ਪਿਤਰੀ ਸੱਤਾ ਵਾਲੇ ਸਮਾਜਕ ਪ੍ਰਬੰਧ ਵਿਚ ਨਾਰੀ ਹੋਂਦ ਅਤੇ ਹੋਣੀ ਵਿਚਲੀ ਸਦੀਵੀ ਸਾਂਝ ਨੂੰ ਵੀ ਬਾਖ਼ੂਬੀ ਪ੍ਰਸਤੁਤ ਕਰਦੀ ਹੈ। ਇਸ ਪ੍ਰਸੰਗ ਵਿਚ ਕਹਾਣੀ ਦੀ ਪਾਤਰ ਬੇਬੇ (ਸੱਸ) ਵੱਲੋਂ ਉਚਾਰੇ ਇਹ ਬੋਲ ਧਿਆਨ ਦੀ ਮੰਗ ਕਰਦੇ ਹਨ- 'ਧੀਏ ਆਪਾਂ ਦੋਹੇਂ ਹੀ ਧੁਰ ਦਰਗਾਹੋਂ ਮਾੜੇ ਲੇਖ ਲਿਖਾ ਕੇ ਆਈਆਂ ਹਾਂ।' (ਪੰਨਾ-20)

ਕਹਾਣੀ 'ਕੋਈ ਤਾਂ ਹੈ' ਸੰਤੋਖ ਨਾਂਅ ਦੇ ਕਾਮਰੇਡ ਪਾਤਰ ਦੇ ਜੀਵਨ-ਯਥਾਰਥ ਨੂੰ ਕੇਂਦਰੀ ਥੀਮ ਵਜੋਂ ਗ੍ਰਹਿਣ ਕਰਦੀ ਹੋਈ ਅਜਿਹੇ ਇਮਾਨਦਾਰ ਵਰਕਰਾਂ ਦੀ ਖੇਰੂੰ-ਖੇਰੂੰ ਹੁੰਦੀ ਪਰਵਾਰਕ ਜ਼ਿੰਦਗੀ ਦਾ ਬਿਰਤਾਂਤ ਸਿਰਜਦੀ ਹੈ, ਜਿਹੜੇ ਆਪਣੇ ਜੀਵਨ ਦਾ ਵੱਡਾ ਹਿੱਸਾ ਪ੍ਰਤੀਬੱਧਤਾ ਨਾਲ ਸਮਾਜ ਦੇ ਲੇਖੇ ਲਾ ਦਿੰਦੇ ਹਨ। ਕਹਾਣੀ ਵਿਚਲੇ ਬਿਰਤਾਂਤਕ ਵੇਰਵਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਪ੍ਰਗਤੀਸ਼ੀਲ ਸੋਚ ਦੇ ਹਾਮੀ ਬਣ ਕੇ ਇਨਕਲਾਬ ਦੇ ਰਾਹਾਂ 'ਤੇ ਤੁਰੇ ਔਰਤ-ਮਰਦ ਭਾਵੁਕਤਾ ਵੱਸ ਆਰਥਿਕਤਾ ਦੇ ਆਧਾਰ 'ਤੇ ਉਸਰੀ ਵਰਗਾਂ ਵਿਚਲੀ ਵਿੱਥ ਨੂੰ ਇਕ ਵਾਰ ਅੱਖੋਂ ਉਹਲੇ ਕਰਕੇ ਵਿਆਹ-ਬੰਧਨ ਵਿਚ ਬੱਝ ਪਤੀ-ਪਤਨੀ ਵਜੋਂ ਜ਼ਿੰਦਗੀ ਜਿਉਣ ਦੇ ਵਾਅਦੇ ਤਾਂ ਕਰ ਲੈਂਦੇ ਹਨ, ਪਰੰਤੂ ਨਵ-ਪੂੰਜੀਵਾਦੀ ਵਰਤਾਰੇ ਦੀ ਜਕੜ ਵਿਚ ਆਏ ਨਿੱਜੀ-ਮੁਫਾਦਾਂ ਅਤੇ ਦੇਹੀ ਅਕਾਂਖਿਆਵਾਂ ਦੀ ਪੂਰਤੀ ਹਿੱਤ ਇਸ ਰਿਸ਼ਤੇ ਨੂੰ ਰੂਹ ਤੋਂ ਨਿਭਾਉਣ ਵਾਲੇ ਜ਼ਜ਼ਬੇ ਤੋਂ ਇਨਕਾਰੀ ਹੋ ਜਾਂਦੇ ਹਨ। ਇਉਂ ਇਹ ਕਹਾਣੀ ਕੇਵਲ ਸਮਾਜਕ ਦਿਖਾਵੇ ਵਜੋਂ ਪਤੀ-ਪਤਨੀ ਦੇ ਰਿਸ਼ਤੇ ਨੂੰ ਨਿਭਾਉਣ ਲਈ ਕੀਤੇ ਜਾਂਦੇ ਨਾਟਕੀ ਦਿਖਾਵੇ ਦਾ ਬਹੁ-ਅਯਾਮੀ ਯਥਾਰਥਕ ਚਿਤਰਣ ਹੋ ਨਿਬੜਦੀ ਹੈ। ਇਸ ਸੰਗ੍ਰਹਿ ਦੀ ਅਗਲੀ ਕਹਾਣੀ 'ਇਸ ਤਰ੍ਹਾਂ ਹੀ ਹੋਵੇਗਾ ਹੁਣ' ਹਮ-ਜਮਾਤੀ ਰਹੇ ਤੇ ਸਰਕਾਰੀ ਨੌਕਰੀ ਕਰਦੇ ਅਜਿਹੇ ਪਤੀ-ਪਤਨੀ ਦੇ ਤਣਾਅਸ਼ੀਲ ਰਿਸ਼ਤੇ ਨੂੰ ਆਪਣੇ ਵਸਤੂ ਵਜੋਂ ਗ੍ਰਹਿਣ ਕਰਦੀ ਹੈ, ਜੋ ਆਪਣੇ ਮਾਪਿਆਂ ਦੀ ਨਰਾਜ਼ਗੀ ਸਹੇੜ ਕੇ ਕਾਨੂੰਨੀ ਆਧਾਰ 'ਤੇ ਅੰਤਰ-ਜਾਤੀ ਪਿਆਰ-ਵਿਆਹ ਕਰਵਾਉਂਦੇ ਹਨ। ਕਹਾਣੀ ਦੇ ਬਿਰਤਾਂਤਕ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਪਿਤਰਕੀ ਪ੍ਰਬੰਧ ਦੀਆਂ ਜਗੀਰਦਾਰੀ ਪਰੰਪਰਾਵਾਂ ਦੇ ਪ੍ਰਭਾਵ ਅਤੇ ਉੱਚ-ਜਾਤੀ ਹੈਂਕੜ ਕਰਕੇ ਨਾ-ਕੇਵਲ ਕਹਾਣੀ ਦੀ ਮੁੱਖ ਪਾਤਰ 'ਪ੍ਰੀਤੀ' ਦਾ ਪਿਤਾ ਉਸ ਨਾਲੋਂ ਸਦਾ ਲਈ ਨਾਤਾ ਤੋੜ ਲੈਂਦਾ ਹੈ, ਸਗੋਂ ਉਸ ਦਾ ਪਤੀ ਵੀ ਆਪਣੀ ਮਰਦਾਵੀਂ ਹੈਂਕੜ ਤਹਿਤ ਉਸ ਨੂੰ ਦੁਜੈਲੀ ਸਥਿਤੀ 'ਤੇ ਹੀ ਰੱਖਣਾ ਲੋਚਦਾ ਹੈ। ਦੂਜੇ ਪਾਸੇ ਸਰਕਾਰੀ ਨੌਕਰੀ ਕਰਦੀ 'ਪ੍ਰੀਤੀ' ਆਪਣੀ ਮਜ਼ਬੂਤ ਆਰਥਿਕਤਾ ਕਰਕੇ ਨਾ-ਕੇਵਲ ਆਪਣੇ ਪਿਤਾ ਵੱਲੋਂ ਦਿੱਤੇ ਚੈਲਿਜ ਦਾ ਸਾਹਮਣਾ ਕਰਦੀ ਹੈ, ਸਗੋਂ ਆਪਣੇ ਪਤੀ ਨੂੰ ਵੀ ਉਸ ਦੇ ਬਰਾਬਰ ਦੀ ਧਿਰ ਹੋਣ ਦਾ ਅਹਿਸਾਸ ਕਰਵਾਉਂਦੀ ਹੈ। ਇਸ ਕਹਾਣੀ ਦੀ ਖ਼ੂਬਸੂਰਤੀ ਨਵੀਂ ਪੜ੍ਹੀ-ਲਿਖੀ ਪੀੜ੍ਹੀ ਨੂੰ ਸੁਤੰਤਰ ਰੂਪ ਵਿਚ ਜੀਣ-ਥੀਣ, ਔਰਤ-ਮਰਦ ਨੂੰ ਦੋ ਬਰਾਬਰ ਦੀਆਂ ਧਿਰਾਂ ਵਜੋਂ ਸਵੀਕਾਰ ਕਰਨ ਅਤੇ ਜਾਤ ਤੇ ਜਮਾਤ ਰਹਿਤ ਨਰੋਏ ਸਮਾਜ ਦੀ ਸਿਰਜਣਾ ਕਰਨ ਹਿੱਤ ਪਾਠਕ ਨੂੰ ਪ੍ਰੇਰਿਤ ਕਰਨ ਵਿਚ ਨਜ਼ਰ ਆਉਂਦੀ ਹੈ।

ਅਜੋਕੇ ਪਦਾਰਥਵਾਦੀ ਯੁੱਗ ਵਿਚ ਪੈਸਾ-ਮੁਖੀ ਕਦਰਾਂ-ਕੀਮਤਾਂ ਦੀ ਦਲਦਲ ਵਿਚ ਫਸੇ ਮੱਧ-ਵਰਗੀ ਪਰਵਾਰਾਂ ਵੱਲੋਂ ਅਤਿ-ਨਜ਼ਦੀਕੀ ਰਿਸ਼ਤਿਆਂ ਨੂੰ ਹੰਢਾਉਣ ਦੀ ਬਜਾਏ ਨਿੱਜੀ ਸਵਾਰਥਾਂ ਲਈ ਰਿਸ਼ਤਿਆਂ ਦੇ ਖੇਡੇ ਜਾਂਦੇ ਦਾਅ ਅਤੇ ਸਵਾਰਥੀ ਮੰਤਵਾਂ ਨੂੰ ਯਥਾਰਥਵਾਦੀ ਵਿਧੀ ਨਾਲ ਪੇਸ਼ ਕਰਦੀ ਕਹਾਣੀ 'ਇਕ ਦਾਅ ਹੋਰ' ਹੈ। ਇਹ ਕਹਾਣੀ ਸੰਚਾਰਦੀ ਹੈ ਕਿ ਵਧਦੀ ਪਦਾਰਥਕ ਬਹੁਲਤਾ ਅਤੇ ਘਟਦੀ ਮਨੁੱਖੀ ਸਹਿਣਸ਼ੀਲਤਾ ਨੇ ਪਰਵਾਰਕ ਰਿਸ਼ਤਿਆਂ ਵਿਚ ਤਣਾਅ ਪੈਦਾ ਕੀਤਾ ਹੈ। ਉਪਰੋਂ ਖੁਸ਼ਨੁਮਾ ਦਿਸਣ ਵਾਲੇ ਪਰਵਾਰਕ ਰਿਸ਼ਤੇ ਅੰਦਰੋਂ ਬਾਂਸ ਦੇ ਪੋਰੇ ਵਾਂਗ ਖੋਖਲੇ ਹੋਏ ਬਨਵਾਸੀ ਸਥਿਤੀਆਂ ਦੇ ਭਾਗੀ ਬਣਦੇ ਹਨ ਤੇ ਇਨ੍ਹਾਂ ਬਨਵਾਸੀ ਸਥਿਤੀਆਂ ਤੋਂ ਨਜ਼ਾਤ ਪਾਉਣ ਲਈ ਅਜਨਬੀ ਰਿਸ਼ਤਿਆਂ 'ਚੋਂ ਭਾਵਨਾਵਾਂ ਦੀ ਕਦਰ ਦਾ ਸੁਪਨਾ ਸਜਾਈ ਨਵੇਂ ਰਾਹਾਂ ਦੀ ਤਲਾਸ਼ ਕਰ ਰਹੇ ਹਨ। ਇਸੇ ਤਰ੍ਹਾਂ ਅਜੋਕੇ ਪਦਾਰਥਾਂ ਦੀ ਬਹੁਲਤਾ ਵਾਲੇ ਸਮਾਜ ਵਿਚ ਦੇਹੀ ਸੁੱਖਾਂ ਤੇ ਪਦਾਰਥਕ ਭੁੱਖਾਂ ਦੇ ਮੱਕੜਜਾਲ ਵਿਚ ਫਸੇ ਤੇ ਪੈਸੇ ਦੇ ਪੁੱਤ ਬਣੇ ਮਨੁੱਖ ਦੇ ਸੰਸਕਾਰਾਂ ਤੇ ਵਿਹਾਰਾਂ ਨੂੰ ਮਾਰਮਿਕ ਰੂਪ ਵਿਚ ਪੇਸ਼ ਕਰਦੀ ਕਹਾਣੀ 'ਹੋਰ ਵੰਡ ਨਹੀਂ' ਹੈ। ਇਹ ਕਹਾਣੀ ਪਰਵਾਰਕ ਰਿਸ਼ਤਿਆਂ ਵਿਚ ਪੁੱਤਾਂ ਵੱਲੋਂ ਪਿਤਾ ਦੀ ਜਾਇਦਾਦ ਨੂੰ ਛੇਤੀ ਤੋਂ ਛੇਤੀ ਵੰਡ ਕੇ ਉਸ 'ਤੇ ਕਾਬਜ਼ ਹੋਣ ਦੀ ਦੌੜ ਦੌਰਾਨ ਪਰਵਾਰਕ ਰਿਸ਼ਤਿਆਂ ਦੇ ਹੁੰਦੇ ਘਾਣ ਨੂੰ ਸਮੱਗਰ ਰੂਪ ਵਿਚ ਪੇਸ਼ ਕਰਦੀ ਹੈ। ਕਹਾਣੀ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਅਜਿਹੇ ਪੈਸੇ ਦੇ ਪੁੱਤ ਆਪਣੇ ਪਿਓ ਨਾਲ ਉਸ ਦੇ ਜਿਉਂਦੇ ਜੀਅ ਹੀ ਜਾਇਦਾਦ ਲਈ ਸ਼ਰੀਕੇਬਾਜ਼ੀ ਕਰਨ ਲਗਦੇ ਹਨ, ਪਰੰਤੂ ਪਿਤਾ ਦੀ ਮੌਤ ਤੋਂ ਬਾਅਦ ਸਮਾਜਕ ਹੇਠੀ ਤੋਂ ਬਚਣ ਲਈ ਝੂਠੇ ਦਿਖਾਵੇ ਕਰਕੇ ਆਪਣੀ ਸਮਾਜਕ ਭੱਲ ਬਣਾਉਣ ਲਈ ਭ੍ਰਾਂਤੀਆਂ ਸਿਰਜਦੇ ਹਨ।

'ਕੋਈ ਹੋਰ ਠਿਕਾਣਾ' ਕਹਾਣੀ ਸਮਾਜਕ-ਪ੍ਰਬੰਧ ਦੇ ਅਜਿਹੇ ਕਰੂਰ ਯਥਾਰਥ ਦੀ ਚੀਰਫਾੜ ਕਰਦੀ ਹੈ, ਜਿਸ ਵਿਚ ਨਾ-ਕੇਵਲ ਮਰਦ, ਸਗੋਂ ਔਰਤ ਵੀ ਆਪਣੀਆਂ ਨਿੱਜੀ ਅਕਾਂਖਿਆਵਾਂ ਦੀ ਪੂਰਤੀ ਹਿੱਤ ਅਜਿਹੇ ਗੰਧਲੇ ਸਮਾਜਕ-ਵਰਤਾਰੇ ਨੂੰ ਸਿਰਜ ਰਹੀ ਹੈ, ਜਿਸ ਵਿਚ ਮਾਸੂਮ ਤੇ ਅਣਭੋਲ ਬੱਚੀਆਂ ਨਾ ਆਪਣੇ ਘਰ ਵਿਚ ਮਹਿਫੂਜ਼ ਹਨ ਅਤੇ ਨਾ ਰੱਬ ਦੇ ਘਰ ਵਿਚ। ਅਜਿਹੀਆਂ ਸੰਕਟਸ਼ੀਲ ਸਥਿਤੀਆਂ ਵਿਚੋਂ ਬਾਹਰ ਨਿਕਲਣ ਲਈ ਉਹ ਬੱਚੀਆਂ ਕਿਸੇ ਹੋਰ ਠਿਕਾਣੇ ਦੀ ਤਲਾਸ਼ ਲਈ ਚਿੰਤਤ ਹਨ। ਕਹਾਣੀ ਵਿਚਲੇ ਕਥਾ-ਬਿਰਤਾਂਤਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਕਹਾਣੀ ਦੀ 'ਮੈਂ' ਪਾਤਰ ਆਪਣੀ ਮਾਂ ਦੇ ਸਾਹਮਣੇ ਹੀ ਆਪਣੇ ਮਤਰੇਅ ਬਾਪ ਦੀ ਹਵਸ ਦਾ ਸ਼ਿਕਾਰ ਹੁੰਦੀ ਹੈ। ਸਥਿਤੀ ਦੀ ਕਠੋਰਤਾ ਇਹ ਹੈ ਕਿ ਮਾਂ, ਧੀ ਦਾ ਸਾਥ ਦੇਣ ਦੀ ਬਜਾਏ ਕੁਕਰਮ ਕਰਨ ਵਾਲੇ ਆਪਣੇ ਪਤੀ (ਪ੍ਰੇਮੀ) ਦੀ ਧਿਰ ਬਣਦੀ ਹੈ। ਘਰ ਵਿਚਲੇ ਕੰਜਰਖਾਨੇ ਤੇ ਮਤਰੇਅ ਪਿਓ ਰੂਪੀ ਭੇੜੀਏ ਤੋਂ ਬਚਣ ਲਈ 'ਮੈਂ' ਪਾਤਰ ਸਾਧਵੀ 'ਰੀਤੂ ਮਾਂ' ਦੇ ਆਸ਼ਰਮ ਵਿਚ ਸ਼ਰਨ ਲੈਂਦੀ ਹੈ, ਪਰੰਤੂ ਉਸ ਆਸ਼ਰਮ ਵਿਚ ਸੇਵਾ ਕਰਦੀ ਉਸ ਦੀ ਸਹੇਲੀ ਪ੍ਰੇਮਲਤਾ ਨਾਲ ਆਸ਼ਰਮ ਦਾ ਮੁਨੀ (ਸਾਧੂ) ਛੇੜਖਾਨੀ ਕਰਦਾ ਹੈ। ਅਜਿਹੀ ਸਥਿਤੀ ਵਿਚ ਆਸ਼ਰਮ ਦੀ ਸਾਧਵੀ 'ਰੀਤੂ ਮਾਂ' ਪ੍ਰੇਮਲਤਾ ਦੀ ਬਜਾਏ ਮੁਨੀ (ਸਾਧੂ) ਦੀ ਧਿਰ ਬਣ ਕੇ ਖੜ੍ਹਦੀ ਹੈ ਤੇ ਪ੍ਰੇਮਲਤਾ ਨੂੰ ਚੁੱਪ ਰਹਿਣ ਦੀ ਨਸੀਅਤ ਦਿੰਦੀ ਹੈ। ਅਜਿਹੀਆਂ ਸੰਕਟਗ੍ਰਸਤ ਸਥਿਤੀਆਂ ਵਿਚ ਕਹਾਣੀ ਦੀ 'ਮੈਂ' ਪਾਤਰ ਦੇ ਇਹ ਕਰੁਣਾਮਈ ਬੋਲ ਕਹਾਣੀ ਦੀ ਥੀਮ ਨੂੰ ਵਧੇਰੇ ਅਰਥਵਾਨ ਕਰ ਦਿੰਦੇ ਹਨ- 'ਕਿਹਾ ਸਮਾਂ ਆ ਗਿਆ ਹੈ ਕਿ ਔਰਤ ਨਾ ਆਪਣੇ ਘਰ ਵਿਚ ਸੁਰੱਖਿਅਤ ਹੈ ਤੇ ਨਾ ਰੱਬ ਦੇ ਘਰ ਵਿਚ, ਹੁਣ ਮੈਨੂੰ ਵੀ ਆਪਣਾ ਕੋਈ ਹੋਰ ਠਿਕਾਣਾ ਲੱਭਣਾ ਪਵੇਗਾ।' (ਪੰਨਾ-90)

ਅਜੋਕੇ ਰਾਜਸੀ ਤੇ ਪ੍ਰਸ਼ਾਸਨਿਕ ਪ੍ਰਬੰਧ ਦੀਆਂ ਲੋਕ-ਵਿਰੋਧੀ ਨੀਤੀਆਂ ਨੂੰ ਪਿੱਠਭੂਮੀ ਵਿਚ ਰੱਖ ਕੇ ਪਰਵਾਰਕ ਰਿਸ਼ਤਿਆਂ ਵਿਚਲੇ ਖੋਖਲੇਪਣ ਨੂੰ ਕਹਾਣੀ 'ਖਲਾਅ ਵਿਚ ਭਟਕਦੇ ਰਿਸ਼ਤੇ' ਯਥਾਰਥਕ ਦ੍ਰਿਸ਼ਟੀ ਤੋਂ ਪੇਸ਼ ਕਰਦੀ ਹੈ। ਕਹਾਣੀ ਮਹਿੰਗਾਈ ਦੇ ਅਜੋਕੇ ਦੌਰ ਵਿਚ ਪੜ੍ਹੇ-ਲਿਖੇ ਨੌਜਵਾਨਾਂ ਦੀ ਬੇਰੁਜ਼ਗਾਰੀ ਤੇ ਸਰਕਾਰੀ ਨੌਕਰੀਆਂ ਵਿਚਲੇ ਠੇਕੇਦਾਰੀ ਪ੍ਰਬੰਧ ਅਧੀਨ ਸਿੱਖਿਆ ਮਹਿਕਮੇ ਵਿਚ ਉੱਕੀਆਂ-ਪੁੱਕੀਆਂ ਘੱਟ ਤਨਖਾਹਾਂ 'ਤੇ ਕੰਮ ਕਰਦੇ ਬਾਲ-ਬੱਚੇਦਾਰ ਅਧਿਆਪਕਾਂ ਦੇ ਆਰਥਕ ਤੰਗੀਆਂ-ਤੁਰਸ਼ੀਆਂ ਵਿਚ ਜਿਉਣ ਵਾਲੀਆਂ ਅਤਿ-ਕਠਿਨ ਸਥਿਤੀਆਂ ਅਤੇ ਇਨ੍ਹਾਂ ਸਥਿਤੀਆਂ ਕਾਰਨ ਨਜ਼ਦੀਕੀ ਰਿਸ਼ਤਿਆਂ ਵਿਚ ਪੈਦਾ ਹੁੰਦੀਆਂ ਦੂਰੀਆਂ ਨੂੰ ਵਿਭਿੰਨ ਪਰਤਾਂ ਸਹਿਤ ਪ੍ਰਸਤੁਤ ਕਰਦੀ ਹੈ। ਆਰਥਕ ਤੰਗੀਆਂ ਦੇ ਗਰਭ ਵਿਚੋਂ ਪੈਦਾ ਹੋਈਆਂ ਸਥਿਤੀਆਂ ਏਨੀਆਂ ਵਿਕਰਾਲ ਹਨ ਕਿ ਕਹਾਣੀ ਦਾ 'ਮੈਂ' ਪਾਤਰ ਰੱਖੜੀ ਦੇ ਤਿਉਹਾਰ 'ਤੇ ਆਪਣੇ ਘਰ ਆਏ ਭੈਣ ਤੇ ਜੀਜੇ ਦਾ ਖਿੜੇ ਮੱਥੇ ਸਵਾਗਤ ਕਰਨ ਦੀ ਬਜਾਏ ਚਿੰਤਤ ਹੋ ਜਾਂਦਾ ਹੈ। ਉਸ ਦੀ ਚਿੰਤਾ ਇਹ ਹੈ ਕਿ ਘਰ ਆਏ ਮਹਿਮਾਨਾਂ ਦੀ ਸੇਵਾ ਤੇ ਮਾਣ-ਤਾਣ ਲਈ ਹੋਣ ਵਾਲੇ ਖਰਚ ਦਾ ਪ੍ਰਬੰਧ ਕਿਥੋਂ ਕਰੇ? ਕਹਾਣੀ ਸੰਚਾਰ ਕਰਦੀ ਹੈ ਕਿ ਇਕ ਪਾਸੇ ਤਾਂ ਆਰਥਕ ਤੰਗੀ ਰਿਸ਼ਤਿਆਂ ਵਿਚਲੀ ਨੇੜਤਾ ਤੇ ਨਿੱਘ ਨੂੰ ਨਿਗਲ ਲੈਂਦੀ ਹੈ ਤੇ ਦੂਜੇ ਪਾਸੇ ਪਦਾਰਥਾਂ ਦੀ ਬਹੁਲਤਾ ਦੀ ਇੱਛਾ ਅਤੇ ਫੋਕੇ ਦਿਖਾਵੇ ਅਤਿ-ਨਜ਼ਦੀਕੀ ਰਿਸ਼ਤਿਆਂ ਵਿਚਲੇ ਮੋਹ ਅਤੇ ਅਪਣੱਤ ਨੂੰ ਫਿੱਕਾ ਪਾ ਦਿੰਦੇ ਹਨ।

'ਤੀਸਰੀ ਖਿੜਕੀ' ਕਹਾਣੀ ਰਿਸ਼ਤਾ-ਨਾਤਾ ਪ੍ਰਬੰਧ ਦੀ ਵਿਆਕਰਨ ਨੂੰ ਵਿਸਤਾਰਦੀ ਹੋਈ ਇਸ ਵਿਚ 'ਵਿਸ਼ਵਾਸ ਦੇ ਰਿਸ਼ਤਿਆਂ' ਨੂੰ ਸ਼ਾਮਲ ਕਰਨ ਦੀ ਵਕਾਲਤ ਕਰਦੀ ਹੈ। ਕਹਾਣੀ ਵਿਚਲੇ ਕਥਾ-ਬਿਰਤਾਂਤਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਬੱਜਰ ਹਾਲਤਾਂ ਵਿਚ ਖ਼ੂਨ ਦੇ ਰਿਸ਼ਤੇ ਤੇ ਸਮਾਜਕ ਰਿਸ਼ਤੇ ਜਦੋਂ ਆਪਣੀ ਮਰਿਆਦਾ ਉਲੰਘ ਕੇ ਕਲੰਕਿਤ ਹੋ ਜਾਂਦੇ ਹਨ ਤਾਂ ਚੰਗੇਰੀ ਜ਼ਿੰਦਗੀ ਜਿਉਣ ਲਈ ਵਿਸ਼ਵਾਸ ਦੇ ਰਿਸ਼ਤਿਆਂ ਦੀ ਤੀਜੀ ਖਿੜਕੀ ਨੂੰ ਖੋਲ੍ਹ ਕੇ ਵੀ ਜੀਵਨ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕਦੀ ਹੈ।

ਕਹਾਣੀ 'ਤੂੰ ਇੰਝ ਨਾ ਕਰੀਂ' ਪਰਵਾਰਕ-ਰਿਸ਼ਤਿਆਂ ਦੇ ਅਜਿਹੇ ਕਰੂਰ ਯਥਾਰਥ ਨੂੰ ਅਗਰਭੂਮੀ 'ਤੇ ਲਿਆਉਂਦੀ ਹੈ, ਜਿਸ ਵਿਚ ਔਰਤ (ਮਾਂ) ਪਤੀ ਦੀ ਮੌਤ ਤੋਂ ਬਾਅਦ ਆਪਣੀਆਂ ਦੇਹੀ ਅਕਾਂਖਿਆਵਾਂ ਦੀ ਪੂਰਤੀ ਕਰਦੀ-ਕਰਦੀ ਆਪਣੀ ਨੌਜਵਾਨ ਧੀ ਲਈ ਅਜਿਹੇ ਸੰਕਟ ਸਹੇੜ ਲੈਂਦੀ ਹੈ, ਜੋ ਧੀ ਨੂੰ ਨਾ-ਕੇਵਲ ਸਰੀਰਕ ਕਸ਼ਟਾਂ ਦਾ ਭਾਗੀ ਬਣਾਉਂਦੇ ਹਨ, ਸਗੋਂ ਉਸ ਦੀ ਆਤਮਾ ਨੂੰ ਧੁਰ ਅੰਦਰ ਤੱਕ ਇਸ ਤਰ੍ਹਾਂ ਵਲੂੰਧਰ ਦਿੰਦੇ ਹਨ ਕਿ ਵਿਆਹ ਬੰਧਨ ਵਿਚ ਬੱਝਣਾ ਵੀ ਉਸ ਅੰਦਰ ਸਹਿਮ ਪੈਦਾ ਕਰਦਾ ਹੈ ਤੇ ਪਤੀ ਦੇ ਰੂਪ ਵਿਚ ਮਰਦ ਉਸ ਨੂੰ ਭੇੜੀਏ ਦਾ ਹੀ ਦੂਜਾ ਰੂਪ ਨਜ਼ਰ ਆਉਣ ਲਗਦਾ ਹੈ। ਕਹਾਣੀ 'ਬੋਲਾਂ ਤਾਂ ਕੀ ਬੋਲਾਂ' ਪਰਵਾਰਕ ਰਿਸ਼ਤਿਆਂ ਵਿਚ ਨੂੰਹ-ਸੱਸ ਦੇ ਪਰੰਪਰਕ ਅੰਤਰ-ਦਵੰਧੀ ਰਿਸ਼ਤੇ ਨੂੰ ਮਾਂ-ਧੀ ਦੇ ਰਿਸ਼ਤੇ ਵਜੋਂ ਨਵੀਆਂ ਸੰਭਾਵਨਾਵਾਂ ਸਹਿਤ ਸਮਝਣ ਲਈ ਸੋਝੀ ਪ੍ਰਦਾਨ ਕਰਦੀ ਹੈ। ਕਹਾਣੀ ਪਰਵਾਰਕ ਸੰਸਥਾ ਵਿਚ ਵਾਪਰਦੀਆਂ ਵਿਹਾਰਕ ਘਟਨਾਵਾਂ ਨੂੰ ਅਜਿਹੀ ਸਕਾਰਾਤਮਕ ਦ੍ਰਿਸ਼ਟੀ ਤੋਂ ਪੇਸ਼ ਕਰਦੀ ਹੈ ਕਿ ਪ੍ਰਤੀਕੂਲ ਸਥਿਤੀਆਂ/ ਪਰਿਸਥਿਤੀਆਂ ਦੇ ਬਾਵਜੂਦ ਇਕ ਪਰਵਾਰ ਟੁੱਟਣ ਤੋਂ ਬਚ ਜਾਂਦਾ ਹੈ। ਕਹਾਣੀ ਦੀ ਪ੍ਰਾਪਤੀ ਨੂੰਹ-ਸੱਸ ਦੇ ਪਰੰਪਰਕ ਰਿਸ਼ਤੇ ਦੀ ਮਿੱਥ ਦਾ ਭੰਜਣ ਕਰਕੇ ਇਸ ਰਿਸ਼ਤੇ ਨੂੰ ਨਵੇਂ ਪਰਿਪੇਖ ਵਿਚ ਪੇਸ਼ ਕਰਨ ਅਤੇ 'ਸੱਸ' ਨੂੰ ਪਤੀ-ਪਤਨੀ ਦੇ ਰਿਸ਼ਤੇ ਨੂੰ ਜੋੜੀ ਰੱਖਣ ਵਾਲੀ ਮਜ਼ਬੂਤ ਕੜੀ ਵਜੋਂ ਪ੍ਰਸਤੁਤ ਕਰਨ ਵਿਚ ਨਜ਼ਰ ਆਉਂਦੀ ਹੈ।

ਇਸ ਕਹਾਣੀ ਸੰਗ੍ਰਹਿ ਦੀ ਆਖਰੀ ਕਹਾਣੀ 'ਆਪਣਾ ਹੀ ਪਰਛਾਵਾਂ' 'ਮੈਂ' ਪਾਤਰ ਦੇ ਚੇਤਨ-ਅਵਚੇਤਨ ਵਿਚ ਖੌਰੂ ਪਾਉਂਦੀਆਂ ਤਲਖ਼ੀਆਂ ਨੂੰ ਅਤੀਤ ਤੇ ਵਰਤਮਾਨ ਦੇ ਪ੍ਰਸੰਗ ਵਿਚ ਪ੍ਰਸਤੁਤ ਕਰਦੀ ਹੈ। ਕਥਾ-ਬਿਰਤਾਂਤ 'ਚੋਂ ਸਪੱਸ਼ਟ ਹੁੰਦਾ ਹੈ ਕਿ 'ਮੈਂ' ਪਾਤਰ ਬਚਪਨ ਵਿਚ ਆਪਣੀ ਸਰੀਰਕ ਦੁਰਬਲਤਾ ਕਾਰਨ ਮਾਨਸਕ ਪੀੜਾ ਹੰਢਾਉਂਦਾ ਹੈ, ਪਰੰਤੂ ਜਵਾਨੀ ਵਿਚ ਮਿਲੀ ਵੱਡੀ ਸਰਕਾਰੀ ਨੌਕਰੀ ਕਰਕੇ 'ਉਹੀ ਪੀੜਾ' ਜਜ਼ਬੇ ਦਾ ਰੂਪ ਧਾਰਨ ਕਰਦੀ ਹੈ। ਇਹੋ ਵਜ੍ਹਾ ਹੈ ਕਿ 'ਮੈਂ' ਪਾਤਰ ਆਪਣੇ 'ਪੁੱਤ' ਵਿਚੋਂ ਨਾ-ਕੇਵਲ ਆਪਣਾ ਅਕਸ ਤੱਕਦਾ ਹੈ, ਸਗੋਂ ਉਸ ਨੂੰ ਉਨ੍ਹਾਂ ਸਭ ਕਾਰਜਾਂ ਵਿਚ ਸਫ਼ਲ ਬਣਾਉਣਾ ਚਾਹੁੰਦਾ ਹੈ, ਜਿਨ੍ਹਾਂ ਵਿਚੋਂ ਉਹ ਆਪ ਬਚਪਨ ਵਿਚ ਹਾਸ਼ੀਏ 'ਤੇ ਧੱਕਿਆ ਰਿਹਾ ਹੈ।

ਇਉਂ ਇਸ ਕਹਾਣੀ ਸੰਗ੍ਰਹਿ ਵਿਚ ਸ਼ਾਮਲ ਲੱਗਭੱਗ ਸਾਰੀਆਂ ਹੀ ਕਹਾਣੀਆਂ ਪੰਜਾਬੀ ਰਿਸ਼ਤਾ-ਨਾਤਾ ਪ੍ਰਬੰਧ ਵਿਚਲੇ ਤਣਾਵਾਂ, ਸੰਕਟਾਂ, ਦੁਬਿਧਾਵਾਂ, ਮਰਿਆਦਾਵਾਂ, ਪਰੰਪਰਾਵਾਂ ਅਤੇ ਦੇਹੀ ਤੇ ਮਾਨਸਕ ਅਕਾਂਖਿਆਵਾਂ ਕਾਰਨ ਪੈਦਾ ਹੁੰਦੀਆਂ ਸਮੱਸਿਆਵਾਂ ਨੂੰ ਨਾ-ਕੇਵਲ ਯਥਾਰਥਵਾਦੀ ਵਿਧੀ ਅਤੇ ਦ੍ਰਿਸ਼ਟੀ ਤੋਂ ਪੇਸ਼ ਕਰਦੀਆਂ ਹਨ, ਸਗੋਂ ਇਨ੍ਹਾਂ ਸਮੱਸਿਆਵਾਂ ਅਤੇ ਸੰਕਟਾਂ ਨੂੰ ਸਕਾਰਾਤਮਿਕ ਦ੍ਰਿਸ਼ਟੀ ਤੋਂ ਵੇਖਣ ਅਤੇ ਨਜਿੱਠਣ ਲਈ ਸੋਝੀ ਵੀ ਪ੍ਰਦਾਨ ਕਰਦੀਆਂ ਹਨ। ਪੰਜਾਬੀ ਰਿਸ਼ਤਾ-ਨਾਤਾ ਪ੍ਰਬੰਧ ਦੀ ਵਿਆਕਰਨ ਨੂੰ ਨਿਰੋਈ ਦ੍ਰਿਸ਼ਟੀ ਤੋਂ ਸਮਝਣ ਅਤੇ ਇਸ ਪ੍ਰਬੰਧ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਅਗਰਗਾਮੀ ਦ੍ਰਿਸ਼ਟੀਕੋਣ ਦੇ ਧਾਰਨੀ ਬਣੇ ਰਹਿਣ ਲਈ ਨਿੱਗਰ ਅਗਵਾਈ ਕਰਨ ਵਿਚ ਇਸ ਕਹਾਣੀ ਸੰਗ੍ਰਹਿ ਦੀ ਪ੍ਰਾਪਤੀ ਨਜ਼ਰ ਆਉਂਦੀ ਹੈ। ਅਜਿਹੇ ਵਡੇਰੇ ਅਜ਼ਮ ਨੂੰ ਆਪਣੇ ਕੇਂਦਰੀ ਸਰੋਕਾਰ ਵਜੋਂ ਗ੍ਰਹਿਣ ਕਰਕੇ ਪੰਜਾਬੀ ਪਾਠਕਾਂ ਦੇ ਸਨਮੁਖ ਹੋਣ 'ਤੇ ਇਸ ਮਹੱਤਵਪੂਰਨ ਕਹਾਣੀ ਪੁਸਤਕ ਦਾ ਪੰਜਾਬੀ ਸਾਹਿਤ ਖੇਤਰ ਵਿਚ ਸਵਾਗਤ ਕਰਨਾ ਬਣਦਾ ਹੈ।

*ਮੋਬਾ : 94638-35412*

# ਪੰਜਾਬ ਬਾਰੇ ਵਡਮੁੱਲੀ ਜਾਣਕਾਰੀ ਦਿੰਦੀ ਪੁਸਤਕ

**ਡਾ. ਅਮਰ ਕੋਮਲ**

## ਪੰਜਾਬ

**ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ : ਇਤਿਹਾਸ**
**ਮੂਲ ਲੇਖਕ : ਅਮਨਦੀਪ ਸੰਧੂ**
**ਪੰਜਾਬੀ ਅਨੁਵਾਦ : ਯਾਦਵਿੰਦਰ ਸਿੰਘ, ਮੰਗਤ ਰਾਮ**
**ਮੁੱਲ : 750 ਰੁਪਏ, ਪੰਨੇ ਸਜਿਲਦ : 494**

ਪ੍ਰਕਾਸ਼ਕ : ਸਿੰਘ ਬ੍ਰਦਰਜ਼ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਇਸ ਪੁਸਤਕ ਦੇ 16 ਅਧਿਆਇ ਹਨ (1) ਸੈੱਟ (2) ਬੇਰੁਖੀ (3) ਰੋਸ, (4) ਰੋਗ (5) ਆਸਥਾ (6) ਮਰਦਾਨਗੀ (7) ਦਵਾ (8) ਪਾਣੀ (9) ਜ਼ਮੀਨ (10) ਕਰਜ਼ਾ (11) ਜਾਤ (12) ਪਤਿਤ (13) ਸਿੱਖਿਆ (14) ਸਿੱਖਿਆ (15) ਲਾਸ਼ਾਂ (16) ਜਨਮ ਦਿਨ।



ਇਹ ਪੁਸਤਕ ਪੰਜਾਬ ਦੇ ਇਤਿਹਾਸਕ, ਭੂਗੋਲਿਕ, ਸਮਾਜਕ, ਸੱਭਿਆਚਾਰਕ ਅਤੇ ਹਰ ਕਾਲ ਦੀਆਂ ਸਥਿਤੀਆਂ-ਪ੍ਰਸਥਿਤੀਆਂ ਸੰਬੰਧੀ ਸੰਪੂਰਨ ਜਾਣਕਾਰੀ ਦੇਣ ਵਾਲੀ ਅਦੁੱਤੀ ਪੁਸਤਕ ਹੈ। ਜਿਨ੍ਹਾਂ 16 ਅਧਿਆਵਾਂ ਦਾ ਪਾਠ ਕਰਦਿਆਂ ਅਸੀਂ ਪੰਜਾਬ ਨੂੰ ਜਾਣਨ-ਪਹਿਚਾਣਨ ਹੀ ਲੱਗੇ ਹਾਂ, ਬਲਕਿ ਪੰਜਾਬ ਦੇ ਵਰਤਮਾਨ ਅਤੇ ਅਤੀਤ ਦਾ ਨਿਰਪੱਖ, ਗਿਆਨ-ਵਿਗਿਆਨ ਦ੍ਰਿਸ਼ਟੀ, ਇਤਿਹਾਸ, ਭੂਗੋਲ, ਅਤੀਤ ਅਤੇ ਵਰਤਮਾਨ ਵੀ ਸਮਝਣ ਲੱਗੇ ਹਾਂ। ਪੁਸਤਕ ਵਿੱਚ ਜੋ ਜਾਣਕਾਰੀ ਦੇਣ ਦਾ ਵਧੀਆ ਅਤੇ ਗਿਆਨਕ-ਵਿਗਿਆਨਕ ਦ੍ਰਿਸ਼ਟੀ ਤੋਂ ਉਪਰਾਲਾ ਕੀਤਾ ਗਿਆ ਹੈ, ਉਸ ਦਾ ਅਧਿਐਨ ਕਰਨ ਉਪਰੰਤ ਅਸੀਂ ਨਿਰਸੰਦੇਹ ਇਹ ਕਹਿ ਸਕਦੇ ਹਾਂ ਕਿ ਸੱਚਮੁੱਚ ਇਹ ਪੁਸਤਕ ਇਤਿਹਾਸਕ, ਸੱਭਿਆਚਾਰਕ, ਇਤਿਹਾਸਕ ਵਰਤਮਾਨ ਦੇ ਅਧਿਐਨ ਲਈ ਬਹੁਤ ਨਿਵੇਕਲੀ ਕਿਸਮ ਦੀ ਪੁਸਤਕ ਹੈ, ਜਿਸ ਨੂੰ ਹੋਰ ਵੀ ਪੰਜਾਬੀ ਨਾਗਰਿਕਾਂ ਨੂੰ ਪੜ੍ਹਨਾ ਅਤੇ ਪੜ੍ਹਾਉਣਾ ਚਾਹੀਦਾ ਹੈ।

ਲੇਖਕ ਨੇ ਪੰਜਾਬ ਦੇ ਨਾਜ਼ੁਕ ਨਾ-ਖੁਸ਼ਗਵਾਰ ਦਿਨਾਂ ਦੀਆਂ ਤਸਵੀਰਾਂ, ਤਲਖ਼-ਹਾਲਤਾਂ ਦਾ ਜ਼ਿਕਰ ਭਾਵੁਕੀ ਲਹਿਜ਼ੇ ਵਿੱਚ ਕੀਤਾ ਹੈ। ਉਹ ਤਸਵੀਰਾਂ ਦੇਖੀਆਂ ਹਨ, ਜਿਨ੍ਹਾਂ ਦੀ ਯਾਦ ਬੀਤੇ ਦਿਨਾਂ ਦੇ ਨਾਜ਼ੁਕ ਸਮੇਂ ਨਾਲ ਸੰਬੰਧਤ ਹੈ। ਉਸ ਸ਼ਖ਼ਸ ਦੀਆਂ ਤਸਵੀਰਾਂ ਦਾ ਉਹ ਜ਼ਿਕਰ ਕਰਦਾ ਹੈ, ਜਿਨ੍ਹਾਂ ਨੂੰ ਦੇਖ-ਸਮਝ ਕੇ ਪੰਜਾਬ ਦੀ ਨਾਜ਼ੁਕ, ਅਸਥਿਰ ਅਤੇ ਡਾਵਾਂਡੋਲ ਸਥਿਤੀ ਦਾ ਲਿਖਤੀ ਨਾਜ਼ੁਕ ਇਤਿਹਾਸ ਸਾਡੇ ਸਾਹਮਣੇ ਆਉਂਦਾ ਹੈ। ਲੇਖਕ ਉਹਨਾਂ ਦਿਨਾਂ ਦੇ ਆਗੂਆਂ ਦੀਆਂ ਤਸਵੀਰਾਂ ਦੇਖ ਬਿਆਨ ਕਰਦਾ ਹੈ ਕਿ ਉਸ ਸਮੇਂ ਦੇ ਪੰਜਾਬ ਦੇ ਨਾਜ਼ੁਕ ਸਮੇਂ ਦੇ ਰਾਜਨੀਤੀ ਦੇ ਦੋ ਬੁਲੰਦ ਨੇਤਾਵਾਂ ਵਿਚਕਾਰ ਪਾੜਾ ਵਧ ਰਿਹਾ ਹੈ। ਫੋਟੋਆਂ ਦੇਖ ਜਾਪਦਾ ਸੀ ਕਿ ਤਸਵੀਰਾਂ ਵਿੱਚ ਵਿਖਾਈ ਦਿੰਦੇ ਲੋਕਾਂ ਨੂੰ ਕਾਬੂ ਕਰਨ ਲਈ ਜੋ ਰਸਤਾ ਅਤੇ ਢੰਗ ਅਪਨਾਇਆ ਗਿਆ, ਉਸ ਦੀ ਥਾਂ ਹੋਰ ਅਨੇਕ ਰਸਤੇ ਸਨ, ਜਿਨ੍ਹਾਂ ਨੂੰ ਅਪਨਾ ਕੇ ਉਦੇਸ਼-ਪੂਰਤੀ ਪ੍ਰਾਪਤ ਕੀਤੀ ਜਾ ਸਕਦੀ ਸੀ। ਪੁਸਤਕ ਇਤਿਹਾਸ ਤਾਂ ਹੈ, ਕਿ ਕਥਾ-ਕਹਾਣੀਆਂ, ਅਤੀਤ ਦੇ ਪਰਸੰਗ, ਭਾਵੇਂ 'ਹੁਣੇ-ਹੁਣੇ ਬੀਤੇ ਅੱਖੀਂ ਦੇਖੇ, ਹੰਡੀਂ ਹੰਢਾਏ ਹਨ, ਪਰ ਅਤੀਤ ਨਾਲ ਸੰਬੰਧਤ ਹਨ। ਹੁਣ ਪੰਜਾਬ ਦੇ ਨਾਜ਼ੁਕ ਦੌਰ ਦੇ ਇਹ ਪ੍ਰਸੰਗ ਆਖਰ ਇਤਿਹਾਸ ਬਣ ਚੁੱਕੇ ਹਨ। ਕਰਫਿਊ ਲੱਗੇ ਸ਼ਹਿਰਾਂ ਦੀਆਂ ਘਟਨਾਵਾਂ, ਉਹਨਾਂ ਦਿਨਾਂ ਦੀਆਂ ਤੰਗੀਆਂ-ਤੁਰਸ਼ੀਆਂ ਦੀਆਂ ਘਟਨਾਵਾਂ ਜ਼ਿਕਰ ਕਰਦੇ ਇਹ ਬਿਰਤਾਂਤ, ਪੰਜਾਬ ਦੇ ਜ਼ਖਮੀ ਇਤਿਹਾਸ ਉੱਪਰ ਧੱਬਾ ਬਣ ਚੁੱਕੇ ਹਨ। ਅਨੇਕਾਂ ਪ੍ਰਸੰਗਾਂ ਦੇ ਜਿਉਂਦੇ-ਜਾਗਦੇ ਪ੍ਰਸੰਗ, ਲੇਖਕ ਦੇ ਤਨ-ਬੁੱਧੀ ਅਤੇ ਚੇਤਨਾ ਉੱਪਰ ਡੂੰਘੇ ਦਾਗ ਸੱਟ ਬਣ ਕੇ ਕੌੜੀਆਂ ਯਾਦਾਂ ਹੀ ਬਾਕੀ ਹਨ। ਲੇਖਕ ਦਾ ਇਹ ਕਥਨ ਸੱਚ ਬੋਲਦਾ ਹੈ ਕਿ ਅੱਜ ਵਰਗੇ ਨਾਜ਼ੁਕ ਹਾਲਾਤ, ਬੀਤੇ ਇਤਿਹਾਸ ਦੇ ਪ੍ਰਸੰਗ ਬਣ ਕੇ ਰਹਿ ਗਏ ਹਨ, ਜਿਨ੍ਹਾਂ ਨੇ ਸਾਡੇ ਸੱਭਿਆਚਾਰ ਅਤੇ ਧਾਰਮਿਕ ਸੋਚ ਉੱਪਰ ਘਾਤਕ ਹਮਲੇ ਕੀਤੇ ਸਨ। ਕਾਲ ਪੈਂਦੇ ਰਹੇ, ਬਿਮਾਰੀਆਂ, ਤੰਗੀਆਂ, ਵਿਦੇਸ਼ੀ ਹਮਲਿਆਂ ਨੇ ਸਾਡੇ ਸਥਾਪਤ ਹੋਏ ਸਮਾਜਿਕ ਤੇ ਸੱਭਿਆਚਾਰਕ ਸੰਬੰਧਾਂ ਨੂੰ ਖਤਮ ਕਰਨ ਦੇ ਯਤਨ ਕੀਤੇ ਸਨ। ਲੋਕ ਨਿਹੋਰੇ ਕਰ ਰਹੇ ਸਨ, 'ਅਸੀਂ ਹਿੰਦੋਸਤਾਨ ਨੂੰ ਬਚਾਇਆ, ਹੁਣ ਹਿੰਦੋਸਤਾਨ ਸਾਨੂੰ ਵਿਸਾਰੀ ਜਾ ਰਿਹਾ ਹੈ।' ਇਹ ਕੌੜੇ ਕਥਨ ਉਹਨਾਂ ਮਾਰੂ ਘਟਨਾਵਾਂ ਨੂੰ ਝੱਲਦੇ ਹੋਏ ਲੋਕਾਂ ਦੇ ਧੁਰ ਅੰਦਰੋਂ, ਨਿਹੋਰੇ ਮਾਰ ਕੇ ਨਿਕਲ ਰਹੇ ਸਨ। ਹਾਲਾਤ ਦੇ ਦਰਦ ਜਾਨਣ ਲਈ ਲੋਕਾਂ ਵਿੱਚ ਘੁੰਮਣਾ ਚਾਹੀਦਾ ਹੈ। ਕਿੱਧਰੇ ਕੋਈ ਬੇਇਨਸਾਫੀ ਦੇ ਦੁੱਖ ਬੋਲ ਰਹੇ ਹਨ, ਕਿੱਧਰੇ ਕਿਰਸਾਨ ਮੋਰਚੇ ਲਗਾ ਰਹੇ ਹਨ।

ਇਸ ਪੁਸਤਕ ਦੇ 16 ਅਧਿਆਇ ਹਨ, ਹਰ ਅਧਿਆਇ ਵਿੱਚ ਉਨ੍ਹਾ ਘਟਨਾਵਾਂ ਦਾ ਜ਼ਿਕਰ ਹੈ, ਜਿਨ੍ਹਾਂ ਕਾਰਨ ਹਕੂਮਤਾਂ, ਲੋਕ ਆਵਾਜ਼ ਨੂੰ ਕੁਚਲ ਕੇ, ਉਹਨਾਂ ਨੂੰ ਸੰਘਰਸ਼ ਕਰਨ, ਮੋਰਚੇ ਲਾਉਣ, ਮਰਨ-ਵਰਤ ਰੱਖਣ, ਪੁਲਸ ਦੀਆਂ ਤਸ਼ੱਦਦਨੁਮਾ ਵਧੀਕੀਆਂ ਦਾ ਜ਼ਿਕਰ ਹੈ।

ਰਾਜਨੀਤਕ ਦ੍ਰਿਸ਼ਟੀ ਤੋਂ ਪਿਛਲੇ ਤਿੰਨ ਦਹਾਕੇ ਤੋਂ ਕੇਂਦਰੀ ਸਰਕਾਰ ਸਥਾਪਤ ਹੋਈ ਹੈ। ਸਭ ਕੁਝ ਉਸ ਨੇ ਬਦਲ ਦਿੱਤਾ ਹੈ। ਪਿਛਲੇ ਤਿੰਨ ਦਹਾਕਿਆਂ ਦੀਆਂ ਨੀਤੀਆਂ ਲਈ ਬਦਨੀਅਤ ਬਣ ਕੇ ਉਹਨਾਂ ਆਵਾਜ਼ਾਂ ਨੂੰ ਦਬਾਅ ਰਹੀ ਹੈ, ਜਿਨ੍ਹਾਂ ਨੂੰ ਵਿਰੋਧੀ ਰਾਜਨੀਤਕ ਪਾਰਟੀਆਂ ਦੀ ਆਵਾਜ਼ ਕਹਿ ਰਹੇ ਹਾਂ।

ਲੇਖਕ ਕਦੇ ਇਤਿਹਾਸ ਫਰੋਲਦਾ ਹੈ, ਹੋਏ ਦੰਗਿਆਂ, ਪਏ ਸੋਕਿਆਂ ਕਾਰਨ ਬੰਗਾਲ ਦੇ 43 ਲੱਖ ਲੋਕਾਂ ਦੀ ਮੌਤ ਦੇ ਕੌੜੇ ਸੱਚ ਨੂੰ ਯਾਦ ਕਰਦਾ, ਆਪਣੇ ਸੁਤੰਤਰ ਖਿਆਲਾਂ ਦੀਆਂ ਆਵਾਜ਼ਾਂ ਬੁਲੰਦ ਕਰਦਾ, ਸਮੁੱਚੇ ਦੇਸ਼ ਦੇ ਹਾਲਾਤ ਦਾ ਸੱਚ ਬਿਆਨ ਕਰਦਾ ਹੈ।

ਪੁਸਤਕ ਦੇ ਲੇਖਕ ਨੇ ਹਕੀਕਤ ਪਸੰਦ ਲੋਕ ਪੱਖੀ ਨੀਤੀ ਨੂੰ ਜਿਊਂਦਾ ਰੱਖਣ ਲਈ ਕਰੋਧ ਵਿਰੋਧ ਦੀਆਂ ਦਲੀਲਾਂ ਦਿੱਤੀਆਂ ਹਨ। ਪੁਸਤਕ ਇਤਿਹਾਸਕ, ਰਾਜਨੀਤਕ, ਸੱਭਿਆਚਾਰਕ ਦ੍ਰਿਸ਼ਟੀ ਤੋਂ ਪਾਠਕਾਂ ਨੂੰ ਸੁਚੇਤ ਕਰਦੀ ਹੈ ਕਿ 'ਸੁਚੇਤ ਰਹੋ, ਹੱਕ-ਸੱਚ ਦੀ ਰਾਖੀ ਕਰੋ, ਲੋਕ ਮਾਰੂ ਸ਼ਕਤੀਆਂ ਦੀ ਪਛਾਣ ਕਰਕੇ ਉਹਨਾਂ ਦਾ ਵਿਰੋਧ ਕਰੋ।' ਪਾਠਕ ਪੁਸਤਕ ਦੇ ਹਰ ਅਧਿਆਇ ਦੇ ਪਾਠ ਪਿੱਛੋਂ ਅਨੁਭਵ ਕਰਨਗੇ ਕਿ ਸਮੁੱਚੇ ਭਾਰਤ ਵਿੱਚ ਅਸਲ ਰਾਜਨੀਤਕ, ਸੱਭਿਆਚਾਰਕ, ਆਰਥਿਕ ਹਾਲਾਤ ਖਰਾਬ ਕਰਨ ਦਾ ਕੌਣ ਜ਼ਿੰਮੇਵਾਰ ਹੈ। ਪੁਸਤਕ ਦਾ ਪੰਜਾਬੀ ਅਨੁਵਾਦ ਸਰਲ, ਢੁਕਵਾਂ ਅਤੇ ਲੋਕ ਬੋਲੀ ਅਨੁਸਾਰ ਹੈ।

**ਸੰਪਰਕ** : 84378-73565, 88376-84173

## ਕਿਵ ਕੂੜੈ ਤੁਟੇ ਪਾਲਿ

**ਇੰਦਰਜੀਤ ਚੁਗਾਵਾਂ**
**ਪੰਨੇ : 144, ਮੁੱਲ : 200 ਰੁਪਏ**
**ਕੁਕਨੁਸ ਪ੍ਰਕਾਸ਼ਨ, ਜਲੰਧਰ**

ਇੰਦਰਜੀਤ ਜਾਂ ਇੰਦਰਜੀਤ ਚੁਗਾਵਾਂ ਦਾ ਆਪਣੀ ਜ਼ਿੰਦਗੀ ਦੇ ਪਹਿਲੇ ਦੌਰ ਵਿੱਚ ਲੰਬਾ ਸਮਾਂ ਵਾਹ ਪੱਤਰਕਾਰੀ ਨਾਲ ਪਿਆ। ਪੱਤਰਕਾਰੀ ਵੀ ਉਹ ਜਿਸ ਬਾਰੇ ਲੋਕ ਰਾਇ ਇਹ ਬਣਦੀ ਹੈ ਕਿ ਉਹ ਅਦਾਰੇ ਲੋਕ ਪੱਖੀ ਪੱਤਰਕਾਰੀ ਕਰਦੇ ਹਨ। ਪੰਜਾਬੀ ਵਿੱਚ ਜਲੰਧਰ ਵਿਖੇ ਲੋਕ ਲਹਿਰ ਅਤੇ ਨਵਾਂ ਜ਼ਮਾਨਾ ਇਸ ਲਈ ਜਾਣੇ ਜਾਂਦੇ ਹਨ। ਲੋਕ ਲਹਿਰ ਤਾਂ ਹੁਣ ਨਾਂਅ ਬਦਲ ਕੇ ਜਲੰਧਰੋਂ ਰਾਜਧਾਨੀ ਵਿੱਚ ਚਲੇ ਗਈ ਹੈ, ਪਰ ਨਵਾਂ ਜ਼ਮਾਨਾ, ਜਿਸ ਵਿੱਚ ਇੰਦਰਜੀਤ ਢਾਈ ਦਹਾਕੇ ਤੋਂ ਵੱਧ ਸਮਾਂ ਜੁੜਿਆ ਰਿਹਾ, ਅਜੇ ਵੀ ਆਪਣਾ ਲੋਕ ਪੱਖੀ ਫਰਜ਼ ਨਿਭਾਈ ਜਾ ਰਿਹਾ ਹੈ। ਇਹਨਾਂ ਅਦਾਰਿਆਂ ਦਾ ਜ਼ਿਕਰ ਕਰਨਾ ਇਸ ਕਰਕੇ ਜ਼ਰੂਰੀ ਹੈ ਕਿ ਇੰਦਰਜੀਤ ਦੇ ਵਿਅਕਤੀਤਵ ਨੂੰ ਨਿਖਾਰਨ ਵਿੱਚ ਇਹਨਾਂ ਦੀ ਅਹਿਮ ਭੂਮਿਕਾ ਹੈ, ਇਸ ਤੱਥ ਨੂੰ ਉਹ ਆਪ ਵੀ ਸਵੀਕਾਰ ਕਰਦਾ ਹੈ। ਇੰਦਰਜੀਤ ਸ਼ਬਦ ਦੀ ਸ਼ਕਤੀ ਨੂੰ ਪਹਿਚਾਣਦਾ ਵੀ ਹੈ ਅਤੇ ਉਸ ਨੂੰ ਸ਼ਬਦ ਦੀ ਅਹਿਮੀਅਤ ਦਾ ਪਤਾ ਹੋਣ ਕਰਕੇ ਉਸ ਦੀ ਢੁਕਵੀਂ ਵਰਤੋਂ ਦੀ ਜੁਗਤ ਵੀ ਆਉਂਦੀ ਹੈ, ਜਿਸ ਦੀ ਝਲਕ ਉਸ ਦੀ ਇਸ ਵਾਰਤਕ ਪੁਸਤਕ ਵਿੱਚ ਦੇਖੀ ਜਾ ਸਕਦੀ ਹੈ।

ਗੁਰੂ ਨਾਨਕ ਦੀ ਰਚਨਾ ਵਿੱਚੋਂ 'ਸਚਿਆਰਾ' ਹੋਣ ਦੀ ਜੁਗਤ ਲੱਭ ਕੇ 'ਕੂੜ ਦੀ ਪਾਲ' ਨੂੰ ਤੋੜਨ ਜਾਂ ਉਲੰਘਣ ਦੀ ਚੇਸ਼ਟਾ ਇੰਦਰਜੀਤ ਦੇ ਮਨ ਵਿੱਚ ਹਮੇਸ਼ਾ ਪਨਪਦੀ ਰਹੀ। ਜਦੋਂ ਉਹ ਪੱਤਰਕਾਰੀ ਦੇ ਕਿੱਤੇ ਵਿੱਚ ਕਾਰਜਸ਼ੀਲ ਰਿਹਾ ਤਾਂ ਹਮੇਸ਼ਾ ਉਹ ਸਮਾਜ ਦੇ ਉਹਨਾਂ ਵਰਤਾਰਿਆਂ ਤੋਂ ਦੁਖੀ ਵੀ ਹੁੰਦਾ ਰਿਹਾ ਅਤੇ ਉਹਨਾਂ ਦਾ ਮੁਸੱਲਸਲ ਵਿਰੋਧ ਵੀ ਕਰਦਾ ਰਿਹਾ, ਜੋ ਉਸ ਨੂੰ ਲੱਗਦਾ ਸੀ ਕਿ ਇਹ ਲੋਕ ਵਿਰੋਧੀ ਹਨ। ਉਹਨਾਂ ਵਰਤਾਰਿਆਂ ਨੇ ਸਮਾਜ ਵਿੱਚ ਬੇਗਮਪੁਰਾ ਨਹੀਂ ਉਸਰਨ ਦਿੱਤਾ, ਪਰ ਨਾਲ ਹੀ ਉਹ ਉਹਨਾਂ ਲੋਕਾਂ/ਅਦਾਰਿਆਂ ਦੇ ਵਿਰੋਧ ਤੋਂ ਵੀ ਗੁਰੇਜ਼ ਨਹੀਂ ਸੀ ਕਰਦਾ, ਜੋ ਬੇਗਮਪੁਰਾ ਉਸਰਨ ਦੇ ਰਾਹ ਦੇ ਰੋੜੇ ਬਣਦੇ ਰਹੇ।

ਇਸ ਪੁਸਤਕ ਦੇ ਸੰਪਾਦਕ ਸੁਸ਼ੀਲ ਦੁਸਾਂਝ ਹਨ। ਨਵਾਂ ਜ਼ਮਾਨਾ ਦੇ ਮੁੱਖ ਸੰਪਾਦਕ ਰਹੇ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਵੱਡੇ ਨਾਂਅ ਵਜੋਂ ਉੱਭਰੇ ਜਤਿੰਦਰ ਪਨੂੰ ਅਤੇ ਵਿਚਾਰਵਾਨ ਅਤੇ ਅਕਾਦਮਿਕ ਖੇਤਰ ਵਿਚਲੇ ਵੱਡੇ ਨਾਂਅ ਡਾ. ਕਰਮਜੀਤ ਸਿੰਘ ਨੇ ਇਸ ਪੁਸਤਕ ਦੀ ਭੂਮਿਕਾ/ਮੁੱਖ ਬੰਦ ਵਿੱਚ ਇਸ ਪੁਸਤਕ ਦੇ ਮਹੱਤਵ ਅਤੇ ਉਸ ਵਿਚਲੀਆਂ ਖੂਬੀਆਂ ਦੀ ਗੱਲ ਕੀਤੀ ਹੈ। ਪਾਠਕ ਉਹ ਪੜ੍ਹ ਕੇ ਜਦੋਂ ਇਸ ਲਘੂ ਆਕਾਰ ਦੇ ਲੇਖਾਂ ਵਿੱਚੀਂ ਗੁਜ਼ਰਦਾ ਹੈ ਤਾਂ ਉਸ ਨੂੰ ਪੈਰ-ਪੈਰ 'ਤੇ ਉਹਨਾਂ ਵਿਦਵਾਨਾਂ ਦੀ ਗੱਲ ਦੀ ਲਗਾਤਾਰ ਤਸਦੀਕ ਹੁੰਦੀ ਜਾਂਦੀ ਹੈ। ਇਸ ਪੁਸਤਕ ਵਿੱਚ ਦੋ ਦਰਜਨ ਦੇ ਕਰੀਬ ਲਘੂ ਲੇਖ ਹਨ, ਜਿਨ੍ਹਾਂ ਵਿੱਚ ਇੰਦਰਜੀਤ ਆਪਣੇ ਸਮਕਾਲੀ ਵਰਤਾਰਿਆਂ ਨੂੰ ਪੜਚੋਲਵੀਂ ਨਜ਼ਰ ਨਾਲ ਦੇਖਦਾ ਹੈ ਅਤੇ ਉਸ ਦਾ ਬੇਬਾਕੀ ਨਾਲ ਬਿਆਨ ਵੀ ਕਰਦਾ ਹੈ। ਭਾਵੇਂ ਕਿਤੇ-ਕਿਤੇ ਉਹ ਆਪਣੀ ਸਹਿ-ਕਰਮੀਆਂ ਜਾਂ ਸਾਬਕਾ ਸਹਿਕਰਮੀਆਂ ਬਾਰੇ ਟਿੱਪਣੀ ਕਰਦਿਆਂ ਥੋੜ੍ਹੇ ਸੰਕੇਤ ਵੀ ਵਰਤਦਾ ਹੈ, ਪਰ ਜਿਹੜੇ ਲੋਕ ਉਸ ਦੇ ਨੇੜੇ ਰਹੇ ਹਨ ਜਾਂ ਸੰਕੇਤ ਵਾਲੇ ਵਿਅਕਤੀ ਨੂੰ ਜਾਣਦੇ ਹਨ, ਉਹ ਇਸ ਸੰਕੇਤ ਵਿਚਲੀ ਰਮਜ਼ ਨੂੰ ਸਹਿਜੇ ਹੀ ਸਮਝਣ ਦੇ ਸਮਰੱਥ ਹੁੰਦੇ ਹਨ।

ਇਹਨਾਂ ਲੇਖਾਂ ਵਿੱਚ ਪੰਜਾਬ ਵਿੱਚ ਫੈਲ ਚੁੱਕੇ ਨਸ਼ਿਆਂ ਨੂੰ ਖਾਸ ਕਰਕੇ 'ਚਿੱਟੇ' ਦੀ ਮਾਰ ਨੂੰ ਉਹ ਇੱਕ ਵਬਾ ਦੇ ਤੌਰ 'ਤੇ ਸਮਝਦਾ ਹੈ, ਜੋ ਅਫਗਾਨਿਸਤਾਨ ਤੋਂ ਪਾਕਿਸਤਾਨ, ਪੰਜਾਬ ਅਤੇ ਇੱਥੋਂ ਅਮਰੀਕਾ, ਕੈਨੇਡਾ ਤੱਕ ਫੈਲ ਚੁੱਕਾ ਹੈ। ਅੰਧ ਰਾਸ਼ਟਰ ਭਗਤੀ ਵਿੱਚ ਭਗਤ ਸਿੰਘ ਹੁਰਾਂ ਦੀ ਵਿਚਾਰਧਾਰਾ ਦਾ ਕੀ ਬਣਿਆ? ਉਸ ਦੇ ਸਾਹਮਣੇ ਇਹ ਇੱਕ ਬਹੁਤ ਵੱਡਾ ਸਵਾਲ ਹੈ। ਸਮਾਜਿਕ ਬਰਾਬਰੀ ਦਾ ਸੁਪਨਾ ਸਿਰਜਣ ਵਾਲੇ ਬਾਬਾ ਨਾਨਕ ਦੇ ਫਲਸਫੇ ਨੂੰ ਜਦੋਂ ਉਹ ਜਾਤ-ਪਾਤ ਜਾਂ ਲਿੰਗ-ਭੇਦ ਵਾਲੇ ਵਿਤਕਰਿਆਂ ਵਿੱਚ ਵਟਿਆ ਦੇਖਦਾ ਹੈ ਤਾਂ ਫਿਰ ਤੋਂ ਉਹ ਇੱਕ ਸੈਕੂਲਰ ਅਤੇ ਜਮਹੂਰੀ ਸਮਾਜ ਦੀ ਸਿਰਜਣਾ ਲੋੜਦਾ ਹੈ। ਇਸ ਲੋੜ ਦੀ ਪੂਰਤੀ ਉਹ ਜਾਗਦੀ-ਜ਼ਮੀਰ ਵਾਲੇ ਲੋਕਾਂ ਦੇ ਏਕੇ ਵਿੱਚੋਂ ਹੀ ਹੁੰਦੀ ਦੇਖਦਾ ਹੈ, ਜੋ ਕਿਸੇ ਵੀ ਸੰਕਟਕਾਲੀ ਸਮੇਂ ਦੀ ਲੋੜ ਹੁੰਦੀ ਹੈ। ਲੰਮੇ ਚੱਲੇ ਕਿਸਾਨੀ ਸੰਘਰਸ਼ ਨੂੰ ਦੂਰੋਂ ਬੈਠ ਕੇ ਨੇੜਿਓਂ ਵੇਖਦਾ ਹੋਇਆ ਇਸ ਮੋਰਚੇ ਦੀ ਜਿੱਤ-ਹਾਰ ਨੂੰ ਪਾਸੇ ਰੱਖਦਾ ਹੋਇਆ ਭੇਡੀਆਂ ਗਊਆਂ ਦੇ ਸਿੰਗ ਨਿਕਲਣ ਦੀ ਪ੍ਰਕਿਰਿਆ ਦੇਖ ਰਿਹਾ ਹੈ। ਇਹ ਅਸਲ ਵਿੱਚ ਵਾਰਤਕ ਹੁੰਦੀ ਹੋਈ ਵੀ ਇੱਕ ਉੱਚ-ਪਾਏ ਦੀ ਕਹਾਣੀ ਨਜ਼ਰ ਆ ਰਹੀ ਹੈ ਕਿ ਕਿਵੇਂ ਮਾਪਿਆਂ ਦੇ ਹਰ ਹੁਕਮ ਨੂੰ ਸਿਰ ਸੁੱਟ ਕੇ ਮੰਨਣ ਵਾਲੀ ਪੰਜਾਬੀ ਕੁੜੀ ਇਸ ਮੋਰਚੇ ਦੇ ਜਲੌਅ ਨੂੰ ਦੇਖ ਕੇ ਮਹਿਸੂਸ ਕਰਦੀ ਹੈ ਕਿ ਜੇ 'ਆਪਣੀ' ਜ਼ਿੰਦਗੀ ਜਿਊਣੀ ਹੈ ਤਾਂ ਭੇਡੀਆਂ ਗਊਆਂ ਬਣ ਕੇ ਨਹੀਂ, ਸਗੋਂ ਵਿਰੋਧ ਕਰਨ ਦੀ ਜੁਗਤ ਵੀ ਆਉਣੀ ਚਾਹੀਦੀ ਹੈ। ਇਹ ਜੁਗਤ ਹੀ ਅਸਲ ਵਿੱਚ ਪੰਜਾਬੀ ਮਾਨਸਿਕਤਾ ਦੀ ਪਛਾਣ ਹੈ, ਜਿਸ ਖੁਰਦੀ ਜਾ ਰਹੀ ਨੂੰ ਕਿਸਾਨੀ ਮੋਰਚੇ ਨੇ ਫਿਰ ਖੜੀ ਕਰਨ ਦਾ ਯਤਨ ਹੀ ਨਹੀਂ ਕੀਤਾ ਸਗੋਂ ਪੱਕੇ ਪੈਰੀਂ ਖੜੀ ਕਰਨ ਦਾ ਜਲਵਾ ਦਿਖਾਇਆ। ਅਜੇ ਦੇਰ ਤੱਕ ਇਸ ਜਲਵੇ ਦਾ ਜਲੌਅ ਕਾਇਮ ਰਹੇਗਾ ਅਤੇ ਇਸ ਜਲੌਅ ਆਸਰੇ ਹੀ ਇੰਦਰਜੀਤ ਕੂੜ ਦੀ ਪਾਲਿ ਤੋੜਨ ਦਾ ਸੁਪਨਾ ਸਿਰਜਦਾ ਹੈ।

ਪਰਵਾਸੀਆਂ ਦੀ ਜ਼ਿੰਦਗੀ ਵਿੱਚ ਨਸਲੀ ਹਿੰਸਾ/ਨਫਰਤ ਇੱਕ ਮੁੱਖ ਮੁੱਦਾ ਹੈ, ਭਾਵੇਂ ਇਸ ਦੀ ਸ਼ਿੱਦਤ ਪਹਿਲਾਂ ਵਰਗੀ ਨਹੀਂ ਰਹੀ, ਪਰ ਫਿਰ ਵੀ ਕੁਝ ਸਿਰਫਿਰੇ ਲੋਕ ਅਤੇ ਉਹਨਾ ਦੀ ਪਿੱਠ ਥਾਪੜਦੇ ਸਿਰਫਿਰੇ ਹਾਕਮ ਇਸ ਨੂੰ ਤੂਲ ਦਿੰਦੇ ਆ ਰਹੇ ਹਨ, ਜਿਸ ਕਰਕੇ ਇੱਕਾ-ਦੁੱਕਾ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਦਾ ਜ਼ਿਕਰ ਇੰਦਰਜੀਤ ਵੀ ਕਰਦਾ ਹੈ। ਮਾਨਸਿਕ ਅਪਾਹਜਤਾ ਨੂੰ ਉਹ ਸਭ ਤੋਂ ਖਤਰਨਾਕ ਕਹਿ ਰਿਹਾ ਹੈ। ਮੈਨੂੰ ਇਹ ਲੇਖ ਪੜ੍ਹਦਿਆਂ ਸਾਡੇ ਯੁੱਗ ਦਾ ਵੱਡਾ ਸ਼ਾਇਰ ਪਾਸ਼ ਯਾਦ ਆ ਰਿਹਾ ਹੈ। ਸਭ ਤੋਂ ਖਤਰਨਾਕ ਅਸਲ ਵਿੱਚ ਇਹ ਮਾਨਸਿਕ ਅਪਾਹਜਤਾ ਹੀ ਹੈ, ਜੋ ਮਨੁੱਖ ਨੂੰ ਜੀਉਂਦੇ ਰਹਿਣ ਅਤੇ ਜੀਊਣ ਵਿਚਲੇ ਫਰਕ ਨੂੰ ਸਮਝਣ ਤੋਂ ਅਸਮਰੱਥ ਕਰਦੀ ਹੈ। ਅਜਿਹੇ ਹੋਰ ਮਸਲਿਆਂ ਦਾ ਜ਼ਿਕਰ ਵੀ ਉਹ ਆਪਣੇ ਵੱਖੋ-ਵੱਖਰੇ ਲੇਖਾਂ ਵਿੱਚ ਕਰਦਾ ਹੈ। ਇੰਦਰਜੀਤ ਕੋਲ ਵਾਰਤਕ ਸ਼ੈਲੀ ਦੀ ਨਿਵੇਕਲੀ ਕਲਾ ਹੈ, ਉਹ ਪਾਠਕਾਂ ਦੀ ਨਬਜ਼ ਨੂੰ ਸਮਝਦਾ ਹੈ, ਉਸ ਅਨੁਸਾਰ ਹੀ ਸ਼ਬਦ ਚੁਣਦਾ ਹੈ, ਭਾਵੇਂ ਪਾਠਕ ਨੂੰ ਇਸ ਪੁਸਤਕ ਵਿਚਲੇ ਲੱਗਭੱਗ ਸਾਰੇ ਹੀ ਲੇਖਾਂ ਦੇ ਲੰਮੇ-ਲੰਮੇ ਸਿਰਲੇਖ ਰੜਕਣਗੇ, ਪਰ ਇਹ ਸ਼ਾਇਦ ਉਸ ਦੇ ਪੱਤਰਕਾਰੀ ਵਾਲੇ ਪਿਛੋਕੜ ਕਰਕੇ ਹੀ ਹੋਣ। ਉਂਜ ਜੇ ਸੰਖੇਪ ਹੁੰਦੇ ਤਾਂ ਵਧੇਰੇ ਪ੍ਰਭਾਵਸ਼ਾਲੀ ਬਣਦੇ। ਇਹ ਇੱਕ ਪੜ੍ਹਨਯੋਗ ਪੁਸਤਕ ਹੈ।

**- ਹਰਜਿੰਦਰ ਸਿੰਘ ਅਟਵਾਲ (ਡਾ.)**

## ਸਮਾਜਿਕ ਸਰੋਕਾਰਾਂ ਦਾ ਮਿੰਨੀ ਕਹਾਣੀ ਸੰਗ੍ਰਹਿ

**ਸ਼ਕਤੀ ਪ੍ਰਦਰਸ਼ਨ**
**—ਹੀਰਾ ਸਿੰਘ ਤੂਤ**
**ਪੰਨੇ-72, ਮੁੱਲ-120 ਰੁਪਏ**
**ਸਹਿਜ ਪਬਲੀਕੇਸ਼ਨ ਸਮਾਣਾ, ਪਟਿਆਲਾ**

ਹੀਰਾ ਸਿੰਘ ਤੂਤ ਨੇ ਉਪਰੋਥਲੀ ਕਿਤਾਬਾਂ ਲਿਖ ਕੇ ਪੰਜਾਬੀ ਸਾਹਿਤ ਵਿਚ ਆਪਣਾ ਚਰਚਾਯੋਗ ਸਥਾਨ ਬਣਾ ਲਿਆ ਹੈ। ਉਸ ਦੇ ਹੁਣ ਤੱਕ 8 ਕਾਵਿ ਸੰਗ੍ਰਹਿ, ਕਹਾਣੀ ਸੰਗ੍ਰਹਿ, ਬਾਲ ਕਥਾਵਾਂ, ਨਾਵਲ ਬੱਸ ਏਦਾਂ ਹੀ, ਦੋ ਮਿੰਨੀ ਕਹਾਣੀ ਸੰਗ੍ਰਹਿ ਤੇ ਸਾਂਝੇ ਸੰਗ੍ਰਹਿ ਛਪੇ ਹਨ। ਕੁਝ ਕਿਤਾਬਾਂ ਦੇ ਦੂਸਰੇ ਆਡੀਸ਼ਨ ਵੀ ਛਪੇ ਹਨ। ਚਰਚਾ ਅਧੀਨ ਕਿਤਾਬ ਸੂਚੀ ਵਿਚ 2019 ਵਿਚ ਛਪੀ ਵਿਖਾਈ ਹੈ, ਪਰ ਕਿਤਾਬ 'ਤੇ ਪਹਿਲੀ ਵਾਰ ਛਪੀ 2022 ਹੈ। ਕੀ ਇਹ ਦੂਸਰਾ ਆਡੀਸ਼ਨ ਹੈ? ਇਸ ਬਾਰੇ ਕੋਈ ਪਤਾ ਨਹੀਂ ਲੱਗਦਾ। ਹਾਂ ਲੇਖਕ ਦਾ ਇਕ ਮਿੰਨੀ ਕਹਾਣੀ ਸੰਗ੍ਰਹਿ 'ਇਕ ਮੁੱਠ ਚੀਰਨੀ ਦੀ' ਪਿਛਲੇ ਸਾਲ ਛਪਿਆ ਸੀ। ਸਪੱਸ਼ਟ ਹੈ ਕਿ ਹੀਰਾ ਸਿੰਘ ਤੂਤ ਤੇਜ਼ ਰਫਤਾਰੀ ਲੇਖਕ ਹੈ। ਕਵਿਤਾ ਤੇ ਗਲਪ ਵਿਚ ਇਕੋ ਜਿਹੀ ਮੁਹਾਰਤ ਹਾਸਲ ਹੈ। ਸੰਗ੍ਰਹਿ ਵਿਚ 62 ਮਿੰਨੀ ਕਹਾਣੀਆਂ ਹਨ। ਲੇਖਕ ਨੇ ਜ਼ਿੰਦਗੀ ਦੇ ਨਿੱਕੇ-ਨਿੱਕੇ ਪਲਾਂ ਨੂੰ, ਘਟਨਾਵਾਂ ਨੂੰ, ਛਿਣ ਭਰ ਦੇ ਸੰਵਾਦ ਨੂੰ ਮਿੰਨੀ ਕਹਾਣੀ ਵਿਚ ਸਿਰਜਿਆ ਹੈ। ਪ੍ਰਸਿੱਧ ਆਲੋਚਕ ਨਿਰੰਜਨ ਬੋਹਾ ਨੇ ਸ਼ਕਤੀ ਪ੍ਰਦਰਸ਼ਨ ਦਾ ਸਵਾਗਤ ਕਰਦੇ ਲਿਖਿਆ ਹੈ-ਤੂਤ ਦੀਆਂ ਕਹਾਣੀਆਂ ਦੇ ਵਿਸ਼ੇ ਲੋਕ ਸਮੱਸਿਆਵਾਂ ਨਾਲ ਜੁੜ ਕੇ ਉਨ੍ਹਾਂ ਦੀ ਨਿਆਂ ਪੂਰਨ ਤਲਾਸ਼ ਕਰਦੇ ਹਨ। ਕੁਲਵਿੰਦਰ ਕੌਸ਼ਲ ਅਨੁਸਾਰ ਲੇਖਕ ਆਪਣੇ ਆਲੇ-ਦੁਆਲੇ ਦੀਆਂ ਘਟਨਾਵਾਂ ਨੂੰ ਮਿੰਨੀ ਕਹਾਣੀ ਰੂਪ ਦਿੰਦਾ ਹੈ। ਵਿਵੇਕ ਕੋਟ ਈਸੇ ਖਾਂ ਨੇ ਲੇਖਕ ਦੇ ਨਜ਼ਰੀਏ ਤੇ ਸਾਹਿਤਕ ਵਿਚਾਰਧਾਰਾ ਦੀ ਪ੍ਰਸੰਸਾ ਕੀਤੀ ਹੈ। ਲੇਖਕ ਜ਼ਿੰਦਗੀ ਵਿਚ ਹੁੰਦੀ ਉਥਲ-ਪੁਥਲ ਨੂੰ ਵੇਖਦਾ, ਪਰਖਦਾ ਤੇ ਫਿਰ ਲਿਖਦਾ ਹੈ। ਸਪੱਸ਼ਟ ਹੈ ਕਿ ਹੀਰਾ ਸਿੰਘ ਤੂਤ ਮਿੰਨੀ ਕਹਾਣੀ ਲਿਖਣ ਵੇਲੇ ਕਾਹਲ ਨਹੀਂ ਕਰਦਾ, ਪੂਰੀ ਮਿਹਨਤ ਨਾਲ ਕਹਾਣੀ ਵਿਚ ਰੰਗ ਭਰਦਾ ਹੈ ਤੇ ਕਥਾਰਸ ਨਾਲ ਮਿੰਨੀ ਕਹਾਣੀ ਨੂੰ ਬਿਹਤਰ ਬਣਾਉਂਦਾ ਹੈ। ਉਹ ਸਮਝਦਾ ਹੈ ਕਿ ਮਿੰਨੀ ਕਹਾਣੀ ਲੇਖਕ ਦੀ ਸਮਾਜਿਕ ਜ਼ਿੰਮੇਵਾਰੀ ਹੈ। ਸੰਗ੍ਰਹਿ ਪੜ੍ਹ ਕੇ ਪਤਾ ਲੱਗਦਾ ਹੈ ਕਿ ਤੂਤ ਆਮ ਲੋਕਾਂ ਦਾ ਲੇਖਕ ਹੈ। ਪਹਿਲੀ ਰਚਨਾ ਹੈ 'ਚੋਰੀ'। ਇਸ ਦਾ ਪਾਤਰ ਐਨਾ ਸਾਊ ਹੈ ਕਿ ਦੁਕਾਨਦਾਰ ਤੋਂ ਸੌਦਾ ਲੈਣ ਵੇਲੇ ਪੰਜ ਸੌ ਰੁਪਏ ਵਾਪਸ ਲੈਣੇ ਸੀ। ਦੁਕਾਨਦਾਰ ਗਲਤੀ ਨਾਲ ਹਜ਼ਾਰ ਰੁਪਏ ਦੇ ਬੈਠਾ। ਹੁਣ ਮਨ ਵਿਚ ਸੀ ਕਿ ਬਾਕੀ ਪੰਜ ਸੌ ਦਾ ਕੀ ਕਰਾਂ? ਇਹ ਮਾਨਸਿਕ ਕਲਵਲ ਕੁਝ ਮਹੀਨੇ ਚੱਲਦੀ ਰਹੀ। ਅਖੀਰ ਇਹ ਕਹਿ ਕੇ ਮਨ ਨੂੰ ਤਸੱਲੀ ਦਿੱਤੀ ਕਿ ਐਨੀ ਕੁ ਚੋਰੀ ਨਾਲ ਕੀ ਫਰਕ ਪੈਂਦਾ, ਇਹ ਬਥੇਰਾ ਲੁੱਟਦੇ ਨੇ ਲੋਕਾਂ ਨੂੰ।

ਹੁਣ ਜੇ ਕੋਈ ਰਵਾਇਤੀ ਲੇਖਕ ਹੁੰਦਾ ਤਾਂ ਉਹ ਪੰਜ ਸੌ ਵਾਪਸ ਕਰਨ ਤੁਰ ਪੈਂਦਾ, ਪਰ ਲੇਖਕ ਨੇ ਅਜੋਕਾ ਯਥਾਰਥ ਪੇਸ਼ ਕਰਨਾ ਸੀ। ਸਮੇਂ ਦਾ ਦਸਤੂਰ ਵੀ ਇਹੋ ਹੈ। ਸਾਡੇ ਦੇਸ਼ ਵਿਚ ਇਮਾਨਦਾਰ ਤਾਂ ਭੁੱਖਾ ਮਰਦਾ ਹੈ, ਜਿਹੜਾ ਸਮੇਂ ਨਾਲ ਤੁਰਦਾ ਹੈ, ਲੱਗੀ ਲਾ ਜਾਂਦਾ ਹੈ। ਉਹ ਜ਼ਿੰਦਗੀ 'ਚ ਕਾਮਯਾਬ ਹੈ। ਹੋਰ ਕਹਾਣੀਆਂ ਵਿਚ ਵੀ ਇਸ ਕਿਸਮ ਦਾ ਸਮਕਾਲੀ ਸੱਚ ਹੈ। ਪੁਸਤਕ ਦੀਆਂ ਕਹਾਣੀਆਂ ਵਿਕਾਸ, ਕੁਰਬਾਨੀ, ਉਲ੍ਹਾਂਭਾ, ਸ਼ਕਤੀ ਪ੍ਰਦਰਸ਼ਨ, ਸ਼ਰੀਫ ਆਦਮੀ, ਲੂਣ ਵਾਲੇ ਬਿਸਕੁਟ, ਜ਼ਿੰਮੇਵਾਰੀ, ਰੱਬ ਦੇ ਟੀਕੇ, ਮਦਰ ਡੇਅ, ਪਾਗਲ ਔਰਤ, ਸਮੇਂ ਦਾ ਗੇੜ, ਕਮਲ ਕੁੱਤੇ, ਤਰਕਸ਼ੀਲ ਆਦਮੀ ਕਥਾ ਰਸ ਭਰਪੂਰ ਰਚਨਾਵਾਂ ਹਨ। ਮਿੰਨੀ ਕਹਾਣੀ ਦੇ ਖੋਜੀ ਤੇ ਸੰਪਾਦਕ ਡਾ. ਹਰਪ੍ਰੀਤ ਸਿੰਘ ਰਾਣਾ (ਪਟਿਆਲਾ) ਨੇ ਦਰੁਸਤ ਲਿਖਿਆ ਹੈ ਕਿ ਹੀਰਾ ਸਿੰਘ ਤੂਤ ਦੀਆਂ ਮਿੰਨੀ ਕਹਾਣੀਆਂ ਨਿਮਨ ਅਤੇ ਮੱਧਵਰਗੀ ਪੇਂਡੂ ਜੀਵਨ-ਸ਼ੈਲੀ ਨਾਲ ਜੁੜੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਪਰਿਪੇਖ ਵਿਚ ਉਭਾਰਨ ਦਾ ਸਕਾਰਾਤਮਕ ਉਪਰਾਲਾ ਹੈ। ਸੰਗ੍ਰਹਿ ਦਾ ਸਵਾਗਤ ਹੈ।

**—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

# ਸੱਜਰਾ ਸਾਹਿਤ

## ਕਾਵਿ ਚਿੰਤਨ

**ਕਰਤਾਰ ਕੈਂਥ**
**ਸੰਪਾਦਕ ਡਾ. ਜੋਗਿੰਦਰ ਸਿੰਘ ਨਿਰਾਲਾ**
**ਪੰਨੇ : 152, ਮੁੱਲ : 200 ਰੁਪਏ**
**ਤਾਲਿਫ ਪ੍ਰਕਾਸ਼ਨ, ਬਰਨਾਲਾ**



ਜਿੱਥੋਂ ਤੱਕ ਉਸ ਦੀ ਕਵਿਤਾਕਾਰੀ ਦਾ ਸੰਬੰਧ ਹੈ, ਇਸ ਸਮੇਂ ਦੌਰਾਨ ਉਹ ਕਮਿਊਨਿਸਟ ਵਿਚਾਰਧਾਰਾ ਦੇ ਪ੍ਰਭਾਵ ਵਿੱਚ ਆ ਚੁੱਕਿਆ ਸੀ। ਜਗੀਰ ਸਿੰਘ ਜਗਤਾਰ, ਹਰਨਾਮ ਸਿੰਘ ਚਮਕ, ਹਰਦਿੱਤ ਸਿੰਘ ਭੱਠਲ ਆਦਿ ਉਸ ਦੀ ਦੁਕਾਨ ਉੱਪਰ ਅਕਸਰ ਆਉਂਦੇ ਰਹਿੰਦੇ ਸਨ। ਉਹ ਵਧੇਰੇ ਮਾਰਕਸਵਾਦੀ ਪਾਰਟੀ ਦੇ ਨੇੜੇ ਸੀ। ਉਹਨਾਂ ਦਿਨਾਂ ਵਿੱਚ ਹੀ ਨਕਸਲਬਾੜੀ ਲਹਿਰ ਦਾ ਪ੍ਰਭਾਵ ਵਧਣ ਲੱਗਿਆ ਸੀ, ਪਰ ਜਗਤਾਰ ਦੀ ਸੰਗਤ ਕਰਕੇ ਉਸ ਨੇ ਕਵਿਤਾ ਵਿੱਚ ਮਾਰਕਸਵਾਦੀ ਪੈਂਤੜਾ ਹੀ ਅਪਨਾਇਆ। ਸਹੀ ਮਾਰਕਸਵਾਦੀ ਪਹੁੰਚ ਹੋਣ ਕਰਕੇ ਉਹ ਖੱਬੇ ਪੱਖੀ ਮਾਅਰਕੇਬਾਜ਼ੀ ਤੋਂ ਬਚਿਆ ਰਿਹਾ।

**-ਸੰਪਾਦਕ ਵੱਲੋਂ**

## ਖੁਸ਼-ਆਮਦੀਦ

**ਅਮਰਜੀਤ ਕੌਰ ਅਮਰ**
**(ਕਾਵਿ ਸੰਗ੍ਰਹਿ)**
**ਪੰਨੇ : 150, ਮੁੱਲ : 180 ਰੁਪਏ**
**ਬੁਕਬਾਰ ਪਬਲੀਸ਼ਿੰਗ ਹਾਊਸ, ਜਲੰਧਰ**



ਮਨੁੱਖੀ ਆਤਮਾ ਦੀ ਆਵਾਜ਼ ਨੂੰ ਵੀ ਕਵਿਤਾ ਕਹਿ ਸਕਦੇ ਹਾਂ। ਜੋ ਸਿਰਫ ਮਹਿਬੂਬਾ ਦੇ ਚੁੰਮਣ ਦੇ ਅਹਿਸਾਸ ਨੂੰ ਹੀ ਨਹੀਂ, ਬਲਕਿ ਅਜੋਕੇ ਸਮੇਂ ਕਵਿਤਾ ਸਮਾਜਿਕ ਬਣਤਰ, ਆਰਥਿਕ ਤੇ ਰਾਜਨੀਤਕ ਅਸਥਿਰਤਾ, ਸੱਭਿਆਚਾਰਕ ਪ੍ਰਭਾਵਿਤ ਕਿਰਿਆਵਾਂ, ਧਾਰਮਿਕ ਦਵੰਦ ਜਿਹੇ ਸਰੋਕਾਰਾਂ ਨੂੰ ਪੇਸ਼ ਕਰਦੀ ਹੈ। ਇਸੇ ਲਈ ਕਵਿਤਾ ਵੀ ਬ੍ਰਹਿਮੰਡ ਜਿੰਨੀ ਵਿਸ਼ਾਲ ਅਤੇ ਅਨੰਤ ਹੈ।

**-ਮੁੱਖ ਬੰਦ 'ਚੋਂ**

## ਪ੍ਰਾਹੁਣੇ

**ਬੂਟਾ ਗੁਲਾਮੀ ਵਾਲਾ**
**(ਕਾਵਿ ਸੰਗ੍ਰਹਿ)**
**ਪੰਨੇ : 86, ਮੁੱਲ : 150 ਰੁਪਏ**
**ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ**



ਬੂਟਾ ਗੁਲਾਮੀ ਵਾਲਾ ਪੰਜਾਬ ਦੀ ਉਸ ਧਰਤੀ 'ਤੇ ਪੈਦਾ ਹੋਇਆ, ਜਿੱਥੋਂ ਦਾ ਸਾਫ-ਸੁਥਰਾ ਸੱਭਿਆਚਾਰ ਪੰਜਾਬੀ ਰਹਿਤਲਾਂ ਦੀ ਪਛਾਣ ਹੈ। ਕੋਟ ਈਸੇ ਖਾਂ ਦਾ ਜ਼ਰਖੇਜ਼ ਵਾਤਾਵਰਨ ਉਸ ਦੀ ਸ਼ਾਇਰੀ ਲਈ ਵਰਦਾਨ ਹੈ। ਲੋਕ-ਕਾਵਿ ਦੀ ਰੰਗਤ ਵਾਲੀ ਉਸ ਦੀ ਕਵਿਤਾ ਜਨ-ਜੀਵਨ ਦੀਆਂ ਸਰਲ ਤੇ ਸਾਦੀਆਂ ਸੱਚਾਈਆਂ ਦੀ ਚਿਤਰਤਾ ਹੈ। ਉਸ ਦੀਆਂ ਪਹਿਲਾਂ ਆਈਆਂ ਚਾਰ ਕਿਤਾਬਾਂ ਪਾਕਿਸਤਾਨ ਜਿਹੋ ਜਿਹਾ ਮੈਂ ਵੇਖਿਆ, ਸ੍ਰੀ ਹੇਮਕੁੰਟ ਦੀ ਯਾਤਰਾ, ਕਲਮਾਂ ਬੋਲਦੀਆਂ ਅਤੇ ਵਿਰਸਾ ਬੋਲ ਪਿਆ ਪੰਜਾਬੀ ਵਿਰਸੇ ਦੀ ਸਾਂਭ-ਸੰਭਾਲ ਅਤੇ ਪੰਜਾਬੀ ਵਿਰਾਸਤ ਦੀ ਮੂੰਹ ਬੋਲਦੀ ਤਸਵੀਰ ਹਨ।

**-ਭੂਮਿਕਾ 'ਚੋਂ**

## 'ਨਵਾਂ ਜ਼ਮਾਨਾ ਟੀ ਵੀ' 'ਮੇਲਾ ਗ਼ਦਰੀ ਬਾਬਿਆਂ ਦਾ' 'ਚ ਗੁਰਮੀਤ ਨਾਲ ਮੁਲਾਕਾਤ




**ਜਲੰਧਰ** : ਨਵਾਂ ਜ਼ਮਾਨਾ ਵੈੱਬ ਟੀ ਵੀ 'ਤੇ 'ਮੇਲਾ ਗ਼ਦਰੀ ਬਾਬਿਆਂ ਦਾ' ਦੇ ਪਹਿਲੇ ਐਪੀਸੋਡ ਵਿੱਚ ਜਨਰਲ ਸਕੱਤਰ ਗੁਰਮੀਤ ਨਾਲ ਮੇਲੇ ਦੀ ਸ਼ੁਰੂਆਤ ਅਤੇ ਇਸ ਪਾਸਾਰ ਬਾਰੇ ਗੱਲਬਾਤ। ਇਸ ਨਾਲ ਜੁੜਨ ਲਈ https://www.youtube.com/c/nawanzamanatv 'ਤੇ ਜਾਓ।

## ਡਾ. ਜੌਹਲ ਅਤੇ ਹਰਪ੍ਰੀਤ ਦਾ ਸਨਮਾਨ

**ਚੰਡੀਗੜ੍ਹ** : ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਅਦਬੀ ਪੰਜਾਬੀ ਸੱਥ ਰੋਜ਼ ਗਾਰਡਨ ਵੱਲੋਂ ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਸਾਹਿਤਕ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਸਾਬਕਾ ਸੀਨੀਅਰ ਆਈ ਏ ਐੱਸ ਐੱਸ ਐੱਸ ਚੰਨੀ ਨੇ ਕੀਤੀ ਤੇ ਵਿਸ਼ੇਸ਼ ਮਹਿਮਾਨਾਂ ਵਿੱਚ ਜ਼ਿਲ੍ਹਾ ਤੇ ਸੈਸ਼ਨ ਜੱਜ ਜੇ ਐੱਸ ਖ਼ੁਸ਼ਦਿਲ ਤੇ ਰਵਨੀਤ ਬਰਾੜ ਨੈਸ਼ਨਲ ਬੁਲਾਰਾ ਪੰਜਾਬ ਸੰਯੁਕਤ ਸਮਾਜ ਮੋਰਚਾ ਸ਼ਾਮਲ ਸਨ। ਅਕਾਦਮੀ ਦੇ ਜਨਰਲ ਸਕੱਤਰ ਪ੍ਰੀਤਮ ਰੁਪਾਲ ਨੇ ਜੀ ਆਇਆਂ ਕਹਿੰਦਿਆਂ ਸਨਮਾਨਤ ਸ਼ਖ਼ਸੀਅਤਾਂ ਨੂੰ ਵਧਾਈ ਦਿੱਤੀ। ਡਾ. ਲਖਵਿੰਦਰ ਜੌਹਲ ਨੂੰ ਮਰਹੂਮ ਸ਼ਾਇਰ ਰਾਜਿੰਦਰ ਪ੍ਰਦੇਸੀ ਯਾਦਗਾਰੀ ਪੁਰਸਕਾਰ ਤੇ ਕਹਾਣੀਕਾਰ ਹਰਪ੍ਰੀਤ ਸਿੰਘ ਚਨੂੰ ਨੂੰ ਮਰਹੂਮ ਕਹਾਣੀਕਾਰ ਜਗਰੂਪ ਸਿੰਘ ਦਾਤੇਵਾਸ ਯਾਦਗਾਰੀ ਪੁਰਸਕਾਰ ਪ੍ਰਦਾਨ ਕੀਤੇ ਗਏ। ਸਨਮਾਨਤ ਸ਼ਖ਼ਸੀਅਤਾਂ ਦੀ ਸਾਹਿਤਕ ਦੇਣ ਬਾਰੇ ਬਲਕਾਰ ਸਿੱਧੂ, ਦੀਪਕ ਚਨਾਰਥਲ, ਡਾ. ਦਵਿੰਦਰ ਬੋਹਾ, ਬਲਬੀਰ ਕੌਰ ਰਾਏਕੋਟ, ਡਾ. ਯੋਗਰਾਜ ਤੇ ਸਰਦਾਰਾ ਸਿੰਘ ਚੀਮਾ ਨੇ ਚਾਨਣਾ ਪਾਇਆ। ਮੁੱਖ ਮਹਿਮਾਨ ਐੱਸ ਐੱਸ ਚੰਨੀ ਨੇ ਆਪਣੇ ਸੰਬੋਧਨ ਵਿੱਚ ਲੇਖਕਾਂ ਤੇ ਕਲਾਕਾਰਾਂ ਵੱਲੋਂ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਵਾਸਤੇ ਦਿੱਤੇ ਜਾ ਰਹੇ ਯੋਗਦਾਨ ਵਾਸਤੇ ਵਧਾਈ ਦਿੱਤੀ। ਮੰਚ ਸੰਚਾਲਨ ਕਰਦਿਆਂ ਸੱਥ ਦੇ ਸਕੱਤਰ ਨਿੰਦਰ ਘੁਗਿਆਣਵੀ ਨੇ ਸੱਥ ਦੇ ਸਾਹਿਤਕ ਤੇ ਸੱਭਿਆਚਾਰਕ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਸਨਮਾਨਤ ਸ਼ਖ਼ਸੀਅਤ ਡਾ. ਜੌਹਲ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਰਾਜਿੰਦਰ ਪਰਦੇਸੀ ਉਨ੍ਹਾਂ ਦੀ ਰੂਹ ਤੇ ਦਿਲ ਦੇ ਨੇੜਲਾ ਸ਼ਾਇਰ ਸੀ। ਇਹ ਪੁਰਸਕਾਰ ਇੱਕ ਸਕੂਨ ਦੇਣ ਵਾਲਾ ਪੁਰਸਕਾਰ ਹੈ। ਹਰਪ੍ਰੀਤ ਸਿੰਘ ਚਨੂੰ ਨੇ ਜਗਰੂਪ ਸਿੰਘ ਦਾਤੇਵਾਸ ਦੀ ਕਹਾਣੀ ਕਲਾ ਦੀ ਸਰਾਹਨਾ ਕਰਦਿਆਂ ਉਨ੍ਹਾਂ ਦੀਆਂ ਕਹਾਣੀਆਂ ਦਾ ਜ਼ਿਕਰ ਕੀਤਾ। ਇਸ ਮੌਕੇ ਜਤਿੰਦਰ ਮੋਦਗਿਲ, ਸੁਭਾਸ਼ ਭਾਸਕਰ, ਦੀਪਕ ਚਨਾਰਥਲ, ਇਕਬਾਲ ਸਿੰਘ ਚੜਿੱਕ, ਰਜਿੰਦਰ ਮਾਨ ਘੁੱਗੀ, ਸਿੰਗਲਾ ਧੂਰੀ, ਹਰਮਿੰਦਰ ਕਾਲੜਾ ਸਮੇਤ ਕਈ ਹਸਤੀਆਂ ਹਾਜ਼ਰ ਸਨ। ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਪ੍ਰਧਾਨ ਡਾ. ਕੇਵਲ ਧਾਲੀਵਾਲ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਅਕਾਦਮੀ ਵੱਲੋਂ ਅਜਿਹੇ ਹੋਰ ਪ੍ਰੋਗਰਾਮ ਕਰਵਾਉਣ ਦਾ ਵਿਸ਼ਵਾਸ ਦਿਲਵਾਇਆ।

— ਨਿੰਦਰ ਘੁਗਿਆਣਵੀ

## ਕੇਂਦਰੀ ਸਭਾ ਦੀ ਕਾਰਜਕਾਰਨੀ ਦੀ ਮੀਟਿੰਗ

**ਚੰਡੀਗੜ੍ਹ** : ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਪ੍ਰਧਾਨ ਸ੍ਰੀ ਦਰਸ਼ਨ ਬੁੱਟਰ ਅਤੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੀ ਕਾਰਜਕਾਰਨੀ ਦੀ ਮੀਟਿੰਗ ਮਿਤੀ 8.10.2022, ਦਿਨ ਸ਼ਨੀਵਾਰ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਠੀਕ 10 ਵਜੇ ਕੀਤੀ ਜਾਵੇਗੀ। ਕਾਰਜਕਾਰਨੀ ਮੀਟਿੰਗ ਦਾ ਏਜੰਡਾ ਜਥੇਬੰਦਕ ਰਿਪੋਰਟ ਦੀ ਪ੍ਰਵਾਨਗੀ ਵਿੱਤ ਰਿਪੋਰਟ ਦੀ ਪ੍ਰਵਾਨਗੀ, ਭਾਸ਼ਾ ਵਿਭਾਗ ਦੇ ਸਨਮਾਨਾਂ ਪ੍ਰਤੀ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੀ ਪਹੁੰਚ ਸੰਬੰਧੀ ਵਿਚਾਰ, ਨਵੀਂ ਮੈਂਬਰਸ਼ਿਪ ਬਾਰੇ ਵਿਚਾਰ ਅਤੇ ਕੋਈ ਫੁੱਟਕਲ ਏਜੰਡਾ ਪ੍ਰਧਾਨ ਜੀ ਦੀ ਆਗਿਆ ਨਾਲ ਲਿਆ ਜਾ ਸਕੇਗਾ।

- ਸੁਖਦੇਵ ਸਿੰਘ ਸਿਰਸਾ

## ਪੰਜਾਬ ਕਲਾ ਪ੍ਰੀਸ਼ਦ ਵੱਲੋਂ 'ਵਾਰਿਸ ਦੀ ਹੀਰ' ਦਾ ਗਾਇਨ ਮੁਕਾਬਲਾ




**ਜਲੰਧਰ**-ਪੰਜਾਬ ਕਲਾ ਪ੍ਰੀਸ਼ਦ ਵੱਲੋਂ ਮਹਾਨ ਪੰਜਾਬੀ ਕਿੱਸਾਕਾਰ ਸਈਅਦ ਵਾਰਿਸ ਸ਼ਾਹ ਦੀ ਤੀਸਰੀ ਜਨਮ ਸ਼ਤਾਬਦੀ ਦੇ ਸੰਬੰਧ ਵਿੱਚ "ਹੀਰ ਵਾਰਿਸ ਗਾਇਨ ਮੁਕਾਬਲਾ" ਕਰਵਾਇਆ ਜਾ ਰਿਹਾ ਹੈ। ਇਸ ਆਨ-ਲਾਈਨ ਮੁਕਾਬਲੇ ਵਿੱਚ 35 ਸਾਲ ਤੱਕ ਦੀ ਉਮਰ ਵਾਲਾ ਕੋਈ ਵੀ ਗਾਇਕ ਹਿੱਸਾ ਲੈ ਸਕਦਾ ਹੈ।

ਇਹ ਜਾਣਕਾਰੀ ਇੱਥੇ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਪਦਮਸ੍ਰੀ ਡਾ. ਸੁਰਜੀਤ ਪਾਤਰ ਨੇ ਇੱਕ ਪ੍ਰੈੱਸ ਕਾਨਫ਼ਰੰਸ ਵਿੱਚ ਦਿੱਤੀ। ਉਨ੍ਹਾਂ ਦੇ ਨਾਲ ਪ੍ਰੀਸ਼ਦ ਦੇ ਉੱਪ-ਚੇਅਰਮੈਨ ਡਾ. ਯੋਗਰਾਜ, ਸਕੱਤਰ ਡਾ. ਲਖਵਿੰਦਰ ਸਿੰਘ ਜੌਹਲ ਅਤੇ ਮੁਕਾਬਲੇ ਦੇ ਕਨਵੀਨਰ ਡਾ. ਨਿਰਮਲ ਜੌੜਾ ਵੀ ਹਾਜ਼ਰ ਸਨ।

ਉਨ੍ਹਾ ਦੱਸਿਆ ਕਿ ਦੁਨੀਆ ਭਰ ਵਿੱਚੋਂ ਕੋਈ ਵੀ ਗਾਇਕ ਹੀਰ ਵਾਰਿਸ ਦੇ ਕਿਸੇ ਵੀ ਬੰਦ ਦੀ ਰਿਕਾਰਡਿੰਗ ਕਰਕੇ 31 ਅਕਤੂਬਰ, 2022 ਤੱਕ ਈਮੇਲ ਕਰ ਸਕਦੇ ਹਨ। ਇਹ ਵੀਡੀਓ ਰਿਕਾਰਡਿੰਗ ਵੱਧ ਤੋਂ ਵੱਧ ਪੰਜ ਮਿੰਟ ਤੱਕ ਦੀ ਹੋਣੀ ਚਾਹੀਦੀ ਹੈ। ਇਨ੍ਹਾਂ ਰਿਕਾਰਡਿੰਗਜ਼ ਵਿੱਚੋਂ ਪਹਿਲੇ ਦਸ ਸਥਾਨ ਹਾਸਲ ਕਰਨ ਵਾਲੇ ਗਾਇਕਾਂ ਦਾ ਪ੍ਰੀਸ਼ਦ ਵੱਲੋਂ ਕੀਤੇ ਜਾਣ ਵਾਲੇ ਇੱਕ ਰਾਜ ਪੱਧਰੀ ਸਮਾਗਮ ਵਿੱਚ ਸਨਮਾਨ ਕੀਤਾ ਜਾਏਗਾ।

ਇਹਨਾਂ ਨੂੰ ਆਪਣੀ ਗਾਇਕੀ ਪੇਸ਼ ਕਰਨ ਦਾ ਮੌਕਾ ਵੀ ਦਿੱਤਾ ਜਾਵੇਗਾ। ਜੇਕਰ ਕੋਈ ਵਿਦੇਸ਼ ਵਸਦਾ ਗਾਇਕ ਇਨ੍ਹਾਂ ਦਸਾਂ ਵਿੱਚ ਆਵੇਗਾ ਤਾਂ ਉਸ ਦੀ ਵੀਡੀਓ ਰਿਕਾਰਡਿੰਗ ਸਮਾਗਮ ਵਿੱਚ ਦਿਖਾਈ ਜਾਵੇਗੀ। ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਗਾਇਕਾਂ ਨੂੰ ਕਰਮਵਾਰ ਇਕ ਲੱਖ, ਪੰਜਾਹ ਹਜ਼ਾਰ ਅਤੇ ਤੀਹ ਹਜ਼ਾਰ ਰੁਪਏ ਦੇ ਨਕਦ ਇਨਾਮ ਵੀ ਦਿੱਤੇ ਜਾਣਗੇ। ਡਾਕਟਰ ਪਾਤਰ ਨੇ ਦੱਸਿਆ ਕਿ ਹੋਰ ਜਾਣਕਾਰੀ ਲਈ ਇਸ ਮੁਕਾਬਲੇ ਦੇ ਕਨਵੀਨਰ ਡਾ. ਨਿਰਮਲ ਜੌੜਾ ਨਾਲ 98140-78799 ਉੱਤੇ ਅਤੇ ਪੰਜਾਬ ਕਲਾ ਪ੍ਰੀਸ਼ਦ ਦੇ ਮੀਡੀਆ ਅਧਿਕਾਰੀ ਨਿੰਦਰ ਘੁਗਿਆਣਵੀ ਨਾਲ 94174-21700 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

## 'ਦੀਜੈ ਬੁਧਿ ਬਿਬੇਕਾ' ਦਾ ਲੋਕ ਅਰਪਣ

**ਬਠਿੰਡਾ** : 18 ਸਤੰਬਰ ਨੂੰ ਸਮਰਹਿਲ ਪਬਲਿਕ ਸਕੂਲ ਭਾਈ ਰੂਪਾ ਵਿਖੇ ਇੱਕ ਪੁਸਤਕ ਰਿਲੀਜ਼ ਸਮਾਗਮ ਹੰਸ ਸਿੰਘ ਸੋਹੀ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਸਮਾਗਮ ਵਿੱਚ ਕਿਰਨਦੀਪ ਕੌਰ ਭਾਈ ਰੂਪਾ ਦਾ ਨਾਵਲ 'ਦੀਜੈ ਬੁਧਿ ਬਿਬੇਕਾ' ਦੀ ਘੁੰਡ ਚੁਕਾਈ ਦੀ ਰਸਮ ਅਦਾ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਹਰਬੰਸ ਸਿੰਘ ਬਰਾੜ ਨੇ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਬੁੱਧੀਜੀਵੀਆਂ ਅਤੇ ਸਰੋਤਿਆਂ ਨੂੰ ਜੀ ਆਇਆਂ ਨੂੰ ਕਿਹਾ। ਹੰਸ ਸਿੰਘ ਸੋਹੀ ਨੇ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਉੱਘੇ ਆਲੋਚਕ ਡਾ: ਲਾਭ ਸਿੰਘ ਖੀਵਾ, ਬਲਦੇਵ ਸਿੰਘ ਸੜਕਨਾਮਾ, ਡਾ: ਸੁਰਜੀਤ ਸਿੰਘ ਬਰਾੜ, ਕੇ. ਐੱਲ ਗਰਗ, ਜਸਪਾਲ ਮਾਨਖੇੜਾ, ਲਛਮਣ ਸਿੰਘ ਮਲੂਕਾ, ਜੰਗੀਰ ਸਿੰਘ ਖੋਖਰ ਹੁਰਾਂ ਨਾਲ ਸਰੋਤਿਆਂ ਦੀ ਜਾਣ-ਪਹਿਚਾਣ ਕਰਵਾਈ। ਸਮਾਗਮ ਦੇ ਮੁੱਖ ਬੁਲਾਰੇ ਲਛਮਣ ਸਿੰਘ ਮਲੂਕਾ ਨੇ ਨਾਵਲ ਵਿੱਚ ਡੇਰਾਵਾਦ 'ਤੇ ਕੀਤੀ ਚੋਟ ਅਤੇ ਨੌਜਵਾਨ ਪਾਤਰਾਂ ਬਾਰੇ ਜਾਣਕਾਰੀ ਦਿੱਤੀ। ਚਾਲੀ-ਪੰਜਾਹ ਸਾਲ ਪਹਿਲਾਂ ਇਹਨਾਂ ਕੁਟੀਆ, ਸਮਾਧਾਂ ਵਿੱਚ ਹੁੰਦੇ ਔਰਤ ਦੇ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਨੂੰ ਕਿਰਨਦੀਪ ਦੀ ਪੇਸ਼ਕਾਰੀ ਦੀ ਸ਼ਲਾਘਾ ਕੀਤੀ। ਜਸਪਾਲ ਮਾਨਖੇੜਾ ਨੇ ਨਾਵਲ ਵਿਚਲੀ ਪਾਤਰ ਉਸਾਰੀ ਅਤੇ ਨਾਵਲ ਵਿਚਲੇ ਰਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਰਚਨਾ ਯਥਾਰਥ ਅਤੇ ਸੁਭਾਵਿਕਤਾ ਦੇ ਨੇੜੇ ਹੈ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਬਲਦੇਵ ਸਿੰਘ ਸੜਕਨਾਮਾ ਨੇ ਕਿਹਾ ਕਿ ਬੁਲਾਰਿਆਂ ਨੇ ਕਿਰਨਦੀਪ ਕੌਰ ਅਤੇ ਨਾਵਲ ਬਾਰੇ ਬਹੁਤ ਵਧੀਆ ਬੋਲਿਆ, ਫਿਰ ਵੀ ਉਹਨਾਂ ਨੇ ਕਿਰਨਦੀਪ ਨੂੰ ਵਧਾਈ ਦਿੱਤੀ। ਇਸ ਨਾਵਲ ਨੂੰ ਛਪਾਉਣ ਬਾਰੇ ਦੱਸਿਆ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਡਾ: ਲਾਭ ਸਿੰਘ ਖੀਵਾ ਨੇ ਆਪਣੇ ਪਿੰਡ ਦੀ ਇਸ ਲੇਖਕਾ 'ਤੇ ਮਾਣ ਮਹਿਸੂਸ ਕੀਤਾ। ਉਹਨਾਂ ਕਿਹਾ ਕਿ ਕਿਰਨਦੀਪ ਤੋਂ ਮੈਨੂੰ ਬਹੁਤ ਆਸਾਂ ਹਨ। ਸਮਾਗਮ ਵਿੱਚ ਸ਼ਾਮਲ ਕਵਿੱਤਰੀ ਮਨਦੀਪ ਭਦੌੜ, ਨਾਵਲਕਾਰ ਰਣਵੀਰ ਕੌਰ ਰਾਣਾ, ਕਲੇਰ ਅੰਮ੍ਰਿਤ, ਮਾ. ਰਾਜਵਿੰਦਰ ਸਿੰਘ ਬਰਾੜ, ਜਗਨ ਨਾਥ, ਕਾਰਜਕਾਰੀ ਪ੍ਰਿੰਸੀਪਲ ਬਲਵਿੰਦਰ ਸਿੰਘ, ਹਰਬੰਸ ਸਿੰਘ ਬਰਾੜ, ਜਸਵਿੰਦਰ ਸਿੰਘ ਕੋਚ, ਜਗਸੀਰ ਸਿੰਘ, ਜਸਮੇਲ ਸਿੰਘ, ਸੁਰਿੰਦਰ ਸਿੰਘ, ਅਮਰਿੰਦਰ ਸਿੰਘ, ਗੁਰਮੀਤ ਸਿੰਘ ਅਤੇ ਮਾਸਟਰ ਜਸਵੀਰ ਨੇ ਹਾਜ਼ਰੀ ਲਗਵਾਈ। ਸਟੇਜ ਦੀ ਕਾਰਵਾਈ ਸੁਖਵਿੰਦਰ ਸਿੰਘ ਨੇ ਬਾਖੂਬੀ ਨਿਭਾਈ।




# ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੀ ਚੋਣ

**ਧੂਰੀ**-ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ.) ਵੱਲੋਂ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਏ ਡਾ. ਤੇਜਵੰਤ ਮਾਨ ਦੀ ਪ੍ਰਧਾਨਗੀ ਹੇਠ ਸਭਾ ਦਾ ਜਨਰਲ ਇਜਲਾਸ ਹੋਇਆ। ਇਸ ਸਮੇਂ ਉਨ੍ਹਾਂ ਦੇ ਨਾਲ ਸਰਵਸ੍ਰੀ ਸੰਧੂ ਵਰਿਆਣਵੀ, ਭੁਪਿੰਦਰ ਜਗਰਾਉਂ, ਜੋਗਿੰਦਰ ਸਿੰਘ ਨਿਰਾਲਾ, ਇਕਬਾਲ ਘਾਰੂ ਅਤੇ ਹੋਰ ਮਾਣਯੋਗ ਲੇਖਕ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਨ। ਡਾ. ਤੇਜਵੰਤ ਮਾਨ ਨੇ ਜਨਰਲ ਇਜਲਾਸ ਵਿੱਚ ਭਾਗ ਲੈਣ ਆਏ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਸਵਾਗਤੀ ਸ਼ਬਦ ਕਹਿੰਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੀਆਂ ਵਿਰਾਸਤੀ ਪ੍ਰਾਪਤੀਆਂ, ਭਵਿੱਖ ਦੀਆਂ ਚੁਣੌਤੀਆਂ ਸੰਬੰਧੀ ਵਿਸਥਾਰਤ ਜਾਣਕਾਰੀ ਦਿੰਦਿਆਂ 'ਸ਼ਬਦ' ਦੀ ਅਜ਼ਮਤ ਨੂੰ ਤੋੜਨ ਵਾਲਿਆਂ ਦੇ ਖ਼ਿਲਾਫ਼ ਡਟਵੇਂ ਸੰਘਰਸ਼ ਦੀ ਲੋੜ ਉੱਤੇ ਲੇਖਕਾਂ ਨੂੰ ਲਾਮਬੰਦ ਹੋਣ ਦਾ ਸੱਦਾ ਦਿੱਤਾ। ਇਸ ਸਮੇਂ ਪ੍ਰਧਾਨਗੀ ਮੰਡਲ ਵੱਲੋਂ ਕਈ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ :

ਇਸ ਸਮੇਂ ਉੱਘੇ ਵਿਦਵਾਨ ਡਾ. ਇੰਦਰਜੀਤ ਸਿੰਘ ਵਾਸੂ ਅਤੇ ਡਾ. ਤੇਜਵੰਤ ਸਿੰਘ ਮਾਨ ਨੂੰ ਸਨਮਾਨਿਤ ਕੀਤਾ ਗਿਆ।

ਸਭਾ ਦੇ ਦੂਸਰੇ ਸੈਸ਼ਨ ਵਿੱਚ ਪਵਨ ਹਰਚੰਦਪੁਰੀ ਜਨਰਲ ਸਕੱਤਰ ਵੱਲੋਂ ਸਾਲ 2017 ਤੋਂ ਲੈ ਕੇ ਹੁਣ ਤੱਕ ਦੀਆਂ ਕੇਂਦਰੀ ਸਭਾ ਸੇਖੋਂ ਦੀਆਂ ਸਰਗਰਮੀਆਂ ਦੀ ਵਿਸਥਾਰਤ ਰਿਪੋਰਟ ਅਤੇ ਵਿੱਤੀ ਲੇਖਾ-ਜੋਖਾ ਪੇਸ਼ ਕੀਤਾ ਗਿਆ। ਰਿਪੋਰਟ ਵਿੱਚ ਦਰਜ ਵਿੱਛੜ ਗਏ ਲੇਖਕਾਂ/ਸਾਹਿਤਕਾਰਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਦੋ ਦਰਜਨ ਦੇ ਕਰੀਬ ਸਾਹਿਤਕਾਰਾਂ ਵੱਲੋਂ ਇਸ ਰਿਪੋਰਟ ਉੱਤੇ ਚਰਚਾ ਕੀਤੀ ਗਈ। ਪੇਸ਼ ਰਿਪੋਰਟ ਨੂੰ ਆਏ ਸੁਝਾਵਾਂ ਮੁਤਾਬਕ ਵਾਧਿਆਂ ਸਮੇਤ ਸਰਬ-ਸੰਮਤੀ ਨਾਲ ਜਨਰਲ ਹਾਊਸ ਵੱਲੋਂ ਪ੍ਰਵਾਨ ਕੀਤਾ ਗਿਆ।

ਤੀਸਰੇ ਸੈਸ਼ਨ ਵਿੱਚ ਡਾ. ਤੇਜਵੰਤ ਮਾਨ ਵੱਲੋਂ ਮੌਜੂਦਾ ਕਾਰਜਕਾਰਨੀ ਭੰਗ ਕਰਨ ਦਾ ਐਲਾਨ ਕੀਤਾ ਗਿਆ। ਇਸ ਤੋਂ ਉਪਰੰਤ ਉਨ੍ਹਾਂ ਦੀ ਅਗਵਾਈ ਹੇਠ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਭੱਠਲ ਅਤੇ ਮੌਜੂਦਾ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਦੇ ਸਹਿਯੋਗ ਨਾਲ ਹੇਠ ਲਿਖੇ ਅਨੁਸਾਰ ਅਗਲੇ ਤਿੰਨ ਸਾਲਾਂ ਲਈ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਚੋਣ ਸੰਪੰਨ ਹੋਈ :

ਪ੍ਰਧਾਨ ਪਵਨ ਹਰਚੰਦਪੁਰੀ, ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ, ਸੀਨੀਅਰ ਮੀਤ ਪ੍ਰਧਾਨ ਸਰਵਸ੍ਰੀ ਡਾ. ਜੋਗਿੰਦਰ ਸਿੰਘ ਨਿਰਾਲਾ, ਭੁਪਿੰਦਰ ਜਗਰਾਉਂ, ਗੁਰਚਰਨ ਕੌਰ ਕੋਚਰ।

ਮੀਤ ਪ੍ਰਧਾਨ ਸਰਵਸ੍ਰੀ ਡਾ. ਭਗਵੰਤ ਸਿੰਘ, ਭੁਪਿੰਦਰ ਸਿੰਘ ਸੰਧੂ, ਡਾ. ਬਲਦੇਵ ਸਿੰਘ ਬੱਧਣ, ਇਕਬਾਲ ਘਾਰੂ, ਡਾ. ਕੰਵਰ, ਜਸਮਿੰਦਰ ਪਾਲ ਸਿੰਘ, ਲਖਵਿੰਦਰ ਸਿੰਘ ਬਾਜਵਾ, ਗੁਲਜ਼ਾਰ ਸਿੰਘ ਸ਼ੌਂਕੀ, ਡਾ. ਸੁਦਰਸ਼ਨ ਗਾਸੋ, ਪ੍ਰਿੰਸੀਪਲ ਗੁਰਜੰਟ ਸਿੰਘ ਅਤੇ ਜੁਗਰਾਜ ਧੌਲਾ।

ਸਕੱਤਰ ਸਰਵਸ੍ਰੀ ਡਾ. ਹਰਜੀਤ ਸਿੰਘ ਸੱਧਰ, ਡਾ. ਗੁਰਚਰਨ ਸਿੰਘ ਨੂਰਪੁਰ, ਡਾ. ਨਾਇਬ ਸਿੰਘ ਮੰਡੇਰ, ਜਗਦੀਸ਼ ਰਾਏ ਕੁਲਰੀਆਂ, ਮਾਸਟਰ ਗੁਰਚਰਨ ਸਿੰਘ ਢੁੱਡੀਕੇ, ਕੇ. ਸਾਧੂ ਸਿੰਘ, ਬਲਬੀਰ ਜਲਾਲਾਬਾਦੀ, ਦਰਸ਼ਨ ਸਿੰਘ ਪ੍ਰੀਤੀਮਾਨ, ਜਗਦੀਸ਼ ਰਾਣਾ ਅਤੇ ਬਲਬੀਰ ਬੱਲੀ ਰਾਏਕੋਟ।

ਸਹਾਇਕ ਸਕੱਤਰ ਸਰਵਸ੍ਰੀ ਲਾਲ ਮਿਸਤਰੀ, ਡਾ. ਦਵਿੰਦਰ ਬੀਬੀਪੁਰ, ਜਸਵੀਰ ਰਾਣਾ, ਜਤਿੰਦਰ ਹਾਂਸ, ਰਤਨ ਸਿੰਘ ਪੱਡਾ, ਹਰਮੇਸ਼ ਮੇਸ਼ੀ ਦਿੜ੍ਹਬਾ, ਨਕਾਸ਼ ਚਿੱਤੇਵਾਣੀ, ਜਤਿੰਦਰ ਸਿੰਘ ਬਰਾੜ ਸਾਦਿਕ, ਬਲਵਿੰਦਰ ਸਿੰਘ ਸੋਢੀ ਅਤੇ ਅਮਰੀਕ ਸਿੰਘ ਤਲਵੰਡੀ।

ਇਸ ਤੋਂ ਉਪਰੰਤ ਨਵੇਂ ਚੁਣੇ ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ ਵੱਲੋਂ ਡਾ. ਤੇਜਵੰਤ ਸਿੰਘ ਮਾਨ ਨੂੰ ਉਮਰ ਭਰ ਲਈ ਮੁੱਖ-ਸਰਪ੍ਰਸਤ ਵਜੋਂ ਕੇਂਦਰੀ ਸਭਾ ਸੇਖੋਂ ਦੀ ਅਗਵਾਈ ਕਰਨ ਦੀ ਤਜਵੀਜ਼ ਪੇਸ਼ ਕੀਤੀ ਗਈ, ਜਿਸ ਨੂੰ ਹਾਜ਼ਰ ਸਾਰੇ ਮੈਂਬਰਾਂ ਵੱਲੋਂ ਪ੍ਰਵਾਨ ਕਰ ਲਿਆ ਗਿਆ। ਨਵੇਂ ਚੁਣੇ ਗਏ ਪ੍ਰਧਾਨ ਸ੍ਰੀ ਪਵਨ ਹਰਚੰਦਪੁਰੀ ਵੱਲੋਂ ਜਨਰਲ ਇਜਲਾਸ ਵਿੱਚ ਹਾਜ਼ਰ ਲੇਖਕਾਂ, ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਭਵਿੱਖੀ ਕਾਰਜਾਂ ਲਈ ਸਹਿਯੋਗ ਦੀ ਆਸ ਪ੍ਰਗਟਾਈ।

-ਸੁਖਦੇਵ ਧੂਰੀ



ਪਵਨ ਹਰਚੰਦ ਪੁਰੀ ਪ੍ਰਧਾਨ, ਡਾ. ਤੇਜਵੰਤ ਸਿੰਘ ਮਾਨ ਸਰਪ੍ਰਸਤ ਅਤੇ ਸੰਧੂ ਵਰਿਆਣਵੀ ਜਨਰਲ ਸਕੱਤਰ

# ਕੇਂਦਰੀ ਸਭਾ ਦਾ ਆਮ ਅਜਲਾਸ 8 ਅਕਤੂਬਰ ਅਤੇ ਚੋਣ 13 ਨਵੰਬਰ ਨੂੰ

ਚੰਡੀਗੜ੍ਹ-ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੀ ਕਾਰਜਕਾਰਨੀ ਦੀ ਮੀਟਿੰਗ ਦਰਸ਼ਨ ਬੁੱਟਰ ਦੀ ਪ੍ਰਧਾਨਗੀ ਵਿੱਚ ਹੋਈ। ਮੀਟਿੰਗ ਵਿੱਚ ਡਾ. ਜੋਗਾ ਸਿੰਘ, ਸੁਖਦੇਵ ਸਿੰਘ ਸਿਰਸਾ, ਡਾ. ਸਰਬਜੀਤ ਸਿੰਘ, ਡਾ. ਕਰਮਜੀਤ ਸਿੰਘ, ਮੱਖਣ ਕੁਹਾੜ, ਜਸਪਾਲ ਮਾਨਖੇੜਾ, ਡਾ. ਗੁਲਜਾਰ ਸਿੰਘ ਪੰਧੇਰ, ਕੁਲਦੀਪ ਸਿੰਘ ਬੇਦੀ, ਸੁਸ਼ੀਲ ਦੁਸਾਂਝ, ਸੁਰਿੰਦਰਪ੍ਰੀਤ ਸਿੰਘ ਘਣੀਆ, ਦੀਪ ਦੇਵਿੰਦਰ ਸਿੰਘ, ਧਰਵਿੰਦਰ ਸਿੰਘ ਔਲਖ, ਵਰਗਿਸ ਸਲਾਮਤ, ਡਾ. ਹਰਵਿੰਦਰ ਸਿੰਘ ਸਿਰਸਾ ਅਤੇ ਹੋਰ ਮੈਂਬਰ ਸ਼ਾਮਲ ਹੋਏ।

ਡਾ. ਸੁਖਦੇਵ ਸਿੰਘ ਸਿਰਸਾ ਜਨਰਲ ਸਕੱਤਰ ਨੇ ਪਿਛਲੇ ਸਮੇਂ ਵਿੱਚ ਕੇਂਦਰੀ ਸਭਾ ਵੱਲੋਂ ਕੀਤੇ ਸਮਾਗਮਾਂ ਅਤੇ ਜਥੇਬੰਦਕ ਕੰਮਾਂ ਦੀ ਰਿਪੋਰਟ ਪੇਸ਼ ਕੀਤੀ। ਉਹਨਾ ਨੇ ਕਾਰਜਕਾਰਨੀ ਨੂੰ ਸਭਾ ਦੇ ਬੈਂਕ ਖਾਤਿਆਂ ਅਤੇ ਐੱਫ ਡੀ 'ਚ ਪਈ, ਰਾਸ਼ੀ ਜਮ੍ਹਾਂ ਹੋਈ ਮੈਂਬਰਸ਼ਿਪ ਰਾਸ਼ੀ, ਨਵੇਂ ਬਣੇ ਮੈਂਬਰਾਂ ਅਤੇ ਨਵੀਆਂ ਜੁੜੀਆਂ ਸਭਾਵਾਂ ਬਾਰੇ ਜਾਣਕਾਰੀ ਦਿੱਤੀ।

ਕਾਰਜਕਾਰਨੀ ਵੱਲੋਂ ਸਰਬ-ਸੰਮਤੀ ਨਾਲ ਹੇਠ ਲਿਖੇ ਫੈਸਲੇ ਕੀਤੇ ਗਏ :

ਕੇਂਦਰੀ ਪੰਜਾਬੀ ਲੇਖਕ ਸਬਾ ਦੀ ਤਿੰਨ ਸਾਲ ਬਾਅਦ ਹੋਣ ਵਾਲੀ ਚੋਣ 13 ਨਵੰਬਰ 2022 ਨੂੰ ਪੰਜਾਬੀ ਭਵਨ, ਲੁਧਿਆਣਾ ਵਿਖੇ ਕਰਵਾਈ ਜਾਵੇਗੀ।

ਚੋਣ ਅਧਿਕਾਰੀ ਵਜੋਂ ਪ੍ਰੋ. ਮਨਜੀਤ ਸਿੰਘ ਛਾਬੜਾ, ਸਾਬਕਾ ਪ੍ਰੋਫੈਸਰ, ਗੁਜਰਾਂਵਾਲਾ ਕਾਲਜ, ਲੁਧਿਆਣਾ ਨੂੰ ਇਹ ਸੇਵਾ ਨਿਭਾਉਣ ਲਈ ਨਾਮਜਦ ਕੀਤਾ ਗਿਆ।

ਕੇਂਦਰੀ ਸਭਾ ਦਾ ਜਨਰਲ ਅਜਲਾਸ 8.10.2022 ਨੂੰ ਸਵੇਰੇ 11:30 ਵਜੇ ਪੰਜਾਬੀ ਭਵਨ, ਲੁਧਿਆਣਾ ਵਿਖੇ ਕੀਤਾ ਜਾਵੇਗਾ।

ਚੋਣ ਵਿੱਚ ਹਿੱਸਾ ਲੈਣ ਵਾਲੇ ਉਮੀਦਵਾਰ ਆਪਣੇ ਨਾਮਜਦਗੀ ਪੱਤਰ 20 ਅਕਤੂਬਰ 2022 ਤੋਂ 25 ਅਕਤੂਬਰ 2022 (ਸਵੇਰੇ 11 ਵਜੇ ਤੋਂ 4 ਵਜੇ ਤੱਕ) ਚੋਣ ਅਧਿਕਾਰੀ ਕੋਲ ਜਮ੍ਹਾ ਕਰਵਾ ਸਕਦੇ ਹਨ।

ਨਾਮਜਦਗੀ ਪੱਤਰਾਂ ਦੀ ਪੜਤਾਲ 26 ਅਤੇ 27 ਅਕਤੂਬਰ 2022 ਨੂੰ 11 ਵਜੇ ਤੋਂ 4 ਵਜੇ ਤੱਕ ਹੋਵੇਗੀ।

ਨਾਮਜ਼ਦਗੀਆਂ ਦਾਖਲ ਕਰਨ ਵਾਲੇ ਉਮੀਦਵਾਰ ਆਪਣਾ ਨਾਮਜ਼ਦਗੀ ਪੱਤਰ 30 ਅਕਤੂਬਰ 2022 ਨੂੰ 11 ਵਜੇ ਤੋਂ ਬਾਅਦ ਦੁਪਹਿਰ 4 ਵਜੇ ਤੱਕ ਵਾਪਸ ਲੈ ਸਕਣਗੇ।

ਚੋਣ 13 ਨਵੰਬਰ 2022 ਨੂੰ ਸਵੇਰੇ 9 ਵਜੇ ਤੋਂ 4 ਵਜੇ ਤੱਕ ਹੋਵੇਗੀ, ਜਿਸ ਵਿੱਚ ਇੱਕ ਪ੍ਰਧਾਨ, ਇੱਕ ਸੀਨੀਅਰ ਮੀਤ ਪ੍ਰਧਾਨ, ਇੱਕ ਜਨਰਲ ਸਕੱਤਰ ਪੰਜ ਮੀਤ ਪ੍ਰਧਾਨ (ਮੀਤ ਪ੍ਰਧਾਨ ਦਾ ਇੱਕ ਅਹੁਦਾ ਔਰਤ ਉਮੀਦਵਾਰ ਲਈ ਰਾਖਵਾਂ) ਅਤੇ ਚਾਰ ਸਕੱਤਰ (ਸਕੱਤਰ ਦਾ ਇੱਕ ਅਹੁਦਾ ਔਰਤ ਉਮੀਦਵਾਰ ਲਈ ਰਾਖਵਾਂ) ਦੀ ਚੋਣ ਕੀਤੀ ਜਾਵੇਗੀ। ਵੋਟ ਪਾਉਣ ਲਈ ਕੋਈ ਵੀ ਸ਼ਨਾਖਤੀ ਕਾਰਡ ਦਿਖਾਉਣਾ ਜ਼ਰੂਰੀ ਹੋਵੇਗਾ।

ਕਾਰਜਕਾਰਨੀ ਵੱਲੋਂ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਦੀ ਇੱਕ ਤਿੰਨ ਮੈਂਬਰੀ ਕਮੇਟੀ ਸਰਬ-ਸੰਮਤੀ ਨਾਲ ਬਣਾਈ ਗਈ, ਜਿਸ ਨੂੰ ਚੋਣ ਅਧਿਕਾਰੀ ਨਾਲ ਸੰਪਰਕ ਰੱਖਦੇ ਹੋਏ, ਚੋਣ ਸੁਚਾਰੂ ਰੂਪ ਨਾਲ ਕਰਵਾਉਣ ਦੇ ਵਿਸ਼ੇਸ਼ ਅਧਿਕਾਰ ਦਿੱਤੇ ਗਏ।

ਇਹ ਵੀ ਫੈਸਲਾ ਕੀਤਾ ਗਿਆ ਕਿ ਜਨਰਲ ਸਕੱਤਰ ਦੀ ਜਥੇਬੰਦਕ ਅਤੇ ਵਿੱਤ ਰਿਪੋਰਟ 30.9.2022 ਤੱਕ ਪੀ ਡੀ ਐੱਫ ਕਾਪੀ ਕਾਰਜਕਾਰਨੀ ਮੈਂਬਰਾਂ ਨੂੰ ਵਟਸਐਪ ਕੀਤੀ ਜਾਵੇਗੀ ਜੋ 2 ਅਕਤੂਬਰ 2022 ਤੱਕ ਆਪਣੇ ਸੁਝਾਅ ਅਤੇ ਵਾਧੇ ਭੇਜ ਸਕਣਗੇ।

ਅੰਤ ਵਿੱਚ ਦਰਸ਼ਨ ਬੁੱਟਰ ਨੇ ਕਾਰਜਕਾਰਨੀ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਉਹਨਾਂ ਨੇ ਪਿਛਲੇ ਅਰਸੇ ਦੌਰਾਨ ਪੰਜਾਬੀ ਲੇਖਕਾਂ, ਸਾਹਿਤ ਪ੍ਰੇਮੀਆਂ, ਕਾਰਜਕਾਰਨੀ ਮੈਂਬਰਾਂ ਅਤੇ ਪ੍ਰੈੱਸ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਮਿਲੇ ਸਹਿਯੋਗ ਲਈ ਸਭ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕੀਤਾ। ਉਹਨਾ ਨੇ ਖੋਜ ਅਫਸਰਾਂ ਅਤੇ ਜ਼ਿਲ੍ਹਾ ਭਾਸ਼ਾ ਅਫਸਰਾਂ ਵੱਲੋਂ ਕੀਤੇ ਜਾ ਰਹੇ ਸਮਾਗਮਾਂ ਅਤੇ ਸਾਹਿਤ ਸਮਾਗਮਾਂ ਦੀ ਵੀ ਸ਼ਲਾਘਾ ਕੀਤੀ।

-ਸੁਖਦੇਵ ਸਿੰਘ ਸਿਰਸਾ ਡਾ.

## ਰਾਜ ਸਭਾ ਦੇ ਪੱਤਰਕਾਰਾਂ ਵੱਲੋਂ ਬਰਨਾਲਾ ਦੇ ਸਾਹਿਤਕਾਰਾਂ ਨਾਲ ਮਿਲਣੀ

**ਬਰਨਾਲਾ** : ਬੀਤੇ ਦਿਨੀਂ ਭਾਰਤ ਦੀ ਰਾਜਧਾਨੀ ਦਿੱਲੀ ਤੋਂ ਰਾਜ ਸਭਾ ਦੇ ਇੱਕ ਟੀ.ਵੀ. ਚੈਨਲ ਦੇ ਪੱਤਰਕਾਰਾਂ ਅਤੇ ਗੁਫ਼ਤਗੂ ਪ੍ਰੋਗਰਾਮ ਦੀ ਟੀਮ ਨੇ ਬਰਨਾਲਾ ਵਿਖੇ ਸ਼ਿਰਕਤ ਕੀਤੀ ਅਤੇ ਬਰਨਾਲਾ ਦੇ ਸਾਹਿਤਕਾਰਾਂ ਨਾਲ ਸੰਵਾਦ ਵੀ ਰਚਾਇਆ। ਇਹ ਅਦਬੀ ਮਹਿਫ਼ਿਲ ਪ੍ਰਸਿੱਧ ਕਹਾਣੀਕਾਰ ਅਤੇ 'ਕਥਾ ਕਹਿੰਦੀ ਰਾਤ' ਦੇ ਪ੍ਰਧਾਨ ਪਵਨ ਪਰਿੰਦਾ ਦੇ ਨਿਵਾਸ ਸਥਾਨ 'ਤੇ ਸਜਾਈ ਗਈ। ਆਏ ਮਹਿਮਾਨਾਂ ਵਿੱਚ ਪੱਤਰਕਾਰ ਇਰਫ਼ਾਨ, ਪ੍ਰੋਫੈਸਰ ਅਨਿਰਬਨ ਸਾਧੂ (ਬੰਗਾਲ) ਅਤੇ ਮੈਡਮ ਸਾਰਾ ਅਤੇ ਹੋਰ ਬਰਨਾਲਾ ਦੇ ਸਾਹਿਤਕਾਰਾਂ ਦਾ ਪਵਨ ਪਰਿੰਦਾ ਨੇ ਸਵਾਗਤ ਕਰਦਿਆਂ ਜੀ ਆਇਆਂ ਕਿਹਾ। ਇਸ ਮਿਲਣੀ ਦੌਰਾਨ ਜਿੱਥੇ ਸਾਹਿਤਕ ਰਚਨਾਵਾਂ ਦਾ ਦੌਰ ਰਿਹਾ, ਉੱਥੇ ਪ੍ਰੋਫੈਸਰ ਅਨਿਰਬਨ ਸਾਧੂ ਨੇ ਭਾਸ਼ਾਵਾਂ, ਸਾਹਿਤ ਅਤੇ ਅਨੁਵਾਦ ਦੇ ਨਾਲ-ਨਾਲ ਥਿਏਟਰ ਦੀਆਂ ਸੰਭਾਵਨਾਵਾਂ ਉਪਰ ਚਰਚਾ ਵੀ ਕੀਤੀ। ਇਰਫ਼ਾਨ ਨੇ ਸਪਾਟੀਫਾਈ ਐਪ ਉਪਰ ਚੱਲਦੇ ਆਪਣੇ ਪਾਡਕਾਸਟ ਉਪਰ ਪ੍ਰਸਿੱਧ ਕਵੀ 'ਅਗੇਯ' ਦੀਆਂ ਕਵਿਤਾਵਾਂ ਦੇ ਬਾਰੇ ਦੱਸਦਿਆਂ ਕਿਹਾ ਕਿ ਅੱਜ ਦੇ ਯੁੱਗ ਵਿੱਚ ਕਲਾਸੀਕਲ ਸਾਹਿਤ ਨੂੰ ਆਡੀਓ ਵਿੱਚ ਰਿਕਾਰਡ ਕਰਨ ਦਾ ਸਮਾਂ ਹੈ। ਇਸ ਸੰਵਾਦ ਦੇ ਚੱਲਦਿਆਂ ਪ੍ਰਸਿੱਧ ਕਵੀ ਤਰਸੇਮ ਪ੍ਰਸਿੱਧ ਕਹਾਣੀਕਾਰ ਅਤੇ ਪ੍ਰਧਾਨ ਲੋਕ ਰੰਗ ਸਾਹਿਤ ਸਭਾ ਭੋਲਾ ਸਿੰਘ ਸੰਘੇੜਾ, ਪਵਨ ਪਰਿੰਦਾ, ਡਾ. ਹਰੀਸ਼, ਲੇਖਕ ਪਾਠਕ ਸਾਹਿਤ ਸਭਾ ਦੇ ਪ੍ਰਧਾਨ ਤੇਜਿੰਦਰ ਚੰਡਿਹੋਕ ਨੇ ਆਪਣੀਆਂ ਰਚਨਾਵਾਂ ਦਾ ਸੰਖੇਪ ਵਿਚ ਪਾਠ ਕੀਤਾ। ਇਸ ਸਮੇਂ ਚਰਨ ਸਿੰਘ ਜਾਗਲ, ਪੱਤਰਕਾਰ ਪ੍ਰਸ਼ੋਤਮ ਬੱਲੀ, ਐੱਸ.ਐੱਸ. ਗਿੱਲ ਅਤੇ ਹੋਰ ਸਾਹਿਤਕਾਰ ਹਾਜ਼ਰ ਸਨ।

— ਤੇਜਿੰਦਰ ਚੰਡਿਹੋਕ



## ਵਿਸ਼ਵ ਕਾਵਿ-ਮਹਿਫਲ ਸਜਾਈ

**ਸਿਆਟਲ** : ਸਤੰਬਰ ਮਹੀਨੇ ਵਿੱਚ ਜ਼ੂਮ ਰਾਹੀਂ ਵੱਖ-ਵੱਖ ਦੇਸ਼ਾਂ ਭਾਰਤ, ਕੈਨੇਡਾ, ਅਮਰੀਕਾ, ਪਾਕਿਸਤਾਨ, ਇਟਲੀ, ਸਾਊਥ ਕੋਰੀਆ ਵੱਸਦੇ ਸਾਹਿਤਕਾਰਾਂ ਨੂੰ ਲੈ ਕੇ ਵਿਸ਼ਾਲ ਕਵੀ ਦਰਬਾਰ ਕੀਤਾ ਗਿਆ। ਬਹੁ-ਭਾਸ਼ਾਈ ਕਵੀ ਡਾ. ਜੀ ਐੱਸ ਆਨੰਦ ਅੱਜ ਦੇ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਬਿਰਾਜਮਾਨ ਸਨ, ਜਦੋਂ ਕਿ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਲਹਿੰਦੇ ਪੰਜਾਬ ਤੋਂ ਉੱਘੇ ਲੇਖਕ ਪ੍ਰੋਫੈਸਰ ਅਮਾਨਤ ਅਲੀ ਮੁਸਾਫਿਰ ਅਤੇ ਕੈਨੇਡਾ ਤੋਂ ਸਤਵੀਰ ਰਾਜੇਆਣਾ ਸੁਸ਼ੋਭਿਤ ਸਨ। ਅਮਨਬੀਰ ਸਿੰਘ ਧਾਮੀ ਨੇ 'ਮੁਹੱਬਤਾਂ ਦੇ ਘੱਲੇ ਸਨੇਹੇ' ਦਾ ਜ਼ਿਕਰ ਕਰਦਿਆਂ ਪ੍ਰੋਗਰਾਮ ਦਾ ਆਗਾਜ਼ ਕੀਤਾ ਅਤੇ ਰਮਨਦੀਪ ਕੌਰ ਰੰਮੀ ਨੇ ਆਏ ਹੋਏ ਮਹਿਮਾਨਾਂ ਅਤੇ ਕਵੀਆਂ ਨੂੰ ਜੀ ਆਇਆਂ ਕਿਹਾ। ਹਰਮੀਤ ਕੌਰ ਮੀਤ ਅਤੇ ਕਿਰਨਜੀਤ ਕੌਰ ਨੇ ਕਾਵਿਕ ਅੰਦਾਜ਼ ਵਿੱਚ ਹਾਜ਼ਰ ਕਵੀਆਂ ਨੂੰ ਸੱਦਾ ਦਿੱਤਾ। ਪਾਕਿਸਤਾਨ ਵਾਲੇ ਪੰਜਾਬ ਤੋਂ ਆਏ ਕਵੀਆਂ ਨਜ਼ਮਾ ਮਹਿਬੂਬ ਨਜ਼ਮਾ, ਮਹਿਬੂਬ ਅਲਾਰਮ ਤਾਰੀਕ, ਪ੍ਰੋ. ਅਮਾਨਤ ਅਲੀ ਮੁਸਾਫ਼ਿਰ ਦੀਆਂ ਪੇਸ਼ ਕਵਿਤਾਵਾਂ ਵਿੱਚ ਵਿਛੋੜੇ ਦਾ ਦਰਦ ਅਤੇ ਮਿਲਣ ਦੀਆਂ ਤਾਂਘਾਂ ਸਪੱਸ਼ਟ ਝਲਕਦੀਆਂ ਸਨ। ਭਾਰਤੀ ਪੰਜਾਬ ਤੋਂ ਹਾਜ਼ਰੀ ਲਵਾ ਰਹੀਆਂ ਕਵਿੱਤਰੀਆਂ ਮਨਦੀਪ ਭਦੌੜ, ਅੰਜਨਾ ਮੈਨਨ, ਸਵਰਨਜੀਤ ਕੌਰ ਢਿੱਲੋਂ, ਮਨਜੀਤ ਕੌਰ ਧੀਮਾਨ, ਕਿਰਨਪ੍ਰੀਤ ਕੌਰ ਜੈਤੋ ਤੇ ਡਾ. ਰਵਿੰਦਰ ਕੌਰ ਭਾਟੀਆ ਦੀਆਂ ਪੇਸ਼ ਕਵਿਤਾਵਾਂ ਵਿੱਚ ਸੰਘਰਸ਼ਾਂ ਦੀ ਗੱਲ, ਕਲਮਾਂ ਦੇ ਗੁੱਝੇ ਭੇਦ, ਬਚਪਨ ਦੀਆਂ ਯਾਦਾਂ ਆਦਿ ਕੁਲ ਮਿਲਾ ਕੇ ਜ਼ਿੰਦਗੀ ਦਾ ਸੱਚ ਚਿਤਰਿਆ ਦਿਸ ਰਿਹਾ ਸੀ। ਸਤਵੀਰ ਰਾਜੇਆਣਾ ਨੇ ਖ਼ੂਬਸੂਰਤ ਅੰਦਾਜ਼ ਵਿੱਚ ਭਾਵਪੂਰਤ ਕਵਿਤਾਵਾਂ ਪੜ੍ਹੀਆਂ। ਮੰਗਤ ਕੁਲਜਿੰਦ ਨੇ ਤਰੰਨਮ 'ਚ ਗਾਏ ਗੀਤ ਰਾਹੀਂ ਪੱਛਮੀ ਦੇਸ਼ਾਂ ਦੇ ਚੰਗੇ ਪੱਖਾਂ ਨੂੰ ਉਜਾਗਰ ਕੀਤਾ। ਪੇਸ਼ ਨਵੀਆਂ ਕਲਮਾਂ ਦੀ ਹੌਸਲਾ-ਅਫਜ਼ਾਈ ਕਰਦਿਆਂ ਮੁੱਖ ਮਹਿਮਾਨ ਡਾ. ਜੀ ਐੱਸ ਆਨੰਦ ਨੇ ਆਪਣੇ ਰਚਨਾ ਸੰਸਾਰ ਨਾਲ ਸਾਂਝ ਪਵਾਈ, ਪ੍ਰਬੰਧਕਾਂ ਨੂੰ ਵਧਾਈ ਦਿੱਤੀ।

—ਮੰਗਤ ਕੁਲਜਿੰਦ




# ਪਾਠਕਾਂ ਦੇ ਝਰੋਖੇ 'ਚੋਂ

## ਦ੍ਰਿਸ਼ਟੀਕੋਣ

25 ਸਤੰਬਰ ਦੇ ਅੰਕ ਵਿਚ 'ਦ੍ਰਿਸ਼ਟੀਕੋਣ' ਨੇ ਬੰਗਲਾਦੇਸ਼ ਦੀ ਮਿਸਾਲ ਦਿੱਤੀ ਹੈ ਕਿ ਇਹ ਦੇਸ਼ ਆਰਥਿਕ ਤੌਰ 'ਤੇ ਆਪਣੇ ਪੈਰਾਂ 'ਤੇ ਖੜਾ ਹੋ ਗਿਆ ਹੈ। ਜਦੋਂ ਇਹ ਆਜ਼ਾਦ ਹੋਇਆ ਸੀ ਤਾਂ ਬੰਗਲਾਦੇਸ਼ ਵਿਚ ਗਰੀਬੀ, ਭੁੱਖਮਰੀ ਦਾ ਦੌਰ ਸੀ। ਕੱਟੜਪੰਥੀਆਂ ਦੀ ਵਧੇਰੇ ਚੱਲਦੀ ਸੀ, ਪਰ ਹੁਣ ਆਜ਼ਾਦ ਹੋ ਕੇ ਸਾਹ ਲੈਣ ਜੋਗਾ ਹੋ ਗਿਆ ਹੈ। ਦੂਸਰੇ ਪਾਸੇ ਭਾਰਤ ਲਗਾਤਾਰ ਹਿੰਦੂ ਕੱਟੜਵਾਦ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਆਰਥਿਕਤਾ ਡਾਵਾਂਡੋਲ ਹੋ ਗਈ ਹੈ। ਕਾਰਪੋਰੇਟ ਕੰਪਨੀਆਂ ਦੀ ਪੂਰੀ ਚਾਂਦੀ ਹੈ। ਲੋਕ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਆਰਥਿਕਤਾ ਦਾ ਬੁਰਾ ਹਾਲ ਹੈ। ਪੈਸਾ ਅਮੀਰ ਦੀ ਜੇਬ ਵਿੱਚ ਜਾ ਰਿਹਾ ਹੈ। ਨਿੱਜੀ ਅਦਾਰੇ ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ। ਨਿੱਜੀ ਅਦਾਰਿਆਂ ਵਿੱਚ ਕੰਮ ਕਰਦੇ ਲੋਕਾਂ ਨੂੰ ਮਿਲਣ ਵਾਲੀ ਉਜਰਤ ਵਿੱਚੋਂ ਰੋਟੀ ਪੂਰੀ ਨਹੀਂ ਹੁੰਦੀ। ਮਸਾਂ ਸੱਤ ਹਜ਼ਾਰ ਤੋਂ ਦਸ ਹਜ਼ਾਰ ਤੱਕ ਦੇ ਰੁਜ਼ਗਾਰ ਵਿੱਚੋਂ ਕੋਈ ਕਿਵੇਂ ਰੋਟੀ ਪੂਰੀ ਕਰ ਸਕਦਾ ਹੈ। ਵਿਦੇਸ਼ਾਂ ਵਿੱਚ ਇਹ ਹਾਲ ਨਹੀਂ ਹੈ। ਕੋਈ ਵੀ ਨਿੱਜੀ ਅਦਾਰਾ ਉਜਰਤ ਦੇਣ ਦਾ ਪਾਬੰਦ ਹੈ ਤੇ ਖਾਸ ਤੌਰ 'ਤੇ ਚੰਗੀ ਰੋਟੀ ਕਮਾ ਲੈਂਦਾ ਹੈ। ਇਸੇ ਲਈ ਪੰਜਾਬ ਦਾ ਨੌਜਵਾਨ ਵਿਦੇਸ਼ਾਂ ਵਿੱਚ ਜਾਣ ਨੂੰ ਤਰਜੀਹ ਦੇ ਰਿਹਾ ਹੈ। ਕੀ ਸਾਡੇ ਮੁਲਕ ਵਿੱਚ ਇਸ ਕਿਸਮ ਦਾ ਪ੍ਰਬੰਧ ਨਹੀਂ ਹੋ ਸਕਦਾ? ਕੋਈ ਵੀ ਕਮਾਊ ਅਦਾਰਾ ਆਪਣੇ ਮੁਲਾਜ਼ਮ ਦਾ ਸ਼ੋਸ਼ਣ ਕਿਉਂ ਕਰੇ। ਮੇਰੀ ਸਮਝ ਵਿੱਚ ਉਹ ਅਦਾਰੇ ਹਨ, ਜੋ ਕਈ ਮਹੀਨਿਆਂ ਤੋਂ ਆਪਣੇ ਕਰਮਚਾਰੀਆਂ ਨੂੰ ਤਨਖਾਹਾਂ ਨਹੀਂ ਦੇ ਸਕੇ, ਕਿਉਂਕਿ ਇਸ ਕਿਸਮ ਦਾ ਗਲਤ ਪ੍ਰਬੰਧ ਹੈ। ਲੋਕ ਅਖ਼ਬਾਰਾਂ ਵਿੱਚ ਅਕਸਰ ਸ਼ਿਕਾਇਤਾਂ ਕਰਦੇ ਹਨ ਕਿ ਸਰਕਾਰਾਂ ਦਾ ਕੋਈ ਸੈੱਲ ਇਹੋ ਜਿਹਾ ਨਹੀਂ ਹੈ, ਜੋ ਲੋਕ ਮਸਲਿਆਂ ਦੀ ਸੁਣਵਾਈ ਕਰੇ। ਇਸ ਕਿਸਮ ਦਾ ਸਾਫ-ਸੁਥਰਾ ਨਿਜ਼ਾਮ ਸਾਡੇ ਦੇਸ਼ ਵਿੱਚ ਕਦੋਂ ਮਿਲੇਗਾ। ਸਿਆਸੀ ਪਾਰਟੀਆਂ ਬੇਸ਼ੁਮਾਰ ਵਾਅਦੇ ਕਰਕੇ ਸੱਤਾ ਸੰਭਾਲ ਲੈਂਦੀਆਂ ਹਨ। ਫਿਰ ਲੋਕਾਂ 'ਤੇ ਡੰਡਾ ਚਲਾਉਣ ਲੱਗ ਪੈਂਦੀਆਂ ਹਨ। ਪੰਜਾਬ ਸਰਕਾਰ ਨੇ ਆਪਣੇ ਛੇ ਮਹੀਨਿਆਂ ਦੇ ਰਾਜ ਵਿੱਚ ਅਜੇ ਤੱਕ ਕਿਸੇ ਪੜ੍ਹੇ-ਲਿਖੇ ਬੇਰੁਜ਼ਗਾਰ ਨੂੰ ਗੁਜ਼ਾਰਾ ਭੱਤਾ ਦੇਣ ਦਾ ਸੋਚਿਆ ਵੀ ਨਹੀਂ ਹੈ, ਜਿਸ ਨੂੰ ਇਹ ਲੋਕ ਬੇਰੁਜ਼ਗਾਰੀ ਭੱਤਾ ਕਹਿ ਰਹੇ ਸੀ। ਕੀ ਬੇਰੁਜ਼ਗਾਰੀ ਭੱਤਾ ਦੇਣਾ ਸਰਕਾਰ ਦਾ ਫਰਜ਼ ਨਹੀਂ ਹੈ? ਟਾਹਰਾਂ ਮਾਰਨੀਆਂ, ਫੋਕੀ ਇਸ਼ਤਿਹਾਰਬਾਜ਼ੀ ਕਰਨੀ, ਜੋ ਕਿਹਾ, ਉਹ ਕੀਤਾ, ਉਹ ਕਰਾਂਗੇ ਵਰਗੇ ਲੱਛੇਦਾਰ ਬੋਲ ਸੁਣ-ਸੁਣ ਕੇ ਲੋਕ ਅੱਕ ਗਏ ਹਨ।

ਸਰਕਾਰੀ ਨੌਕਰੀਆਂ 'ਤੇ ਤਾਲਾ ਲਾ ਕੇ ਅਖ਼ਬਾਰਾਂ ਵਿੱਚ ਗਿਣਤੀ ਦੇਣੀ ਕਿ ਸਾਡੀ ਸਰਕਾਰ ਐਨੇ ਲੋਕਾਂ ਨੂੰ ਨੌਕਰੀ ਦੇ ਚੁੱਕੀ ਹੈ। ਜੇ ਇਹ ਸੱਚ ਹੈ ਤਾਂ ਕਿਉਂ ਨਹੀਂ ਉਹ ਵਿਭਾਗ ਦੱਸੇ ਜਾ ਰਹੇ, ਜਿਨ੍ਹਾਂ ਵਿੱਚ ਨੌਕਰੀ ਦਿੱਤੀ ਗਈ ਹੈ। ਅਸਲ ਵਿੱਚ ਜਿੰਨੀ ਗਿਣਤੀ ਰਿਟਾਇਰ ਹੋਣ ਵਾਲੇ ਮੁਲਾਜ਼ਮਾਂ ਦੀ ਹੈ, ਉਸ ਦਾ ਕੁਝ ਅੰਸ਼ ਵੀ ਭਰਤੀ ਨਹੀਂ ਹੋ ਰਹੀ। ਨਿੰਦਰ ਨੇ ਦਾਦੀ ਦੇ ਗਿਲਾਸ ਨੂੰ ਸਾਂਭਿਆ, ਇਹ ਆਪਣੀ ਵਿਰਾਸਤ ਨਾਲ ਪਿਆਰ ਦੀ ਗੱਲ ਹੈ। ਮੁਹੱਬਤ ਦੇ ਜਜ਼ਬੇ ਹਨ। ਸ਼ੁਗਲੀ ਜੀ ਨੇ ਦਲ-ਬਦਲੀ ਕਰਨ ਵਾਲੇ ਸਿਆਸੀ ਲੋਕਾਂ ਨੂੰ ਚੰਗੀਆਂ ਮੱਤਾਂ ਦਿੱਤੀਆਂ ਹਨ, ਪਰ ਇਹ ਲੋਕ ਕਦੋਂ ਸਮਝਣਗੇ। 'ਨਵਾਂ ਜ਼ਮਾਨਾ' ਨੇ ਹਮੇਸ਼ਾ ਹੀ ਦਲ-ਬਦਲੀ ਦਾ ਵਿਰੋਧ ਕੀਤਾ ਹੈ। ਲੋਕ ਕਚਹਿਰੀ ਵਿੱਚ ਦਲ ਬਦਲ ਕੇ ਜਾਣ ਵਾਲੇ ਲੀਡਰ ਮੂੰਹ ਦੀ ਖਾਂਦੇ ਹਨ। ਲੋਕ ਹੁਣ ਐਨੇ ਭੋਲੇ ਨਹੀਂ ਰਹਿ ਗਏ, ਉਹ ਮਖੌਟਾਧਾਰੀ ਲੋਕਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਸਰਮਾਏਦਾਰੀ ਦੇ ਪੈਰ ਝੂਠੇ ਹੁੰਦੇ ਹਨ। ਉਹ ਇਨਕਲਾਬ ਤੋਂ ਅਕਸਰ ਡਰਦੇ ਹਨ। ਡਾ. ਦੀਪਤੀ ਨੇ ਕੁਝ ਮਿਸਾਲਾਂ ਦੇ ਕੇ ਇਹ ਸਿੱਧ ਕਰ ਦਿੱਤਾ ਹੈ। ਗੁਰਭਜਨ ਗਿੱਲ ਦੀ ਕਿਤਾਬ 'ਚਰਖੜੀ' ਸੁਰਜੀਤ ਦੀ ਕਾਵਿ ਸਿਰਜਨਾ ਤੇ ਬਾਕੀ ਕਿਤਾਬਾਂ ਦੇ ਸੰਖੇਪ ਰੀਵਿਊ ਜਾਣਕਾਰੀ ਭਰਪੂਰ ਸੀ। ਬੂਟਾ ਸਿੰਘ ਦਾ ਕਸ਼ਮੀਰ ਦੇ ਪੱਤਰਕਾਰੀ ਮਾਹੌਲ ਦੀ ਚਰਚਾ ਖੁੱਲ੍ਹ ਕੇ ਕੀਤੀ ਹੈ। ਕਈ ਮਿਸਾਲਾਂ ਦਿੱਤੀਆਂ ਹਨ। ਕਸ਼ਮੀਰ ਵਿੱਚ ਕੇਂਦਰ ਦਾ ਦਖਲ ਜ਼ਿਆਦਾ ਹੈ, ਉਹ ਲੋਕ ਗੁਲਾਮੀ ਵਿੱਚ ਫਸੇ ਮਹਿਸੂਸ ਕਰਦੇ ਹਨ।

— ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ

## 'ਭਾਰਤ ਜੋੜੋ ਅਤੇ ਕਾਂਗਰਸ ਤੋੜੋ ਨਾਲੋਂ-ਨਾਲ'

18 ਸਤੰਬਰ ਦੇ 'ਐਤਵਾਰਤਾ' ਵਿੱਚ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦਾ ਲਿਖਿਆ ਆਰਟੀਕਲ 'ਭਾਰਤ ਜੋੜੋ ਅਤੇ ਕਾਂਗਰਸ ਤੋੜੋ ਨਾਲੋਂ-ਨਾਲ' ਪੜ੍ਹਿਆ। ਲੇਖਕ ਨੇ ਭਾਰਤ ਵਿੱਚ ਵਿਗੜ ਰਹੀ ਕਾਨੂੰਨ ਵਿਵਸਥਾ ਦੀ ਹਾਲਤ 'ਤੇ ਚਿੰਤਾ ਪ੍ਰਗਟ ਕਰਦਿਆਂ ਲਿਖਿਆ ਹੈ ਕਿ ਕਿਵੇਂ ਸਮਾਜ ਵਿਰੋਧੀ ਅਨਸਰ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ। ਜਿਨ੍ਹਾਂ ਵਿੱਚ ਬਲਾਤਕਾਰੀ, ਜਿਨ੍ਹਾਂ ਨੇ ਉੱਤਰ ਪ੍ਰਦੇਸ਼ ਵਿੱਚ ਦੋ ਸਕੀਆਂ ਭੈਣਾਂ ਨਾਲ ਪਹਿਲਾਂ ਬਲਾਤਕਾਰ ਕੀਤਾ।

ਕਾਂਗਰਸ ਨੇ ਜਦੋਂ ਦੀ ਭਾਰਤ ਜੋੜੋ ਯਾਤਰਾ ਸ਼ੁਰੂ ਕੀਤੀ ਹੈ, ਲੇਖਕ ਦਾ ਮੰਨਣਾ ਹੈ ਕਿ ਇਸ ਨਾਲ ਭਾਜਪਾ ਅਸਲ ਵਿੱਚ ਅੰਦਰੋਂ ਡਰੀ ਹੋਈ ਹੈ। ਜਿਨ੍ਹਾਂ ਰਾਜਾਂ ਵਿੱਚ ਕਾਂਗਰਸ ਜਾਂ ਕਾਂਗਰਸ ਦੇ ਜੋਟੀਦਾਰਾਂ ਦੀਆਂ ਸਰਕਾਰਾਂ ਹਨ। ਭਾਜਪਾ ਪਹਿਲਾਂ ਸਰਕਾਰੀ ਏਜੰਸੀਆਂ ਰਾਹੀਂ ਉਸ ਦੇ ਵਿਧਾਇਕਾਂ ਨੂੰ ਡਰਾਉਂਦੀ ਹੈ, ਫਿਰ ਪੈਸਿਆਂ ਦਾ ਲਾਲਚ ਦੇ ਕੇ ਉਹਨਾਂ ਦੇ ਵਿਧਾਇਕ ਤੋੜ ਕੇ ਆਪਣੀਆਂ ਸਰਕਾਰਾਂ ਬਣਾਉਂਦੀ ਹੈ। ਭਾਰਤ ਜਿਸ ਨੂੰ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਰਾਜ ਮੰਨਿਆ ਜਾਂਦਾ ਤੇ ਭਾਜਪਾ ਦੁਨੀਆ ਦੀ ਵੱਡੀ ਸਿਆਸੀ ਪਾਰਟੀ ਵਜੋਂ ਜਾਣੀ ਜਾਂਦੀ ਹੈ, ਅਸਲ ਹਕੀਕਤ ਕੁਝ ਹੋਰ ਹੀ ਸਾਹਮਣੇ ਆਉਂਦੀ ਹੈ।

ਡਾ. ਸ਼ਿਆਮ ਸੁੰਦਰ ਦੀਪਤੀ ਦਾ ਆਰਟੀਕਲ 11 ਸਤੰਬਰ ਦੇ 'ਐਤਵਾਰਤਾ' 'ਚ ਛਪਿਆ। 'ਖੁਰਾਕ ਹਾਸਲ ਕਰਨ ਦੀ ਸਮੱਸਿਆ ਤੇ ਖੁਰਾਕ ਪ੍ਰਤੀ ਜਾਗਰੂਕਤਾ' ਪੜ੍ਹ ਕੇ ਪਤਾ ਲੱਗਦਾ ਹੈ ਕਿ ਇਹ ਭਾਰਤ ਦੀ ਇੱਕ ਗੰਭੀਰ ਸਮੱਸਿਆ ਹੈ। ਲੇਖਕ ਦੇ ਅਨੁਸਾਰ ਖੁਰਾਕ ਦੀ ਨਮੀ ਕਰਕੇ ਕਿਸ ਤਰ੍ਹਾਂ ਸਾਡੇ ਦੇਸ਼ ਦੇ ਨੌਜਵਾਨ ਮੁੰਡੇ ਅਤੇ ਕੁੜੀਆਂ ਬੌਣੇਪਨ ਅਤੇ ਸੋਕੜੇ ਦਾ ਸ਼ਿਕਾਰ ਹੋ ਰਹੇ ਹਨ। ਦੂਸਰੇ ਪਾਸੇ ਸਾਡੇ ਦੇਸ਼ ਦੇ ਅਨਾਜ ਦੇ ਭੰਡਾਰ ਭਰੇ ਪਏ ਹਨ।

ਪਨੂੰ ਜੀ ਦੇ ਸਾਰੇ ਆਰਟੀਕਲ ਗਿਆਨ ਵਿੱਚ ਵਾਧਾ ਕਰਨ ਵਾਲੇ ਹੁੰਦੇ ਹਨ। ਜਿਨ੍ਹਾਂ ਵਿੱਚ ਦੇਸ਼ ਅਤੇ ਪ੍ਰਦੇਸ਼ ਦੀਆਂ ਸਮੱਸਿਆਵਾਂ ਅਤੇ ਦੁਨੀਆ ਵਿੱਚ ਕੀ ਵਰਤਾਰਾ ਚੱਲ ਰਿਹਾ ਹੈ ਦਾ ਬੇਬਾਕੀ ਨਾਲ ਜ਼ਿਕਰ ਕੀਤਾ ਗਿਆ ਹੁੰਦਾ ਹੈ। ਕੋਈ ਵੀ ਆਰਟੀਕਲ ਬਿਨਾਂ ਪੜ੍ਹੇ ਤੋਂ ਰਿਹਾ ਨਹੀਂ ਜਾਂਦਾ।

—ਤਰਲੋਚਨ ਰਾਏਪੁਰੀ

## ਕੁਦਰਤ ਅਤੇ ਸਮਾਜਿਕ ਦਵੰਦਵਾਦ ਦੇ ਨੇਮ ਤੇ ਸੱਤਾ

25 ਸਤੰਬਰ ਦੇ 'ਐਤਵਾਰਤਾ' ਵਿੱਚ 'ਕਾਮਰੇਡ ਜਗਰੂਪ ਸਿੰਘ ਜੀ' ਦਾ ਛਪਿਆ ਲੇਖ "ਕੁਦਰਤ ਅਤੇ ਸਮਾਜਿਕ ਦਵੰਦਵਾਦ ਦੇ ਨੇਮ ਤੇ ਸੱਤਾ" ਬਹੁਤ ਹੀ ਉੱਤਮ ਸ਼ੈਲੀ ਵਿੱਚ ਲਿਖਿਆ ਜਾਣਕਾਰੀ ਭਰਪੂਰ ਲੇਖ ਸੀ।

ਲੇਖ ਵਿੱਚ ਮੱਧਵਰਗ ਦੀ ਅਸਲ ਹਾਲਤ ਅਤੇ ਸੱਤਾਧਾਰੀ ਹੱਥਠੋਕਿਆਂ ਵੱਲੋਂ ਪ੍ਰਚਾਰਿਤ ਆਰਥਿਕ ਸਥਿਤੀ ਵਿਚਲੇ ਜ਼ਮੀਨ-ਆਸਮਾਨ ਦੇ ਪਾੜੇ ਨੂੰ ਬੜੇ ਸੁਚੱਜੇ ਢੰਗ ਨਾਲ ਤੱਥਾਂ ਸਹਿਤ ਪੇਸ਼ ਕੀਤਾ ਹੈ। ਏਸੇ ਤਰ੍ਹਾਂ ਘੱਟ-ਗਿਣਤੀਆਂ ਦੇ 'ਜੋਸ਼ੀਲੇ' ਹਮਾਇਤੀਆਂ ਬਾਰੇ ਕੀਤੀ ਗੱਲ ਸੱਤਾਧਾਰੀ ਲੋਟੂਆਂ ਖਿਲਾਫ਼ ਇੱਕਜੁਟਤਾ ਅਤੇ ਸਮਝ-ਬੂਝ ਨਾਲ ਚੱਲਣ ਦੀ ਮੌਜੂਦਾ ਸਮੇਂ ਦੀ ਸਭ ਤੋਂ ਵੱਡੀ ਵੰਗਾਰ ਹੈ।

ਇਸ ਤਰ੍ਹਾਂ ਦੇ ਲੇਖ ਭਾਰਤੀ ਅਤੇ ਖਾਸਕਰ ਪੰਜਾਬੀ ਪਾਠਕਾਂ ਲਈ ਕਾਫ਼ੀ ਲਾਹੇਵੰਦ ਸਿੱਧ ਹੋਣਗੇ। ਨਵਾਂ ਜ਼ਮਾਨਾ ਅਦਾਰਾ ਅਜਿਹੀਆਂ ਉਸਾਰੂ ਕਿਰਤਾਂ ਨੂੰ ਪਾਠਕਾਂ ਸਾਹਵੇਂ ਲਿਆਉਣ ਲਈ ਵਧਾਈ ਦਾ ਪਾਤਰ ਹੈ।

- ਮਲਕੀਤ ਰਾਸੀ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਕੁਦਰਤ ਅਤੇ ਸਮਾਜਿਕ ਦਵੰਦਵਾਦ ਦੇ ਨੇਮ ਤੇ ਸੱਤਾ-3 : ਜਗਰੂਪ

ਜਤਿੰਦਰ ਹਾਂਸ ਨਾਲ ਮੁਲਾਕਾਤ : ਡਾ. ਜਸਵਿੰਦਰ ਕੌਰ ਬਿੰਦਰਾ

'ਮੇਰਾ ਪਿੰਡ ਮੇਰੇ ਲੋਕ' ਦੀ ਪਰਖ ਪੜਚੋਲ : ਡਾ. ਲਾਭ ਸਿੰਘ ਖੀਵਾ

ਜਗਤਾਰ ਗਿੱਲ ਦੇ ਆਧੁਨਿਕ ਦੋਹੇ ਅਤੇ ਹੋਰ ਬਹੁਤ ਕੁਝ

2-OCT-PAGE-1.qxd 10/1/2022 10:18 PM Page 1

ਐਤਵਾਰ, 2 ਅਕਤੂਬਰ, 2022
16 ਅੱਸੂ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 122

# ਨਵਾਂ ਜ਼ਮਾਨਾ

DAILY NAWAN ZAMANA • SUNDAY, 2 OCTOBER, 2022
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 14

# ਆ ਗਿਆ 5ਜੀ



5ਜੀ ਲਈ ਕਿਸ ਦੀ ਕਿੰਨੀ ਹੋਈ ਜੇਬ ਢਿੱਲੀ

| ਕੰਪਨੀ | ਖਰਚ ਕੀਤੇ ਕਰੋੜ ਰੁਪਏ | ਸਪੈਕਟ੍ਰਮ ਐੱਮ ਐੱਚ ਜ਼ੈੱਡ 'ਚ |
|---|---|---|
| ਰਿਲਾਇੰਸ ਜੀਓ | 88,078 | 24,740 |
| ਏਅਰਟੈੱਲ | 43,084 | 19,867 |
| ਵੋਡਾ-ਆਈਡੀਆ | 18,784 | 6,228 |
| ਅਡਾਨੀ | 212 | 400 |
| ਕੁੱਲ ਬੋਲੀ | 1,50,173 | 51,235 |

**ਨਵੀਂ ਦਿੱਲੀ** : ਭਾਰਤੀ ਇੰਟਰਨੈੱਟ ਯੂਜਰਜ਼ ਲਈ 5ਜੀ ਦਾ ਇੰਤਜ਼ਾਰ ਖ਼ਤਮ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੇਸ਼ 'ਚ 5ਜੀ ਇੰਟਰਨੈੱਟ ਸੇਵਾ ਲਾਂਚ ਕਰ ਦਿੱਤੀ। ਇਸ ਦੇ ਨਾਲ ਭਾਰਤ 'ਚ ਮੋਬਾਇਲ ਫੋਨਾਂ 'ਤੇ ਹਾਈ ਸਪੀਡ ਇੰਟਰਨੈੱਟ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਹੈ। ਪ੍ਰਧਾਨ ਮੰਤਰੀ ਨੇ ਦਿੱਲੀ 'ਚ 6ਵੀਂ ਇੰਡੀਆ ਮੋਬਾਇਲ ਕਾਂਗਰਸ 2022 ਦੌਰਾਨ ਦੇਸ਼ ਦੇ ਚੋਣਵੇਂ ਸ਼ਹਿਰਾਂ 'ਚ ਇਸ ਸੇਵਾ ਦੀ ਸ਼ੁਰੂਆਤ ਕੀਤੀ ਹੈ। ਅਗਲੇ ਕੁਝ ਸਾਲਾਂ 'ਚ 5-ਜੀ ਇੰਟਰਨੈੱਟ ਸੇਵਾ ਪੂਰੇ ਭਾਰਤ 'ਚ ਉਪਲੱਬਧ ਕਰਵਾਈ ਜਾਵੇਗੀ।

ਦੂਰਸੰਚਾਰ ਵਿਭਾਗ ਨੇ ਦੱਸਿਆ ਕਿ 5ਜੀ ਸੇਵਾਵਾਂ ਦਾ ਲਾਭ ਸਭ ਤੋਂ ਪਹਿਲਾ 13 ਸ਼ਹਿਰਾਂ 'ਚ ਰਹਿਣ ਵਾਲੇ ਯੂਜਰਜ਼ ਨੂੰ ਮਿਲੇਗਾ। ਇਨ੍ਹਾਂ ਸ਼ਹਿਰਾਂ 'ਚ ਦਿੱਲੀ, ਮੁੰਬਈ, ਚੇਨਈ ਕੋਲਕਾਤਾ, ਚੰਡੀਗੜ੍ਹ, ਬੈਂਗਲੂਰੂ, ਹੈਦਰਾਬਾਦ, ਲਖਨਊ, ਪੁਣੇ, ਗਾਂਧੀਨਗਰ, ਅਹਿਮਦਾਬਾਦ ਅਤੇ ਜਾਮਨਗਰ ਸ਼ਾਮਲ ਹਨ। ਇਨ੍ਹਾਂ ਸ਼ਹਿਰਾਂ ਤੋਂ ਬਾਅਦ ਸਾਲ ਦੇ ਆਖਰ ਤੱਕ ਬਾਕੀ ਵੱਡੇ ਸ਼ਹਿਰਾਂ ਅਤੇ ਅਗਲੇ ਸਾਲ ਹੋਰ ਸਰਕਲ 'ਚ ਵੀ 5ਜੀ ਸੇਵਾਵਾਂ ਨਾਲ ਜੁੜ ਕੇ ਨੈੱਟਵਰਕ ਤਿਆਰ ਕੀਤਾ ਜਾਵੇਗਾ ਅਤੇ ਇਸ ਦਾ ਲਾਭ ਯੂਜਰਜ਼ ਨੂੰ ਮਿਲੇਗਾ। ਹਾਲਾਂਕਿ, ਕੇਵਲ 8 ਸ਼ਹਿਰਾਂ 'ਚ ਇਸ ਦਾ ਲਾਭ ਮਿਲ ਰਿਹਾ ਹੈ।

ਭਾਰਤੀ ਏਅਰਟੈੱਲ ਨੇ ਸ਼ਨੀਵਾਰ ਤੋਂ ਚਾਰ ਮਹਾਂਨਗਰਾਂ ਸਮੇਤ ਅੱਠ ਸ਼ਹਿਰਾਂ 'ਚ 5ਜੀ ਟੈਲੀਕਾਮ ਸੇਵਾਵਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਕੰਪਨੀ ਦੀ ਯੋਜਨਾ ਮਾਰਚ 2024 ਤੱਕ ਦੇਸ਼ ਭਰ ਵਿਚ ਇਹ ਸੇਵਾਵਾਂ ਪ੍ਰਦਾਨ ਕਰਨ ਦੀ ਹੈ। ਭਾਰਤੀ ਏਅਰਟੈੱਲ ਦੇ ਚੇਅਰਮੈਨ ਸੁਨੀਲ ਭਾਰਤੀ ਮਿੱਤਲ ਨੇ ਇਹ ਜਾਣਕਾਰੀ ਦਿੱਤੀ। ਇਸ ਦੌਰਾਨ ਮੁਕੇਸ਼ ਅੰਬਾਨੀ ਨੇ ਐਲਾਨ ਕੀਤਾ ਕਿ ਉਨ੍ਹਾ ਦੀ ਦੂਰਸੰਚਾਰ ਕੰਪਨੀ ਰਿਲਾਇੰਸ ਜੀਓ ਅਗਲੇ ਸਾਲ ਦਸੰਬਰ ਤੱਕ ਦੇਸ਼ ਭਰ 'ਚ 5ਜੀ ਸੇਵਾਵਾਂ ਸ਼ੁਰੂ ਕਰੇਗੀ। ਜੀਓ ਇਸ ਮਹੀਨੇ ਦੇ ਅੰਤ ਤੱਕ 5ਜੀ ਸੇਵਾਵਾਂ ਸ਼ੁਰੂ ਕਰਨ ਦੀ ਤਿਆਰੀ ਵਿਚ ਹੈ।

## ਕਿਸ ਤਰ੍ਹਾਂ ਬਦਲੇਗੀ ਤੁਹਾਡੀ ਜ਼ਿੰਦਗੀ

4ਜੀ ਦੀ 1 ਗੀਗਾ ਬਿਟਸ ਪ੍ਰਤੀ ਸੈਕਿੰਡ ਦੀ ਤੁਲਨਾ 'ਚ 5ਜੀ ਦੇ ਹਾਈ ਬੈਂਡ ਸਪੈਕਟ੍ਰਮ 'ਚ ਇੰਟਰਨੈੱਟ ਸਪੀਡ 20 ਗੀਗਾ ਬਿਟਸ ਨੂੰ ਪਾਉਣ ਲਈ 5ਜੀ ਸਾਰੇ ਤਰ੍ਹਾਂ ਦੇ ਸਪੈਕਟ੍ਰਮ ਨੂੰ ਯੂਜ਼ ਕਰਦਾ ਹੈ। 5ਜੀ 'ਚ 1 ਗੀਗਾ ਬਿਟਸ ਦੀ ਸਪੀਡ ਨਾਲ 4 ਗੀਗਾ ਬਿਟਸ ਦੀ ਇੱਕ ਮਵੀ ਨੂੰ 3 ਸੈਕਿੰਡ 'ਚ ਡਾਊਨਲੋਡ ਕੀਤਾ ਜਾ ਸਕਦਾ ਹੈ। 5ਜੀ ਦੀ ਸਹਾਇਤਾ ਨਾਲ 20.8 ਮਿਲੀਅਨ ਡਿਵਾਇਸ ਨੂੰ ਇੱਕ ਸਾਥ ਜੋੜਿਆ ਜਾ ਸਕਦਾ ਹੈ।

5ਜੀ ਤਕਨੀਕ 'ਚ ਕੁਨੈਕਸ਼ਨ ਡੇਨਿਸਟੀ 1 ਮਿਲੀਅਨ ਪ੍ਰਤੀ ਵਰਗ ਕਿਲੋਮੀਟਰ ਹੈ। ਇਸ ਦਾ ਮਤਲਬ ਇਹ ਹੈ ਕਿ ਪ੍ਰਤੀ ਵਰਗ ਕਿਲੋਮੀਟਰ 'ਚ 1 ਮਿਲੀਅਨ ਡਿਵਾਇਸ ਨੂੰ ਇੱਕ ਸਾਥ ਜੋੜਿਆ ਜਾ ਸਕਦਾ ਹੈ। 5ਜੀ ਤਕਨੀਕ 'ਚ ਅਲਟਰਾ ਹਾਈ ਸਪੀਡ ਅਤੇ ਸੁਪਰ ਲੋ ਲੇਟਨਸੀ ਕਾਰਨ ਇੱਕ ਮਸ਼ੀਨ ਤੋਂ ਦੂਜੀ ਮਸ਼ੀਨ ਵਿਚਾਲੇ ਕਮਿਊਨੀਕੇਟ ਕਰਨਾ ਬਹੁਤ ਅਸਾਨ ਹੋ ਜਾਵੇਗਾ।

## ਇਨ੍ਹਾਂ ਸੈਕਟਰਾਂ 'ਚ ਮਿਲੇਗੀ ਮਦਦ

5ਜੀ ਟੈਕਨਾਲੋਜੀ ਦੇ ਆਉਣ ਨਾਲ ਬਿਨਾਂ ਡਰਾਈਵਰ ਗੱਡੀਆਂ, ਹੈਲਕੇਅਰ, ਵਰਚੂਅਲ ਰਿਆਲਟੀ, ਕਲਾਊਡ ਗੇਮਿੰਗ ਲਈ ਵੀ ਨਵੇਂ ਰਸਤੇ ਖੁੱਲ੍ਹਣਗੇ। ਹੈੱਲਥ ਕੇਅਰ ਸੈਕਟਰ ਦੀ ਗੱਲ ਕਰੀਏ ਤਾਂ ਡਾਕਟਰ ਆਪਣੇ ਸਥਾਨ ਤੋਂ ਹੀ ਰੋਗੀਆਂ ਨਾਲ ਸਿੱਧਾ ਜੁੜ ਸਕਣਗੇ, ਨਾਲ ਹੀ ਡਾਕਟਰ ਸਰਜਨ ਨੂੰ ਸਹੀ ਸਰਜਰੀ ਕਰਨ 'ਚ ਵੀ ਮਦਦ ਕਰ ਸਕਣਗੇ। 5-ਜੀ ਦੇ ਆਉਣ ਤੋਂ ਬਾਅਦ ਜੋ ਪਹਿਲਾਂ ਕੰਮ ਕੀਤੇ ਜਾ ਰਹੇ ਸਨ, ਉਸ 'ਚ ਸੁਧਾਰ ਹੋਵੇਗਾ, ਨਾਲ ਹੀ ਇੰਟਰਨੈੱਟ ਨਾਲ ਨਵੇਂ ਤਰੀਕੇ ਨਾਲ ਡਿਵਾਇਸ ਜੁੜਨਗੇ। ਏਨਾ ਹੀ ਨਹੀਂ, ਤੁਸੀਂ ਫਰਿਜ, ਟੀ ਵੀ, ਏ ਸੀ ਅਤੇ ਘਰ ਦੀਆਂ ਦੂਜੀਆਂ ਚੀਜ਼ਾਂ ਨੂੰ ਵੀ

● ਬਾਕੀ ਸਫ਼ਾ 10 'ਤੇ

## ਕੀ ਹੈ 5ਜੀ ਤਕਨੀਕ

5ਜੀ ਮਤਲਬ 5ਵੀਂ ਜਨਰੇਸ਼ਨ ਮੋਬਾਇਲ ਨੈੱਟਵਰਕ, ਜੋ ਕਿ ਮੋਬਾਇਲ ਨੈੱਟਵਰਕ 'ਤੇ ਡਾਊਨਲੋਡਿੰਗ ਅਤੇ ਅਪਲੋਡਿੰਗ ਦੀ ਰਫ਼ਤਾਰ ਨੂੰ ਵਧਾਏਗਾ। ਸੈੱਲਫ ਡਰਾਈਵਿੰਗ ਕਾਰਾਂ 'ਚ ਜਿਸ ਟੈਕਨਾਲੋਜੀ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ, ਉਹ 5ਜੀ 'ਤੇ ਕੰਮ ਕਰਦੀ ਹੈ। 5ਜੀ ਦੇ ਏਨੇ ਤੇਜ਼ ਕੰਮ ਕਰਨ ਦੇ ਪਿੱਛੇ ਮਿਲੀਮੀਟਰ ਬੇਬਸ ਇਹ ਇੱਕ ਤਰ੍ਹਾਂ ਦੀਆਂ ਰੇਡੀਓ ਤਰੰਗਾਂ ਹੁੰਦੀਆਂ ਹਨ। ਸਮਾਰਟ ਫੋਨ ਅਤੇ ਹੋਰ ਸਮਾਰਟ ਡਿਵਾਇਸ ਇਨ੍ਹਾਂ ਮਿਲੀਮੀਟਰ ਬੇਬਸ ਨਾਲ ਜੁੜੇ ਹੁੰਦੇ ਹਨ। ਜੇਕਰ ਕਿਸੇ ਸਥਾਨ 'ਤੇ ਜ਼ਿਆਦਾ ਸਮਾਰਟ ਫੋਨ ਦੀ ਵਰਤੋਂ ਹੁੰਦੀ ਹਨ ਤਾਂ ਇਹ ਫ੍ਰੀਕਵੈਂਸੀ ਕਈ ਹਿੱਸਿਆਂ 'ਚ ਵੰਡ ਜਾਂਦੀ ਹੈ ਅਤੇ ਨੈੱਟਵਰਕ ਹੌਲੀ ਹੋ ਜਾਂਦਾ ਹੈ। ਹੁਣ ਇਹ ਮਿਲੀਮੀਟਰ ਬੇਬਸ 6 ਗੀਗਾ ਹਰਟਜ਼ 'ਤੇ ਕੰਮ ਕਰਦੀ ਹੈ, ਪਰ 5ਜੀ ਇਹੀ ਵਧਾ ਕੇ 30 ਤੋਂ 300 ਗੀਗਾ ਹਰਟਜ਼ 'ਤੇ ਪਹੁੰਚ ਜਾਵੇਗੀ।

4ਜੀ ਦੇ ਨੈੱਟਵਰਕ ਦੀ ਗੱਲ ਕਰੀਏ ਤਾਂ 500 ਵਰਗ ਕਿਲੋਮੀਟਰ 'ਚ 10 ਲੱਖ ਡਿਵਾਇਜ਼ ਕਨੈਕਟ ਹੋ ਸਕਦੇ ਹਨ, ਜਦਕਿ 5ਜੀ 'ਤੇ ਸਿਰਫ਼ ਇੱਕ ਵਰਗ ਕਿਲੋਮੀਟਰ 'ਚ ਹੀ 10 ਲੱਖ ਡਿਵਾਇਸ ਕੁਨੈਕਟ ਕੀਤੇ ਜਾ ਸਕਦੇ ਹਨ।

# ਵਪਾਰਕ ਐੱਲ ਪੀ ਜੀ ਸਿਲੰਡਰ ਦੇ ਭਾਅ 25.50 ਰੁਪਏ ਘਟੇ



**ਨਵੀਂ ਦਿੱਲੀ** : ਜੈੱਟ ਈਂਧਨ (ਏ ਟੀ ਐੱਫ) ਦੀਆਂ ਕੀਮਤਾਂ ਸ਼ਨੀਵਾਰ 4.5 ਫੀਸਦੀ ਤੱਕ ਡਿੱਗ ਗਈਆਂ ਅਤੇ ਹੋਟਲਾਂ ਅਤੇ ਰੈਸਟੋਰੈਂਟਾਂ 'ਚ ਵਰਤੀ ਜਾਣ ਵਾਲੀ ਵਪਾਰਕ ਐੱਲ ਪੀ ਜੀ 19 ਕਿਲੋ ਪ੍ਰਤੀ ਸਿਲੰਡਰ 25.5 ਰੁਪਏ ਤੱਕ ਹੇਠਾਂ ਆ ਗਈ। ਸਰਕਾਰੀ ਨੋਟੀਫਿਕੇਸ਼ਨ ਮੁਤਾਬਕ ਰਾਸ਼ਟਰੀ ਰਾਜਧਾਨੀ 'ਚ 19 ਕਿਲੋ 1,885 ਰੁਪਏ ਦੇ ਵਪਾਰਕ ਐੱਲ ਪੀ ਜੀ ਸਿਲੰਡਰ ਦੀ ਕੀਮਤ 1859.50 ਰੁਪਏ ਹੋ ਗਈ ਹੈ। ਕਮਰਸ਼ੀਅਲ ਐੱਲ ਪੀ ਜੀ ਦੀਆਂ ਕੀਮਤਾਂ ਵਿਚ ਜੂਨ ਤੋਂ ਛੇਵੀਂ ਵਾਰ ਕਟੌਤੀ ਕੀਤੀ ਗਈ ਹੈ, ਪਰ ਘਰੇਲੂ ਰਸੋਈ ਗੈਸ ਦੀਆਂ ਕੀਮਤਾਂ 'ਚ ਕੋਈ ਬਦਲਾਅ ਨਹੀਂ ਕੀਤਾ ਗਿਆ। ਇਸ ਦੇ ਨਾਲ ਹੀ ਏ ਟੀ ਐੱਫ ਦੀ ਕੀਮਤ 'ਚ 4.5 ਫੀਸਦੀ ਦੀ ਕਮੀ ਦਰਜ ਕੀਤੀ ਗਈ। ਮੀਡੀਆ ਰਿਪੋਰਟਾਂ ਅਨੁਸਰ ਮਈ ਮਹੀਨੇ 'ਚ ਵਪਾਰਕ ਗੈਸ ਸਿਲੰਡਰ ਦੀ ਕੀਮਤ 2354 ਰੁਪਏ ਹੋ ਗਈ ਸੀ, ਪਰ ਉਸ ਤੋਂ ਬਾਅਦ ਆਇਲ ਮਾਰਕੀਟਿੰਗ ਕੰਪਨੀਆਂ ਲਗਾਤਾਰ ਇਸ ਦੀ ਕੀਮਤਾਂ 'ਚ ਕਟੌਤੀ ਕਰ ਰਹੀਆਂ ਹਨ।

14.2 ਕਿਲੋ ਦੇ ਘਰੇਲੂ ਐੱਲ ਪੀ ਜੀ ਗੈਸ ਸਿਲੰਡਰ ਦੀਆਂ ਕੀਮਤਾਂ 'ਚ ਕਿਸੇ ਵੀ ਪ੍ਰਕਾਰ ਦਾ ਬਦਲਾਅ ਨਹੀਂ ਕੀਤਾ ਗਿਆ, ਜਿਸ ਨਾਲ ਆਮ ਗਾਹਕਾਂ ਨੂੰ ਇਸ ਕਟੌਤੀ ਦਾ ਕੋਈ ਲਾਭ ਨਹੀਂ ਮਿਲੇਗਾ।

ਦੇਸ਼ ਦੀ ਰਾਜਧਾਨੀ ਦਿੱਲੀ 'ਚ 14.2 ਕਿਲੋ ਵਾਲੇ ਐੱਲ ਪੀ ਜੀ ਸਿਲੰਡਰ ਦੀ ਕੀਮਤ 1090 ਰੁਪਏ ਹੈ, ਜੋ ਆਖਰੀ ਵਾਰ ਜੁਲਾਈ ਮਹੀਨੇ 'ਚ ਬਦਲੀ ਸੀ।

# ਮਨਾਲੀ 'ਚ ਭੂਚਾਲ ਦੇ ਝਟਕੇ

**ਨਵੀਂ ਦਿੱਲੀ** : ਹਿਮਾਚਲ ਪ੍ਰਦੇਸ਼ ਦੇ ਮਨਾਲੀ 'ਚ ਸ਼ਨੀਵਾਰ ਦੁਪਹਿਰ ਨੂੰ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਉਥੇ ਹੀ ਰਿਐਕਟਰ ਸਕੇਲ 'ਤੇ ਭੂਚਾਲ ਦੀ ਤੀਬਰਤਾ 3.5 ਮਾਪੀ ਗਈ। ਭੂਚਾਲ ਦੇ ਝਟਕੇ ਜ਼ਮੀਨ ਅੰਦਰ 5 ਕਿਲੋਮੀਟਰ ਦੀ ਡੂੰਘਾਈ ਤੱਕ ਮਹਿਸੂਸ ਕੀਤੇ ਗਏ। ਭੂਚਾਲ ਦਾ ਕੇਂਦਰ ਲਾਹੌਲ ਸਪੀਤੀ ਦਾ ਉਦੈਪੁਰ ਰਿਹਾ। ਝਟਕੇ ਜੰਮੂ ਕਸ਼ਮੀਰ ਅਤੇ ਲੱਦਾਖ ਦੇ ਕੁਝ ਖੇਤਰਾਂ 'ਚ ਵੀ ਮਹਿਸੂਸ ਕੀਤੇ ਗਏ। ਜਦੋਂ ਹੀ ਲੋਕਾਂ ਨੂੰ ਭੂਚਾਲ ਦਾ ਅਹਿਸਾਸ ਹੋਇਆ, ਉਹ ਸਭ ਕੁਝ ਛੱਡ ਕੇ ਘਰਾਂ 'ਚੋਂ ਬਾਹਰ ਨਿਕਲ ਆਏ, ਕਿਸੇ ਤਰ੍ਹਾਂ ਦੇ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਇਸ ਤੋਂ ਪਹਿਲਾਂ 16 ਸਤੰਬਰ ਨੂੰ ਲੇਹ ਤੋਂ 189 ਕਿਲੋਮੀਟਰ ਉੱਤਰ 'ਚ ਤੜਕੇ ਕਰੀਬ 4.19 ਵਜੇ 4.8 ਤੀਬਰਤਾ ਦਾ ਭੂਚਾਲ ਆਇਆ ਸੀ।

# ਖੜਗੇ ਬਨਾਮ ਥਰੂਰ ਹੋਈ ਕਾਂਗਰਸ ਪ੍ਰਧਾਨ ਦੀ ਚੋਣ



**ਨਵੀਂ ਦਿੱਲੀ** : ਕਾਂਗਰਸ ਪ੍ਰਧਾਨ ਦੇ ਅਹੁਦੇ ਦੀ ਚੋਣ ਹੁਣ ਮਲਿਕਅਰੁਜਨ ਖੜਗੇ ਅਤੇ ਸ਼ਸ਼ੀ ਥਰੂਰ ਵਿਚਾਲੇ ਹੋਵੇਗੀ। ਤੀਜੇ ਉਮੀਦਵਾਰ ਝਾਰਖੰਡ ਦੇ ਸਾਬਕਾ ਕੈਬਨਿਟ ਮੰਤਰੀ ਕੇ ਐਨ ਤ੍ਰਿਪਾਠੀ ਦੀ ਨਾਮਜ਼ਦਗੀ ਰੱਦ ਹੋ ਗਈ। ਹਾਲਾਂਕਿ ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਤਰੀਕ 8 ਅਕਤੂਬਰ ਹੈ। ਇਸ ਲਈ ਉਸੇ ਦਿਨ ਤਸਵੀਰ ਸਾਫ ਹੋ ਸਕੇਗੀ ਕਿ ਚੋਣ ਹੋਵੇਗਾ ਜਾਂ ਨਹੀਂ। ਜੇਕਰ ਕਿਸੇ ਨੇ ਆਪਣਾ ਪਰਚਾ ਵਾਪਸ ਨਹੀਂ ਲਿਆ ਤਾਂ ਚੋਣ ਹੋਵੇਗੀ। ਕਾਂਗਰਸ ਪ੍ਰਧਾਨ ਦੀ ਚੋਣ ਮੁਖੀ ਮਧੂਸੁਧਨ ਮਿਸਤਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਮੀਦਵਾਰਾਂ ਵੱਲੋਂ ਜਮ੍ਹਾਂ ਕੀਤੇ ਗਏ ਫਾਰਮਾਂ ਦੀ ਜਾਂਚ ਕੀਤੀ ਜਾ ਚੁੱਕੀ ਹੈ। ਇਸ 'ਚੋਂ 20 ਫਾਰਮਾਂ 'ਚੋਂ 4 ਵਿੱਚ ਦਸਤਖ਼ਤ 'ਚ ਵੱਖਰੇ ਦੇਖੇ ਗਏ, ਜਿਸ ਕਾਰਨ ਉਨ੍ਹਾਂ ਨੂੰ ਅਸਵੀਕਾਰ ਕਰ ਦਿੱਤਾ ਗਿਆ। ਹੁਣ ਇਸ ਚੋਣ 'ਚ ਮਲਿਕਅਰੁਜਨ ਖੜਗੇ ਅਤੇ ਸ਼ਸ਼ੀ ਥਰੂਰ ਆਹਮਣੇ-ਸਾਹਮਣੇ ਹੋਣਗੇ। ਝਾਰਖੰਡ ਦੇ ਉਮੀਦਵਾਰ ਕੇ ਐੱਨ ਤ੍ਰਿਪਾਠੀ ਦਾ ਫਾਰਮ ਰੱਦ ਹੋ ਗਿਆ ਹੈ।

## ਖੜਗੇ ਵੱਲੋਂ ਵਿਰੋਧੀ ਨੇਤਾ ਦੇ ਅਹੁਦੇ ਤੋਂ ਅਸਤੀਫ਼ਾ

**ਨਵੀਂ ਦਿੱਲੀ** : ਕਾਂਗਰਸ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਦੀ ਚੋਣ ਲੜ ਰਹੇ ਮਲਿਕਅਰਜੁਨ ਖੜਗੇ ਨੇ ਰਾਜ ਸਭਾ 'ਚ ਨੇਤਾ ਵਿਰੋਧੀ ਧਿਰ ਦੇ ਅਹੁਦੇ ਤੋਂ ਅਸਤੀਫੇ ਦੇ ਦਿੱਤਾ। ਜਾਣਕਾਰੀ ਮੁਤਾਬਕ ਉਨ੍ਹਾ ਨੇ ਰਾਜ ਸਭਾ ਦੇ ਸਭਾਪਤੀ ਅਤੇ ਉਪ ਰਾਸ਼ਟਰਪਤੀ ਜਗਦੀਪ

● ਬਾਕੀ ਸਫ਼ਾ 10 'ਤੇ

## ਕੇਦਾਰਨਾਥ ਮੰਦਰ ਕੋਲ ਬਰਫ਼ ਦਾ ਪਹਾੜ ਖਿਸਕਿਆ



**ਦੇਹਰਾਦੂਨ** : ਕੇਦਾਰਨਾਥ ਧਾਮ 'ਚ ਪਿਛਲੇ 10 ਦਿਨਾਂ 'ਚ ਦੋ ਵਾਰ ਬਰਫ ਦੇ ਪਹਾੜ ਡਿੱਗੇ। ਕੇਦਾਰਨਾਥ ਧਾਮ ਦੇ ਕੋਲ ਚੋਰਾਬਾਰੀ ਗਲੇਸ਼ੀਅਰ 'ਤੇ ਸ਼ਨੀਵਾਰ ਸਵੇਰੇ ਬਰਫ਼ ਦਾ ਪਹਾੜ ਡਿੱਗਣ ਨਾਲ ਯਾਤਰੀਆਂ ਨੂੰ ਕੋਈ ਨੁਕਸਾਨ ਨਹੀਂ ਹੋਇਆ। ਇਸ ਤੋਂ ਬਾਅਦ ਪ੍ਰਸ਼ਾਸ਼ਨ ਅਲਰਟ ਹੋ ਗਿਆ। ਪੁਲਸ ਪ੍ਰਸ਼ਾਸਨ ਵੱਲੋਂ ਸੰਵੇਦਨਸ਼ੀਲ ਇਲਾਕਿਆਂ 'ਚ ਵਾਧੂ ਪੁਲਸ

● ਬਾਕੀ ਸਫ਼ਾ 10 'ਤੇ

## ਸ਼ਾਹ ਦਾ ਦੋ ਦਿਨਾ ਜੰਮੂ-ਕਸ਼ਮੀਰ ਦੌਰਾ 4 ਤੋਂ

**ਨਵੀਂ ਦਿੱਲੀ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 4 ਅਕਤੂਬਰ ਤੋਂ ਦੋ ਦਿਨਾਂ ਲਈ ਜੰਮੂ-ਕਸ਼ਮੀਰ ਦਾ ਦੌਰਾ ਕਰਨਗੇ, ਜਿਸ ਦੌਰਾਨ ਉਹ ਉੱਥੋਂ ਦੀ ਸੁਰੱਖਿਆ ਸਥਿਤੀ ਦਾ ਜਾਇਜ਼ਾ ਲੈਣਗੇ। ਇਸ ਦੌਰਾਨ ਦੋ ਰੈਲੀਆਂ ਨੂੰ ਸੰਬੋਧਨ ਕਰਨਗੇ ਅਤੇ ਵੈਸ਼ਨੋ ਦੇਵੀ ਮੰਦਰ 'ਚ ਪੂਜਾ ਕਰਨਗੇ। ਸ਼ਾਹ ਪਹਿਲੇ ਦਿਨ ਸਵੇਰੇ ਵੈਸ਼ਨੋ ਦੇਵੀ ਮੰਦਰ ਦੇ ਦਰਸ਼ਨ ਕਰਨ ਤੋਂ ਬਾਅਦ ਰਾਜੌਰੀ 'ਚ ਜਨ ਸਭਾ ਨੂੰ ਸੰਬੋਧਨ ਕਰਨਗੇ, ਵਿਕਾਸ ਪ੍ਰਾਜੈਕਟਾਂ ਦੀ ਸ਼ੁਰੂਆਤ ਕਰਨਗੇ ਅਤੇ ਜੰਮੂ 'ਚ ਵੱਖ-ਵੱਖ ਪ੍ਰੋਜੈਕਟਾਂ ਦਾ ਨੀਂਹ ਪੱਥਰ ਵੀ ਰੱਖਣਗੇ। 5 ਅਕਤੂਬਰ ਨੂੰ ਉਹ ਸ੍ਰੀਨਗਰ ਦੇ ਰਾਜ ਭਵਨ 'ਚ ਹੋਣ ਵਾਲੀ ਬੈਠਕ 'ਚ ਜੰਮੂ-ਕਸ਼ਮੀਰ 'ਚ ਸੁਰੱਖਿਆ ਸਥਿਤੀ ਦੀ ਸਮੀਖਿਆ ਕਰਨਗੇ।

## ਪੰਜਾਬ ਨੇ 15 ਐੱਚ ਪੀ ਤੱਕ ਦੇ ਖੇਤੀ ਪੰਪਾਂ ਨੂੰ ਸੂਰਜੀ ਊਰਜਾ 'ਤੇ ਕਰਨ ਲਈ ਕੇਂਦਰ ਤੋਂ ਮੰਗੀ ਸਹਾਇਤਾ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਉੱਤਰ ਪੂਰਬੀ ਅਤੇ ਪਹਾੜੀ ਰਾਜਾਂ ਦੀ ਤਰਜ਼ 'ਤੇ 15 ਹਾਰਸ ਪਾਵਰ (ਐੱਚ.ਪੀ.) ਸਮਰੱਥਾ ਤੱਕ ਦੇ ਖੇਤੀ ਪੰਪਾਂ ਨੂੰ ਸੂਰਜੀ ਊਰਜਾ 'ਤੇ ਕਰਨ ਲਈ ਕੇਂਦਰੀ ਵਿੱਤੀ ਸਹਾਇਤਾ (ਸੀ ਐੱਫ ਏ) ਦੀ ਮੰਗ ਕੀਤੀ ਹੈ ਤਾਂ ਜੋ ਸੂਬੇ 'ਚ ਵੱਧ ਤੋਂ ਵੱਧ ਪੰਪਾਂ ਨੂੰ ਸੋਲਰਾਈਜ਼ (ਸੌਰ ਊਰਜਾ

● ਬਾਕੀ ਸਫ਼ਾ 10 'ਤੇ

## ਭਾਈਚਾਰਕ ਸਾਂਝ ਨੂੰ ਤੋੜਨ ਵਾਲੀਆਂ ਤਾਕਤਾਂ ਤੋਂ ਚੌਕੰਨੇ ਰਹਿਣ ਲਈ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਜ਼ੋਰਦਾਰ ਅਪੀਲ

**ਜਲੰਧਰ (ਕੇਸਰ)**-ਦੇਸ਼ ਭਗਤ ਯਾਦਗਾਰ ਕਮੇਟੀ ਨੇ ਪੰਜਾਬ ਵਾਸੀਆਂ ਅਤੇ ਦੇਸ਼-ਵਿਦੇਸ਼ ਵਸਦੇ ਸਮੂਹ ਪੰਜਾਬੀਆਂ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਉਹ ਪੰਜਾਬ ਅੰਦਰ ਭਾਈਚਾਰਕ ਸਾਂਝ ਬਣਾਈ ਰੱਖਣ ਅਤੇ ਹਰ ਵੰਨਗੀ ਦੀਆਂ ਫੁੱਟ-ਪਾਊ, ਫ਼ਿਰਕੂ ਕੋਸ਼ਿਸ਼ਾਂ ਨਾਕਾਮ ਕਰਨ ਲਈ ਲੋਕਾਂ ਨੂੰ ਇਕਜੁੱਟ ਕਰਦੇ ਹੋਏ ਆਪਣੇ ਜੀਵਨ ਦੀਆਂ ਲੋੜਾਂ ਦੀ ਪੂਰਤੀ ਲਈ ਲੋਕ ਸੰਘਰਸ਼ 'ਚ ਬਣਦਾ ਯੋਗਦਾਨ ਪਾਉਣ ਲਈ ਅੱਗੇ ਆਉਣ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ 'ਚ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਹੋਈ ਮੀਟਿੰਗ 'ਚ ਲਏ ਫੈਸਲਿਆਂ ਬਾਰੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਕਾਰਜਕਾਰੀ ਸਕੱਤਰ ਡਾ. ਪਰਮਿੰਦਰ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 30, 31 ਅਕਤੂਬਰ ਅਤੇ 1 ਨਵੰਬਰ ਨੂੰ ਹੋ ਰਿਹਾ 31ਵਾਂ ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ ਕਿਉਂਕਿ ਸਾਮਰਾਜਵਾਦ ਅਤੇ ਫ਼ਿਰਕੂ ਫਾਸ਼ੀ ਹੱਲੇ

● ਬਾਕੀ ਸਫ਼ਾ 10 'ਤੇ

## ਅੱਜ-ਨਾਮਾ

ਧਰਨਾ ਇੱਕ ਏਥੇ, ਧਰਨਾ ਇੱਕ ਓਧਰ,
ਰੋਕਿਆ ਧਰਨਿਆਂ ਨੇ ਹਰ ਰਾਹ ਮੀਆਂ।
ਲੰਘਣ ਵਾਲੇ ਪਏ ਫਿਰਨ ਖਵਾਰ ਹੁੰਦੇ,
ਪੇਂਡੂ ਲਾਂਘੇ ਦੀ ਹੋਵੇ ਨਹੀਂ ਥਾਹ ਮੀਆਂ।
ਧਰਨਿਆਂ ਵਾਲੇ ਹਨ ਕੌੜ ਦੇ ਭਰੇ ਹੋਏ,
ਕਹਿੰਦੇ, ਸਾਡੇ ਵੀ ਸੁੱਕੇ ਨੇ ਸਾਹ ਮੀਆਂ।
ਧਰਨੇ ਚਾਅ ਦੇ ਨਾਲ ਨਹੀਂ ਅਸਾਂ ਲਾਏ,
ਲਾਏ ਤਾਂਹੀ ਜਦ ਰਹੀ ਨਾ ਵਾਹ ਮੀਆਂ।
ਓਧਰ ਦੱਸੇ ਸਰਕਾਰ ਵੀ ਮੁਸ਼ਕਲਾਂ ਨੂੰ,
ਢੁਕਵੇਂ ਰਾਹਾਂ ਨੂੰ ਰਹੇ ਆਂ ਢੂੰਡ ਮੀਆਂ।
ਬਣੀ ਸਾਡੀ ਸਰਕਾਰ ਤਾਂ ਕੱਲ੍ਹ-ਪਰਸੋਂ,
ਖਜ਼ਾਨਾ ਗਏ ਨੇ ਪਹਿਲੜੇ ਚੂੰਡ ਮੀਆਂ।

-ਤੀਸ ਮਾਰ ਖਾਂ

## ਬਲਜਿੰਦਰ ਕੌਰ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ

**ਚੰਡੀਗੜ੍ਹ** : 'ਆਪ' ਵਿਧਾਇਕਾ ਬਲਜਿੰਦਰ ਕੌਰ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ ਹੋਏ ਹਨ। ਚੰਡੀਗੜ੍ਹ ਜ਼ਿਲ੍ਹਾ ਅਦਾਲਤ ਨੇ ਇਹ ਵਾਰੰਟ ਜਾਰੀ ਕੀਤਾ। ਮਾਮਲਾ 2020 'ਚ ਪੰਜਾਬ 'ਚ ਬਿਜਲੀ ਦਰਾਂ ਨੂੰ ਵਧਾਉਣ ਲਈ ਕੀਤੇ ਜਾ ਰਹੇ ਪ੍ਰਦਰਸ਼ਨ ਨਾਲ ਜੁੜਿਆ ਹੋਇਆ ਹੈ। ਸੈਕਟਰ 43 ਜ਼ਿਲ੍ਹਾ ਅਦਾਲਤ 'ਚ ਕਈ ਵਾਰ ਬੁਲਾਏ ਜਾਣ ਤੋਂ ਬਾਅਦ ਵੀ ਵਿਧਾਇਕ ਅਦਾਲਤ 'ਚ ਪੇਸ਼ ਨਹੀਂ ਹੋਏ। ਪੁਲਸ ਨਾਲ ਹੱਥੋਪਾਈ ਦੀ ਇਹ ਘਟਨਾ ਪਿਛਲੀ ਕਾਂਗਰਸ ਸਰਕਾਰ ਵੇਲੇ ਸਾਲ 2020 'ਚ ਵਾਪਰੀ ਸੀ। ਉਸ ਸਮੇਂ ਪੰਜਾਬ ਦੀ ਤਤਕਾਲੀ ਕਾਂਗਰਸ ਸਰਕਾਰ ਨੇ ਬਿਜਲੀ ਦਰਾਂ ਵਿਚ ਵਾਧਾ ਕੀਤਾ ਸੀ। ਇਸ ਦੇ ਵਿਰੋਧ 'ਚ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਨੇ

● ਬਾਕੀ ਸਫ਼ਾ 10 'ਤੇ




page-6-2-(OCTOBER)-2022-G-(BV).qxd 10/1/2022 10:36 PM Page 1



# ਕਿਸਾਨ ਜਥੇਬੰਦੀ ਨੇ ਹੱਕੀ ਮੰਗਾਂ ਨੂੰ ਲੈ ਕੇ ਸੂਬਾ ਸਰਕਾਰ ਦਾ ਪੁਤਲਾ ਫੂਕਿਆ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੀ ਇਕਾਈ ਹਰੀਕੇ ਸੂਬਾ ਸਰਕਾਰ ਦਾ ਪੁਤਲਾ ਫੂਕਦੇ ਹੋਏ ਜੰਮ ਕੇ ਨਾਅਰੇਬਾਜ਼ੀ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਸਤਨਾਮ ਸਿੰਘ ਹਰੀਕੇ ਅਤੇ ਦਲਜੀਤ ਸਿੰਘ ਹਰੀਕੇ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਛੱਡੀਆਂ ਗਈਆਂ ਕਾਮਨ ਜ਼ਮੀਨਾਂ ਨੂੰ ਪੰਚਾਇਤੀ ਮਾਲਕੀ ਹੇਠ ਲਿਆਉਣ ਲਈ ਵਿਧਾਨ ਸਭਾ ਦੇ ਚੱਲ ਰਹੇ ਸੈਸ਼ਨ ਵਿਚ ਪੰਜਾਬ ਵਿਲੇਜ ਕਾਮਨ ਲੈਂਡ ਰੈਗੂਲੇਸ਼ਨ ਸੋਧ ਬਿੱਲ 2022 ਪਾਸ ਕੀਤਾ ਹੈ। ਇਸ ਸੋਧ ਬਿੱਲ ਨੂੰ ਅਬਾਦਕਾਰ ਕਿਸਾਨਾਂ ਦੇ ਹੱਕ ਖੋਹਣ ਵਾਲਾ ਦੱਸਦਿਆਂ ਸੈਂਕੜੇ ਕਿਸਾਨਾਂ ਤੇ ਮਜ਼ਦੂਰਾਂ ਵਲੋਂ ਪੰਜਾਬ ਭਰ ਦੇ 18 ਜ਼ਿਲ੍ਹਿਆਂ ਵਿੱਚ 63 ਥਾਵਾਂ ਉੱਪਰ ਸੜਕਾਂ ਜਾਮ ਕਰਕੇ ਭਗਵੰਤ ਮਾਨ ਸਰਕਾਰ ਦੇ ਪੁਤਲੇ ਫੂਕ ਕੇ ਰੋਸ ਮੁਜ਼ਾਹਰੇ ਕੀਤੇ ਗਏ। ਕਿਸਾਨ ਆਗੂਆਂ ਨੇ ਅੱਗੇ ਦੱਸਿਆ ਕਿ 3 ਅਕਤੂਬਰ ਨੂੰ ਕਿਸਾਨੀ ਮੰਗਾਂ ਨੂੰ ਲੈ ਕੇ ਲੱਗਣ ਵਾਲੇ 3 ਘੰਟੇ ਦੇ ਰੇਲ ਰੋਕੋ ਧਰਨੇ ਦੀਆਂ ਤਿਆਰੀਆਂ ਵੀ ਮੁਕੰਮਲ ਕਰ ਲਈਆਂ ਗਈਆਂ ਹਨ। ਰੋਸ ਮੁਜ਼ਾਹਰਿਆਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਆਬਾਦਕਾਰ ਕਿਸਾਨਾਂ ਤੇ ਮਜ਼ਦੂਰਾਂ ਦਾ ਉਜਾੜਾ ਕਰਨ ਤੇ ਪੰਚਾਇਤੀ ਜ਼ਮੀਨਾਂ ਦੱਬ ਕੇ ਕਾਰਪੋਰੇਟਾਂ ਦੇ ਕਬਜ਼ੇ ਕਰਾਉਣ ਦੇ ਰਾਹ ਚੱਲ ਰਹੀ ਹੈ। ਇਸ ਲਈ ਕਿਸਾਨ ਮਜ਼ਦੂਰ ਜਥੇਬੰਦੀ ਪੇਂਡੂ ਕਾਮਨ ਲੈਂਡ ਐਕਟ ਵਿੱਚ ਕੀਤੀ ਗਈ ਸੋਧ ਦਾ ਸਖ਼ਤ ਵਿਰੋਧ ਕਰਦੀ ਹੈ ਤੇ ਮੰਗ ਕਰਦੀ ਹੈ ਕਿ ਇਸ ਕੀਤੀ ਸੋਧ ਨੂੰ ਰੱਦ ਕੀਤਾ ਜਾਵੇ ਨਹੀਂ ਤਾਂ ਪੰਜਾਬ ਸਰਕਾਰ ਖ਼ਿਲਾਫ਼ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ। ਇਸ ਸਮੇਂ ਕਿਰਪਾਲ ਸਿੰਘ, ਸੁਖਵਿੰਦਰ ਸਿੰਘ ਬੂਹ, ਬਾਬਾ ਬਗੀਚਾ ਸਿੰਘ, ਕਾਕਾ ਸਿੰਘ, ਧਰਮ ਸਿੰਘ, ਗੁਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਕੁਲਦੀਪ ਸਿੰਘ, ਬਲਵੰਤ ਸਿੰਘ, ਮੇਜਰ ਸਿੰਘ, ਸਵਰਨ ਸਿੰਘ, ਸਤਨਾਮ ਸਿੰਘ ਬੁਰਜ ਪੂਹਲਾ, ਪ੍ਰਤਾਪ ਸਿੰਘ, ਮੰਗਲ ਸਿੰਘ, ਜਸਪਾਲ ਸਿੰਘ, ਦਰਸ਼ਨ ਸਿੰਘ ਅਤੇ ਗੁਰਜੰਟ ਸਿੰਘ ਠੇਕੇਦਾਰ ਆਦਿ ਆਗੂ ਹਾਜ਼ਰ ਸਨ।

# ਇੱਕ ਮੰਡੀ ਸੁਪਰਵਾਈਜ਼ਰ ਨੂੰ ਚਾਰ-ਚਾਰ ਮੰਡੀਆਂ ਅਲਾਟ ਹੋਣ ਕਾਰਨ ਮੁਲਾਜ਼ਮ ਚਿੰਤਤ

ਗੁਰਦਾਸਪੁਰ (ਜਨਕ ਮਹਾਜਨ)- ਪੰਜਾਬ ਅੰਦਰ ਮੰਡੀ ਬੋਰਡ 'ਚ ਮੁਲਾਜ਼ਮਾਂ ਦੀ ਘਾਟ ਨਾਲ ਇਕ ਇਕ ਮੁਲਾਜ਼ਮ ਨੂੰ ਚਾਰ-ਚਾਰ ਮੰਡੀਆਂ ਅਲਾਟ ਹੋਣ ਨਾਲ ਮੁਲਾਜ਼ਮ ਕਾਫੀ ਚਿੰਤਤ ਨਜ਼ਰ ਆ ਰਹੇ ਹਨ। ਜਦੋਂ ਇਸ ਪ੍ਰਤੀਨਿਧ ਨੇ ਦਿਹਾਤੀ ਮੰਡੀਆਂ ਦਾ ਦੌਰਾ ਕੀਤਾ ਤਾਂ ਮੰਡੀਆਂ ਵਿਚ ਕੋਈ ਵੀ ਸਫਾਈ ਨਹੀਂ ਹੈ ਅਤੇ ਸਿਰਫ ਮੰਡੀਆਂ ਵਿਚ ਸ਼ਰਬਤੀ ਦੀ ਫਸਲ ਆ ਰਹੀ ਹੈ ਅਤੇ ਝੋਨੇ ਦੀ ਫਸਲ ਅਜੇ ਮੰਡੀਆਂ ਵਿਚ ਲੇਟ ਹੈ। ਕਿਸਾਨਾਂ ਨੇ ਦੱਸਿਆ ਕਿ ਸਰਕਾਰ ਜਿਹੜੀ ਮਰਜ਼ੀ ਆਵੇ ਕਿਸਾਨਾਂ ਨਾਲ ਧੱਕਾ ਹੀ ਕਰਦੀ ਹੈ ਅਤੇ ਅਜੇ ਤਕ ਮੰਡੀਆਂ ਵਿਚ ਸਰਕਾਰੀ ਮੁਲਾਜ਼ਮ ਨਹੀਂ ਆਏ ਅਤੇ ਬਾਰਦਾਨਾ ਵੀ ਮਹਿਕਮੇ ਦੀਆਂ ਏਜੰਸੀਆਂ ਨੂੰ ਅਲਾਟ ਨਹੀਂ ਹੋਇਆ। ਇਥੋਂ ਤਕ ਕਿ ਸਰਕਾਰ ਨੇ ਝੋਨਾ ਲਗਾਉਣ ਵਾਸਤੇ ਅਜੇ ਤਕ ਸ਼ੈਲਰ ਵੀ ਅਲਾਟ ਨਹੀਂ ਕੀਤੇ ਅਤੇ ਸ਼ੈਲਰ ਮਾਲਕਾਂ 'ਤੇ ਵੀ ਸਰਕਾਰ ਨੇ ਕਾਫੀ ਪਾਬੰਦੀਆਂ ਲਗਾਈਆਂ ਹੋਈਆਂ ਹਨ ਜਿਸ ਕਰਕੇ ਸ਼ੈਲਰ ਮਾਲਕ ਵੀ ਸਰਕਾਰ ਤੋਂ ਖਫਾ ਨਜ਼ਰ ਆ ਰਹੇ ਹਨ। ਕਿਸਾਨ ਸੁਖਜਿੰਦਰ ਸਿੰਘ ਫੌਜੀ ਨੇ ਦੱਸਿਆ ਕਿ ਇਸ ਵਾਰ ਕਿਸਾਨਾਂ ਦੀ ਝੋਨੇ ਦੀ ਫਸਲ ਦੀ ਚੁਕਾਈ ਸਮੇਂ ਸਿਰ ਨਾ ਹੋਈ ਜਾਂ ਫਸਲ ਦਾ ਕੱਟ ਲੱਗਾ ਤਾਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਇਸ ਦਾ ਵਿਰੋਧ ਕਰੇਗੀ। ਉਨ੍ਹਾਂ ਦੱਸਿਆ ਕਿ ਪਹਿਲਾਂ ਹੀ ਕਿਸਾਨਾਂ ਦੀ ਫਸਲ ਕਾਫੀ ਬਰਬਾਦ ਹੋ ਚੁੱਕੀ ਹੈ ਅਤੇ ਕਿਸਾਨਾਂ ਦੀਆਂ ਫਸਲਾਂ ਦੀਆਂ ਗਿਰਦੌਰੀਆਂ ਨਹੀਂ ਹੋਈਆਂ ਅਤੇ ਨਾ ਹੀ ਕੋਈ ਮੁਆਵਜ਼ੇ ਦੀ ਮੰਗ ਪ੍ਰਵਾਨ ਕੀਤੀ ਗਈ ਹੈ ਅਤੇ 121 ਪੀ ਆਰ ਅਤੇ 125 ਪੀ ਆਰ ਦੀ ਫਸਲ ਦਾ ਕਾਫੀ ਨਕਸਾਨ ਹੋਣ ਨਾਲ ਕਿਸਾਨ ਕਾਫੀ ਪ੍ਰੇਸ਼ਾਨ ਨਜ਼ਰ ਆ ਰਹੇ ਹਨ। ਮਹਿਕਮਾ ਮੰਡੀ ਬੋਰਡ 'ਚ ਮੁਲਾਜ਼ਮਾਂ ਦੀ ਘਾਟ ਨਾਲ ਮੰਡੀਆਂ ਦਾ ਕੰਮ ਸੁਚਾਰੂ ਰੂਪ ਨਾਲ ਨਹੀਂ ਚਲ ਰਿਹਾ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਪਾਸੋਂ ਮੰਗ ਕੀਤੀ ਕਿ ਮੰਡੀ ਬੋਰਡ ਦਾ ਕੰਮ ਸਹੀ ਤਰੀਕੇ ਨਾਲ ਚਲਾਉਣ ਲਈ ਮੁਲਾਜ਼ਮਾਂ ਦੀ ਗਿਣਤੀ ਵਧਾਈ ਜਾਵੇ।

# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨ ਮੇਲਾ ਆਯੋਜਿਤ



ਧਾਰੀਵਾਲ (ਮਨਦੀਪ ਵਿੱਕੀ)-ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਹਾੜ੍ਹੀ ਦੀਆਂ ਫਸਲਾਂ ਦੀ ਕਾਸ਼ਤ ਸਬੰਧੀ ਤਕਨੀਕੀ ਜਾਣਕਾਰੀ ਦੇਣ ਲਈ ਅੱਜ ਧਾਰੀਵਾਲ ਦੀ ਦਾਣਾ ਮੰਡੀ ਵਿੱਚ ਜ਼ਿਲ੍ਹਾ ਪੱਧਰੀ ਕਿਸਾਨ ਮੇਲੇ ਦਾ ਆਯੋਜਨ ਕੀਤਾ ਗਿਆ। ਇਸ ਮੇਲੇ ਦੀ ਪ੍ਰਧਾਨਗੀ ਜ਼ਿਲ੍ਹਾ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਮੁਹੰਮਦ ਇਸ਼ਫਾਕ ਨੇ ਕੀਤੀ ਜਦੋਂਕਿ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਇੰਚਾਰਜ ਤੇ ਉੱਘੇ ਜਨਤਕ ਆਗੂ ਐਡਵੋਕੇਟ ਜਗਰੂਪ ਸਿੰਘ ਸੇਖਵਾਂ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਉਘੇ ਜਨਤਕ ਆਗੂ ਸ਼ਮਸ਼ੇਰ ਸਿੰਘ, ਗੁਰਦੀਪ ਸਿੰਘ ਰੰਧਾਵਾ ਨੇ ਉਚੇਚੇ ਤੌਰ 'ਤੇ ਇਸ ਕਿਸਾਨ ਮੇਲੇ ਵਿੱਚ ਸ਼ਿਰਕਤ ਕੀਤੀ। ਕਿਸਾਨ ਮੇਲੇ ਦੌਰਾਨ ਖੇਤੀਬਾੜੀ ਨਾਲ ਸਬੰਧਤ ਵੱਖ ਵੱਖ ਵਿਭਾਗਾਂ ਅਤੇ ਸੈੱਲਫ ਹੈੱਲਪ ਗਰੁੱਪਾਂ ਵੱਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ। ਇਸ ਮੌਕੇ ਡੀਸੀ ਇਸ਼ਫਾਕ ਨੇ ਕਿਹਾ ਕਿ ਫਸਲਾਂ ਦੀ ਰਹਿੰਦ-ਖੂੰਹਦ ਦਾ ਨਿਪਟਾਰਾ ਵਿਗਿਆਨਿਕ ਢੰਗ ਨਾਲ ਕੀਤਾ ਜਾ ਸਕਦਾ ਹੈ, ਇਸ ਲਈ ਖੇਤੀ ਮਾਹਿਰਾਂ ਦੀ ਸਲਾਹ 'ਤੇ ਅਮਲ ਕਰਨਾ ਚਾਹੀਦਾ ਹੈ। ਸ. ਜਗਰੂਪ ਸਿੰਘ ਸੇਖਵਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਤੀਬਾੜੀ ਦੇ ਨਾਲ ਸਹਾਇਕ ਧੰਦਿਆਂ ਨੂੰ ਅਪਣਾ ਕੇ ਆਪਣੀ ਆਮਦਨ ਵਿੱਚ ਵਾਧਾ ਕਰਨ। ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਤੀਬਾੜੀ ਵਿਭਾਗ ਅਤੇ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਕੇ ਵਿਗਿਆਨਕ ਖੇਤੀ ਕਰਨ। ਸ਼ਮਸ਼ੇਰ ਸਿੰਘ ਅਤੇ ਗੁਰਦੀਪ ਸਿੰਘ ਰੰਧਾਵਾ ਨੇ ਵੀ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਜੋਕੇ ਦੌਰ ਵਿੱਚ ਮਿੱਟੀ ਹਵਾ ਪਾਣੀ ਨੂੰ ਬਚਾਉਣ ਲਈ ਬਹੁਤ ਗੰਭੀਰ ਹੋਣ ਦੀ ਲੋੜ ਹੈ। ਮੁੱਖ ਖੇਤੀਬਾੜੀ ਅਫਸਰ ਡਾ. ਕੰਵਲਪ੍ਰੀਤ ਸਿੰਘ ਨੇ ਆਏ ਹੋਏ ਸਾਰੇ ਮਹਿਮਾਨਾਂ, ਅਧਿਕਾਰੀਆਂ ਅਤੇ ਕਿਸਾਨਾਂ ਦਾ ਧੰਨਵਾਦ ਕੀਤਾ ਜਦੋਂਕਿ ਸਟੇਜ ਸਕੱਤਰ ਦੇ ਫ਼ਰਜ਼ ਨਿਭਾਉਂਦਿਆਂ ਡਾ. ਪਰਮਵੀਰ ਸਿੰਘ ਕਾਹਲੋਂ ਨੇ ਖੇਤੀਬਾੜੀ ਵਿਭਾਗ ਦੀਆਂ ਯੋਜਨਾਵਾਂ ਅਤੇ ਪ੍ਰਾਪਤੀਆਂ ਤੋਂ ਵੀ ਜਾਣੂ ਕਰਵਾਇਆ। ਇਸ ਮੌਕੇ ਜਿਨ੍ਹਾਂ 11 ਅਗਾਂਹਵਧੂ ਕਿਸਾਨਾਂ ਨੇ ਖੇਤਾਂ ਵਿੱਚ ਅੱਗ ਲਗਾਏ ਬਗੈਰ ਹੀ ਫ਼ਸਲ ਦੀ ਬਿਜਾਈ ਕੀਤੀ ਸੀ, ਨੂੰ ਡੀਸੀ ਵੱਲੋਂ ਸਨਮਾਨਤ ਕੀਤਾ ਗਿਆ। ਇਸ ਕਿਸਾਨ ਕੈਂਪ ਦੌਰਾਨ ਖੇਤੀਬਾੜੀ ਅਫਸਰ ਹੈੱਡਕੁਆਰਟਰ ਡਾ. ਰਣਧੀਰ ਸਿੰਘ ਠਾਕੁਰ, ਡਾ. ਰਵਿੰਦਰ ਸਿੰਘ, ਡਾ. ਮਨਧੀਰ ਸਿੰਘ, ਡਾ. ਬਲਜਿੰਦਰ ਸਿੰਘ ਭੁੱਲਰ, ਡਾ. ਡੀਐਸ ਭੱਟੀ, ਜਤਿੰਦਰ ਸਿੰਘ ਏਡੀਓ, ਅਰਜਿੰਦਰ ਸਿੰਘ ਏਈਓ, ਹਰਮਨਬੀਰ ਸਿੰਘ ਏਡੀਓ, ਪਰਮਿੰਦਰ ਕੁਮਾਰ ਏਡੀਓ, ਗੁਰਮੀਤ ਸਿੰਘ ਜੌਹਲ, ਰਾਜੇਸ਼ ਜੋਸ਼ੀ, ਗਗਨਦੀਪ ਸਿੰਘ ਸਮੇਤ ਵੱਖ-ਵੱਖ ਖੇਤੀ ਅਧਿਕਾਰੀ ਅਤੇ ਕਿਸਾਨ ਮੌਜੂਦ ਸਨ।

# ਘੱਟ-ਗਿਣਤੀਆਂ ਲੋਕ ਭਲਾਈ ਸੰਸਥਾ ਵੱਲੋਂ ਪੱਤਰਕਾਰਾਂ ਦੇ ਹੱਕ 'ਚ ਆਵਾਜ਼ ਬੁਲੰਦ



ਰਈਆ, ਜੰਡਿਆਲਾ ਗੁਰੂ 01 ਅਕਤੂਬਰ (ਡੀ. ਕੇ. ਰੈਂਡੀ/ ਹਰਿੰਦਰਪਾਲ ਸਿੰਘ)-ਫੀਲਡ 'ਚ ਕੰਮ ਕਰਦੇ ਪੱਤਰਕਾਰਾਂ ਦੇ ਹੱਕ 'ਚ ਘੱਟ-ਗਿਣਤੀਆਂ ਲੋਕ ਭਲਾਈ ਸੰਸਥਾ ਨੇ ਫਤਵਾ ਦੇਣ ਦਾ ਫੈਸਲਾ ਕੀਤਾ ਹੈ। ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਲੰਮੇ ਸਮੇਂ ਤੋਂ ਫੀਲਡ 'ਚ ਕੰਮ ਕਰਦੇ ਪੱਤਰਕਾਰਾਂ ਨੂੰ ਸਰਕਾਰਾਂ ਸਰਕਾਰੀ ਯੋਜਨਾਵਾਂ ਦੇ ਘੇਰੇ ਹੇਠ ਲਿਆਉਣ ਲਈ ਉਹ ਰਾਜ ਸਰਕਾਰ ਨਾਲ ਪੱਤਰ-ਵਿਹਾਰ ਕਰਨ ਜਾ ਰਹੇ ਹਨ।

ਉਨ੍ਹਾਂ ਨੇ ਦੱਸਿਆ ਕਿ ਲੋਕ ਸੰਪਰਕ ਵਿਭਾਗ ਮੰਤਰੀ ਅਮਨ ਅਰੋੜਾ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਲਿਖੇ ਪੱਤਰ ਦੇ ਹਵਾਲੇ ਨਾਲ ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਘੱਟ-ਗਿਣਤੀਆਂ ਲੋਕ ਭਲਾਈ ਸੰਸਥਾ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਮੂਹ ਵਿੱਦਿਅਕ ਸੰਸਥਾਵਾਂ 'ਚ ਪੱਤਰਕਾਰਾਂ ਨੂੰ 50% ਛੋਟ ਦਿੱਤੀ ਜਾਵੇ ਅਤੇ ਤਹਿਸੀਲ ਪੱਧਰ 'ਤੇ ਪ੍ਰੈੱਸ ਕਾਲੋਨੀਆਂ ਸਥਾਪਿਤ ਕੀਤੀਆਂ ਜਾਣ। ਉਨ੍ਹਾਂ ਨੇ ਦੱਸਿਆ ਕਿ ਅਸੀਂ ਇਹ ਵੀ ਮੰਗ ਰੱਖੀ ਹੈ ਕਿ ਪੰਜਾਬ ਵਿੱਚ ਮੀਡੀਆ ਕਮਿਸ਼ਨ ਸਥਾਪਿਤ ਕੀਤਾ ਜਾਵੇ ਤਾਂ ਕਿ ਪੱਤਰਕਾਰਾਂ ਨੂੰ ਇਨਸਾਫ ਲੈਣ ਲਈ ਖੱਜਲ ਨਾ ਹੋਣਾ ਪਵੇ। ਇਹ ਵੀ ਮੰਗ ਕੀਤੀ ਗਈ ਕਿ ਪੱਤਰਕਾਰਾਂ ਲਈ ਆਜੀਵਨ ਕਾਲ ਗੁਜ਼ਾਰੇ ਜੋਗੀ ਪੈਨਸ਼ਨ ਲਗਾਈ ਜਾਵੇ, ਪੱਤਰਕਾਰਾਂ ਦੀਆਂ ਵਿਧਵਾਵਾਂ ਨੂੰ ਸਰਕਾਰ ਨੌਕਰੀਆਂ ਦੇਵੇ ਅਤੇ ਪੈਨਸ਼ਨ ਸਕੀਮ ਦੇ ਘੇਰੇ ਹੇਠ ਲਿਆਂਦਾ ਜਾਵੇ। ਪੱਤਰਕਾਰਾਂ 'ਤੇ ਹੋਏ ਪਰਚਿਆਂ ਦੇ ਹੱਲ ਲਈ ਪੜਤਾਲੀਆ ਕਮਿਸ਼ਨ ਸਥਾਪਿਤ ਕੀਤਾ ਜਾਵੇ। ਸ਼੍ਰੀ ਗਿੱਲ ਨੇ ਦੱਸਿਆ ਕਿ ਉਹ ਜਲਦੀ ਹੀ ਪੱਤਰਕਾਰਾਂ ਦੇ ਮਸਲਿਆਂ ਦੇ ਹੱਲ ਲਈ ਮੁੱਖ ਮੰਤਰੀ ਪੰਜਾਬ ਨਾਲ ਮੁਲਾਕਾਤ ਕਰਨਗੇ। ਇਸ ਮੌਕੇ ਪੀਏ ਗੁਰਪ੍ਰੀਤ ਸਿੰਘ ਖਾਲਸਾ, ਮਿਲਨ ਸਿੰਘ ਗਿੱਲ ਅਤੇ ਹਰਮਨ ਗਿੱਲ ਆਦਿ ਹਾਜ਼ਰ ਸਨ।

# ਮੋਦੀਖਾਨਾ ਸੋਸਾਇਟੀ ਪੁਰਾਣਾ ਸ਼ਾਲਾ ਨੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ

ਗੁਰਦਾਸਪੁਰ (ਜਨਕ ਮਹਾਜਨ)-ਮੋਦੀਖਾਨਾ ਸੋਸਾਇਟੀ ਪੁਰਾਣਾ ਸ਼ਾਲਾ ਵਲੋਂ ਜੋ ਕਰੋਨਾ ਮਹਾਮਾਰੀ ਦੌਰਾਨ ਲੋੜਵੰਦ ਲੋਕਾਂ ਦੀ ਸੇਵਾ ਕਰਨ ਦਾ ਟੀਚਾ ਰੱਖਿਆ ਗਿਆ ਸੀ, ਇਹ ਕਾਰਜ ਹਰ ਮਹੀਨੇ ਜਾਰੀ ਹੈ।

ਸੰਸਥਾ ਦੇ ਮੁੱਖ ਸੇਵਾਦਾਰ ਬਾਬਾ ਸੁਰਿੰਦਰ ਸਿੰਘ, ਮਾਸਟਰ ਕੇਵਲ ਸਿੰਘ, ਇੰਜੀ. ਗੁਰਪ੍ਰੀਤ ਸਿੰਘ ਅਤੇ ਜੇ. ਪੀ. ਸਿੰਘ ਤੋਂ ਇਲਾਵਾ ਹੋਰ ਮੈਂਬਰਾਂ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਬੇਟ ਇਲਾਕੇ ਦੇ 15 ਪਿੰਡਾਂ 'ਚ ਲੋੜਵੰਦ ਲੋਕਾਂ ਦੀ ਪਹਿਚਾਣ ਕਰਕੇ ਹਰ ਮਹੀਨੇ ਰਾਸ਼ਨ ਮੁਹੱਈਆ ਕਰਵਾਉਣ ਦੇ ਨਾਲ ਉਨ੍ਹਾਂ ਦੀ ਆਰਥਿਕ ਪੱਖੋਂ ਮਦਦ ਕੀਤੀ ਜਾਂਦੀ ਹੈ। ਜਦੋਂ ਇਸ ਸਬੰਧੀ ਲੋੜਵੰਦ ਔਰਤ ਸਿਮਰਨ ਕੌਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਮੋਦੀਖਾਨਾ ਸੁਸਾਇਟੀ ਦਾ ਉਪਰਾਲਾ ਸ਼ਲਾਘਾਯੋਗ ਹੈ ਅਤੇ ਇਸ ਸੰਸਥਾ ਵੱਲੋਂ ਸਹੀ ਲੋੜਵੰਦ ਲੋਕਾਂ ਦੀ ਸਹਾਇਤਾ ਕੀਤੀ ਜਾ ਰਹੀ ਹੈ ਅਤੇ ਇਸ ਵਿਚ ਪ੍ਰਵਾਸੀ ਭਾਰਤੀਆਂ ਦਾ ਵੱਡਾ ਯੋਗਦਾਨ ਹੈ।



# ਸਾਲਾਨਾ ਜੋੜ ਮੇਲੇ 'ਤੇ ਫ੍ਰੀ ਮੈਡੀਕਲ ਕੈਂਪ ਲਗਾਉਣ ਸੰਬੰਧੀ ਮੀਟਿੰਗ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)- ਹਰ ਸਾਲ ਦੀ ਤਰ੍ਹਾਂ ਇਸ ਵੀ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਸੰਗਤਾਂ ਦੇ ਇਲਾਜ ਲਈ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਪੱਟੀ ਵੱਲੋਂ ਫ੍ਰੀ ਦਵਾਈਆਂ ਦਾ ਕੈਂਪ ਲਗਾਉਣ ਸਬੰਧੀ ਪਿੰਡ ਭੱਗੂਪੁਰ ਦੇ ਗੁਰਦੁਆਰਾ ਬਾਬਾ ਬੀਰ ਵਿਖੇ ਮਹੀਨਾਵਾਰ ਮੀਟਿੰਗ ਹੋਈ। ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਜ਼ਿਲ੍ਹਾ ਤਰਨਤਾਰਨ ਬਲਾਕ ਪੱਟੀ ਦੇ ਪ੍ਰੈਕਟੀਸ਼ਨਰਾਂ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।

ਉਪਰੰਤ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਉਨ੍ਹਾਂ ਦੇ ਜੀਵਨ 'ਤੇ ਵਿਚਾਰ ਸਾਂਝੇ ਕੀਤੇ ਗਏ ਅਤੇ ਉਨ੍ਹਾਂ ਦੇ ਦੱਸੇ ਮਾਰਗ 'ਤੇ ਚੱਲਣ ਦਾ ਪ੍ਰਣ ਕੀਤਾ ਗਿਆ। ਉਪਰੰਤ ਬਾਬਾ ਬੁੱਢਾ ਸਾਹਿਬ ਜੀ ਦੇ ਜੋੜ ਮੇਲੇ ਤੇ ਫ੍ਰੀ ਮੈਡੀਕਲ ਕੈਂਪ ਲਗਾਉਣ ਬਾਰੇ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ ਚੀਮਾਂ ਨੇ ਬੋਲਦਿਆਂ ਕਿਹਾ ਕਿ ਬਾਬਾ ਜੀ ਦੇ ਜੋੜ ਮੇਲੇ ਮੌਕੇ ਆ ਰਹੀਆਂ ਸੰਗਤਾਂ ਵਾਸਤੇ ਜਿੱਥੇ ਗੁਰੂ ਦੇ ਲੰਗਰ ਲਗਾਏ ਜਾਣੇ ਹਨ ਉਥੇ ਹੀ ਸੰਗਤਾਂ ਵਾਸਤੇ ਫ੍ਰੀ ਦਵਾਈ ਦੇ ਕੈਂਪ ਵੀ ਲਗਾਏ ਜਾਣਗੇ। ਇਸ ਮੌਕੇ ਬਲਾਕ ਪੱਟੀ ਦੇ ਪ੍ਰਧਾਨ ਜੈਮਲ ਸਿੰਘ, ਸੀਨੀਅਰ ਮੀਤ ਪ੍ਰਧਾਨ ਸ਼ਮਸ਼ੇਰ ਸਿੰਘ ਬਾਜਵਾ, ਸੁਖਵਿੰਦਰ ਸਿੰਘ ਬੱਬੂ ਬਲਾਕ ਸੈਕਟਰੀ, ਮਹਿੰਦਰ ਸਿੰਘ ਸੀਤੋ, ਗੁਰਚੇਤ ਸਿੰਘ, ਯਾਦਵਿੰਦਰ ਸਿੰਘ ਰਾਣਾ, ਦਵਿੰਦਰ ਸਿੰਘ ਤੁੰਗ, ਅੰਗਰੇਜ਼ ਸਿੰਘ ਬਾਊ, ਸੰਦੀਪ ਕੁਮਾਰ ਅਤੇ ਰਣਜੀਤ ਸਿੰਘ ਜੱਲੋਕੇ ਆਦਿ ਹਾਜ਼ਰ ਸਨ।

# ਮਨੂੰ ਸ਼ਰਮਾ ਨੇ ਬਤੌਰ ਸੁਪਰਡੈਂਟ ਚਾਰਜ ਸੰਭਾਲਿਆ

ਮਜੀਠਾ (ਮਨਮੋਹਨ ਸਿੰਘ ਢਿੱਲੋਂ)-ਜਲ ਸਰੋਤ ਵਿਭਾਗ ਅੰਮ੍ਰਿਤਸਰ ਦੇ ਜੰਡਿਆਲਾ ਮੰਡਲ ਵਿਖੇ ਸੀਨੀਅਰ ਸਹਾਇਕ ਦੀਆਂ ਸੇਵਾਵਾਂ ਨਿਭਾ ਰਹੇ ਮਨੂੰ ਸ਼ਰਮਾ ਦੀ ਪੰਜਾਬ ਪੱਧਰੀ ਸੀਨੀਆਰਤਾ ਅਤੇ ਸਰਕਾਰੀ ਕੰਮਕਾਜ ਪ੍ਰਤੀ ਲਗਨ ਤੇ ਮਿਹਨਤ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਸੁਪਰਡੈਂਟ ਪਦ ਉਨਤ ਕਰਕੇ ਜਲੰਧਰ ਜਲ ਨਿਕਾਸ ਮੰਡਲ ਜਲੰਧਰ ਵਿਖੇ ਸੁਪਰਡੈਂਟ ਤਾਇਨਾਤ ਕਰ ਦਿੱਤਾ ਗਿਆ ਹੈ ਜਿੱਥੇ ਉਨ੍ਹਾਂ ਸਮੂਹ ਸਟਾਫ ਦੀ ਹਾਜ਼ਰੀ ਵਿੱਚ ਆਪਣੇ ਅਹੁਦੇ ਦਾ ਕਾਰਜਭਾਰ ਸੰਭਾਲ ਲਿਆ ਹੈ। ਸ਼ਰਮਾ ਨੇ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ ਉਹ ਪੂਰੀ ਤਨਦੇਹੀ ਅਤੇ ਲਗਨ ਨਾਲ ਨਿਭਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਇਸ ਮੌਕੇ ਰਣਜੀਤ ਸਿੰਘ ਰਾਣਾ ਸੁਪਰਡੈਂਟ, ਸੁਰਿੰਦਰ ਸਿੰਘ ਰਿਟਾਇਰਡ ਸੁਪਰਡੈਂਟ, ਨਰਿੰਦਰਜੀਤ ਸਿੰਘ ਰਿਟਾ: ਸੁਪਰਡੈਂਟ, ਗੁਰਪ੍ਰੀਤ ਸਿੰਘ ਸੀਨੀਅਰ ਸਹਾਇਕ, ਵਿਕਰਮਜੀਤ ਸਿੰਘ, ਰੋਹਿਤ ਮਹਾਜਨ ਕਲਰਕ, ਵਨੀਤ ਕੋਹਲੀ ਸੀਨੀਅਰ ਸਹਾਇਕ, ਗਗਨਦੀਪ ਸਿੰਘ ਫੋਟੋਗ੍ਰਾਫਰ ਅਤੇ ਸੁਖਜੀਤ ਸਿੰਘ ਸੂਬਾ ਪ੍ਰਧਾਨ ਪੁਰਾਣੀ ਪੈਨਸ਼ਨ ਬਹਾਲ ਯੂਨੀਅਨ ਆਦਿ ਵੀ ਹਾਜ਼ਰ ਸਨ।



# ਐਚ-1ਬੀ ਵੀਜ਼ੇ 'ਤੇ ਮੋਹਰ ਲਾਉਣ ਦੀ ਸਿਫ਼ਾਰਸ਼

ਵਾਸ਼ਿੰਗਟਨ :ਏਸ਼ੀਆਈ ਅਮਰੀਕੀ ਤੇ ਪ੍ਰਸ਼ਾਂਤ ਦੀਪ ਵਾਸੀਆਂ 'ਤੇ ਰਾਸ਼ਟਰਪਤੀ ਦੇ ਇੱਕ ਕਮਿਸ਼ਨ ਨੇ ਅਮਰੀਕਾ 'ਚ ਐਚ -1ਵੀਜ਼ਾ 'ਤੇ ਮੋਹਰ ਲਾਉਣ ਦੀ ਸਿਫ਼ਾਰਸ਼ ਸਰਬਸੰਮਤੀ ਨਾਲ ਮਨਜ਼ੂਰ ਕਰ ਦਿੱਤੀ ਹੈ। ਜੇ ਰਾਸ਼ਟਰਪਤੀ ਜੋਅ ਬਾਈਡਨ ਇਸ ਨੂੰ ਮਨਜ਼ੂਰ ਕਰਦੇ ਹਨ ਤਾਂ ਇਸ ਨਾਲ ਹਜ਼ਾਰਾਂ ਪੇਸ਼ੇਵਰਾਂ ,ਖ਼ਾਸ ਤੌਰ 'ਤੇ ਭਾਰਤੀਆਂ ਨੂੰ ਵੱਡੀ ਰਾਹਤ ਮਿਲੇਗੀ। ਐਚ-1ਬੀ ਵੀਜ਼ਾ ਗ਼ੈਰ-ਪਰਵਾਸੀ ਵੀਜ਼ਾ ਹੈ,ਜਿਸ ਨਾਲ ਅਮਰੀਕੀ ਕੰਪਨੀਆਂ ਨੂੰ ਖ਼ਾਸ ਵਿਸ਼ੇਸ਼ਤਾ ਵਾਲੇ ਪੇਸ਼ਿਆਂ 'ਚ ਵਿਦੇਸ਼ੀ ਕਾਮਿਆਂ ਨੂੰ ਭਰਤੀ ਕਰਨ ਦੀ ਇਜਾਜ਼ਤ ਮਿਲਦੀ ਹੈ। ਤਕਨਾਲੋਜੀ ਕੰਪਨੀਆਂ ਭਾਰਤ ਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਾਮਿਆਂ ਨੂੰ ਭਰਤੀ ਕਰਨ ਲਈ ਇਸ 'ਤੇ ਨਿਰਭਰ ਰਹਿੰਦੀਆਂ ਹਨ। ਮੌਜੂਦਾ ਪ੍ਰਕਿਰਿਆ ਤਹਿਤ ਕਿਸੇ ਵਿਅਕਤੀ ਨੂੰ ਅਮਰੀਕੀ ਕੰਪਨੀ 'ਚ ਨੌਕਰੀ ਕਰਨ ਲਈ ਆਪਣੇ ਦੇਸ਼ 'ਚ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ 'ਚ ਵੀਜ਼ੇ 'ਤੇ ਮੋਹਰ ਲਗਵਾਉਣ ਲਈ ਅਰਜ਼ੀ ਦੇਣ ਦੀ ਲੋੜ ਹੁੰਦੀ ਹੈ।

## PUBLIC NOTICE

I, Ajit Singh S/o Khushal Singh R/o 106 Choti Baradari Jalandhar. There is a original allotment letter contains memo no. EO-PUDAJAL-AL/2003/ 13541 dated 31-12-2003 in the name of Charanjit Singh Chadda against the allotment of the plot by Puda. The Above letter has been lost and is not in my possession. I did not found the sale deed despite of my best efforts. I have also registered report of loss wide DDR No. 039 dated 13-09-2022 at P.S. Div-7, Jalandhar. As the above property, 106 Choti Baradari Part -1, Jalandhar-144001 has been mortageged to HDFC Bank Ltd. to raise funds, if any person found to be in possession of the said document letter memo no. EO-PUDAJAL-AL-2003/13541 daets 31-12-2003 will be illegal. If anybody found the same he/she shall return the document to Mr. Akhil Chopra at hi contact no. 9417741030 or raise objection in 15 days from te date of publication in written after expiry of period no claim would be entertained.

**HDFC Bank Ltd.**
**G.T. Road, Jalandhar**

## Court Notice

In the Court of Ms. Poonam R. Joshi Principal Judge, Family Court, Jalandhar.

CNR No. PBJL01-006477-2022, Next Date : 25.11.2022, GW 118 2022

Neetika 31 years D/o Sh. Subhash Chander Sharma R/o H.No. 192, Tower Enclave, Phase 3, Wadala, Jalandhar.

Versus : 1. Nitin Arora S/o Kishan Lal Arora R/o H.No. 19/11, Avtar Nagar, Jalandhar 2. General Public

Publication issued to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 25.11.2022 at 10.00 a.m.

For details logon to https://highcourtchd.gov.in/?trs=district_notice&district=Jalandhar

Principal Judge, Family Court, Jalandhar.

Dated, this day of 1.10.2022

## Court Notice

In the Court of Ms. Rashmi Sharma Addl. Principal Judge Family Court-1, Jalandhar.

Parminder Singh S/o Malkit Singh R/o 6650 Woodley Avenue Apartment 215 Van Nuya CA 91406 United State of America through attorney Balwinder Singh S/o Sardara Singh R/o Vill. Dalla Bhallowal, Jalandhar.

Versus : Navjot Kaur W/o Jagtar Singh D/o Jagtar Singh Vill. Kangraur Banga SBS Nagar, Punjab.

CNR No. PBJL01-010270-2021 Next Date : 9.11.2022

Petition Under section 13 of Hindu marriage act for dissolution of marriage by a decree of divorce.

Publication issued to : Navjot Kaur Father Jagtar Singh Vill. Kangraur Banga SBS Nagar Punjab.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 9.11.2022 at 10.00 a.m.

For details logon to https://highcourtchd.gov.in/?trs=district_notice&district=Jalandhar

Addl. Principal Judge Family Court-1, Jalandhar.

Dated, this day of 30.9.2022

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀਮਤੀ ਅਨੂਦੀਪ ਸ਼ਰਮਾ, ਨਾਇਬ ਤਹਿਸੀਲਦਾਰ, ਨੂਰਮਹਿਲ।

ਵਿਸ਼ਾ-ਨਾਂਅ ਦੀ ਦਰੁੱਸਤੀ ਬਾਬਤ।

ਨੋਟਿਸ ਬਨਾਮ-ਆਮ ਪਬਲਿਕ

ਸ੍ਰੀ ਹਰਜਿੰਦਰ ਸਿੰਘ ਪੁੱਤਰ ਬਿਸ਼ਨ ਸਿੰਘ ਪੁੱਤਰ ਦਸੌਧਾ ਵਾਸੀ ਪਿੰਡ ਕੰਗਣੀਵਾਲ ਤਹਿਸੀਲ ਫਿਲੌਰ ਨੇ ਇੱਕ ਦਰਖਾਸਤ ਇਸ ਦਫਤਰ ਵਿੱਚ ਪੇਸ਼ ਕੀਤੀ ਹੈ ਕਿ ਉਸ ਦਾ ਨਾਂਅ ਪਿੰਡ ਕੰਗਣੀਵਾਲ ਦੇ ਮਾਲ ਰਿਕਾਰਡ ਵਿੱਚ ਜੋਗਿੰਦਰ ਸਿੰਘ ਪੁੱਤਰ ਬਿਸ਼ਨ ਸਿੰਘ ਪੁੱਤਰ ਦਸੌਧਾ ਦਰਜ ਹੈ ਜਦ ਕਿ ਉਹਨਾਂ ਦੇ ਦਸਤਾਵੇਜ਼ ਵਿੱਚ ਨਾਂਅ ਹਰਜਿੰਦਰ ਸਿੰਘ ਆਧਾਰ ਕਾਰਡ ਵਿੱਚ ਦਰੁੱਸਤ ਦਰਜ ਹੈ। ਹੁਣ ਮਾਲ ਰਿਕਾਰਡ ਵਿੱਚ ਉਹਨਾਂ ਦਾ ਨਾਂਅ ਹਰਜਿੰਦਰ ਸਿੰਘ ਕਰਾਉਣ ਦੀ ਬਿਨੈ ਕੀਤੀ ਹੈ। ਇਸ ਲਈ ਅਖਬਾਰ ਵਿੱਚ ਪਬਲੀਕੇਸ਼ਨ ਕਰਵਾਈ ਜਾਂਦੀ ਹੈ ਕਿ ਅਗਰ ਕਿਸੇ ਵੀ ਵਿਅਕਤੀ ਨੂੰ ਉਕਤ ਨਾਂਅ ਦੀ ਦਰੁੱਸਤੀ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਇਸ ਦਫਤਰ ਵਿੱਚ ਮਿਤੀ 17.10.2022 ਤੱਕ ਅਸਾਲਤਨ/ਵਕਾਲਤਨ ਜਾਂ ਕਿਸੇ ਮੁਖਤਾਰ ਪੇਸ਼ ਹੋ ਕੇ ਕਰ ਸਕਦਾ ਹੈ। ਨਿਸ਼ਚਿਤ ਮਿਤੀ 17.10.2022 ਤੱਕ ਇਤਰਾਜ਼ ਪ੍ਰਾਪਤ ਹੋਣ ਦੀ ਸੂਰਤ ਵਿੱਚ ਬਣਦੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 30.9.2022 ਨੂੰ ਮੇਰੇ ਹਸਤਾਖਰ ਅਤੇ ਮੇਰੇ ਮੋਹਰ ਅਦਾਲਤ ਨਾਲ ਜਾਰੀ ਹੋਇਆ।

ਨਾਇਬ ਤਹਿਸੀਲਦਾਰ, ਨੂਰਮਹਿਲ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਨਵਾਂਸ਼ਹਿਰ।

ਮਿਸਲ ਨੰ: 459/ਐੱਨ ਟੀ, ਕਿਸਮ : ਤਕਸੀਮ, ਪਿੰਡ : ਜੇਠੂ ਮਜਾਰਾ

ਦਾਇਰ ਮਿਤੀ : 23.9.2021, ਫੈਸਲਾ ਮਿਤੀ :

ਅਨੁਵਾਨ ਮੁਕੱਦਮਾ : ਕਿਰਨਦੀਪ ਸਿੰਘ ਵਗੈਰਾ

ਬਨਾਮ : ਬਲਵੀਰ ਸਿੰਘ ਵਗੈਰਾ

1. ਕਿਰਨਜੀਤ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਪਿੰਡ ਜੇਠੂ ਮਜਾਰਾ, ਤਹਿ: ਨਵਾਂਸ਼ਹਿਰ 2. ਦਿਗਵਿਜੈ ਸਿੰਘ ਪੁੱਤਰ ਤੇਜਵੀਰ ਸਿੰਘ ਵਾਸੀ ਕੁਲਾਮ ਰੋਡ, ਨਵਾਂਸ਼ਹਿਰ 3. ਮੋਨਿਕਾ ਜੈਨ ਪਤਨੀ ਦਿਗਵਿਜੈ ਸਿੰਘ ਵਾਸੀ ਕੁਲਾਮ ਰੋਡ, ਨਵਾਂਸ਼ਹਿਰ। ...ਫਰੀਕ ਅੱਵਲ

1. ਬਲਵੀਰ ਸਿੰਘ ਪੁੱਤਰ ਸਵਰਨਾ 2. ਭਾਗੋ ਵਿਧਵਾ ਸਵਰਨਾ ਪੁੱਤਰ ਰਾਮ ਬਖਸ਼ 3. ਪਰਮਜੀਤ ਕੌਰ ਪਤਨੀ ਸੁਰਿੰਦਰ ਪਾਲ ਸਿੰਘ 4. ਬੇਅੰਤ ਕੌਰ ਪਤਨੀ ਜਰਨੈਲ ਸਿੰਘ ਵਾਸੀਆਨ ਪਿੰਡ ਜੇਠੂ ਮਜਾਰਾ ਤਹਿ: ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 5. ਸੁਰਿੰਦਰਪਾਲ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਲੰਗੜੋਆ, ਤਹਿ: ਨਵਾਂਸ਼ਹਿਰ 6. ਅਮਰਜੀਤ ਕੌਰ ਪਤਨੀ ਗੁਰਜੀਤ ਸਿੰਘ ਵਾਸੀ ਪਿੰਡ ਲੋਦੀ ਪੁਰ ਤਹਿ: ਨਵਾਂਸ਼ਹਿਰ 7. ਸੁਰਿੰਦਰ ਕੌਰ ਪਤਨੀ ਗੁਰਮੇਲ ਸਿੰਘ ਵਾਸੀ ਪਿੰਡ ਰਾਮਰਾਏ ਪੁਰ, ਤਹਿ: ਨਵਾਂਸ਼ਹਿਰ 8. ਵਰਿੰਦਰ ਪਾਲ ਸਿੰਘ ਪੁੱਤਰ ਗੁਰਬਖਸ਼ ਸਿੰਘ 9. ਹਰਬੰਸ ਕੌਰ ਪਤਨੀ ਗੁਰਬਖਸ਼ ਸਿੰਘ 10. ਗੀਤਾਜਲੀ ਸਿੰਘ ਪਤਨੀ ਵਰਿੰਦਰ ਪਾਲ ਸਿੰਘ ਪੁੱਤਰ ਗੁਰਬਖਸ਼ ਸਿੰਘ ਵਾਸੀਆਨ ਨਵਾਂਸ਼ਹਿਰ 11. ਜਰਨੈਲ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਹਰੀ ਸਿੰਘ 12. ਜੈਮਲ ਸਿੰਘ ਪੁੱਤਰ ਬੀਕਰ ਸਿੰਘ ਪੁੱਤਰ ਸੰਤਾ ਸਿੰਘ ...ਫਰੀਕ ਦੋਇਮ

ਖੇਵਟ ਨੰ: 19, ਖਤੌਨੀ ਨੰ: 19 ਬਰੂਏ ਫਰਦ ਜਮ੍ਹਾਂਬੰਦੀ ਸਾਲ 2012-13 ਵਕਾਇਆ ਅਤੇ ਖੇਵਟ ਨੰ: 20 ਖਤੌਨੀ ਨੰ: 20 ਰਕਬਾ ਪਿੰਡ ਜੇਠੂ ਬਰੂਏ ਫਰਦ ਜਮ੍ਹਾਂਬੰਦੀ ਸਾਲ 2017-18 ਤਹਿ: ਨਵਾਂਸ਼ਹਿਰ।

ਇਹ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਉਕਤ ਉਤਰਵਾਦੀਆਂ ਵਿੱਚੋਂ ਕੁਝ ਉਤਰਵਾਦੀਆਂ ਦੀ ਇਤਲਾਹ ਆਮ ਤਰੀਕ ਨਾਲ ਨਹੀਂ ਕਰਵਾਈ ਜਾ ਸਕਦੀ। ਇਸ ਲਈ ਇਸ ਨੋਟਿਸ ਰਾਹੀਂ ਇਹਨਾਂ ਉਤਰਵਾਦੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਸ ਕੇਸ ਵਿੱਚ ਆਪਣਾ ਪੱਖ ਅਗਲੀ ਤਾਰੀਖ ਪੇਸ਼ੀ ਮਿਤੀ 12.10.2022 ਨੂੰ ਬਾਅਦ ਦੁਪਹਿਰ 3.00 ਵਜੇ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਰੱਖ ਸਕਦੇ ਹਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਉਹਨਾਂ ਦੇ ਖਿਲਾਫ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਪੱਖ ਨਹੀਂ ਸੁਣਿਆ ਜਾਵੇਗਾ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਨਵਾਂਸ਼ਹਿਰ।

ਨੰ: 322 ਆਰ-2/ਮਿਤੀ : 7.4.2022

## Public Notice

It is brought to the notice of Public at Large that M/s Rajmata Traders Opp. Anand College of Engineering Sultanpur Road Kapurthala applied Credit facility of Rs. 80 Lac from HDFC Bank Ltd. the Mall Kapurthala Branch by creating Equitable mortgage of Property measuring 19.5 M situated at Vill. Dhudianwal Kapurthala is owned by Smt. Uma Gupta W/o Harsh Kumar Gupta R/o 1326 Urban Estate Kapurthala 144601 on the basis of Transfer deed Vasika No. 1568 Dt. 12/09/2022 However that following previous deed has been lost by my son Arjun Gupta S/o Harsh Kumar Gupta Transfer deed no. 2586 dt 15-12-2021, Transfer deed No. 2585 Dt. 14-12-2021 & Sale Deed No. 2191 Dt. 28-07-2010 for which complaint has been lodged in this Regard vide DDR Bearing GD No. 12 Dt. 13.05.2022 & DDR bearing GD No. 018 at Police Station Kotwali Kapurthala . If anybody have objection Regarding this Publication or the Mortgage of above Property with HDFC Bank, May Respond within 15 days to Mrs. Manisha Mahajan working as Branch operation Manager with HDFC Bank Ltd 5 Cool Road Jalandhar (Mobile No. 9888016055) or may contact to Shri Akhil Chopra Advocate New Court Jalandhar for HDFC Bank Ltd. (9417741030) after expiry of stipulated Period No clam would be entertained Regarding any charge of any Person or Financial Institutions on above said property.

## Court Notice

In the Court of Sh. Amanpreet Singh Addl. Civil Judge (Senior Division), Rupnagar

CIS No. CS/666/2022, CNR No. PBRO02-001077-2022, Next Date : 26.10.2022

Abhishek Kumar Versus : Joginder Kumar

Petition u/s 34, 38

Publication issued to : Joginder Kumar Lalon Wali Gai Ghanta Ghar Bazar Katra Ahluwalia Amritsar.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 26.10.2022 at 10.00 a.m.

For details logon to https://highcourtchd.gov.in/?trs=district_notice&district=Ropar

Addl. Civil Judge (Senior Division), Rupnagar

Dated, this day of 27.9.2022

## ਉੱਤਰ ਰੇਲਵੇ

### ਟੈਂਡਰ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਦੀ ਤਰਫ ਤੋਂ ਮੁੱਖ ਪ੍ਰਸ਼ਾਸਨਿਕ ਅਧਿਕਾਰੀ/ਨਿਰਮਾਣ, ਉੱਤਰ ਰੇਲਵੇ, ਕਸ਼ਮੀਰੀ ਗੇਟ, ਦਿੱਲੀ-6 ਹੇਠਾ ਲਿਖੇ ਕੰਮ ਦੇ ਲਈ ਦੋ ਪੈਕੇਟ ਪ੍ਰਣਾਲੀ ਦੇ ਅੰਤਰਗਤ ਈ-ਟੈਂਡਰਾ (ਈ-ਰਿਵਰਸ ਨੀਲਾਮੀ) ਮੰਗ ਕਰਦੇ ਹਨ।

| | |
|---|---|
| 1. | ਕੰਮ ਦਾ ਨਾਮ ਅਤੇ ਜਗ੍ਹਾਂ : ਜੰਮੂ-ਤਵੀ ਰੇਲਵੇ ਸਟੇਸ਼ਨ ਦੇ ਦੂਸਰੀ ਪ੍ਰਵੇਸ਼ ਉਤੇ ਕੋਚਿੰਗ ਟਰਮੀਨਲ ਦੇ ਵਿਕਾਸ ਦੇ ਸਬੰਧ ਵਿਚ ਜਮੀਨੀ ਕੰਮ ਅਤੇ ਹੋਰ ਸਹਾਇਕ ਕੰਮਾਂ ਸਹਿਤ, ਢਕੇ ਹੋਏ ਸ਼ੇਡ ਦੇ ਨਾਲ 4 ਪਲੇਟਫਾਰਮਾਂ, 5 ਵਾਸ਼ਿੰਗ ਲਾਇਨਾਂ, 7 ਸਟੇਬਲਿੰਗ ਲਾਇਨਾਂ, 7 ਲਾਇਨਾਂ ਦੇ ਲਈ ਵਾਸ਼ੇਬਲ ਏਪ੍ਰੈਨ, ਪਾਣੀ ਦੀ ਆਪੂਰਤੀ ਵਿਵਸਥਾ ਦੇ ਨਾਲ 2 ਟਯੂਬਵੇਲ ਸਹਿਤ ਪਾਣੀ ਸਟੋਰੇਜ ਟੈਂਕ, ਉੱਚ ਸਤਰੀਯ ਢਕੇ ਹੋਏ ਪਲੇਟਫਾਰਮ ਦੇ ਨਾਲ ਪਾਰਸਲ ਸਾਈਡਿੰਗ, ਸਿਕ ਲਾਇਨ ਸ਼ੇਡ ਅਤੇ ਭਵਨ ਨਿਰਮਾਣ ਕੰਮ। |
| 2. | ਅਨੁਮਾਨਿਤ / ਨਿਦੇਸ਼ਾਤਮਕ ਪਰਿਯੋਜਨਾ ਲਾਗਤ : ਰੁਪਏ 8979.34 ਲੱਖ |
| 3. | ਕੰਮ ਪੂਰਾ ਕਰਨ ਦਾ ਸਮਾਂ : 18 ਮਹੀਨੇ |
| 4. | ਜਮਾਂ ਕੀਤੀ ਜਾਣ ਵਾਲੀ ਜਮਾਨਤੀ ਰਾਸ਼ੀ : ਰੁਪਏ 46,39,700/- |
| 5. | ਰੇਲਵੇ ਦੀ ਵੇਬਸਾਈਟ ਉਤੇ ਟੈਂਡਰ ਦਸਤਾਵੇਜ ਦੀ ਵਿਕਰੀ/ਉਪਲਬਧਤਾ : ਟੈਂਡਰ ਦਸਤਾਵੇਜ 11.30 ਵਜੇ ਮਿਤੀ 30.09.2022 ਤੋਂ 04.11.2022 ਤਕ ਆਈ ਆਰ ਈ ਪੀ ਐਸ ਦੀ ਵੇਬਸਾਈਟ www.ireps.gov.in ਉਤੇ ਉਪਲਬਧ ਹੋਣਗੇ। |
| 6. | ਬੋਲੀ ਪਹਿਲਾ ਸੰਮੇਲਨ : ਮੁੱਖ ਪ੍ਰਸ਼ਾਸਨਿਕ ਅਧਿਕਾਰੀ/ਨਿਰਮਾਣ, ਪ੍ਰਧਾਨ ਦਫਤਰ, ਉੱਤਰ ਰੇਲਵੇ, ਕਸ਼ਮੀਰੀ ਗੇਟ, ਦਿੱਲੀ ਵਿਚ ਮਿਤੀ 10.10.2022 ਨੂੰ 11.30 ਵਜੇ ਬੋਲੀ ਪਹਿਲਾ ਸੰਮੇਲਨ ਆਯੋਜਿਤ ਕੀਤਾ ਜਾਵੇਗਾ। |
| 7. | ਈ-ਟੈਂਡਰ ਅਪਲੋਡ ਕਰਨ ਦੀ ਆਖਰੀ ਮਿਤੀ/ਸਮਾਂ : ਮਿਤੀ 04.11.2022 ਨੂੰ 11.30 ਵਜੇ ਤਕ ਟੈਂਡਰਕਰਤਾ ਦੁਵਾਰਾ 21.10.2022 ਤੋਂ 04.11.2022 ਤਕ ਆਈ ਆਰ ਈ ਪੀ ਐਸ ਦੀ ਵੇਬਸਾਈਟ www.ireps.gov.in ਉਤੇ ਟੈਂਡਰ ਦਸਤਾਵੇਜ ਅਪਲੋਡ ਕੀਤੀ ਜਾਂ ਸਕਦੀ ਹੈ। |
| 8. | ਈ-ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : ਟੈਂਡਰ 11.30 ਵਜੇ ਮਿਤੀ 04.11.2022 ਨੂੰ ਖੋਲੀ ਜਾਵੇਗੀ। ਉਪਯੁਕਤ ਦਫਤਰ ਦੇ ਨੋਟਿਸ ਬੋਰਡ ਉਤੇ ਵੀ ਪੂਰੀ ਟੈਂਡਰ ਸੂਚਨਾ ਦੇਖੀ ਜਾ ਸਕਦੀ ਹੈ। |

ਨੰ: 74-ਡਬਲਯੂ/1/1/227/ਡਬਲਯੂ ਏ/ਡੀ/ਜੰਮੂਤਵੀ ਮਿਤੀ : 30.09.2022 2588/2022

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਕਲਾਸੀਫਾਈਡ ਇਸ਼ਤਿਹਾਰ

## Disinherit Notice

I, Krishna W/o Late Shri Puran Singh R/o H.NO. 26, Abadi Dharampura, Tarn Taran Road, Amritsar. That Amandeep Singh is my son he is unmarried and has fallen into bad society and is not under my control. He is neither looking after me. So, I disinherit him from all my moveable and immoveable properties. If anybody deal with him he shall be responsible and I shall not responsible for any act done by my son Amandeep Singh.

## ਆਮ ਸੂਚਨਾ

ਮੈਂ, ਟਰੇਸੀ ਸਿਨਹਾ (39 ਸਾਲ) ਪਿਤਾ ਭਗਵਾਨ ਦਾਸ ਬੁਲਚੰਦਾਨੀ, ਪਤੀ ਸਾਹਿਲ ਕੁਮਾਰ ਪੁੱਤਰ ਸਤਪਾਲ ਮਿਗਲਾਨੀ ਨਾਲ 33, ਗੋਬਿੰਦ ਵਿਹਾਰ, ਬਸੰਤ ਨਗਰ, ਲੁਧਿਆਣਾ-141008, ਨੇ 19.8.2022 ਨੂੰ ਹਲਫੀਆ ਬਿਆਨ ਰਾਹੀਂ ਆਪਣਾ ਨਾਂਅ ਬਦਲ ਕੇ ਟਰੇਸੀ ਮਿਗਲਾਨੀ ਰੱਖ ਦਿੱਤਾ ਹੈ। (6076)

ਮੈਂ ਪਰਨੀਤ ਸਿੰਘ ਪੁੱਤਰ ਗੁਰਨਾਮ ਸਿੰਘ ਪਿੰਡ ਉੜਾਪੜ ਤਹਿਸੀਲ ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਰਹਿਣ ਵਾਲਾ ਹਾਂ । ਮੈਂ ਆਪਣੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਵਿੱਚ ਆਪਣਾ ਨਾਂ ਅਤੇ ਮਾਤਾ ਦੇ ਨਾਂ ਦੀ ਸੋਧ ਕਰਵਾਉਣੀ ਹੈ । ਮੇਰੇ ਸਰਟੀਫਿਕੇਟ ਵਿੱਚ ਮੇਰਾ ਨਾਂ ਪਰਨੀਤ ਸੈਣੀ (ਜੋ ਕਿ ਗਲਤ ਹੈ) ਤੋਂ ਪਰਨੀਤ ਸਿੰਘ (Parneet Singh) ਪੁੱਤਰ ਗੁਰਨਾਮ ਸਿੰਘ (Gurnam Singh ) ਕੀਤਾ ਜਾਵੇ, ਮਾਤਾ ਦਾ ਨਾਂ ਇੰਗਲਿਸ਼ ਵਿੱਚ Simranjit Kaur (ਜੋ ਕਿ ਗਲਤ ਹੈ) ਤੋਂ Simranjeet Kaur (ਸਿਮਰਨਜੀਤ ਕੌਰ) ਸਹੀ ਨਾਂ ਦਰਜ ਕੀਤਾ ਜਾਵੇ । (Amrik Kataria)

ਮੈਂ ਸੁਖਮਨ ਕੌਰ ਖੋਸਾ ਪੁੱਤਰੀ ਗੁਰਪ੍ਰੀਤ ਸਿੰਘ ਖੋਸਾ ਵਾਸੀ ਕਾਲੀਏਵਾਲਾ(ਫਿਰੋਜ਼ਪੁਰ)ਬਿਆਨ ਕਰਦੀ ਹਾਂ ਕਿ ਮੇਰੇ ਕੈਲੀਫੋਰਨੀਆਂ ਪਬਲਿਕ ਸਕੂਲ ਖੁਖਰਾਣਾ (ਮੋਗਾ) ਦੇ ਸਰਟੀਫਿਕੇਟ ਜਿਨ੍ਹਾਂ ਵਿੱਚ ਕਲਾਸ ਦਸਵੀਂ ਮਾਰਕਸੀਟ, ਪਾਸਿੰਗ ਸੀਟ , ਇੰਡਕਸ ਨੰਬਰ 1208057 /034 ਪਾਸਿੰਗ ਸਾਲ 2020 ਅਤੇ ਕਲਾਸ +2 ਪਾਸਿੰਗਸੀਟ ਅਤੇ ਮਾਰਕਸੀਟ ਇੰਡਕਸ ਨੰਬਰ 2226211 /016 ਪਾਸਿੰਗ ਸਾਲ 2022 ਕਿਤੇ ਗੁੰਮ ਹੋ ਗਏ ਹਨ । ਸਰਟੀਫਿਕੇਟ ਲੱਭਣ ਤੇ ਮੋਬਾਇਲ ਨੰਬਰ 9781374819 ਤੇ ਸੰਪਰਕ ਕੀਤਾ ਜਾਵੇ।

ਮੈਂ, ਪ੍ਰੇਮ ਰਾਣੀ ਵਿਧਵਾ ਜੋਗਿੰਦਰ ਪਾਲ ਵਾਸੀ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਅਰਸ਼ਦੀਪ ਦੇ ਬਾਰਵੀਂ ਦੇ ਸਰਟੀਫਿਕੇਟ 'ਤੇ ਮੇਰਾ ਨਾਂਅ ਪ੍ਰੇਮ ਲਤਾ (Prem Lata) ਲਿਖ ਦਿੱਤਾ ਗਿਆ ਹੈ, ਜੋ ਕਿ ਇੱਕ ਗਲਤ ਹੈ। ਮੇਰਾ ਸਹੀ ਨਾਂਅ ਪ੍ਰੇਮ ਰਾਣੀ (Prem Rani ਹੈ। ਪ੍ਰੇਮ ਲਤਾ (Prem Lata) ਤੇ ਪ੍ਰੇਮ ਰਾਣੀ (Prem Rani ) ਦੋਵਾਂ ਨਾਵਾਂ ਦੀ ਮੈਂ ਇੱਕ ਹੀ ਔਰਤ ਹਾਂ। ਮੇਰੀ ਲੜਕੀ ਅਰਸ਼ਦੀਪ ਦੇ ਬਾਰਵੀਂ ਸਰਟੀਫਿਕੇਟ 'ਤੇ ਮੇਰਾ ਨਾਂਅ ਦਰੁਸਤ ਕੀਤਾ ਜਾਵੇ।

## ਬੇਦਖਲੀ ਨੋਟਿਸ

ਮੈਂ, ਮਲਕੀਅਤ ਸਿੰਘ ਪੁੱਤਰ ਰਘਬੀਰ ਸਿੰਘ ਵਾਸੀ ਮਕਾਨ ਨੰ. 51 ਫੇਸ-1, ਗੁਰੂ ਨਾਨਕ ਐਵੇਨਿਊ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਖੁਸ਼ਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਰਾਜ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਪਿੰਡ ਸੰਗਤਪੁਰਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਹਰਵਿੰਦਰ ਸਿੰਘ ਅਤੇ ਉਸ ਦੀ ਪਤਨੀ ਸ਼ਰਨਜੀਤ ਕੌਰ ਉਰਫ ਸੋਨੀਆ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸ੍ਰੀਮਤੀ ਪਰੇਮ ਕੁਮਾਰੀ ਪਤਨੀ ਲੇਟ ਸ੍ਰੀ ਰਾਮਸ਼ਰਨ ਪੁੱਤਰ ਸ੍ਰੀ ਗਿਆਨ ਚੰਦ ਵਾਸੀ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਾਕੇਸ਼ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਸਤਨਾਮ ਸਿੰਘ ਪੁੱਤਰ ਵੀਰ ਪਾਲ ਵਾਸੀ ਪਿੰਡ ਲੱਖ ਵਰਿਆਹ, ਤਹਿ: ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਮੇਰਾ ਸਕਾ ਭਰਾ ਰਛਪਾਲ ਸਿੰਘ ਜੋ ਕਿ ਸਾਡੇ ਕਹਿਣੇਕਾਰ ਵਿੱਚ ਨਹੀਂ ਹੈ ਤੇ ਉਸ ਨਾਲ ਸਾਡਾ ਕੋਈ ਲੈਣ-ਦੇਣ ਦਾ ਸੰਬੰਧ ਨਹੀਂ ਹੈ। ਉਸ ਦੇ ਚੰਗੇ-ਮਾੜੇ ਵਿਹਾਰ ਕਾਰਨ ਮੇਰੀ ਕੁੱਲ ਚੱਲ-ਅਚੱਲ ਜਾਇਦਾਦ, ਮਕਾਨ, ਤੌੜਾਤ ਆਦਿ ਨਾਲ ਕੋਈ ਤਲਕ-ਵਾਸਤਾ ਨਹੀਂ ਹੋਵੇਗਾ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਹੀ ਜ਼ਿੰਮੇਵਾਰ ਹੋਵੇਗਾ। (ਰਾਜਵੀਰ)

ਮੈਂ ਬਲਵਿੰਦਰ ਸਿੰਘ ਪੁੱਤਰ ਗਿਆਨ ਸਿੰਘ, ਵਾਸੀ ਜਲੂਵਾਲ (ਅੰਮ੍ਰਿਤਸਰ) ਆਪਣੇ ਲੜਕਿਆਂ ਹਰਨੇਕ ਸਿੰਘ, ਗੁਰਦਿਆਲ ਸਿੰਘ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਹਨਾਂ ਨਾਲ ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । (Athula)

ਅਸੀਂ, ਨਰੇਸ਼ ਕੁਮਾਰ ਸ਼ਰਮਾ ਪੁੱਤਰ ਸ੍ਰੀ ਮਨਸਾ ਰਾਮ ਅਤੇ ਪੂਨਮ ਸ਼ਰਮਾ ਪਤਨੀ ਨਰੇਸ਼ ਕੁਮਾਰ ਸ਼ਰਮਾ ਦੋਨੋਂ ਵਾਸੀ ਮਕਾਨ ਨੰ: ਐੱਨ ਬੀ-279, ਲਕਸ਼ਮੀਪੁਰਾ, ਜਲੰਧਰ ਆਪਣੇ ਲੜਕੇ ਵਰੁਣ ਸ਼ਰਮਾ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਉਸ ਨਾਲ ਅਤੇ ਉਸ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ ਨਾਲ ਕੋਈ ਤਲਕ-ਵਾਸਤਾ ਜਾਂ ਸੰਬੰਧ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ। (6075)

ਅਸੀਂ, ਚਰਨਜੀਤ ਪੁੱਤਰ ਸ੍ਰੀ ਨੱਥਾ ਰਾਮ ਅਤੇ ਸੁਨੀਤਾ ਰਾਣੀ ਪਤਨੀ ਚਰਨਜੀਤ ਦੋਨੋਂ ਵਾਸੀ ਪੱਤੀ ਭਾਗੜੀਆਂ, ਸਰਾਏ ਖਾਸ, ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਕਰਨ ਕੁਮਾਰ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੇ ਅਤੇ ਸਾਡੇ ਪਰਵਾਰ ਦੇ ਕਿਸੇ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। (6079)

ਮੈਂ, ਨਿਰਮਲ ਸਿੰਘ ਪੁੱਤਰ ਬੇਅੰਤ ਸਿੰਘ ਵਾਸੀ ਮਕਾਨ ਨੰ: 563, ਜਨਤਾ ਕਾਲੋਨੀ, ਮਕਸੂਦਾਂ, ਜਲੰਧਰ ਆਪਣੇ ਪੁੱਤਰ ਹਰਸਿਮਰਨ ਸਿੰਘ, ਨੂੰਹ ਨਿਧੀ ਕਸ਼ਯਪ ਅਤੇ ਪੋਤਰੇ ਏਕਮਵੀਰ ਸਿੰਘ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਹਨਾਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰਾ ਕੋਈ ਸੰਬੰਧ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ। (6078)

ਮੈਂ, ਰਜਵੰਤ ਕੌਰ ਪਤਨੀ ਭੁਪਿੰਦਰ ਸਿੰਘ ਵਾਸੀ ਪਿੰਡ ਐਨੋਕੋਟ, ਤਹਿ: ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਹਾਲ ਵਾਸੀ ਨਰਾਇਣ ਨਗਰ, ਜਲੰਧਰ ਰੋਡ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰੀ ਭੈਣ ਸੁਰਜੀਤ ਕੌਰ ਅਤੇ ਜੀਜਾ ਹਰਪਾਲ ਸਿੰਘ ਵਾਸੀ ਜੈਤੀਪੁਰ, ਜ਼ਿਲ੍ਹਾ ਅੰਮ੍ਰਿਤਸਰ ਜਿਸ ਨਾਲ ਮੇਰਾ ਕੋਈ ਵੀ ਲਗ ਲੈਣਾ ਨਹੀਂ ਹੈ। ਭਵਿੱਖ ਵਿੱਚ ਅਗਰ ਮੇਰੀ ਭੈਣ ਜਾਂ ਜੀਜਾ ਕੋਈ ਵੀ ਮਾੜਾ ਚੰਗਾ ਕੰਮ ਕਰਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਇਸ ਨਾਲ ਮੇਰਾ ਕੋਈ ਵੀ ਤਲਕ ਵਾਸਤਾ ਨਹੀਂ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਚਰਨਜੀਤ ਕੌਰ ਪਤਨੀ ਪਰਮਜੀਤ ਸਿੰਘ ਵਾਸੀ ਕੁਆਟਰ ਨੰ.130, ਨਿਊ ਪੁਲਿਸ ਲਾਇਨ, ਕਪੂਰਥਲਾ, ਦੀ ਰਹਿਣ ਵਾਲੀ ਹਾਂ ਅਤੇ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਨਿਸ਼ਾਨ ਸਿੰਘ, ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹੈ ਅਤੇ ਲੜਾਈ-ਝਗੜਾ ਕਰਦਾ ਹੈ। ਮੈਂ ਆਪਣੇ ਲੜਕੇ ਨਿਸ਼ਾਨ ਨੂੰ ਆਪਣੀ ਤਮਾਮ ਚੱਲ-ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸ਼ਾਂਤੀ ਦੇਵੀ ਪਤਨੀ ਪ੍ਰੇਮ ਨਾਥ ਵਾਸੀ ਪਿੰਡ ਤਿੱਬੜ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰੀਆਂ ਦੋਵੇਂ ਲੜਕੀਆਂ ਤ੍ਰਿਪਤਾ ਪਤਨੀ ਰਿਤੇਸ਼ ਸ਼ਰਮਾ ਅਤੇ ਸੋਨੀਆ ਪਤਨੀ ਰਾਜਿੰਦਰ ਸ਼ਰਮਾ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਆਪਣੀਆਂ ਦੋਵੇਂ ਲੜਕੀਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। (ਡੋਗਰਾ)

## ਬੇਦਖਲੀ ਨੋਟਿਸ

ਮੈਂ, ਬਲਵੀਰ ਕੌਰ ਪਤਨੀ ਗੁਰਦੇਵ ਸਿੰਘ ਵਾਸੀ ਨਵਾਂ ਕਿਲ੍ਹਾ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰੀ ਪੁੱਤਰੀ ਪਰਮਜੀਤ ਕੌਰ ਪਤਨੀ ਅਰਵਿੰਦਰ ਸਿੰਘ ਅਤੇ ਉਸ ਦਾ ਪਤੀ ਅਰਵਿੰਦਰ ਸਿੰਘ ਵਾਸੀ ਗੋਹਲਣ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਅਰਪਿਤ)

ਮੈਂ, ਅਮਰ ਨਾਥ ਪੁੱਤਰ ਸੰਤ ਨਾਥ ਵਾਸੀ ਜੋਗੀ ਬਸਤੀ ਧੂਰੀ, ਜ਼ਿਲ੍ਹਾ ਸੰਗਰੂਰ ਆਪਣੇ ਲੜਕੇ ਭਾਰਤ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਗਰਗ)

ਮੈਂ, ਲਛਮੀ ਪਤਨੀ ਲੇਟ ਸ੍ਰੀ ਵਿਜੈ ਕੁਮਾਰ ਵਾਸੀ ਬਾਹਰਵਾਰ ਭਗਤਾਂਵਾਲਾ, ਨੇੜੇ ਦਾਣਾ ਮੰਡੀ, ਰਾਧੇ ਕ੍ਰਿਸ਼ਨ ਕਾਲੋਨੀ, ਮੂਲੇ ਚੱਕ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਗੌਰਵ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ ਸਤਵਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਪਿੰਡ ਫੁੱਲ, ਤਹਿਸੀਲ ਸ਼ਾਹਕੋਟ (ਜਲੰਧਰ) ਨੇ ਆਪਣਾ ਨਾਮ ਬਦਲ ਕੇ ਸਤਵਿੰਦਰ ਸਿੰਘ ਤੋਂ ਸਤਵਿੰਦਰ ਸਿੰਘ ਬਿੰਦ ਰੱਖ ਲਿਆ ਹੈ, ਸੰਬਧਿਤ ਨੋਟ ਕਰਨ। (ਬਿੱਟੂਪਾਲ)

## Change of Name

I, Ramandeep Kaur W/o Arvind Malik R/o 411, Golden Avenue, Qadian Road, Batala, Distt Gurdaspur. That After my Marriage I have Changed my name from Ramandeep Kaur to Ramandeep Malik. (SHREE KRISHNA)

I, Balbir Singh Goga Singh S/O Chanan Singh R/O 20, Saheed Udham Singh Colony, Chabhal Road, Amritsar Have Certified That Above Both Names Are Mine One And Same Person.

I Harpreet Singh S/O Balwinder Singh R/O Vill.burj Deva Singh Po Harike Tehsil Patti Tarn Taran Hereby Declare That Harpreet Is My Given Name And Singh Is Surname.

I, Dilbag Singh S/o Gian Singh R/o Village Gillanwali, PO. Batala, Tehsil Batala, District Gurdaspur have changed my name from Dilbagh Singh to Dilbag Singh. All concerned please note.

I, Malkit Singh S/o Avtar Singh , R/o Village Kahlwan, District Kapurthala, Punjab. That I have changed my name from Malkiat Singh to Malkit Singh. All concerned may noted.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਫਲਿੱਪਕਾਰਟ ਵੱਲੋਂ ਵਿਕਰੇਤਾਵਾਂ, ਕਾਰੀਗਰਾਂ ਤੇ ਕਰਿਆਨੇ ਵਾਲਿਆਂ ਨੂੰ ਬੇਜੋੜ ਮੁੱਲ ਪ੍ਰਦਾਨ

ਅੰਮ੍ਰਿਤਸਰ:ਫਲਿੱਪਕਾਰਟ ਦੇ ਸਲਾਨਾ ਫਲੈਗਸ਼ਿਪ ਈਵੈਂਟ ਬਿੱਗ ਬਿਲੀਅਨ ਡੇਅਜ਼ (ਟੀਬੀਬੀਡੀ) ਦੇ 9ਵੇਂ ਐਡੀਸ਼ਨ ਨੇ 8 ਦਿਨਾਂ ਤੱਕ ਚੱਲਣ ਵਾਲੇ ਇਸ ਫ਼ੈਸਟੀਵਲ ਦੌਰਾਨ ਪਲੇਟਫਾਰਮ 'ਤੇ 1 ਬਿਲੀਅਨ ਤੋਂ ਜ਼ਿਆਦਾ ਗਾਹਕਾਂ ਦੇ ਵਿਜ਼ਿਟ ਦਾ ਰਿਕਾਰਡ ਕਾਇਮ ਕੀਤਾ ਹੈ। ਇਨੋਵੇਸ਼ਨ, ਅਫ਼ੋਰਡੇਬਿਲਿਟੀ, ਸਮਾਵੇਸ਼ਨ, ਮੁੱਲ ਅਤੇ ਸਹੂਲਤਾਂ ਦੀ ਬਦੌਲਤ ਇਹ ਪੂਰੇ ਈਕੋ-ਸਿਸਟਮ ਲਈ ਜ਼ਿਆਦਾ ਮੁੱਲ ਪ੍ਰਦਾਨ ਕਰ ਰਿਹਾ ਹੈ। ਇਹ ਦੇਸ਼ ਭਰ ਵਿੱਚ ਈ-ਕਾਮਰਸ ਨੂੰ ਵਿਆਪਕ ਤੌਰ ਉੱਤੇ ਅਪਣਾਏ ਜਾਣ ਨੂੰ ਦਰਸਾਉਂਦਾ ਹੈ, ਜਿਸ ਵਿੱਚ 60% ਤੋਂ ਵੱਧ ਗਾਹਕ ਟੀਅਰ-2 ਅਤੇ ਟੀਅਰ-3 ਸ਼ਹਿਰਾਂ ਤੋਂ ਹੁੰਦੇ ਹਨ। ਫਲਿੱਪਕਾਰਟ ਨੇ ਦੇਸ਼ ਦੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਲੱਖਾਂ ਗਾਹਕਾਂ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਜਿਵੇਂ ਕਿ ਅਰੁਣਾਚਲ ਪ੍ਰਦੇਸ਼ ਦੇ ਖੋਂਸਾ, ਪੋਰਟ ਬਲੇਅਰ, ਮੇਦਿਨੀਪੁਰ, ਬਾਂਕੁਰਾ, ਪੁਰੀ ਅਤੇ ਭਾਗਲਪੁਰ ਪ੍ਰਮੁੱਖ 10 ਗਾਹਕ ਟੀਅਰ 3, ਸ਼ਹਿਰਾਂ ਵਿੱਚ ਹਨ, ਜਿੱਥੋਂ ਫਲਿੱਪਕਾਰਟ ਦੇ ਗਾਹਕਾਂ ਨਨੇ ਸਭ ਤੋਂ ਜ਼ਿਆਦਾ ਖ਼ਰੀਦਦਾਰੀ ਕੀਤੀ ਹੈ। ਗਾਹਕਾਂ, ਵਿਕਰੇਤਾਵਾਂ, ਕਰਿਆਨਾ ਵਾਲੇ ਅਤੇ ਕਾਰੀਗਰਾਂ ਨੇ ਫਲਿੱਪਕਾਰਟ ਦੇ ਆਕਰਸ਼ਕ ਮੁੱਲ ਪ੍ਰਸਤਾਵ ਦੇ ਨਾਲ ਹੀ ਇੱਕ ਬਿਹਤਰ ਤਾਲਮੇਲ ਦੇਖਿਆ।

# ਪਿੰਡ ਵਾਸੀਆਂ ਨੇ ਸ਼ਰਾਬ ਦੇ ਠੇਕੇ ਦਾ ਕੀਤਾ ਵਿਰੋਧ

ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )- ਪਿੰਡ ਮੋਹਰ ਵਿਖੇ ਸਰਾਬ ਦੇ ਨਵੇਂ ਖੁੱਲ ਰਹੇ ਠੇਕੇ ਦਾ ਪਿੰਡ ਵਾਸੀਆਂ ਵਲੋਂ ਭਾਰੀ ਵਿਰੋਧ ਕੀਤਾ ਜਾ ਰਿਹਾ ਹੈ। ਜਿਸ ਸਬੰਧੀ ਸਰਪੰਚ ਰਾਜ ਪਾਲ, ਸਾਬਕਾ ਸਰਪੰਚ ਹਰਦੇਵ ਸਿੰਘ ਰਾਣਾ, ਚਰਨੀਜਤ ਸੀ.ਪੀ., ਬਲਦੇਵ ਸਿੰਘ ਅਜੀਮਲ, ਕੁਲਦੀਪ ਸਿੰਘ ਨੰਬਰਦਾਰ, ਧਰਮਿੰਦਰ ਸਿੰਘ, ਜਸਪਾਲ ਸਿੰਘ, ਸੁਖਦੇਵ ਸਿੰਘ, ਬਲਵਿੰਦਰ ਸਿੰਘ, ਗੁਲਸਨ ਕੁਮਾਰ ਆਦਿ ਨੇ ਦੱਸਿਆ ਕਿ ਲਗਪਗ 30-40 ਦਿਨ ਪਹਿਲਾਂ ਵੀ ਇਹ ਨਵਾਂ ਖੋਲ੍ਹਿਆ ਸਰਾਬ ਦਾ ਠੇਕਾ ਚਾਲੂ ਕੀਤਾ ਗਿਆ ਸੀ ਪ੍ਰੰਤੂ ਪਿੰਡ ਵਾਸੀਆਂ ਦੇ ਵਿਰੋਧ ਕਾਰਨ ਬੰਦ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਨੂੰ ਲਿਖਤੀ ਮੰਗ ਪੱਤਰ ਦੇ ਕੇ ਪਿੰਡ ਵਾਸੀਆਂ ਵਲੋਂ ਇਸ ਨਵੇਂ ਖੁੱਲ ਰਹੇ ਸ਼ਰਾਬ ਦੇ ਠੇਕੇ ਨੂੰ ਬੰਦ ਕਰਨ ਦੀ ਮੰਗ ਕੀਤੀ ਗਈ ਜਿਸ 'ਤੇ ਵਿਧਾਇਕਾ ਨੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਵਾਇਆ ਸੀ ਕਿ ਠੇਕਾ ਨਹੀਂ ਖੁੱਲ੍ਹੇਗਾ, ਪ੍ਰੰਤੂ ਹੁਣ ਸ਼ਰਾਬ ਦੇ ਠੇਕੇਦਾਰਾਂ ਵਲੋਂ ਫਿਰ ਠੇਕਾ ਖੋਲ੍ਹਣ ਦੀ ਕੋਸ਼ਿਸ਼ ਕੀਤੀ ਗਈ ਜਿਸ 'ਤੇ ਸਮੁੱਚੇ ਪਿੰਡ ਵਾਸੀਆਂ ਸਮੇਤ ਔਰਤਾਂ ਵਲੋਂ ਠੇਕੇ ਵਾਲੇ ਸਥਾਨ 'ਤੇ ਧਰਨਾ ਲਗਾ ਕੇ ਵਿਰੋਧ ਕੀਤਾ ਗਿਆ।. ਇਸ ਸਬੰਧੀ ਜਦੋਂ ਮੌਕਾ ਵੇਖਣ ਆਏ ਡੀ.ਐਸ.ਪੀ. ਬਲਾਚੌਰ ਦਵਿੰਦਰ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਐਕਸਾਈਜ ਵਿਭਾਗ ਦੇ ਦੱਸਣ ਮੁਤਾਬਿਕ ਸਰਾਬ ਦੇ ਠੇਕੇ ਨੂੰ ਕਾਨੂੰਨੀ ਤੌਰ 'ਤੇ ਮਨਜ਼ੂਰੀ ਦਿੱਤੀ ਗਈ ਹੈ ਜਿਸ ਦੇ ਆਧਾਰ 'ਤੇ ਇਹ ਠੇਕਾ ਖੋਲ੍ਹਿਆ ਜਾ ਰਿਹਾ ਹੈ, ਪ੍ਰੰਤੂ ਫਿਰ ਵੀ ਕਾਨੂੰਨੀ ਪੱਖ ਵੇਖਣ ਦੇ ਨਾਲ-ਨਾਲ ਪਿੰਡ ਵਾਸੀਆਂ ਦੇ ਵਿਰੋਧ ਸੰਬੰਧੀ ਵੀ ਸੋਚ ਵਿਚਾਰ ਕਰਨ ਉਪਰੰਤ ਇਸ ਮਸਲੇ ਦਾ ਛੇਤੀ ਹੀ ਹੱਲ ਕੀਤਾ ਜਾਵੇਗਾ।

# ਪ ਸ ਸ ਫ ਦੇ ਗਿਆਰ੍ਹਵੇਂ ਸੂਬਾ ਅਜਲਾਸ ਦਾ ਆਗਾਜ਼ ਅੱਜ

**ਜਲੰਧਰ: (ਕੇਸਰ)**—ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈੱਡਰੇਸ਼ਨ ਦੇ ਅਜਲਾਸ ਦੇ ਆਗਾਜ਼ ਮੌਕੇ ਠੀਕ 10:00 ਵਜੇ ਸੂਬਾ ਪ੍ਰਧਾਨ ਸਾਥੀ ਸਤੀਸ਼ ਰਾਣਾ ਲਹਿਰਾਉਣਗੇ। ਇਸ ਮੌਕੇ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਸਾਥੀ ਸੁਭਾਸ਼ ਲਾਂਬਾ ਆਪਣੇ ਇਨਕਲਾਬੀ ਵਿਚਾਰਾਂ ਨਾਲ ਅਜਲਾਸ ਦਾ ਉਦਘਾਟਨ ਕਰਨਗੇ ਅਤੇ ਏ.ਆਈ.ਐੱਸ.ਜੀ.ਈ.ਐੱਫ ਦੇ ਕੇਂਦਰੀ ਵਿੱਤ ਸਕੱਤਰ ਸਾਥੀ ਸ਼ਸ਼ੀ ਕਾਂਤ (ਬਿਹਾਰ) ਬਤੌਰ ਆਬਜ਼ਰਬਰ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਣਗੇ। ਸਵਾਗਤੀ ਕਮੇਟੀ ਦੇ ਚੇਅਰਮੈਨ ਸਾਥੀ ਕਰਨੈਲ ਸਿੰਘ ਸੰਧੂ ਆਲ ਇੰਡੀਆ ਦੇ ਆਗੂਆਂ, ਸਮੁੱਚੇ ਪੰਜਾਬ ਵਿੱਚੋਂ ਆਏ ਡੈਲੀਗੇਟਾਂ, ਭਰਾਤਰੀ ਸੰਦੇਸ਼ ਦੇਣ ਲਈ ਆਏ ਵੱਖ-ਵੱਖ ਜਥੇਬੰਦੀਆਂ ਦੇ ਸ਼ਾਮਲ ਆਗੂਆਂ ਨੂੰ ਆਪਣੇ ਤਹਿ ਦਿਲੋਂ ਜੀ ਆਇਆਂ ਨੂੰ ਕਹਿਣਗੇ।

ਸਾਥੀ ਬਾਸੀ ਨੇ ਕਿਹਾ ਕਿ ਜਥੇਬੰਦੀ ਦਾ 11ਵਾਂ ਸੂਬਾ ਅਜਲਾਸ ਉਸ ਸਮੇਂ ਹੋ ਰਿਹਾ ਹੈ ਜਦੋਂ ਦੇਸ਼ ਅੰਦਰ ਮਹਿੰਗਾਈ ਲਗਾਤਾਰ ਵੱਧਦੀ ਜਾ ਰਹੀ ਹੈ। ਮਹਿੰਗਾਈ ਵੱਧਣ ਦਾ ਮੁੱਖ ਕਾਰਨ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਹਨ। ਧਨਾਢਾਂ ਦੇ ਬੈਂਕਾਂ ਤੋਂ ਚੁੱਕੇ ਕਰਜ਼ ਮਾਫ ਕਰਨ, ਉਨ੍ਹਾਂ ਦਾ ਟੈਕਸ ਘਟਾਉਣ ਅਤੇ ਦੇਸੀ-ਵਿਦੇਸ਼ੀ ਕਾਰਪੋਰੇਟਾਂ ਦੇ ਹਿੱਤ ਪੂਰਦੀਆਂ ਨੀਤੀਆਂ ਲਾਗੂ ਕਰਨ ਸਦਕਾ ਮਹਿੰਗਾਈ ਸ਼ਿਖਰਾਂ ਛੂਹ ਗਈ। ਕੇਂਦਰ ਸਰਕਾਰ ਵੱਲੋਂ ਬੈਂਕ, ਹਵਾਈ ਅੱਡੇ, ਰੇਲਵੇ ਲਾਇਨਾਂ, ਉਤਪਾਦਨ ਇਕਾਈਆਂ, ਬਿਜਲੀ, ਬੀ.ਪੀ.ਸੀ.ਐਲ., ਡਿਫੈਂਸ, ਬੀ.ਐਸ.ਐਨ.ਐਲ., ਏਅਰ ਇੰਡੀਆ ਅਤੇ ਸੜਕੀ ਆਵਾਜਾਈ ਲੱਗਭਗ ਹਰ ਖੇਤਰ ਦਾ ਨਿੱਜੀਕਰਨ ਹੋ ਰਿਹਾ ਹੈ। ਕੇਂਦਰ ਸਰਕਾਰ ਹੁਣ ਸਰਕਾਰੀ ਅਦਾਰਿਆਂ ਨੂੰ ਮੁਦਰੀਕਰਨ ਪਾਇਪ ਲਾਇਨ ਰਾਹੀਂ ਲੰਬੇ ਸਮੇਂ ਲਈ ਲੀਜ਼ 'ਤੇ ਦੇਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਰੋਨਾ ਮਹਾਂਮਾਰੀ ਦੌਰਾਨ ਸਾਰੇ ਦੇਸ਼ ਵਿੱਚ ਜ਼ਿੰਦਗੀ ਖਤਰੇ 'ਚ ਪਾ ਕੇ ਸਿਹਤ ਸੇਵਾਵਾਂ ਦੇਣ ਵਾਲੇ ਫਰੰਟ ਲਾਇਨ ਕਾਰਕੁੰਨਾਂ ਨੂੰ ਸੁਰੱਖਿਆ ਤੇ ਬੀਮਾ ਸਹੂਲਤਾਂ ਦੇਣ ਅਤੇ ਸੇਵਾਵਾਂ ਪੱਕੀਆਂ ਕਰਨ ਦੀ ਥਾਂ ਹਵਾਈ ਜਹਾਜ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਗਈ। ਕੈਪਟਨ ਸਰਕਾਰ ਨੇ ਤਾਂ ਇਨ੍ਹਾਂ ਕੋਰੋਨਾ ਯੋਧਿਆਂ ਨੂੰ ਨੌਕਰੀਉਂ ਕੱਢਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਵੀ ਚੋਣਾਂ ਮੌਕੇ ਕੀਤੇ ਇਕ ਵੀ ਵਾਅਦੇ ਨੂੰ ਅਮਲੀ ਜਾਮਾ ਨਹੀਂ ਪਹਿਨਾ ਰਹੀ। ਕੰਟਰੈਕਟ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਥਾਂ ਤਿੰਨ ਮੰਤਰੀਆਂ ਦੀ ਕਮੇਟੀ ਬਣਾ ਕੇ ਡੰਗ ਸਾਰਿਆ ਜਾ ਰਿਹਾ ਹੈ। ਮੰਤਰੀ ਸਬ ਕਮੇਟੀ ਐਲਾਨ ਤਾਂ ਕੀਤਾ ਜਾਂਦਾ ਹੈ ਪਰ ਚੰਨੀ ਸਰਕਾਰ ਵਾਂਗ ਪੱਕਾ ਇਕ ਵੀ ਮੁਲਾਜ਼ਮ ਨਹੀਂ ਕੀਤਾ ਜਾ ਰਿਹਾ। ਚਾਹੀਦਾ ਤਾਂ ਇਹ ਸੀ ਕਿ 'ਆਪ' ਸਰਕਾਰ ਅਕਾਲੀ-ਭਾਜਪਾ ਸਰਕਾਰ ਵੱਲੋਂ ਤਿਆਰ ਕੀਤੇ ਰੈਗੂਲਰਾਈਜੇਸ਼ਨ ਐਕਟ ਨੂੰ ਪ੍ਰਵਾਨਗੀ ਦਿੰਦੀ, ਜਿਸ ਅਨੁਸਾਰ ਤਿੰਨ ਸਾਲ ਦਾ ਸਮਾਂ ਅਤੇ ਆਊਟਸੋਰਸਡ ਮੁਲਾਜ਼ਮ ਪੱਕੇ ਕਰਨ ਯੋਗ ਬਣਦੇ ਹਨ। ਪਰ 'ਆਪ' ਸਰਕਾਰ ਕੈਪਟਨ ਸਰਕਾਰ ਵੱਲੋਂ ਤਿਆਰ ਕੀਤੀ 10 ਸਾਲਾ ਪਾਲਿਸੀ ਲਾਗੂ ਕਰਨ ਜਾ ਰਹੀ ਹੈ, ਜਿਹੜੀ ਆਊਟਸੋਰਸਡ ਮੁਲਾਜ਼ਮਾਂ ਨੂੰ ਰੈਗੂਲਰ ਦੇ ਘੇਰੇ ਵਿੱਚ ਨਹੀਂ ਸੀ ਲਿਆਉਂਦੀ। ਪੁਰਾਣੀ ਪੈਨਸ਼ਨ ਬਹਾਲੀ ਦਾ ਵਾਅਦਾ ਵਫਾ ਨਹੀਂ ਹੋ ਰਿਹਾ। ਇੱਥੋਂ ਤੱਕ ਕੇ ਪੇਂਡੂ ਭੱਤੇ ਸਹਿਤ 37 ਤਰ੍ਹਾਂ ਦੇ ਕੱਟੇ ਭੱਤੇ ਬਹਾਲ ਨਹੀਂ ਕੀਤੇ ਜਾ ਰਹੇ। ਮਾਣ ਭੱਤਾ ਮੁਲਾਜ਼ਮ, ਮਿਡ-ਡੇ-ਮੀਲ, ਆਂਗਣਵਾੜੀ, ਅਜੇ ਵੀ ਸੰਘਰਸ਼ਾਂ ਦੇ ਪਿੜ 'ਚ ਹਨ। ਪੈਨਸ਼ਨਰਾਂ ਦੀ ਆਮ ਮੁਲਾਜ਼ਮਾਂ ਨਾਲ ਚਲੀ ਆ ਰਹੀ ਸਮਾਨਤਾ ਤੋੜ ਕੇ ਤਨਖਾਹ ਫਿਕਸੇਸ਼ਨ ਹਿੱਤ 2.59 ਦਾ ਗੁਣਾਂਕ ਵੀ ਲਾਗੂ ਨਹੀਂ ਕੀਤਾ ਜਾ ਰਿਹਾ। ਜਜ਼ੀਆ ਟੈਕਸ ਕਾਇਮ ਹੈ। ਕੁਲ ਮਿਲਾ ਕੇ ਆਪ ਸਰਕਾਰ ਮੁਲਾਜ਼ਮਾਂ ਦੇ ਮਸਲੇ ਹੱਲ ਕਰਨ ਤੋਂ ਲਗਾਤਾਰ ਟਾਲਾ ਵੱਟਦੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਅਜਿਹੇ ਮੌਕੇ ਲੋੜਾਂ ਦੀ ਲੋੜ ਬਣਦੀ ਹੈ ਕਿ ਮੰਗਾਂ ਦੀ ਪ੍ਰਾਪਤੀ ਤੇ ਸੰਘਰਸ਼ ਨੂੰ ਵਿਸ਼ਾਲ ਤੇ ਤਿੱਖਾ ਕਰਨ ਹਿੱਤ ਆਪਣੀ ਜਥੇਬੰਦਕ ਸ਼ਕਤੀ ਵਿੱਚ ਵਾਧਾ ਕੀਤਾ ਜਾਵੇ। ਇਸ ਕਾਰਜ ਨੂੰ ਪੂਰਾ ਕਰਨ ਹਿੱਤ ਅਗਲੇ ਸਾਲਾਂ ਦੇ ਕਾਰਜ ਉਲੀਕੇ ਜਾਣਗੇ।

## ਭਾਜਪਾ ਨੇ ਲਗਾਈ ਡੰਮੀ ਵਿਧਾਨ ਸਭਾ-ਆਗੂ ਫੋਟੋਆਂ ਖਿਚਵਾ ਤੁਰਦੇ ਬਣੇ



**ਜਲੰਧਰ (ਸੁਰਿੰਦਰ ਕੁਮਾਰ)** ਸਥਾਨਕ ਸ਼ਹਿਰ ਵਿੱਚ ਬੀ ਜੇ ਪੀ ਨੇ ਨੇਤਾਵਾਂ ਨੇ ਇੱਕ ਡੰਮੀ ਵਿਧਾਨ ਸਭਾ ਬਣਾ ਕੇ ਸ਼ੈਸ਼ਨ ਚਲਾਇਆ। ਇਸ ਡੰਮੀ ਵਿਧਾਨ ਸਭਾ 'ਚ ਸੁਨੀਲ ਜਾਖੜ, ਸਰਬਜੀਤ ਮੱਕੜ, ਕੇ ਡੀ ਭੰਡਾਰੀ, ਅਵਿਨਾਸ਼ ਚੰਦਰ, ਮਨੋਰੰਜਨ ਕਾਲੀਆ, ਜ਼ਿਲ੍ਹਾ ਪ੍ਰਧਾਨ ਸੰਜੀਵ ਸ਼ਰਮਾ ਸਾਬਕਾ ਮੇਅਰ ਸੁਨੀਲ ਜੋਤੀ ਸ਼ਾਮਿਲ ਹੋਏ। ਇਸ ਵਿੱਚ ਕੇਵਲ ਢਿੱਲੋਂ ਨੂੰ ਸਪੀਕਰ ਬਣਾਇਆ ਗਿਆ ਤੇ ਰਮਨ ਪੱਬੀ ਨੂੰ ਸਕੱਤਰ ਦੀ ਕੁਰਸੀ 'ਤੇ ਬਿਠਾਇਆ। ਬੀ ਜੇ ਪੀ ਨੇਤਾਵਾਂ ਨੇ ਇਸ ਨੂੰ ਜਨਤਾ ਦੀ ਵਿਧਾਨ ਸਭਾ ਦੱਸਿਆ। ਸੁਨੀਲ ਜਾਖੜ ' ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਖਿਲਾਫ ਭੜਕ ਕੇ ਬੋਲੇ ਕਿ ਮਾਨ ਸਰਕਾਰ ਡੀ ਜੀ ਪੀ ਮੁੱਖ ਸਕੱਤਰ ਤੇ ਪੰਜਾਬ ਦੇ ਐਡਵੋਕੇਟ ਨੂੰ ਕੁੱਝ ਵੀ ਨਹੀਂ ਸਮਝਦੀ। ਤਿੰਨਾਂ ਮਹੀਨਿਆ ਵਿੱਚ ਤਿੰਨ ਬਦਲ ਦਿੱਤੇ। ਪੰਜਾਬ ਵਿੱਚ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੈ। ਸਰਕਾਰ ਜਨਤਾ ਦਾ ਧਿਆਨ ਭਟਕਾਉਣ ਲਈ ਝੂਠੇ ਮੁੱਦੇ ਉਠਾ ਰਹੀ ਹੈ। ਨੌਜਵਾਨ ਗੁੰਮਰਾਹ ਹੋ ਕੇ ਗੈਂਗਸਟਰ ਬਣ ਰਹੇ ਹਨ। ਅਵਿਨਾਸ਼ ਚੰਦਰ ਨੇ ਕਿਹਾ ਕਿ ਆਪ ਦੀ ਸਰਕਾਰ ਨੇ ਝੂਠ ਬੋਲਣ ਵਿੱਚ ਪੀ ਐਚ ਡੀ ਕੀਤੀ ਹੋਈ ਹੈ।

ਵਿਧਾਇਕਾਂ ਦੀ ਸੇਲ ਲਾ ਕੇ ਦੂਸਰਿਆਂ ਨੂੰ ਬਦਨਾਮ ਕਰ ਰਹੀ ਹੈ। ਸਰਬਜੀਤ ਸਿੰਘ ਮੱਕੜ ਨੇ ਕਿਹਾ ਆਮ ਆਦਮੀ ਸਰਕਾਰ ਨੇ ਜਨਤਾ ਦੇ ਪੈਸੇ ਦਾ ਦੁਰਉਪਯੋਗ ਕੀਤਾ। ਮਨੋਰੰਜਨ ਕਾਲੀਆ ਨੇ ਕਿਹਾ ਇਸ ਆਮ ਆਦਮੀ ਕੋਲ ਸਰਕਾਰ ਚਲਾਉਣ ਦਾ ਤਰੀਕਾ ਨਹੀਂ ਹੈ। ਇਹ ਡੰਮੀ ਵਿਧਾਨ ਸਭਾ ਲਾਉਣ ਵਾਲਿਆਂ ਨੇਤਾਵਾਂ ਕੋਲ ਲੋਕਾਂ ਦੀ ਭਲਾਈ ਲਈ ਕੋਈ ਵੀ ਮੁੱਦਾ ਨਹੀਂ ਸੀ। ਸਿਰਫ ਆਪਣੇ ਨੇਤਾਵਾਂ ਨੂੰ ਖੁਸ਼ ਕਰਨ ਲਈ ਦੋ ਤਿੰਨ ਘੰਟੇ ਸ਼ੁਗਲ ਮੇਲਾ ਕਰਕੇ ਫੋਟੋਆਂ ਖਿਚਵਾ ਕੇ ਤੁਰਦੇ ਬਣੇ।

## ਓਮ ਪ੍ਰਕਾਸ਼ ਕਾਲਜ 'ਚ ਮਹਾਤਮਾ ਗਾਂਧੀ ਦਾ ਜਨਮ ਦਿਨ ਮਨਾਇਆ



**ਕਰਤਾਰਪੁਰ (ਹਰਮੇਸ਼ ਦੱਤ)**-ਓਮ ਪ੍ਰਕਾਸ਼ ਮੈਮੋਰੀਅਲ ਇੰਨਸੀਚਿਊਟ ਆਫ ਐਜੂਕੇਸ਼ਨ ਦਿਆਲਪੁਰ ਵਿੱਚ ਮਹਾਤਮਾ ਗਾਂਧੀ ਜੀ ਦਾ ਜਨਮ ਦਿਵਸ ਮਨਾਇਆ ਗਿਆ। ਇਸ ਮੌਕੇ 'ਤੇ ਵਿਦਿਆਰਥੀਆਂ ਨੇ ਭਾਸ਼ਣ, ਨਾਟਕ ਆਦਿ ਰਾਹੀਂ ਮਹਾਤਮਾ ਗਾਂਧੀ ਜੀ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ 'ਤੇ ਸਮੂਹ ਸਟਾਫ ਮੈਂਬਰਾਂ ਨੇ ਮਹਾਤਮਾ ਗਾਂਧਾ ਜੀ ਦੇ ਜਨਮ ਦਿਵਸ 'ਤੇ ਰੁੱਖ ਲਗਾ ਕੇ ਸਵੱਛ ਭਾਰਤ ਅਭਿਆਨ ਵਿੱਚ ਯੋਗਦਾਨ ਦਿੱਤਾ ਗਿਆ। ਇਸ ਮੌਕੇ 'ਤੇ ਸਮੂਹ ਵਿਦਿਆਰਥੀਆਂ ਦੇ ਨਾਲ ਪ੍ਰੋ. ਰਣਜੀਤ ਬੈਂਸ, ਪ੍ਰੋ. ਗਗਨਦੀਪ ਸਿੰਘ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਗੁਰਜੀਤ ਰਾਣੀ, ਪ੍ਰੋ. ਚਰਨਜੀਤ ਸਿੰਘ ਅਤੇ ਆਫਿਸ ਸੁਪਰਡੈਂਟ ਹਰਮੀਤ ਸਿੰਘ ਵੀ ਹਾਜ਼ਰ ਸਨ।

## ਲੰਬੜਦਾਰਾਂ ਆਪਣੀਆਂ ਮੰਗਾਂ ਸੰਬੰਧੀ ਕੀਤੀ ਮੀਟਿੰਗ




**ਫਿਲੌਰ (ਨਿਰਮਲ)**– ਪੰਜਾਬ ਲੰਬੜਦਾਰ ਯੂਨੀਅਨ ਦੀ ਵਿਸ਼ੇਸ਼ ਮੀਟਿੰਗ ਫਿਲੌਰ ਵਿਖੇ ਪ੍ਰਧਾਨ ਸੁਖਦੇਵ ਸਿੰਘ ਔਲਖ ਦੀ ਅਗਵਾਈ ਹੇਠ ਹੋਈ। ਜਿਸ ਵਿਚ ਇਲਾਕੇ ਦੇ ਸਮੂਹ ਲੰਬੜਦਾਰਾਂ ਨੇ ਭਾਗ ਲਿਆ ਅਤੇ ਸਰਵ ਸੰਮਤੀ ਨਾਲ ਮਤਾ ਪਾਸ ਕਰਕੇ ਸਰਕਾਰ ਤੋਂ ਮੰਗ ਕੀਤੀ ਕਿ ਸਾਡਾ ਮਾਣ ਭੱਤਾ ਪੰਜ ਹਜਾਰ ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਫਿਲੌਰ ਇਲਾਕੇ ਦੇ ਲੰਬੜਦਾਰਾਂ ਦਾ ਮਾਣ ਭੱਤਾ ਤਕਰੀਬਨ ਇਕ ਡੇਢ ਸਾਲ ਤੋਂ ਨਹੀਂ ਮਿਲਿਆ ਤੁਰੰਤ ਮਾਣ ਭੱਤਾ ਜਾਰੀ ਕੀਤਾ ਜਾਵੇ, ਜੱਦੀ ਪੁਸ਼ਤੀ ਲੰਬੜਦਾਰੀ ਪ੍ਰਥਾ ਜਾਰੀ ਰੱਖੀ ਜਾਵੇ। ਤਨਖਾਹ ਹਰ ਮਹੀਨੇ ਸਾਡੇ ਬੈਂਕ ਅਕਾਊਂਟ ਵਿਚ ਪਾਈ ਜਾਵੇ ਅਤੇ ਸਾਡੇ ਬੈਠਣ ਲਈ ਤਹਿਸੀਲ ਕੰਪਲੈਕਸ ਵਿਚ ਹਾਲ ਬਣਾ ਕੇ ਦਿੱਤਾ ਜਾਵੇ ਤੇ ਫਰੀ ਮੈਡੀਕਲ ਸਹੂਲਤਾਂ ਦਿੱਤੀਆਂ ਜਾਣ। ਇਸ ਮੌਕੇ 'ਤੇ ਭੁਪਿੰਦਰ ਸਿੰਘ ਸੰਘੇੜਾ, ਕੁਲਦੀਪ ਸਿੰਘ, ਰੇਸ਼ਮ ਲਾਲ, ਹੈਰੀ ਛਿੱਛੋਵਾਲ, ਅਨਿਲ ਕੁਮਾਰ, ਜੋਗਿੰਦਰ ਸਿੰਘ, ਬੂਟਾ ਸਿੰਘ, ਗੁਰਦੇਵ ਸਿੰਘ, ਅਮਰੀਕ ਸਿੰਘ, ਸਤਵਿੰਦਰ ਸਿੰਘ ਅਤੇ ਹੋਰ ਲੰਬੜਦਾਰ ਹਾਜ਼ਰ ਸਨ।

## ਮਹਿੰਗੀ ਮਿਲ ਰਹੀ ਰੇਤ ਨੂੰ ਲੈ ਕੇ ਸੁਨੀਤਾ ਚੌਧਰੀ ਨੇ ਪੰਜਾਬ ਸਰਕਾਰ 'ਤੇ ਕੱਸਿਆ ਤਨਜ਼



**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** –ਪੰਜਾਬ 'ਚ ਇਕ ਵਾਰ ਫਿਰ ਰੇਤਾ ਤੇ ਬੱਜਰੀ ਦੇ ਭਾਅ ਆਸਮਾਨ ਛੂਹ ਰਹੇ ਹਨ। ਆਦਮੀ ਪਾਰਟੀ ਦੀ ਸਰਕਾਰ 'ਤੇ ਹਮਲਾ ਬੋਲਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਬਲਾਚੌਰ ਤੋਂ ਹਲਕਾ ਇੰਚਾਰਜ ਬੀਬੀ ਸੁਨੀਤਾ ਚੌਧਰੀ ਨੇ ਕਿਹਾ ਹੈ ਕਿ ਚੋਣਾਂ ਤੋਂ ਪਹਿਲਾਂ 'ਆਪ' ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਾਅਵੇ ਕੀਤੇ ਸਨ ਕਿ 20,000 ਕਰੋੜ ਰੁਪਏ ਤਾਂ ਰੇਤ-ਬੱਜਰੀ ਵਿੱਚੋਂ ਸਰਕਾਰ ਨੂੰ ਮਿਲਣਗੇ। ਹੁਣ ਸਰਕਾਰ ਬਣੀ ਨੂੰ ਛੇ ਮਹੀਨੇ ਲੰਘ ਚੁੱਕੇ ਹਨ, ਕੇਜਰੀਵਾਲ 10,000 ਕਰੋੜ ਦਾ ਹਿਸਾਬ ਹੀ ਦੇ ਦੇਣ। ਸੁਨੀਤਾ ਚੌਧਰੀ ਨੇ ਕਿਹਾ ਕਿ ਪਿਛਲੀ ਸਰਕਾਰ ਦੇ ਸਮੇਂ ਰੇਤ ਦੀ ਜੋ ਟਰਾਲੀ 1000 ਤੋਂ 1500 ਰੁਪਏ ਵਿਚ ਮਿਲਦੀ ਸੀ, ਉਹ ਹੁਣ 3000 ਰੁਪਏ ਵਿਚ ਮਿਲ ਰਹੀ ਹੈ। ਮਹਿੰਗੀ ਹੋਈ ਰੇਤ ਦਾ ਲਾਭ ਕਿੱਥੇ ਜਾ ਰਿਹਾ ਹੈ। ਬੀਬੀ ਸੁਨੀਤਾ ਚੌਧਰੀ ਨੇ ਕਿਹਾ ਕਿ ਰੇਤਾ ਤੇ ਬੱਜਰੀ ਦੇ ਭਾਅ 'ਚ ਵੱਡਾ ਉਛਾਲ ਆਇਆ ਹੈ। ਇਸ ਦਾ ਅਸਰ ਆਮ ਆਦਮੀ ਤੋਂ ਇਲਾਵਾ ਸਰਕਾਰੀ ਪ੍ਰੋਜੈਕਟਾਂ 'ਤੇ ਵੀ ਦਿਖਣਾ ਸ਼ੁਰੂ ਹੋ ਗਿਆ ਹੈ। ਸੂਬੇ 'ਚ ਹੋ ਰਹੀ ਨਾਜਾਇਜ ਮਾਈਨਿੰਗ 'ਤੇ ਦਿਖਾਈ ਗਈ ਪੰਜਾਬ ਸਰਕਾਰ ਦੀ ਸਖਤੀ ਨੇ ਵੀ ਸੂਬੇ ਦੇ ਕਈ ਜ਼ਿਲ੍ਹਿਆਂ 'ਚ ਰੇਤ ਦਾ ਭਾਅ ਦੋ ਗੁਣਾ ਵਧਾ ਦਿੱਤਾ ਹੈ। ਹਾਲਾਤ ਕੁਝ ਅਜਿਹੇ ਹਨ ਕਿ ਮਹਿੰਗੇ ਭਾਅ ਅਤੇ ਰੇਤਾ-ਬੱਜਰੀ ਦੀ ਘਾਟ ਦੇ ਚੱਲਦਿਆਂ ਆਮ ਲੋਕ ਜਾਂ ਤਾਂ ਆਪਣੇ ਘਰ ਨੂੰ ਬਣਾਉਣ ਦਾ ਵਿਚਾਰ ਟਾਲ ਰਹੇ ਹਨ ਜਾਂ ਫਿਰ ਆਪਣੇ ਕੰਮ ਦੀ ਰਫਤਾਰ ਹੌਲੀ ਕਰ ਰਹੇ ਹਨ।

## ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਵੱਲੋਂ ਵਰਲਡ ਹਾਰਟ ਡੇ ਮੌਕੇ ਭਾਸ਼ਨ



**ਜਲੰਧਰ-(ਸੈਲੀ ਐਲਬਰਟ)**-: ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਵੱਲੋਂ ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਵਰਲਡ ਹਾਰਟ ਡੇ ਦੇ ਮੌਕੇ ਉੱਤੇ ਮਾਹਿਰ ਭਾਸ਼ਣ ਕਰਵਾਇਆ ਗਿਆ। ਭਾਸ਼ਣ ਦਾ ਉਦੇਸ਼ ਵਿਦਿਆਰਥੀਆਂ ਵਿੱਚ ਦਿਲ ਦੀਆਂ ਬਿਮਾਰੀਆਂ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਸੈਸ਼ਨ ਲਈ ਰਿਸੋਰਸਪਰਸਨ ਡਾ. ਵਿਵੇਕ ਰਾਣਾ, ਕਾਰਡੀਓਲੋਜਿਸਟ, ਇੰਨੋਸੈਂਟ ਹਾਰਟ ਸਮਲਟੀਸਪੈਸ਼ਲਿਟੀ ਹਸਪਤਾਲ ਸਨ। ਸੈਸ਼ਨ ਦੀ ਸ਼ੁਰੂਆਤ ਮਿਸ ਮਨਪ੍ਰੀਤ ਕੌਰ (ਸਹਾਇਕ ਪ੍ਰੋ., ਸਕੂਲ ਆਫ ਮੈਡੀਕਲ ਸਾਇੰਸ) ਵਲੋਂ ਸਵਾਗਤੀ ਭਾਸ਼ਣ ਨਾਲ ਹੋਈ।

ਡਾ. ਵਿਵੇਕ ਰਾਣਾ ਨੇ ਵਿਦਿਆਰਥੀਆਂ ਨੂੰ ਕਾਰਡੀਓਵੈਸਕੁਲਰ ਬਿਮਾਰੀਆਂ ਦੇ ਕਾਰਨਾਂ, ਲੱਛਣਾਂ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ । ਉਹਨਾਂ ਨੇ ਕਿਹਾ ਕਿ ਭਾਰਤ ਵਿੱਚ ਵਧ ਰਹੇ ਦਿਲ ਦੀਆਂ ਬਿਮਾਰੀਆਂ ਦਾ ਮੁੱਖ ਕਾਰਨ ਗੈਰ-ਸਿਹਤਮੰਦ ਜੀਵਨ ਸ਼ੈਲੀ ਹੈ ਅਤੇ ਸਾਨੂੰ ਸਾਰਿਆਂ ਨੂੰ ਸਿਹਤਮੰਦ ਖੁਰਾਕ ਦੀ ਪਾਲਣਾ ਕਰਨੀ ਚਾਹੀਦੀ ਹੈ ਜੋ ਸਰੀਰ ਵਿੱਚ ਸ਼ੂਗਰ ਅਤੇ ਕੋਲੈਸਟ੍ਰੋਲ ਦੇ ਪੱਧਰ ਨੂੰ ਕੰਟਰੋਲ ਕਰਕੇ ਮਨੁੱਖੀ ਦਿਲ ਨੂੰ ਤੰਦਰੁਸਤ ਰੱਖਦੀ ਹੈ। ਡਾ. ਰਾਣਾ ਨੇ ਦਿਲ ਦੀਆਂ ਬਿਮਾਰੀਆਂ ਦੇ ਰੋਕਥਾਮ ਦੇ ਤਰੀਕਿਆਂ ਬਾਰੇ ਵੀ ਦੱਸਿਆ ਜਿਸ ਨਾਲ ਵਿਦਿਆਰਥੀ ਸਰੀਰ ਦੇ ਤਣਾਅ ਦੇ ਪੱਧਰ ਨੂੰ ਘਟਾਉਣ ਲਈ ਨਿਯਮਤ ਕਸਰਤ ਅਤੇ ਧਿਆਨ ਦੀ ਆਦਤ ਅਪਨਾਉਣ ਲਈ ਪ੍ਰੇਰਿਤ ਹੋਏ ।

ਡਾ. ਸ਼ੈਲੇਸ਼ ਤ੍ਰਿਪਾਠੀ (ਗਰੁੱਪ ਡਾਇਰੈਕਟਰ) ਨੇ ਵਿਦਿਆਰਥੀਆਂ ਨਾਲ ਕੀਮਤੀ ਜਾਣਕਾਰੀ ਅਤੇ ਆਪਣਾ ਤਜਰਬਾ ਸਾਂਝਾ ਕਰਨ ਲਈ ਡਾ. ਵਿਵੇਕ ਰਾਣਾ ਦਾ ਧੰਨਵਾਦ ਕੀਤਾ।

## ਕਾਲਾ ਸੰਘਿਆ ਡਰੇਨ 'ਚ ਅਨਸੋਧਿਆ ਪਾਣੀ ਤੇ ਰਹਿੰਦ-ਖੂੰਹਦ ਪਾਉਣਾ ਬਰਦਾਸ਼ਤ ਨਹੀਂ- ਡਿਪਟੀ ਕਮਿਸ਼ਨਰ



**ਭੋਗਪੁਰ (ਕਲਵੀਰ ਸਿਘ ਕਾਹਲੋਂ ):** ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਕਿਹਾ ਕਿ ਕਾਲਾ ਸੰਘਿਆ ਡਰੇਨ ਵਿੱਚ ਪ੍ਰਦੂਸ਼ਿਤ ਪਾਣੀ ਤੋਂ ਇਲਾਵਾ ਉਦਯੋਗਿਕ ਅਤੇ ਘਰੇਲੂ ਰਹਿੰਦ-ਖੂੰਹਦ ਸੁੱਟਣ ਵਾਲਿਆਂ ਖਿਲਾਫ਼ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪੂਰੀ ਸਖ਼ਤੀ ਵਰਤੀ ਜਾਵੇਗੀ। ਵਿਸ਼ਵ ਪ੍ਰਸਿੱਧ ਵਾਤਾਵਰਣ ਪ੍ਰੇਮੀ ਅਤੇ ਮੈਂਬਰ ਰਾਜ ਸਭਾ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ, ਪ੍ਰਦੂਸ਼ਣ ਕੰਟਰੋਲ ਬੋਰਡ, ਨਗਰ ਨਿਗਮ, ਸੀਵਰੇਜ ਬੋਰਡ ਅਤੇ ਹੋਰਨਾਂ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਸਮੇਤ ਡਿਪਟੀ ਕਮਿਸ਼ਨਰ ਨੇ ਡਰੇਨ ਦੇ ਨਾਲ ਲੱਗਦੇ ਹਿੱਸਿਆਂ ਦਾ ਦੌਰਾ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਪ੍ਰਦੂਸ਼ਣ ਨੂੰ ਲੈ ਕੇ ਪੂਰੀ ਤਰ੍ਹਾਂ ਗੰਭੀਰ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਡਰੇਨ ਨੂੰ ਪ੍ਰਦੂਸ਼ਿਤ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਕਈ ਅਜਿਹੇ ਪੁਆਇੰਟ ਆਏ ਸਨ ਜਿਥੋਂ ਡਰੇਨ ਵਿੱਚ ਪ੍ਰਦੂਸ਼ਿਤ ਪਾਣੀ ਜਾਂ ਰਹਿੰਦ-ਖੂੰਹਦ ਸੁੱਟੀ ਜਾ ਰਹੀ ਸੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਸਬੰਧੀ ਰਿਪੋਰਟ ਤਿਆਰ ਕਰਕੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਪਾਸ ਭੇਜੀ ਜਾ ਚੁੱਕੀ ਹੈ ਅਤੇ ਬੋਰਡ ਦੀਆਂ ਹਦਾਇਤਾਂ ਮੁਤਾਬਿਕ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਡਰੇਨ ਵਿੱਚ ਘਰੇਲੂ, ਡੇਅਰੀਆਂ ਅਤੇ ਉਦਯੋਗਿਕ ਰਹਿੰਦ-ਖੂੰਹਦ ਸੁੱਟਣ ਵਾਲੇ ਪੁਆਇੰਟਾਂ ਨੂੰ ਫੌਰੀ ਬੰਦ ਕਰਨ ਲਈ ਸੰਬੰਧਿਤ ਵਿਭਾਗਾਂ ਨੂੰ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪਾਣੀ ਦੇ ਪ੍ਰਦੂਸ਼ਣ ਕਾਰਨ ਡਰੇਨ ਦੇ ਕੰਢਿਆਂ 'ਤੇ ਵਸੇ ਪਿੰਡਾਂ ਦੇ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ ਜਿਹੜਾ ਕਿ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਯੋਗ ਨਹੀਂ ਹੈ। ਬਸਤੀ ਪੀਰਦਾਦ ਵਿਖੇ ਚੱਲ ਰਹੇ 50 ਐਮ.ਐਲ.ਡੀ. ਸਮਰੱਥਾ ਵਾਲੇ ਸੀਵਰੇਜ ਟਰੀਟਮੈਂਟ ਪਲਾਂਟ ਸਬੰਧੀ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਲਾਂਟ ਅਪਣੀ ਸਮਰੱਥਾ ਮੁਤਾਬਿਕ ਪੂਰਾ ਕੰਮ ਕਰ ਰਿਹਾ ਹੈ ਅਤੇ 25 ਐਮ.ਐਲ.ਡੀ. ਸਮਰੱਥਾ ਵਾਲਾ ਇਕ ਹੋਰ ਟਰੀਟਮੈਂਟ ਪਲਾਂਟ ਤਜਵੀਜ਼ਤ ਹੈ ਜਿਹੜਾ ਕਿ ਆਉਂਦੇ ਸਮੇਂ ਵਿੱਚ ਸ਼ੁਰੂ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਪਲਾਂਟ ਚੱਲਣ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਡਿਪਟੀ ਕਮਿਸ਼ਨਰ ਨੂੰ ਡਰੇਨ ਨਾਲ ਲੱਗਦੇ ਵੱਖ-ਵੱਖ ਇਲਾਕਿਆਂ ਦਾ ਦੌਰਾ ਕਰਵਾਉਂਦਿਆਂ ਕਿਹਾ ਕਿ ਸਬੰਧਿਤ ਅਧਿਕਾਰੀ ਡਰੇਨ ਨੂੰ ਪ੍ਰਦੂਸ਼ਿਤ ਕਰਨ ਵਾਲਿਆਂ ਥਾਵਾਂ ਨੂੰ ਪੱਕੇ ਤੌਰ 'ਤੇ ਬੰਦ ਕਰਵਾਕੇ ਲੋੜੀਂਦੀ ਕਾਰਵਾਈ ਕਰਨ। ਇਸ ਮੌਕੇ ਵੱਖ-ਵੱਖ ਪਿੰਡਾਂ ਦੇ ਲੋਕਾਂ ਨੇ ਡਿਪਟੀ ਕਮਿਸ਼ਨਰ ਨੂੰ ਪਾਣੀ ਦੇ ਪ੍ਰਦੂਸ਼ਣ ਸਬੰਧੀ ਵੱਖ-ਵੱਖ ਪਹਿਲੂਆਂ ਤੋਂ ਜਾਣੂੰ ਕਰਵਾਇਆ।

## ਡੇਂਗੂ ਦਾ ਲਾਰਵਾ ਮੌਕੇ 'ਤੇ ਕੀਤਾ ਨਸ਼ਟ

**ਰੋਪੜ (ਬਿੰਦਰਾ)**-ਡੇਂਗੂ ਦੀ ਰੋਕਥਾਮ ਲਈ ਸਿਹਤ ਵਿਭਾਗ ਵੱਲੋਂ ਘਰਾਂ ਵਿੱਚ ਮੌਜੂਦ ਕੰਟੇਨਰਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ ਤਾਂ ਜੋ ਡੇਂਗੂ ਦਾ ਲਾਰਵਾ ਪੈਦਾ ਹੋਣ ਤੋਂ ਪਹਿਲਾਂ ਹੀ ਖਤਮ ਕਰ ਦਿੱਤਾ ਜਾਵੇ। ਸਿਵਲ ਸਰਜਨ ਰੋਪੜ ਡਾ. ਪਰਮਿੰਦਰ ਕੁਮਾਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ੁੱਕਰਵਾਰ 3746 ਘਰਾਂ ਦੇ 10177 ਕੰਟੇਨਰਾਂ ਦੀ ਚੈਕਿੰਗ ਦੌਰਾਨ 86 'ਚ ਡੇਂਗੂ ਡੇਂਗੂ ਦਾ ਲਾਰਵਾ ਮਿਲਿਆ ਜਿਸ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ। ਸਿਵਲ ਸਰਜਨ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 5 ਨਵੇਂ ਡੇਂਗੂ ਮਰੀਜਾਂ ਦੀ ਪੁਸ਼ਟੀ ਹੋਈ ਹੈ। ਇਸ ਵੇਲੇ ਜ਼ਿਲ੍ਹੇ ਵਿੱਚ 24 ਐਕਟਿਵ ਕੇਸ ਹਨ ਅਤੇ 390 ਠੀਕ ਹੋਏ ਹਨ। ਡੇਂਗੂ ਮਰੀਜਾਂ ਦੀ ਗਿਣਤੀ 414 ਹੋ ਗਈ ਹੈ। 7 ਮਰੀਜ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਹਨ।

## ਭਲਕੇ ਪੰਜਾਬ ਭਰ 'ਚ ਤਿੰਨ ਘੰਟੇ ਕੀਤਾ ਜਾਵੇਗਾ ਰੇਲਵੇ ਟਰੈਕ ਜਾਮ : ਸਵਿੰਦਰ ਚੁਤਾਲਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**– ਲਖੀਮਪੁਰ ਖੀਰੀ ਕਾਂਡ ਦੇ ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਵਾਉਣ ਅਤੇ ਇਸ ਕਤਲੇਆਮ ਦੇ ਕਥਿਤ ਮੁੱਖ ਦੋਸ਼ੀ ਅਜੇ ਮਿਸ਼ਰਾ ਟੈਨੀ ਕੇਂਦਰੀ ਮੰਤਰੀ ਨੂੰ ਮੰਤਰੀ ਮੰਡਲ 'ਚੋਂ ਕੱਢ ਕੇ ਗ੍ਰਿਫਤਾਰ ਕਰਨ ਤੋਂ ਇਲਾਵਾ ਸੰਘਰਸ਼ ਕਮੇਟੀ ਵੱਲੋਂ ਕੀਤੀਆਂ ਜਾ ਰਹੀਆਂ ਮੰਗਾਂ ਨੂੰ ਅਜੇ ਤੱਕ ਪ੍ਰਵਾਨ ਨਾ ਕਰਨ ਦੇ ਰੋਸ ਵਜੋਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵਲੋਂ 3 ਅਕਤੂਬਰ ਨੂੰ ਪੰਜਾਬ ਭਰ ਵਿੱਚ ਤਿੰਨ ਘੰਟੇ ਲਈ ਲਗਾਏ ਜਾ ਰਹੇ ਰੇਲਵੇ ਟਰੈਕ ਜਾਮ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਇਕ ਅਹਿਮ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸੰਘਰਸ਼ ਕਮੇਟੀ ਦੇ ਸੂਬਾ ਮੀਤ ਪ੍ਰਧਾਨ ਸਵਿੰਦਰ ਸਿੰਘ ਚੁਤਾਲਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਚੁਤਾਲਾ ਨੇ ਕਿਹਾ ਕਿ ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਵਾਉਣ ਅਤੇ ਇਸ ਕਾਂਡ ਦੇ ਕਥਿਤ ਮੁੱਖ ਦੋਸ਼ੀ ਅਜੇ ਮਿਸ਼ਰਾ ਟੈਨੀ ਨੂੰ ਜੇਲ੍ਹ ਭੇਜਣ ਦੀਆਂ ਕੀਤੀਆਂ ਜਾ ਰਹੀਆਂ ਮੰਗਾਂ ਨੂੰ ਕੇਂਦਰ ਸਰਕਾਰ ਅੱਖੋਂ ਪਰੋਖੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਕੇਂਦਰ ਤੋਂ ਇਹ ਵੀ ਮੰਗ ਕੀਤੀ ਸੀ ਕਿ ਬਿਜਲੀ ਵਿਭਾਗ ਦਾ ਨਿੱਜੀਕਰਨ ਨਾ ਕੀਤਾ ਜਾਵੇ ਅਤੇ ਬੇਮੌਸਮੀ ਬਾਰਿਸ਼ ਕਾਰਨ ਖਰਾਬ ਹੋਈ ਝੋਨੇ ਦੀ ਫਸਲ ਦਾ ਮੁਆਵਜਾ ਕਿਸਾਨਾਂ ਨੂੰ ਜਲਦ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਖੇਤਾਂ ਵਿੱਚ ਹੀ ਖ਼ਤਮ ਕਰਨ ਲਈ ਕਿਸਾਨਾਂ ਨੂੰ 7 ਹਜਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਪੈਸੇ ਦਿੱਤੇ ਜਾਣ ਤਾਂ ਜੋ ਕਿਸਾਨ ਪਰਾਲੀ ਨੂੰ ਅੱਗ ਨਾ ਲਗਾਉਣ। ਕੋਰੋਨਾ ਕਾਲ ਦੌਰਾਨ ਗਰੀਬ ਪਰਿਵਾਰਾਂ ਵੱਲੋਂ ਲਏ ਕਰਜੇ ਮਾਫ ਕੀਤੇ ਜਾਣ ਸਬੰਧੀ ਕਈ ਵਾਰ ਕੇਂਦਰ ਸਰਕਾਰ ਨੂੰ ਅਪੀਲਾਂ ਕੀਤੀਆਂ ਜਾ ਚੁੱਕੀਆਂ ਹਨ, ਪਰ ਅੱਜ ਤੱਕ ਸਰਕਾਰ ਦੇ ਕੰਨ ਤੇ ਜੂੰ ਨਹੀਂ ਸਰਕੀ ਜਿਸਦੇ ਰੋਸ ਵਜੋਂ 3 ਅਕਤੂਬਰ ਨੂੰ ਜਿੱਥੇ ਪੰਜਾਬ ਭਰ ਵਿੱਚ ਰੇਲਵੇ ਟਰੈਕ ਜਾਮ ਲਗਾਏ ਜਾਣਗੇ ਉੱਥੇ ਟਾਂਡਾ ਰੇਲਵੇ ਸਟੇਸ਼ਨ 'ਤੇ ਕਿਸਾਨ ਸੰਘਰਸ਼ ਕਮੇਟੀ ਵਲੋਂ ਦੁਪਹਿਰ 12 ਤੋਂ 3 ਵਜੇ ਤੱਕ ਟਰੈਕ ਜਾਮ ਕੀਤਾ ਜਾਵੇਗਾ।

## ਮੇਹਰ ਚੰਦ ਪੋਲੀਟੈਕਨਿਕ ਕਾਲਜ ਨੇ ਕਰਵਾਏ 'ਸਕੂਲ ਬੈਗ' ਬਣਾਉਣ ਦੇ ਮੁਕਾਬਲੇ



**ਜਲੰਧਰ -(ਸ਼ੈਲੀ ਐਲਬਰਟ)**-ਭਾਰਤ ਸਰਕਾਰ ਦੇ "ਹੁਨਰ ਵਿਕਾਸ ਅਤੇ ਉੱਦਮ ਮੰਤਰਾਲੇ" ਵਲੋਂ ਤਕਨੀਕੀ ਸਿੱਖਿਆ ਰਾਹੀਂ ਨੌਜਵਾਨਾਂ ਨੂੰ ਹੁਨਰਮੰਦ ਬਨਾਉਣ ਲਈ ਚਲਾਈ ਜਾ ਰਹੀ ਸੀ.ਡੀ.ਟੀ.ਪੀ. ਸਕੀਮ ਦੇ ਤਹਿਤ ਡਾਇਰੈਕਟਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿੱਖਲਾਈ ਪੰਜਾਬ (ਚੰਡੀਗੜ੍ਹ) ਦੇ ਦਿਸ਼ਾ ਨਿਰਦੇਸ਼ ਅਨੁਸਾਰ ਵੱਖ-ਵੱਖ ਪ੍ਰਸਾਰ ਕੇਂਦਰਾਂ ਵਿੱਚ ਸਕੂਲ - ਬੈਗ ਤਿਆਰ ਕਰਨ ਦੇ ਛੇ ਮਹੀਨੇ ਦੇ ਕੋਰਸ ਚਲਾਏ ਜਾ ਰਹੇ ਹਨ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਅਤੇ ਪ੍ਰੋ. ਕਸ਼ਮੀਰ ਕੁਮਾਰ ਇੰਟ੍ਰਨਲ ਕੋਆਡੀਨੇਟਰ ਦੀ ਯੋਗ ਅਗਵਾਈ ਹੇਠ ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਸੀ.ਡੀ.ਟੀ.ਪੀ. ਵਿਭਾਗ ਵਲੋਂ ਆਪਣੇ ਪ੍ਰਸਾਰ ਕੇਂਦਰ ਰਾਜ ਨਗਰ, ਜਲੰਧਰ ਵਿਖੇ ਸਵੈ-ਸੇਵੀ ਸੰਸਥਾ 'ਕੰਨਿਆ ਸਿਕਸ਼ਾ ਪ੍ਰਸਾਰ ਸੰਗਠਨ' ਦੇ ਸਹਿਯੋਗ ਨਾਲ "ਸਕੂਲ ਬੈਗ" ਬਣਾਉਣ ਦਾ ਮੁਕਾਬਲਾ ਅਯੋਜਿਤ ਕੀਤਾ ਗਿਆ। ਇਸ ਪ੍ਰਸਾਰ ਕੇਂਦਰ ਵਿਖੇ ਮੈਡਮ ਬਲਜੀਤ ਕੌਰ ਲੜਕੀਆਂ ਨੂੰ ਇਹ ਕਲਾ ਸਿਖਾ ਰਹੀ ਹੈ ਤਾਂਕਿ ਉਹ ਹੁਨਰਮੰਦ ਬਣਕੇ ਉੱਦਮੀ ਹੋਣ ਅਤੇ ਆਪਣੇ ਪੈਰਾਂ ਤੇ ਖੜ੍ਹ ਸਕਣ। ਸੀ.ਡੀ.ਟੀ.ਪੀ ਵਿਭਾਗ ਵਲੋਂ ਇਨ੍ਹਾਂ ਸਿੱਖਿਆਰਥਣਾਂ ਦੇ ਹੁਨਰ ਵਿੱਚ ਨਿਖਾਰ ਲਿਆਉਣ ਅਤੇ ਉਨ੍ਹਾਂ ਦੀ ਹੌਸਲਾ ਵਸਾਈ ਲਈ 'ਕੰਨਿਆ ਸਿਕਸ਼ਾ ਪ੍ਰਸਾਰ ਸੰਗਠਨ' ਦੇ ਸਹਿਯੋਗ ਨਾਲ ਇਕ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਲੱਗਭੱਗ 20 ਸਿੱਖਿਆਰਥਣਾਂ ਨੇ ਭਾਗ ਲਿਆ, ਜਿਸ ਵਿੱਚ ਮਿਸ ਪ੍ਰਿਯੰਕਾ ਪਹਿਲੇ, ਗੀਤਾਂਜ਼ਲੀ ਪ੍ਰਿਆ ਦੂਸਰੇ ਅਤੇ ਦੀਪਸ਼ਿਖਾ ਤੀਸਰੇ ਸਥਾਨ 'ਤੇ ਰਹੀ। ਜੇਤੂ ਸਿੱਖਿਆਰਥਣਾਂ ਦਾ ਮਨੋਬਲ ਵਧਾਉਣ ਲਈ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਸ਼੍ਰੀਮਤੀ ਇੰਦੂ ਸੇਠੀ, ਊਰਮਿਲ ਅਰੋੜਾ ਅਤੇ ਸ਼੍ਰੀਮਤੀ ਅਨੀਤਾ ਮਹਿੰਮੀ ਨੇ ਜੱਜਾਂ ਦੀ ਭੂਮਿਕਾ ਬਾਖੂਬੀ ਨਿਭਾਈ। ਪ੍ਰਿਸੀਪਲ ਨੇ ਇਸ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੀਆਂ ਸਾਰੀਆਂ ਸਿੱਖਿਆਰਥਣਾਂ ਨੂੰ ਵਧਾਈ ਦਿੰਦਿਆਂ ਸੰਗਠਨ ਦਾ ਧੰਨਵਾਦ ਕੀਤਾ। ਪ੍ਰਸਾਰ ਕੇਂਦਰ ਦੇ ਸਮੂਹ ਸਟਾਫ ਅਤੇ ਮਿਸ ਨੇਹਾ (ਸੀ. ਡੀ. ਕੰਸਲਟੈਂਟ), ਮੈਡਮ ਵੰਦਨਾਂ ਦੇ ਯਤਨਾਂ ਸਦਕਾ ਇਹ ਮੁਕਾਬਲਾ ਸੰਪਨ ਹੋਇਆ।

## ਖਰੜ ਤੇ ਜ਼ੀਰਕਪੁਰ ਵਾਸੀਆਂ ਨੂੰ ਜਲਦ ਮੁਹੱਈਆ ਹੋਵੇਗੀ ਪੀਣ ਵਾਲੇ ਪਾਣੀ ਦੀ ਸਹੂਲਤ : ਡਾ. ਨਿੱਜਰ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ। ਇਸ ਦਿਸ਼ਾ ਵਿੱਚ ਕੰਮ ਕਰਦੇ ਹੋਏ ਸਥਾਨਕ ਸਰਕਾਰਾਂ ਮੰਤਰੀ, ਡਾ. ਇੰਦਰਬੀਰ ਸਿੰਘ ਨਿੱਜਰ ਨੇ ਖਰੜ ਅਤੇ ਜੀਰਕਪੁਰ ਦੇ ਸ਼ਹਿਰ ਵਾਸੀਆਂ ਨੂੰ ਨਹਿਰੀ ਪਾਣੀ ਦੀ ਸਹੂਲਤ ਜਲਦ ਮੁਹੱਈਆ ਕਰਵਾਉਣ ਲਈ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਜੰਗੀ ਪੱਧਰ 'ਤੇ ਕਾਰਜ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਜ਼ਿਕਰਯੋਗ ਹੈ ਕਿ ਇਸ ਕੰਮ 'ਤੇ ਤਕਰੀਬਨ 60 ਕਰੋੜ ਦਾ ਖਰਚਾ ਆਵੇਗਾ। ਡਾ. ਨਿੱਜਰ ਨੇ ਦੱਸਿਆ ਕਿ ਖਰੜ ਸ਼ਹਿਰ ਵਾਸੀਆਂ ਦੀ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਨਵੇਂ ਉਸਾਰੇ ਜਾਣ ਵਾਲੇ 5 ਐਮ.ਜੀ.ਡੀ. ਦੀ ਸਮਰੱਥਾ ਦੇ ਵਾਟਰ ਟਰੀਟਮੈਂਟ ਪਲਾਂਟ ਦਾ ਕੰਮ ਗਮਾਡਾ ਵੱਲੋਂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪਾਈਪ ਲਾਈਨਾਂ ਅਤੇ ਟੈਂਕੀਆਂ ਦੀ ਉਸਾਰੀ ਦਾ ਕੰਮ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਕੀਤਾ ਜਾਵੇਗਾ। ਕੈਬਨਿਟ ਮੰਤਰੀ ਨੇ ਦੱਸਿਆ ਕਿ ਗਮਾਡਾ ਦੇ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾਂ ਕਰਨ ਉਪਰੰਤ ਦੱਸਿਆ ਕਿ ਹਾਲ ਦੀ ਘੜੀ ਜੀਰਕਪੁਰ ਸ਼ਹਿਰ ਲਈ 2.0 ਐਮ.ਜੀ.ਡੀ. ਨਹਿਰੀ ਪੀਣ ਵਾਲਾ ਪਾਣੀ ਦੇਣ ਦੀ ਵੀ ਸਹਿਮਤੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਖਰੜ ਅਤੇ ਜੀਰਕਪੁਰ ਸ਼ਹਿਰ ਨੂੰ ਨਹਿਰੀ ਪੀਣ ਵਾਲਾ ਪਾਣੀ ਮਿਲਣ ਉਪਰੰਤ ਧਰਤੀ ਹੇਠਲੇ ਪਾਣੀ ਨੂੰ ਹੋਰ ਡੂੰਘਾਂ ਜਾਣ ਤੋ ਰੋਕਣ ਦੀ ਦਿਸ਼ਾ 'ਚ ਇਹ ਅਹਿਮ ਕਦਮ ਹੋਵੇਗਾ। ਇਸ ਮੌਕੇ ਪ੍ਰਮੁੱਖ ਸਕੱਤਰ, ਹਾਊਸਿੰਗ ਅਤੇ ਸ਼ਹਿਰੀ ਵਿਕਾਸ, ਪ੍ਰਮੁੱਖ ਸਕੱਤਰ, ਸਥਾਨਕ ਸਰਕਾਰਾਂ, ਮੁੱਖ ਕਾਰਜਕਾਰੀ ਅਫਸਰ, ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ, ਡਾਇਰੈਕਟਰ, ਸਥਾਨਕ ਸਰਕਾਰਾਂ, ਗਮਾਡਾ, ਸਿੰਚਾਈ ਵਿਭਾਗ ਅਤੇ ਨਗਰ ਕੌਂਸਲ ਖਰੜ ਦੇ ਅਧਿਕਾਰੀ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ।

## ਪੀ ਸੀ ਐੱਮ ਐੱਸ ਡੀ ਕਾਲਜ ਦਾ ਸ਼ਾਨਦਾਰ ਪ੍ਰਦਰਸ਼ਨ



**ਜਲੰਧਰ ( ਇਕਬਾਲ ਸਿੰਘ ਉੱਭੀ )** ਪੀ.ਸੀ.ਐਮ. ਐਸ.ਡੀ. ਕਾਲਜ ਫਾਰ ਵੂਮੈਨ ਸਿੱਖਿਆ ਦੇ ਸਮੈਸਟਰ ਚੌਥੇ ਦੇ ਬੀ.ਵੋਕ (ਵੈੱਬ ਡਿਜਾਈਨਿੰਗ ਅਤੇ ਆਈ.ਟੀ.) ਦੀ ਅਨੁਭੂਤੀ ਮਿੱਤਲ ਨੇ 400 ਵਿੱਚੋਂ 314 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ । ਇਸ ਮੌਕੇ ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ , ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਡਾ.ਪੂਜਾ ਪਰਾਸ਼ਰ ਨੇ ਸ਼ਾਨਦਾਰ ਨਤੀਜੇ ਪ੍ਰਾਪਤ ਕਰਨ ਲਈ ਵਿਦਿਆਰਥਣ ਦੀ ਇਸ ਸਫਲਤਾ ਦੀ ਸ਼ਲਾਘਾ ਕੀਤੀ ਅਤੇ ਫੈਕਲਟੀ ਨੂੰ ਉਨ੍ਹਾਂ ਦੇ ਸਮਰਪਿਤ ਯਤਨਾਂ ਲਈ ਵਧਾਈ ਦਿੱਤੀ ।

## ਸਕੂਲ 'ਚ ਮਨਾਈ ਮਹਾਤਮਾ ਗਾਂਧੀ ਜੈਅੰਤੀ



**ਕਰਤਾਪੁਰ (ਹਰਮੇਸ਼ ਦੱਤ)**-ਸੰਤ ਬਾਬਾ ਨਿਧਾਨ ਸਿੰਘ ਪਬਲਿਕ ਸਕੂਲ 'ਚ ਗਾਂਧੀ ਜੈਅੰਤੀ ਮਨਾਈ ਗਈ। ਇਸ ਮੌਕੇ ਸਕੂਲ 'ਚ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ, ਜਿੰਨ੍ਹਾਂ 'ਚ ਭਾਸ਼ਣ, ਕਵਿਤਾ ਉਚਾਰਨ ਅਤੇ ਨਾਟਕ ਦਾ ਆਯੋਜਨ ਕੀਤਾ ਗਿਆ। ਸਕੂਲ ਪ੍ਰਿੰਸੀਪਲ ਕੰਵਲਜੀਤ ਕੌਰ ਨੇ ਬੱਚਿਆਂ ਨੂੰ ਕਿਹਾ ਕਿ ਸਾਨੂੰ ਮਹਾਤਮਾ ਗਾਂਧੀ ਅਤੇ ਲਾਲ ਬਹਾਦਰ ਸ਼ਾਸਤਰੀ ਦੇ ਆਦਰਸ਼ਾਂ ਦਾ ਜੀਵਨ ਭਰ ਪਾਲਣ ਕਰਨਾ ਚਾਹੀਦਾ ਹੈ।

## ਸੇਂਟ ਸੋਲਜਰ ਇਲੀਟ ਸਕੂਲ ਨੂੰ ਗੁਣਵੱਤਾ ਭਰਪੂਰ ਸਿੱਖਿਆ ਲਈ ਆਈਸੀਐੱਸਈ ਬੋਰਡ ਤੋਂ ਮਿਲੀ ਮਾਨਤਾ



**ਜਲੰਧਰ (ਇਕਬਾਲ ਸਿੰਘ ਉੱਭੀ)**- ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਜੋ ਕਿ ਉੱਤਰੀ ਭਾਰਤ ਦੇ 34 ਸਕੂਲਾਂ ਅਤੇ 22 ਕਾਲਜਾਂ ਰਾਹੀਂ ਲੋਕਾਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰ ਰਿਹਾ ਹੈ, ਉੱਥੇ ਹੀ ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਦੇ ਬਿਹਤਰ ਅਤੇ ਜ਼ਿੰਮੇਵਾਰ ਨਾਗਰਿਕ ਬਣਾਉਣ ਲਈ ਵੀ ਕੰਮ ਕਰ ਰਿਹਾ ਹੈ। ਸੇਂਟ ਸੋਲਜਰ ਦੇ ਸੀਬੀਐਸਈ ਬੋਰਡ ਸਕੂਲਾਂ ਦੀ ਸਫਲਤਾ ਤੋਂ ਬਾਅਦ ਸ਼ੁਰੂ ਕੀਤੇ ਗਏ ਆਈਸੀਐਸਈ ਬੋਰਡ ਦੇ ਸਕੂਲ ਵੀ ਆਪਣੀ ਮਿਆਰੀ ਸਿੱਖਿਆ, ਪ੍ਰੈਕਟੀਕਲ ਸਿਖਲਾਈ, ਖੇਡਾਂ ਅਤੇ ਹੋਰ ਗਤੀਵਿਧੀਆਂ ਵਿੱਚ ਆਪਣਾ ਨਾਮ ਕਮਾ ਰਹੇ ਹਨ। ਜਿਸ ਲਈ ਸੇਂਟ ਸੋਲਜਰ ਇਲੀਟ ਸਕੂਲ, ਜਲੰਧਰ ਵਿਹਾਰ, ਕਪੂਰਥਲਾ ਰੋਡ ਨੂੰ ਆਈਸੀਐਸਈ ਬੋਰਡ ਵੱਲੋਂ ਕੋਡ ਨੰਬਰ ਪੀਯੂ181 ਤਹਿਤ ਮਾਨਤਾ ਦਿੱਤੀ ਗਈ ਹੈ ਇਸ ਮੌਕੇ ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ, ਮੈਨੇਜਿੰਗ ਡਾਇਰੈਕਟਰ ਕਰਨਲ ਆਰ.ਕੇ ਖੰਨਾ, ਪ੍ਰਿੰਸੀਪਲ ਸ਼੍ਰੀਮਤੀ ਰਿਤੂ ਚਾਵਲਾ, ਸਟਾਫ ਅਤੇ ਵਿਦਿਆਰਥੀਆਂ ਨੇ ਕੇਕ ਕੱਟਦੇ ਹੋਏ ਸਾਰਿਆਂ ਨਾਲ ਖੁਸ਼ੀ ਸਾਂਝੀ ਕੀਤੀ। ਗਰੁੱਪ ਦੇ ਚੇਅਰਮੈਨ ਸ੍ਰੀ ਚੋਪੜਾ ਨੇ ਖੁਸ਼ੀ ਅਤੇ ਮਾਣ ਨਾਲ ਕਿਹਾ ਕਿ ਸ਼ਹਿਰ ਦੇ ਕੁਝ ਸਕੂਲਾਂ ਨੂੰ ਆਈ.ਸੀ.ਐਸ.ਈ. ਬੋਰਡ ਵੱਲੋਂ ਵੀ ਮਾਨਤਾ ਪ੍ਰਾਪਤ ਹੈ ਕਿਉਂਕਿ ਬਹੁਤ ਸਾਰੇ ਸਕੂਲ ਬੋਰਡ ਦੇ ਨਿਯਮਾਂ ਨੂੰ ਪੂਰਾ ਨਹੀਂ ਕਰਦੇ ਪਰ ਸੰਸਥਾ ਵੱਲੋਂ ਦਿੱਤੀ ਗਈ ਇਮਾਰਤ, ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ, ਕੰਪਿਊਟਰ ਲੈਬ, ਸਾਇੰਸ ਲੈਬ, ਲੈਂਗੂਏਜ ਲੈਬ, ਸ਼ੂਟਿੰਗ ਰੇਂਜ, ਸਿੰਥੈਟਿਕ ਕ੍ਰਿਕਟ, ਬਾਸਕਟ ਬਾਲ, ਟੈਨਿਸ ਗਰਾਊਂਡ, ਸਵੀਮਿੰਗ ਪੂਲ ਆਦਿ ਨੂੰ ਦੇਖਦੇ ਹੋਏ ਮਾਨਤਾ ਮਿਲੀ ਹੈ। ਵਾਇਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਕਿਹਾ ਕਿ ਇਹ ਪ੍ਰਿੰਸੀਪਲ ਰੀਤੂ ਚਾਵਲਾ ਅਤੇ ਸਟਾਫ ਮੈਂਬਰਾਂ ਦੀ ਸਖਤ ਮਿਹਨਤ ਅਤੇ ਮਾਪਿਆਂ ਦੇ ਭਰੋਸੇ ਦਾ ਨਤੀਜਾ ਹੈ। ਉਨ੍ਹਾਂ ਜਲੰਧਰ ਅਤੇ ਆਸ-ਪਾਸ ਤੋਂ ਪੜ੍ਹਨ ਲਈ ਆਉਣ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਸਕੂਲ ਮੈਨੇਜਮੈਂਟ 'ਤੇ ਭਰੋਸਾ ਜਤਾਉਣ ਲਈ ਧੰਨਵਾਦ ਵੀ ਕੀਤਾ। ਚੇਅਰਮੈਨ ਸ੍ਰੀ ਚੋਪੜਾ ਨੇ ਭਰੋਸਾ ਦਿਵਾਇਆ ਕਿ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਿੱਖਿਆ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।

## ਹਵਾਈ ਸੈਨਾ ਦੀ ਭਰਤੀ ਸੰਬੰਧੀ ਜ਼ਿਲ੍ਹੇ ਦੇ ਸਮੂਹ ਸਕੂਲਾਂ, ਕਾਲਜਾਂ ਨਾਲ ਤਾਲਮੇਲ ਕਰਕੇ ਲਗਾਇਆ ਕਰੀਅਰ ਗਾਈਡੈਂਸ ਵੈਬੀਨਾਰ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**– ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਵੱਲੋਂ ਜ਼ਿਲ੍ਹੇ ਦੇ ਸਮੂਹ ਸਰਕਾਰੀ / ਪ੍ਰਾਈਵੇਟ ਸਕੂਲਾਂ, ਡਿਗਰੀ ਕਾਲਜਾਂ ਅਤੇ ਪੋਲੀਟੈਕਨਿਕ ਕਾਲਜਾਂ ਨਾਲ ਤਾਲਮੇਲ ਕਰਕੇ ਭਾਰਤੀ ਹਵਾਈ ਸੈਨਾ ਦੀ ਭਰਤੀ ਸਬੰਧੀ ਇੱਕ ਵਿਸ਼ੇਸ਼ ਕਰੀਅਰ ਗਾਈਡੈਂਸ ਵੈਬੀਨਾਰ ਕਰਵਾਇਆ ਗਿਆ। ਇਸ ਵੈਬੀਨਾਰ ਦੇ ਮੁੱਖ ਬੁਲਾਰੇ ਭਾਰਤੀ ਹਵਾਈ ਸੈਨਾ ਸਿਲੈਕਸ਼ਨ ਸੈਂਟਰ, ਅੰਬਾਲਾ ਕੈਂਟ ਤੋਂ ਸਾਰਜੰਟ ਮਨੀਸ਼ ਕੁਮਾਰ ਅਤੇ ਕੋਰਪੋਰਲ ਐਮ.ਡੀ. ਪਰਵੇਜ਼ ਵੱਲੋਂ ਭਾਰਤੀ ਹਵਾਈ ਸੈਨਾ ਦੀ ਭਰਤੀ ਸਬੰਧੀ ਮੁਕੰਮਲ ਜਾਣਕਾਰੀ ਦਿੱਤੀ ਗਈ। ਇਨ੍ਹਾਂ ਬੁਲਾਰਿਆਂ ਵੱਲੋਂ ਇਸ ਵੈਬੀਨਾਰ ਵਿੱਚ ਸ਼ਾਮਿਲ ਪ੍ਰਾਰਥੀਆਂ ਨੂੰ ਭਰਤੀ ਸਬੰਧੀ ਲੋੜੀਂਦੀ ਮੁੱਢਲੀ ਵਿਦਿਅਕ ਯੋਗਤਾ ਬਾਰੇ ਦੱਸਦੇ ਹੋਏ ਕਿਹਾ ਗਿਆ ਕਿ ਪ੍ਰਾਰਥੀ ਘੱਟੋਘੱਟ ਬਾਰਵੀਂ ਪਾਸ ਸਾਇੰਸ ਸਟ੍ਰੀਮ (ਨਾਨ ਮੈਡੀਕਲ), ਸਾਇੰਸ ਸਟ੍ਰੀਮ (ਡਿਪਲੋਮਾ ਹੋਲਡਰ) ਅਤੇ ਦੂਸਰੇ ਸਟ੍ਰੀਮ ਹੋਵੇ ਅਤੇ ਉਮਰ ਸੀਮਾ 17 ਤੋਂ 21 ਸਾਲ ਇਸ ਭਰਤੀ ਅਪਲਾਈ ਕਰ ਸਕਦੇ ਹਨ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਚਾਹਵਾਨ ਯੋਗ ਪ੍ਰਾਰਥੀ ਹਟਟਪਸ://ੳਗਨਪਿਟਹਵੳ.ਚਦੳਚ.ਨਿਆਨ ਲਾਈਨ ਵੈੱਬਸਾਈਟ 'ਤੇ ਜਾ ਕੇ ਆਨਲਾਈਨ ਅਪਲਾਈ ਕਰ ਸਕਦੇ ਹਨ। ਆਨਲਾਈਨ ਅਪਲਾਈ ਕਰਨ ਉਪਰੰਤ ਪ੍ਰਾਰਥੀਆਂ ਦੀ ਤਿੰਨ ਫੇਜ਼ਾਂ ਰਾਹੀਂ ਸਿਲੈਕਸ਼ਨ ਪ੍ਰਕਿਰਿਆ ਦਾ ਪ੍ਰੋਸੈੱਸ ਹੋਵੇਗਾ ਫ਼ੇਜ਼1 ਵਿੱਚ ਸੀਡੈਕ ਦੁਆਰਾ ਆਨਲਾਈਨ ਈਪ੍ਰੀਖਿਆ ਲਈ ਜਾਵੇਗੀ। ਇਸ ਪ੍ਰੀਖਿਆ ਵਿੱਚ ਪਾਸ ਹੋਣ ਵਾਲੇ ਯੋਗ ਪ੍ਰਾਰਥੀਆਂ ਦੀ ਫੇਜ਼ 2 ਵਿੱਚ ਫਿਜ਼ੀਕਲ ਫਿਟਨੈਸ ਟੈੱਸਟ ਲਿਆ ਜਾਵੇਗਾ। ਇਸ ਫਿਜ਼ੀਕਲ ਟੈੱਸਟ ਵਿੱਚੋਂ ਪਾਸ ਹੋਣ ਵਾਲੇ ਯੋਗ ਪ੍ਰਾਰਥੀਆਂ ਦਾ ਫੇਜ਼ 3 ਵਿੱਚ ਮੈਡੀਕਲ ਫਿਟਨੈਸ ਟੈੱਸਟ ਕੀਤਾ ਜਾਵੇਗਾ। ਇਸ ਅੰਤਿਮ ਫੇਜ਼ ਉਪਰੰਤ ਪਾਸ ਹੋਣ ਵਾਲੇ ਯੋਗ ਪ੍ਰਾਰਥੀਆਂ ਨੂੰ ਚਾਰ ਸਾਲਾਂ ਦੀ ਮਿਆਦ ਲਈ ਭਾਰਤੀ ਹਵਾਈ ਸੈਨਾ ਦੀ ਸੇਵਾ ਕਰਨ ਲਈ ਚੁਣਿਆ ਜਾਵੇਗਾ। ਇਸ ਕਰੀਅਰ ਗਾਈਡੈਂਸ ਵੈਬੀਨਾਰ ਪ੍ਰੋਗਰਾਮ ਦੌਰਾਨ ਲਗਭਗ 160 ਸਕੂਲ, ਡਿਗਰੀ ਕਾਲਜ ਅਤੇ ਪੋਲੀਟੈਕਨਿਕ ਕਾਲਜਾਂ ਦੇ ਸਮੂਹ ਸਟਾਫ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਇਸ ਵੈਬੀਨਾਰ ਵਿੱਚ ਭਾਗ ਲਿਆ। ਸਮੂਹ ਸਕੂਲਾਂ/ ਕਾਲਜਾਂ ਦੇ ਮੁਖੀਆਂ ਵੱਲੋਂ ਇਸ ਕਰੀਅਰ ਗਾਈਡੈਂਸ ਵੈਬੀਨਾਰ ਪ੍ਰੋਗਰਾਮ ਦੀ ਬਹੁਤ ਸਰਾਹਨਾ ਕੀਤੀ ਗਈ ਅਤੇ ਉਨ੍ਹਾਂ ਵੱਲੋਂ ਜਿਲ੍ਹਾ ਰੋਜ਼ਗਾਰ ਅਫਸਰ ਨੂੰ ਧੰਨਵਾਦ ਕਰਦੇ ਹੋਏ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਪ੍ਰੋਗਰਾਮ ਲਗਾਉਣ ਲਈ ਕਿਹਾ ਗਿਆ।

## ਸਰਕਾਰੀ ਪ੍ਰਾਇਮਰੀ ਸਕੂਲ ਸੈਫ਼ਾਬਾਦ ਨੇ ਕੀਤਾ ਬੂਟਾ ਰੋਪਨ



**ਫਿਲੌਰ (ਨਿਰਮਲ)** ਸਰਕਾਰੀ ਪ੍ਰਾਇਮਰੀ ਸਕੂਲ ਸੈਫਾਬਾਦ (ਫਿਲੌਰ)ਵਿਖੇ ਸਟੇਟ ਬੈਂਕ ਆਫ ਇੰਡੀਆ ਸ਼ਾਖਾ 50594 ਵਲੋਂ ਬੂਟਾ ਰੋਪਨ ਕੀਤਾ ਗਿਆ । ਜਿਸ ਵਿੱਚ ਸ਼ਾਖਾ ਪ੍ਰੰਬਧਕ ਸ੍ਰੀਮਤੀ ਤਮੰਨਾ ਗੋਪਾਲ , ਸੁਭਾਸ਼ ਚੰਦਰ ਅਤੇ ਸਕੂਲ ਦਾ ਸਮੂਹ ਸਟਾਫ ਸ੍ਰੀਮਤੀ ਮਨਜੀਤ ਕੌਰ, ਮਿਸ ਸਿਮਰਨ , ਸੁੱਖਵਿੰਦਰ ਸਿੰਘ ਅਤੇ ਦੀਪਕ ਸ਼ਾਮਲ ਸਨ । ਸ਼ਾਖਾ ਪ੍ਰਬੰਧਕ ਨੇ ਆਉਣ ਵਾਲੀ ਯੁਵਾ ਪੀੜੀ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਰਹਿਣ ਅਤੇ ਵੱਧ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ।

## ਮਹਾਤਮਾ ਗਾਂਧੀ ਦਾ ਜੀਵਨ ਤੇ ਸਿਖਿਆਵਾਂ ਪ੍ਰਦਰਸ਼ਿਤ



**ਗੁਰਾਇਆ (ਬਿੰਦਰ ਸੁਮਨ)** ਗਾਂਧੀ ਜਯੰਤੀ ਦੀ ਪੂਰਵ ਸੰਧਿਆ 'ਤੇ ਜਮਾਤ ਪੰਜਵੀ-ਬੀ ਦੇ ਵਿਦਿਆਰਥੀਆਂ ਨੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਜੀਵਨ ਅਤੇ ਸਿੱਖਿਆਵਾਂ ਨੂੰ ਪ੍ਰਦਰਸ਼ਿਤ ਕੀਤਾ। ਪੰਜਵੀਂ-ਬੀ ਦੀ ਕਲਾਸ ਟੀਚਰ ਸ੍ਰੀਮਤੀ ਸਾਕਸ਼ੀ ਜੱਸ ਦੀ ਅਗਵਾਈ ਹੇਠ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ। ਸਾਂਚੀ ਵਰਮਾ ਅਤੇ ਮੀਸਾ ਰਾਵਤ ਨੇ ਪ੍ਰੋਗਰਾਮ ਦਾ ਸੰਚਾਲਨ ਬੜੇ ਆਤਮ ਵਿਸ਼ਵਾਸ ਨਾਲ ਕੀਤਾ। ਅੱਜ ਦੇ ਦਿਨ ਦਾ ਵਿਚਾਰ , ਸ਼ਬਦ ਅਤੇ ਖਬਰਾਂ ਕ੍ਰਮਵਾਰ ਜਸਲੀਨ, ਸਾਹਿਲ ਅਤੇ ਮੀਸਾ ਨੇ ਸਾਂਝੀਆਂ ਕੀਤੀਆਂ। ਤਕਸ ਗੁਪਤਾ ਨੇ ਗਾਂਧੀ ਦੇ ਜੀਵਨ ਅਤੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਯੋਗਦਾਨ ਬਾਰੇ ਦੱਸਿਆ। ਵਿਦਿਆਰਥੀਆਂ ਵੱਲੋਂ ਗਾਂਧੀ ਜੀ ਦੇ ਜੀਵਨ ਦੇ ਫਲਸਫੇ ਨੂੰ ਦਰਸਾਉਂਦੀ ਡਾਂਸ ਅਤੇ ਸਕਿੱਟ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੀ ਗਈ। ਤਖਤੀਆਂ ਵਾਲੇ ਤਿੰਨ ਬਾਂਦਰ: ਬੁਰਾ ਨਾ ਬੋਲੋ , ਬੁਰਾ ਨਾ ਸੁਣੋ ਅਤੇ ਬੁਰਾ ਨਾ ਦੇਖੋ ਬਹੁਤ ਪ੍ਰਭਾਵਸਾਲੀ ਲੱਗ ਰਹੇ ਸਨ। ਸਟਾਫ ਅਤੇ ਵਿਦਿਆਰਥੀਆਂ ਵੱਲੋਂ ਜਿੱਥੇ ਹਰ ਕਿਸੇ ਨੇ ਮਹਾਤਮਾ ਦੀਆਂ ਸਿੱਖਿਆਵਾਂ 'ਤੇ ਚੱਲਣ ਦਾ ਪ੍ਰਣ ਕੀਤਾ, ਉੱਥੇ ਉਨ੍ਹਾਂ ਦੀ ਸ਼ਲਾਘਾ ਕੀਤੀ।

## ਦੇਹਰਾਦੂਨ ਵਿਖੇ ਸਿਖਲਾਈ ਕੈਂਪ 'ਚ ਸ਼ਾਮਲ ਹੋਏ ਭਾਜਪਾ ਕਿਸਾਨ ਮੋਰਚਾ ਆਗੂ ਅਵਤਾਰ ਸਿੰਘ ਮੰਡ






**ਫਗਵਾੜਾ ( ਡਾ. ਰਮਨ, ਢੱਡਾ )** ਭਾਰਤੀ ਜਨਤਾ ਪਾਰਟੀ ਕਿਸਾਨ ਮੋਰਚਾ ਦੇ ਕੌਮੀ ਸਕੱਤਰ ਅਵਤਾਰ ਸਿੰਘ ਮੰਡ ਉੱਤਰਾਖੰਡ ਦੇ ਦੇਹਰਾਦੂਨ ਵਿਖੇ ਆਯੋਜਿਤ ਸਿਖਲਾਈ ਕੈਂਪ ਵਿਚ ਸ਼ਾਮਲ ਹੋਏ ਅਤੇ ਭਾਜਪਾ ਵਰਕਰਾਂ ਨੂੰ ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਤੋਂ ਇਲਾਵਾ ਭਾਜਪਾ ਦੀਆਂ ਨੀਤੀਆਂ ਨੂੰ ਆਮ ਜਨਤਾ ਤੱਕ ਪ੍ਰਭਾਵੀ ਢੰਗ ਨਾਲ ਪਹੁੰਚਾਉਣ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਿਖਲਾਈ ਕੈਂਪ ਸਬੰਧੀ ਮੋਬਾਇਲ ਫੋਨ 'ਤੇ ਜਾਣਕਾਰੀ ਦਿੰਦਿਆਂ ਅਵਤਾਰ ਸਿੰਘ ਮੰਡ ਨੇ ਦੱਸਿਆ ਕਿ ਉੱਤਰਾਖੰਡ ਤੋਂ ਇਲਾਵਾ ਉੱਤਰੀ ਖੇਤਰ ਦੇ ਦੂਸਰੇ ਸੂਬਿਆਂ ਤੋਂ ਵੀ ਹਜਾਰਾਂ ਪਾਰਟੀ ਵਰਕਰਾਂ ਨੇ ਇਸ ਕੈਂਪ 'ਚ ਹਿੱਸਾ ਲਿਆ ਅਤੇ ਉਤਰਾਖੰਡ ਦੇ ਮੁੱਖਮੰਤਰੀ ਪੁਸ਼ਕਰ ਸਿੰਘ ਧਾਮੀ ਖਾਸ ਤੌਰ ਤੇ ਵਰਕਰਾਂ ਦੀ ਹੌਸਲਾ ਅਫਜਾਈ ਲਈ ਮੌਜੂਦ ਰਹੇ। ਉਹਨਾਂ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਕਿਸਾਨਾਂ ਦੀ ਸੱਚੀ ਹਮਦਰਦ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਖੇਤਰੀ ਮੰਤਰੀ ਨਰਿੰਦਰ ਸਿੰਘ ਤੋਮਰ ਵਲੋਂ ਕਿਸਾਨੀ ਨੂੰ ਅਸਾਨ ਬਨਾਉਣ ਅਤੇ ਕਾਸ਼ਤਕਾਰਾਂ ਨੂੰ ਫਸਲ ਦਾ ਵੱਧ ਤੋਂ ਵੱਧ ਮੁੱਲ ਦੁਆਉਣ ਦਾ ਸਿਰਤੋੜ ਯਤਨ ਕਰ ਰਹੇ ਹਨ। ਕਿਸਾਨ ਨਿਧੀ ਯੋਜਨਾ ਤਹਿਤ ਦੇਸ਼ ਭਰ ਦੇ ਕਰੋੜਾਂ ਕਿਸਾਨਾਂ ਨੂੰ ਛੇ ਹਜਾਰ ਰੁਪਏ ਸਲਾਨਾ ਦਿੱਤਾ ਜਾਂਦਾ ਹੈ ਜੋ ਕਿ ਛੋਟੇ ਕਿਸਾਨਾਂ ਲਈ ਬਹੁਤ ਹੀ ਲਾਹੇਵੰਦ ਰਕਮ ਹੈ। ਮੰਡ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਕਿਸਾਨਾਂ ਨੂੰ ਵਰਗਲਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਪਰ ਆਮ ਮਿਹਨਤਕਸ਼ ਕਿਸਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰ ਸਰਕਾਰ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ। ਉਹਨਾਂ ਦੱਸਿਆ ਕਿ ਇਹ ਸਿਖਲਾਈ ਕੈਂਪ ਦੋ ਦਿਨ ਜਾਰੀ ਰਹੇਗਾ।

## ਮਨੁੱਖ ਦੇ ਵਿਵਹਾਰ ਵਿਚਲਾ ਬਨਾਵਟੀਪਣ ਹੀ ਸਭ ਤੋਂ ਵੱਡਾ ਬੋਝ : ਦਾਸ ਗਦਾਧਰ ਦਾਸ

**ਜਲੰਧਰ -(ਸ਼ੈਲੀ ਐਲਬਰਟ)**-: ਇੱਕ ਚੰਗਾ ਇਨਸਾਨ ਅਸਲ ਹੈ, ਓਹੀ ਹੁੰਦਾ ਹੈ ਅੱਧ ਨਾਲੋਂ ਜਿਆਦਾ ਬੋਝ ਮਨੁੱਖ ਨੇ ਆਪ ਆਪਣੇ ਵਿਵਹਾਰ ਵਿਚਲੇ ਬਨਾਵਟੀਪਣ ਨਾਲ ਚੁੱਕਿਆ ਹੋਇਆ ਹੈ! ਅਸੀਂ ਬੇਵਜ੍ਹਾ ਉਹ ਆਪਣੇ ਫੋਕਸ ਵਿਚ ਇਹ ਰੱਖਦੇ ਹਨ ਕਿ ਅਸੀਂ ਕੌਣ ਨਹੀਂ ਹਾਂ ਅਤੇ ਨਕਲੀ ਦਿਖਾਈ ਦੇਣ ਜਾਂ ਬਣਨ ਦੀ ਕੋਸਿਸ ਕਰਦੇ ਹਾਂ! ਸਹੀ ਧਾਰਨਾ ਦੀ ਮਜਬੂਤੀ, ਚੰਗੇ ਵਿਚਾਰ ਅਤੇ ਸਮਾਜ ਦੀ ਸਕਤੀ ਹੋਣ ਲਈ ਅਧਿਐਨ ਕਰੋ, ਨਾ ਕਿ ਬਨਾਵਟੀ ਰੂਪ ਧਾਰਨ ਕਰੋ! ਤੁਸੀਂ ਜਿਵੇਂ ਦੇ ਵੀ ਹੋ, ਉਸੇ ਤਰ੍ਹਾਂ ਰਹੋ! ਇਹ ਪ੍ਰੇਰਨਾਦਾਇਕ ਸੁਨੇਹਾ ਵਿਸਵ ਪ੍ਰਸਿੱਧ ਮੋਟੀਵੇਸਨਲ ਸਪੀਕਰ ਦਾਸ ਗਦਾਧਰ ਦਾਸ ਦਾ ਅਜੋਕੇ ਹਾਲਾਤ ਵਿੱਚ ਵਿਦਿਆਰਥੀਆਂ ਉੱਤੇ ਪੈ ਰਹੇ ਬੇਲੋੜੇ ਬੋਝ ਦੇ ਸੰਦਰਭ ਵਿੱਚ ਹੈ! ਉਹ ਆਈ.ਕੇ.ਜੀ.ਪੀ.ਟੀ.ਯੂ (ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ) ਵਿਖੇ ਆਯੋਜਿਤ ਇੱਕ ਸੈਸ਼ਨ ਨੂੰ ਸੰਬੋਧਨ ਕਰ ਰਹੇ ਸਨ। ਯੂਨੀਵਰਸਿਟੀ ਦੇ ਕਾਰਪੋਰੇਟ ਰਿਲੇਸਨਜ ਵਿਭਾਗ ਵੱਲੋਂ ਨਵੇਂ ਦਾਖਲ ਹੋਏ ਵਿਦਿਆਰਥੀਆਂ ਲਈ ਇਹ ਪ੍ਰੇਰਣਾਤਮਕ ਸੈਸ਼ਨ ਬੁਲਾਇਆ ਗਿਆ ਸੀ! ਮੋਟੀਵੇਸ਼ਨਲ ਸਪੀਕਰ ਦਾਸ ਗਦਾਧਰ ਦਾਸ ਦੇ ਇਸ ਸੈਸ਼ਨ ਦਾ ਵਿਸ਼ਾ "ਲੀਡਰਸਿਪ ਲਈ ਸਬਕ" ਸੀ। ਇਸ ਦੌਰਾਨ ਉਨ੍ਹਾਂ ਨੇ ਸਮੇਂ ਦੀਆਂ ਕਦਰਾਂ-ਕੀਮਤਾਂ, ਸਦੀਵਤਾ, ਮਨ ਅਤੇ ਬੁੱਧੀ, ਸਰਵੋਤਮ ਅਤੇ ਉੱਤਮ ਕਾਰਜ ਕਰਨ ਦੀ ਕੋਸਿਸ, ਲੋਕ ਹਿੱਤ ਅਤੇ ਰਾਜ ਆਦਿ ਵਿਸ਼ਿਆਂ ਬਾਰੇ ਗੱਲ ਕੀਤੀ। ਯੂਨੀਵਰਸਿਟੀ ਦੇ ਰਜਿਸਟਰਾਰ ਡਾ.ਐਸ.ਕੇ ਮਿਸ਼ਰਾ ਵੱਲੋਂ ਇਸ ਸਮਾਗਮ ਦੇ ਆਯੋਜਨ ਲਈ ਕਾਰਪੋਰੇਟ ਰਿਲੇਸ਼ਨ ਵਿਭਾਗ ਨੂੰ ਵਧਾਈ ਦਿੱਤੀ ਗਈ! ਇਸ ਮੌਕੇ ਪ੍ਰੋਫੈਸਰ ਯਾਦਵਿੰਦਰ ਸਿੰਘ ਬਰਾੜ, ਡਿਪਟੀ ਰਜਿਸਟਰਾਰ ਰਜਨੀਸ਼ ਸ਼ਰਮਾ, ਸਹਾਇਕ ਨਿਦੇਸ਼ਕ ਸੀ ਐਂਡ ਆਰ ਮ੍ਰਿਗਿੰਦਰ ਬੇਦੀ ਆਦਿ ਹਾਜਰ ਸਨ।

## ਯਾਰਾਂ ਦਾ ਯਾਰ ਮਨੋਜ ਕੁਮਾਰ ਰਾਣਾ ਨਹੀਂ ਰਿਹਾ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ )**- ਨਜਦੀਕੀ ਪਿੰਡ ਸਪਾਲਮਾ ਦੇ ਗੁਰਦਿਆਲ ਸਿੰਘ ਰਾਣਾ ਦੇ ਸਪੁੱਤਰ ਰਾਣਾ ਦੇ ਸਪੁੱਤਰ ਡਾਕਟਰ ਮਨੋਜ ਕੁਮਾਰ ਰਾਣਾ (ਖੇਪੜ ਕਲੀਨਿਕ ਕਾਹਨਪੁਰ ਖੂਹੀ) ਵਾਲਾ ਹਰ ਵੇਲੇ ਹੱਸਦਾ ਚਿਹਰਾ ਦਿਸਣ ਵਾਲਾ ਅਤੇ ਸਭ ਨੂੰ ਪਿਆਰ ਸਤਿਕਾਰ ਨਾਲ ਮਿਲਣ ਵਾਲਾ ਨੌਜਵਾਨ ਹੁਣ ਇਸ ਦੁਨੀਆ 'ਤੇ ਨਹੀਂ ਰਿਹਾ। ਉਸ ਦੀ ਮੌਤ ਦੀ ਖਬਰ ਸੁਣਦਿਆਂ ਹਰ ਵਿਅਕਤੀ ਦੇ ਪੈਰਾਂ ਥੱਲਿਓਂ ਜਮੀਨ ਖਿਸਕ ਗਈ, ਕਿਉਂਕਿ ਕਿਸੇ ਨੂੰ ਯਕੀਨ ਨਹੀਂ ਹੋ ਰਿਹਾ ਸੀ ਕਿ ਰਾਤ ਨੂੰ ਆਪਣਾ ਕਲੀਨਿਕ ਬੰਦ ਕਰਕੇ ਘਰ ਜਾ ਕੇ ਖਾਣਾ ਖਾ ਕੇ ਸੌਣ ਉਪਰੰਤ ਸਵੇਰੇ ਪਰਵਾਰਕ ਮੈਂਬਰਾਂ ਵਲੋਂ ਦੇਖਣ ਤੋਂ ਪਤਾ ਚੱਲਿਆ ਕਿ ਡਾਕਟਰ ਸਾਹਿਬ ਆਪਣੀ ਸੁਆਸਾਂ ਦੀ ਪੂੰਜੀ ਸੰਪੂਰਨ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਜਿਨ੍ਹਾਂ ਦਾ ਅੰਤਿਮ ਸੰਸਕਾਰ ਬਾਅਦ ਦੁਪਹਿਰ ਪਿੰਡ ਦੀ ਸਮਸ਼ਾਨਘਾਟ ਵਿੱਚ ਕਰ ਦਿੱਤਾ ਗਿਆ। ਇਸ ਦੁੱਖ ਦੀ ਘੜੀ ਵਿੱਚ ਅੱਡਾ ਮਾਰਕੀਟ ਕਾਹਨਪੁਰ ਖੂਹੀ ਦੇ ਸਮੂਹ ਦੁਕਾਨਦਾਰ ਡਾਕਟਰ ਸੁਰਿੰਦਰ ਕੁਮਾਰ ਖੇਪੜ, ਡਾਕਟਰ ਸੁਰਜੀਤ ਸਿੰਘ ਕਲਵਾਂ, ਸਰਪੰਚ ਸੁਰਜੀਤ ਸਿੰਘ ਕਾਹਲੋਂ ਡਾਇਰੈਕਟਰ ਮਿਲਕ ਪਲਾਟ ਮੋਹਾਲੀ, ਕਰਮ ਸਿੰਘ ਸਾਬਕਾ ਸਰਪੰਚ ਗੋਚਰ, ਸਤੀਸ਼ ਕੁਮਾਰ ਸੋਨੂੰ ਸਾਬਕਾ ਸਰਪੰਚ, ਗੁਰਮੀਤ ਸਿੰਘ ਸੰਧੂ, ਹਰੀ ਕਿਸ਼ਨ ਰੈਸੜਾ, ਐਡਵੋਕੇਟ ਪਰਦੀਪ ਕੁਮਾਰ ਚੇਚੀ, ਬਲਵੀਰ ਸਿੰਘ, ਪੰਜਾਬ ਸਿੰਘ, ਤਰਸੇਮ ਲਾਲ ਬੱਲੀ, ਦੇਸ ਰਾਜ, ਮੇਹਰ ਸਿੰਘ ਬੱਬੂ, ਜਗਤਾਰ ਸਿੰਘ ਜੱਗੀ ਨਲਹੋਟੀ, ਜਰਨੈਲ ਸਿੰਘ, ਡਾਕਟਰ ਜਸਵਿੰਦਰ ਸਿੰਘ, ਨਰੇਸ਼ ਕੁਮਾਰ, ਸੂਬੇਦਾਰ ਮਹਿੰਦਰ ਸਿੰਘ ਖੇਪੜ, ਜੀਵਨ ਕੁਮਾਰ ਸੰਜੂ ਹਰੀਪੁਰ, ਬਹਾਦੁਰ ਸਿੰਘ ਸ਼ੌਕੀ, ਚਰਨਜੀਤ ਚੰਨੀ, ਗੁਰਮੀਤ ਸਿੰਘ ਪੋਸਟਮਾਸਟਰ, ਰਵੀ ਕੁਮਾਰ ਬੂਥਗੜ, ਰਾਮ ਨਾਥ ਖੇਪੜ, ਜਸਪਾਲ ਜੱਸਾ, ਡਾਕਟਰ ਮੋਜੂ, ਦਰਸ਼ਨ ਸਿੰਘ, ਰਾਮ ਲਾਲ ਫੌਜੀ, ਪਰਮਜੀਤ ਸਿੰਘ ਪੰਮੂ ਗੋਚਰ, ਰਕੇਸ਼ ਕੁਮਾਰ, ਪਰਦੀਪ ਕੁਮਾਰ ਸੰਜੂ, ਸ਼ਾਮਾ ਚੌਧਰੀ ਰੱਤੇਵਾਲ, ਸੁਰਜੀਤ ਸਿੰਘ ਗੋਚਰ,ਬਲਵੀਰ ਸਿੰਘ ਨਲਹੋਟੀ ਆਦਿ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ

## ਕਾਂਗਰਸ ਆਈ.ਟੀ. ਸੈੱਲ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਸੌਰਵ ਸ਼ਰਮਾ ਦਾ ਅਸਤੀਫਾ ਹਾਈਕਮਾਂਡ ਨੇ ਕੀਤਾ ਨਾ-ਮਨਜ਼ੂਰ

**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ )** ਕਾਂਗਰਸ ਆਈ.ਟੀ. ਸੈਲ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਸੌਰਵ ਸ਼ਰਮਾ ਵਲੋਂ ਦੋ ਦਿਨ ਪਹਿਲਾਂ ਅਹੁਦੇ ਤੋਂ ਦਿੱਤਾ ਅਸਤੀਫਾ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਨਾ ਮਨਜੂਰ ਕਰ ਦਿੱਤਾ ਗਿਆ ਹੈ। ਆਈ.ਟੀ. ਸੈਲ ਦੇ ਜ਼ਿਲ੍ਹਾ ਮੀਤ ਪ੍ਰਧਾਨ ਪੰਕਜ ਘੇੜਾ ਨੇ ਦੱਸਿਆ ਕਿ ਸੌਰਵ ਸ਼ਰਮਾ ਵਲੋਂ ਕੁੱਝ ਕਾਰਨਾਂ ਕਰਕੇ ਆਪਣਾ ਅਸਤੀਫਾ ਪੰਜਾਬ ਕਾਂਗਰਸ ਪ੍ਰਧਾਨ ਨੂੰ ਭੇਜਿਆ ਗਿਆ ਸੀ ਪਰ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੀ ਸਿਫਾਰਸ਼ 'ਤੇ ਹਾਈਕਮਾਂਡ ਨੇ ਅਸਤੀਫਾ ਨਾ ਮਨਜੂਰ ਕਰ ਦਿੱਤਾ ਹੈ।

ਉਹਨਾਂ ਦੱਸਿਆ ਕਿ ਸੌਰਵ ਸ਼ਰਮਾ ਪਾਰਟੀ ਦਾ ਬਹੁਤ ਹੀ ਯੋਗ ਤੇ ਸਮਰਪਿਤ ਵਰਕਰ ਹੈ ਜਿਸ ਦੀ ਕਾਰਗੁਜਾਰੀ ਤੋਂ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਬਹੁਤ ਪ੍ਰਭਾਵਿਤ ਹਨ। ਜਦੋਂ ਵਿਧਾਇਕ ਧਾਲੀਵਾਲ ਨੂੰ ਪਤਾ ਲੱਗਾ ਕਿ ਸੌਰਵ ਸ਼ਰਮਾ ਨੇ ਅਹੁਦੇ ਤੋਂ ਅਸਤੀਫਾ ਦਿੱਤਾ ਹੈ ਤਾਂ ਉਹਨਾਂ ਤੁਰੰਤ ਹਾਈਕਮਾਂਡ ਨਾਲ ਸੰਪਰਕ ਕਰਕੇ ਅਸਤੀਫਾ ਨਾ ਮਨਜੂਰ ਕਰਵਾ ਦਿੱਤਾ ਜਿਸ ਲਈ ਉਹ ਵਿਧਾਇਕ ਧਾਲੀਵਾਲ ਦਾ ਧੰਨਵਾਦ ਕਰਦੇ ਹਨ।

# ਸ਼ਰਾਬ ਫੈਕਟਰੀ ਨੂੰ ਕਲੀਨ ਚਿੱਟ ਦੇਣ 'ਤੇ ਧਰਨਾਕਾਰੀਆਂ ਵੱਲੋਂ ਸਰਕਾਰ ਤੇ ਪ੍ਰਸ਼ਾਸਨ ਵਿਰੁੱਧ ਜੰਮ ਕੇ ਨਾਅਰੇਬਾਜ਼ੀ

**ਡੀ ਸੀ ਤੇ ਐੱਸ ਐੱਸ ਪੀ ਵੱਲੋਂ ਧਰਨਾਕਾਰੀਆਂ ਨੂੰ ਧਰਨਾ ਖਤਮ ਕਰਨ ਜਾਂ ਫੈਕਟਰੀ ਤੋਂ 300 ਮੀਟਰ ਦੂਰ ਧਰਨਾ ਲਗਾਉਣ ਦੀ ਹਦਾਇਤ**

**ਜ਼ੀਰਾ (ਨਰਿੰਦਰ ਅਨੇਜਾ)**

ਜ਼ੀਰਾ ਵਿਖੇ ਸਥਿਤ ਮਾਲਬਰੋਸ ਸ਼ਰਾਬ ਦੀ ਫੈਕਟਰੀ ਨੂੰ ਐੱਨਜੀਟੀ ਵੱਲੋਂ ਕਲੀਨ ਚਿੱਟ ਦੇਣ ਸਬੰਧੀ ਆਈ ਰਿਪੋਰਟ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਦੇ ਪ੍ਰਮੁੱਖ ਅਧਿਕਾਰੀ ਡਿਪਟੀ ਕਮਿਸ਼ਨਰ ਅੰਮ੍ਰਿਤ ਸਿੰਘ, ਐੱਸ.ਐੱਸ.ਪੀ. ਸੁਰਿੰਦਰ ਲਾਂਬਾ, ਵਧੀਕ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਤੇ ਐੱਸ ਡੀ ਐੱਮ ਜ਼ੀਰਾ ਇੰਦਰਪਾਲ ਵਿਸ਼ੇਸ਼ ਤੌਰ 'ਤੇ ਫੈਕਟਰੀ ਅੱਗੇ ਲੱਗੇ ਧਰਨੇ 'ਚ ਧਰਨਾਕਾਰੀਆਂ ਨਾਲ ਗੱਲਬਾਤ ਕਰਨ ਲਈ ਪਹੁੰਚੇ, ਤਾਂ ਧਰਨਾਕਾਰੀਆਂ ਨੇ ਐੱਨਜੀਟੀ ਦੀ ਉਕਤ ਰਿਪੋਰਟ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।


ਡੀ ਸੀ ਤੇ ਐੱਸ ਐੱਸ ਪੀ ਧਰਨਾਕਾਰੀਆਂ ਨੂੰ ਸਮਝਾਉਂਦੇ ਹੋਏ ਤੇ (ਹੇਠਾਂ) ਧਰਨੇ 'ਚ ਬੈਠੀਆਂ ਬੀਬੀਆਂ ਪ੍ਰਸ਼ਾਸਨ ਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦੀਆਂ ਹੋਈਆਂ।

ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਨੇ ਧਰਨਾਕਾਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਐੱਨਜੀਟੀ ਦੀ ਰਿਪੋਰਟ ਤੇ ਹਾਈ ਕੋਰਟ ਦੇ ਆਰਡਰਾਂ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾ ਦੱਸਿਆ ਕਿ ਧਰਨਾਕਾਰੀਆਂ ਜਾਂ ਪਿੰਡ ਵਾਸੀਆਂ ਵੱਲੋਂ ਦੱਸੇ ਮੁਤਾਬਕ ਜੋ ਵੀ ਸੈਂਪਲ ਲੈਣ ਲਈ ਕਹੇ ਗਏ ਸਨ, ਉਸ ਮੁਤਾਬਕ ਹੀ ਸਬੰਧਤ ਵਿਭਾਗਾਂ ਵੱਲੋਂ ਸਾਰੇ ਸੈਂਪਲ ਲਏ ਗਏ ਸਨ ਤੇ ਇਹ ਸਾਰੇ ਸੈਂਪਲ ਅਤੇ ਰਿਪੋਰਟਾਂ ਐੱਨਜੀਟੀ ਨੂੰ ਭੇਜੀਆਂ ਗਈਆਂ ਸਨ, ਜਿਸ ਦੀ ਪੜਤਾਲ ਦੋ ਪ੍ਰਾਈਵੇਟ ਲੈਬ ਵਿੱਚੋਂ ਕਰਵਾਈ ਗਈ ਤੇ ਹੁਣ ਐੱਨਜੀਟੀ ਵੱਲੋਂ ਇਸ ਫੈਕਟਰੀ ਨੂੰ ਕਲੀਨ ਚਿੱਟ ਦਿੱਤੀ ਗਈ ਹੈ। ਉਨ੍ਹਾ ਦੱਸਿਆ ਕਿ ਰਿਪੋਰਟ ਮੁਤਾਬਕ ਸਾਰੇ ਸੈਂਪਲ ਤੇ ਰਿਪੋਰਟਾਂ ਪਾਸ ਆਈਆਂ ਹਨ, ਜਿਸ ਕਰਕੇ ਇਸ ਫੈਕਟਰੀ ਨੂੰ ਹੁਕਮਾਂ ਮੁਤਾਬਕ ਬੰਦ ਨਹੀਂ ਕੀਤਾ ਜਾ ਸਕਦਾ। ਉਨ੍ਹਾ ਧਰਨਾਕਾਰੀਆਂ ਨੂੰ ਕਿਹਾ ਕਿ ਉਹ ਹਾਈ ਕੋਰਟ ਦੇ ਹੁਕਮਾਂ ਮੁਤਾਬਕ ਆਪਣਾ ਧਰਨਾ ਖਤਮ ਕਰਨ, ਪਰ ਜੇਕਰ ਉਨ੍ਹਾਂ ਨੂੰ ਇਸ ਰਿਪੋਰਟ ਦੇ ਨਤੀਜੇ ਮਨਜ਼ੂਰ ਨਹੀਂ ਹਨ ਤਾਂ ਉਹ ਇਸ ਸਬੰਧੀ ਕਾਨੂੰਨੀ ਤੌਰ 'ਤੇ ਅਪੀਲ ਪਾ ਸਕਦੇ ਹਨ ਜਾਂ ਆਪਣਾ ਧਰਨਾ ਫੈਕਟਰੀ ਤੋਂ 300 ਮੀਟਰ ਦੂਰੀ 'ਤੇ ਲਗਾ ਸਕਦੇ ਹਨ। ਉਨ੍ਹਾ ਕਿਹਾ ਕਿ ਉਹ ਫੈਕਟਰੀ ਅੰਦਰ ਆਉਣ-ਜਾਣ ਵਾਲੇ ਮੁਲਾਜ਼ਮਾਂ ਜਾਂ ਹੋਰ ਤਰ੍ਹਾਂ ਤਰ੍ਹਾਂ ਦੀ ਆਵਾਜਾਈ ਨੂੰ ਰੋਕ ਨਹੀਂ ਸਕਦੇ। ਇਸ ਦੌਰਾਨ ਉਨ੍ਹਾਂ ਧਰਨਾਕਾਰੀਆਂ ਦੇ ਵੱਖ ਵੱਖ ਅਹੁਦੇਦਾਰਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਵੀ ਇਸ ਰਿਪੋਰਟ ਤੇ ਹਾਈ ਕੋਰਟ ਦੇ ਹੁਕਮਾਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਐੱਸ ਐੱਸ ਪੀ ਸੁਰਿੰਦਰ ਲਾਂਬਾ ਨੇ ਵੀ ਧਰਨਾਕਾਰੀਆਂ ਨੂੰ ਕਿਹਾ ਕਿ ਜੇਕਰ ਨੂੰ ਰਿਪੋਰਟ ਮਨਜ਼ੂਰ ਨਹੀਂ ਹੈ ਤਾਂ ਧਰਨਾ ਲਗਾਉਣਾ ਉਨ੍ਹਾਂ ਦਾ ਹੱਕ ਹੈ, ਪਰ ਉਹ ਕਾਨੂੰਨ ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਫੈਕਟਰੀ ਤੋਂ 300 ਮੀਟਰ ਦੂਰੀ 'ਤੇ ਆਪਣਾ ਧਰਨਾ ਲਗਾ ਸਕਦੇ ਹਨ। ਇਸ ਤੋਂ ਪਹਿਲਾਂ ਵਧੀਕ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੇ ਵੀ ਧਰਨਾਕਾਰੀਆਂ ਨੂੰ ਐੱਨਜੀਟੀ ਦੀ ਰਿਪੋਰਟ ਬਾਰੇ ਜਾਣੂ ਕਰਵਾਇਆ ਤੇ ਆਪਣਾ ਧਰਨਾ ਖ਼ਤਮ ਕਰਨ ਲਈ ਕਿਹਾ। ਧਰਨਾਕਾਰੀਆਂ ਨੇ ਐੱਨਜੀਟੀ ਦੀ ਰਿਪੋਰਟ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।

## ਸਰਪੰਚ ਖੁਦਕੁਸ਼ੀ ਮਾਮਲੇ 'ਚ ਪੰਚਾਇਤ ਅਫਸਰ ਸਣੇ 11 ਖਿਲਾਫ ਮਾਮਲਾ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਬੀਤੇ ਦਿਨੀਂ ਪਿੰਡ ਬਡਗੁੱਜਰਾਂ ਦੇ ਸਰਪੰਚ ਵੱਲੋਂ ਕੀਤੀ ਗਈ ਕਥਿਤ ਖੁਦਕੁਸ਼ੀ ਦੇ ਮਾਮਲੇ 'ਚ ਗੌਰਮਿੰਟ ਰੇਲਵੇ ਪੁਲਸ ਵੱਲੋਂ ਜੀ.ਆਰ.ਪੀ. ਥਾਣਾ ਸਰਹਿੰਦ ਵਿਖੇ ਪੰਚਾਇਤ ਅਫਸਰ ਪ੍ਰਦੀਪ ਕੁਮਾਰ, ਪਾਲ ਪੰਚ, ਜਸਮੇਲ ਚੌਕੀਦਾਰ, ਅੱਸਰ ਸਿੰਘ, ਪਰਵਿੰਦਰ ਸਿੰਘ, ਸਵਰਨ ਸਿੰਘ, ਅਮ੍ਰਿਤ ਸਿੰਘ, ਅਮਰ, ਗੁਰਜਿੰਦਰ ਸਿੰਘ, ਕੇਸਰ ਸਿੰਘ ਤੇ ਮੇਵਾ ਸਿੰਘ ਨਾਮਕ ਕਥਿਤ ਵਿਅਕਤੀਆਂ ਵਿਰੁੱਧ ਅ/ਧ 306,34 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਮ੍ਰਿਤਕ ਸਰਪੰਚ ਦੇ 24 ਸਾਲਾ ਪੁੱਤਰ ਤਰਨਜੋਤ ਸਿੰਘ ਉਰਫ ਜੋਤੀ ਨੇ ਜੀ.ਆਰ.ਪੀ. ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਦਾ ਪਿਤਾ ਬਲਕਾਰ ਸਿੰਘ ਪਿੰਡ ਬਡਗੁੱਜਰਾਂ ਦਾ ਮੌਜੂਦਾ ਸਰਪੰਚ ਸੀ, ਜਿਸ ਦੇ ਨਾਲ-ਨਾਲ ਉਹ ਮਿਹਨਤ ਮਜ਼ਦੂਰੀ ਵੀ ਕਰਦਾ ਸੀ ਤੇ ਉਸ ਦੇ ਪਿਤਾ ਨੇ ਉਸ ਨੂੰ ਕਈ ਵਾਰ ਦੱਸਿਆ ਕਿ ਪੰਚਾਇਤ ਅਫਸਰ ਪ੍ਰਦੀਪ ਕੁਮਾਰ ਉਸ ਨੂੰ ਆਪਣੇ ਦਫਤਰ 'ਚ ਬੁਲਾ ਕੇ ਤੰਗ ਪ੍ਰੇਸ਼ਾਨ ਕਰਦਾ ਹੈ ਤੇ ਬੀਤੀ 25 ਸਤੰਬਰ ਦੀ ਸ਼ਾਮ ਨੂੰ ਉਸ ਦੇ ਪਿਤਾ ਸ਼ਾਮ ਦੇ ਵਕਤ ਕਿਧਰੇ ਚਲੇ ਗਏ, ਜਿਨ੍ਹਾਂ ਦੀ ਭਾਲ ਦੌਰਾਨ ਉਨ੍ਹਾਂ ਨੂੰ ਅਖਬਾਰ 'ਚ ਛਪੀ ਖਬਰ ਤੋਂ ਪਤਾ ਲੱਗਿਆ ਕਿ ਰੇਲਵੇ ਟਰੈਕ ਤੋਂ ਕਿਸੇ ਵਿਅਕਤੀ ਦੀ ਲਾਸ਼ ਮਿਲੀ ਹੈ, ਜਿਸ 'ਤੇ ਉਨ੍ਹਾ ਨੇ ਹਸਪਤਾਲ ਜਾ ਕੇ ਦੇਖਿਆ ਤਾਂ ਉਕਤ ਲਾਸ਼ ਉਸ ਦੇ ਪਿਤਾ ਦੀ ਹੀ ਸੀ, ਜਿਨ੍ਹਾਂ ਵੱਲੋਂ ਘਰ 'ਚ ਇੱਕ ਸੁਸਾਈਡ ਨੋਟ ਵੀ ਲਿਖ ਕੇ ਛੱਡਿਆ ਗਿਆ ਸੀ, ਜਿਸ ਵਿੱਚ ਉਨ੍ਹਾਂ ਵੱਲੋਂ ਆਪਣੀ ਮੌਤ ਦਾ ਜ਼ਿੰਮੇਵਾਰ ਉਪਰੋਕਤ ਵਿਅਕਤੀਆਂ ਨੂੰ ਦੱਸਿਆ ਗਿਆ ਸੀ। ਤਰਨਜੋਤ ਸਿੰਘ ਜੋਤੀ ਨੇ ਦੋਸ਼ ਲਗਾਇਆ ਕਿ ਉਪਰੋਕਤ ਵਿਅਕਤੀਆਂ ਤੋਂ ਤੰਗ ਆ ਕੇ ਹੀ ਉਸ ਦੇ ਪਿਤਾ ਨੇ ਰੇਲਗੱਡੀ ਹੇਠਾਂ ਆ ਕੇ ਖੁਦਕੁਸ਼ੀ ਕੀਤੀ ਹੈ। ਜੀ.ਆਰ.ਪੀ. ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਕਿਸਾਨਾਂ ਮਜ਼ਦੂਰਾਂ ਨੇ ਭਗਵੰਤ ਮਾਨ ਸਰਕਾਰ ਦਾ ਫੂਕਿਆ ਪੁਤਲਾ

- ਅਬਾਦਕਾਰਾਂ ਨੂੰ ਪੱਕੇ ਮਾਲਕੀ ਹੱਕ ਦਿੱਤੇ ਜਾਣ ਦੀ ਕੀਤੀ ਮੰਗ
- ਭਲਕ ਦੇ ਰੇਲ ਚੱਕਾ ਜਾਮ ਦੀਆਂ ਤਿਆਰੀਆਂ ਮੁਕੰਮਲ



**ਮੱਖੂ (ਰਛਪਾਲ ਸਿੰਘ ਸੰਧੂ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ੋਨ ਮੱਖੂ ਦੀਆਂ ਇਕਾਈਆਂ ਦੇ ਵੱਖ ਵੱਖ ਕਿਸਾਨਾਂ ਮਜ਼ਦੂਰਾਂ ਵੱਲੋਂ ਨੈਸ਼ਨਲ ਹਾਈਵੇ-54 ਬਠਿੰਡਾ-ਅੰਮ੍ਰਿਤਸਰ 'ਤੇ ਭਗਵੰਤ ਮਾਨ ਸਰਕਾਰ ਦਾ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ, ਜ਼ੋਨ ਪ੍ਰਧਾਨ ਵੀਰ ਸਿੰਘ ਨਿਜਾਮਦੀਨ ਵਾਲਾ ਤੇ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਛੱਡੀਆਂ ਗਈਆਂ ਕਾਮਨ ਜ਼ਮੀਨਾਂ ਨੂੰ ਪੰਚਾਇਤੀ ਮਾਲਕੀ ਹੇਠ ਲਿਆਉਣ ਲਈ ਵਿਧਾਨ ਸਭਾ ਦੇ ਚੱਲ ਰਹੇ ਸੈਸ਼ਨ ਵਿੱਚ ਪੰਜਾਬ ਵਿਲੇਜ਼ ਕਾਮਨ ਲੈਂਡ ਰੈਗੂਲੇਸ਼ਨ ਸੋਧ ਬਿੱਲ 2022 ਪਾਸ ਕੀਤਾ ਹੈ। ਇਹ ਸੋਧ ਬਿੱਲ ਅਬਾਦਕਾਰ ਕਿਸਾਨਾਂ ਦੇ ਹੱਕ ਖੋਹਣ ਵਾਲਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ 3 ਅਕਤੂਬਰ ਨੂੰ ਕਿਸਾਨੀ ਮੰਗਾਂ ਨੂੰ ਲੈ ਕੇ ਲੱਗਣ ਵਾਲੇ 3 ਘੰਟੇ ਰੇਲ ਰੋਕੋ ਧਰਨੇ ਦੀਆਂ ਤਿਆਰੀਆਂ ਵੀ ਮੁਕੰਮਲ ਕਰ ਲਈਆ ਗਈਆਂ ਹਨ। ਆਗੂਆਂ ਨੇ ਕਿਹਾ ਕਿ ਪੰਜਾਬ ਭਰ ਵਿੱਚ ਸਾਂਝੇ ਕੰਮਾਂ ਲਈ ਜੁਮਲਾ ਮਾਲਕਾਨ ਮੁਸ਼ਤਰਕਾ ਮਾਲਕਣ ਵਾ ਦਿਗਰ ਹੱਕਦਾਰਨ ਅਰਾਜ਼ੀ ਹਸਬ ਰਸਦ ਮਾਲਕਣ ਆਦਿ ਜ਼ਮੀਨਾਂ ਨੂੰ 1948 ਦੀ ਧਾਰਾ 18 ਅਧੀਨ ਜ਼ਮੀਨਾਂ ਰੱਖੀਆਂ ਗਈਆਂ ਸਨ, ਪਰ ਪੰਜਾਬ ਸਰਕਾਰ ਆਬਾਦਕਾਰ ਕਿਸਾਨਾਂ ਮਜ਼ਦੂਰਾਂ ਦਾ ਉਜਾੜਾ ਕਰਨ ਲਈ ਪੰਚਾਇਤੀ ਜ਼ਮੀਨਾਂ ਦੱਬ ਕੇ ਕਾਰਪੋਰੇਟਾਂ ਦੇ ਕਬਜ਼ੇ ਕਰਾਉਣ ਦੇ ਰਾਹ ਚੱਲ ਰਹੀ ਹੈ। ਇਸ ਲਈ ਕਿਸਾਨ ਮਜ਼ਦੂਰ ਜਥੇਬੰਦੀ ਪੇਂਡੂ ਕਾਮਨ ਲੈਂਡ ਐਕਟ ਵਿੱਚ ਕੀਤੀ ਗਈ ਸੋਧ ਦਾ ਸਖ਼ਤ ਵਿਰੋਧ ਕਰਦੀ ਹੈ ਤੇ ਮੰਗ ਕਰਦੀ ਹੈ ਕਿ ਇਸ ਕੀਤੀ ਸੋਧ ਨੂੰ ਰੱਦ ਕੀਤਾ ਜਾਵੇ, ਨਹੀਂ ਤਾਂ ਪੰਜਾਬ ਸਰਕਾਰ ਖ਼ਿਲਾਫ਼ ਸੰਘਰਸ਼ ਤਿੱਖਾ ਹੋਵੇਗਾ। ਇਸ ਮੌਕੇ ਲਖਵਿੰਦਰ ਸਿੰਘ ਵਸਤੀ ਨਾਮਦੇਵ, ਕਮਲਜੀਤ ਸਿੰਘ ਮਰਹਾਣਾ, ਸੰਦੀਪ ਸਿੰਘ ਲਹਿਰਾ, ਸਾਹਿਬ ਸਿੰਘ ਤਲਵੰਡੀ, ਸੁਖਚੈਨ ਸਿੰਘ, ਸੋਨੂੰ ਜੋਗੇਵਾਲਾ, ਲਖਵਿੰਦਰ ਸਿੰਘ ਬੁਟਰ, ਜੋਗਾ ਸਿੰਘ ਫੇਮੀਵਾਲਾ, ਕੁਲਦੀਪ ਸਿੰਘ ਮੱਖੂ, ਗੁਰਜੀਤ ਸਿੰਘ ਘੁੱਦੂਵਾਲਾ ਆਦਿ ਹਾਜ਼ਰ ਸਨ।

## ਪਤੀ ਦੀ ਮੌਤ ਦੇ ਮਾਮਲੇ 'ਚ ਪਤਨੀ ਸਮੇਤ 2 ਵਿਰੁੱਧ ਮਾਮਲਾ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਬੀਤੇ ਦਿਨੀਂ ਮੰਡੀ ਗੋਬਿੰਦਗੜ੍ਹ ਦੇ ਅਕਾਊਂਟੈਂਟ ਪਰਮਿੰਦਰ ਸਿੰਘ ਦੀ ਹੋਈ ਮੌਤ ਦੇ ਮਾਮਲੇ 'ਚ ਉਦੋਂ ਨਵਾਂ ਮੋੜ ਆ ਗਿਆ, ਜਦੋਂ ਮ੍ਰਿਤਕ ਦਾ ਸੁਸਾਈਡ ਨੋਟ ਮਿਲਣ 'ਤੇ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਮ੍ਰਿਤਕ ਦੀ ਪਤਨੀ ਰੁਪਿੰਦਰ ਕੌਰ ਉਰਫ ਰੂਬੀ ਤੇ ਪਿੰਡ ਸੈਦਪੁਰਾ ਦੇ ਵਿਸ਼ਾਲ ਕੁਮਾਰ ਨਾਮਕ ਵਿਅਕਤੀ ਵਿਰੁੱਧ ਅ/ਧ 306 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਪਰਮਿੰਦਰ ਸਿੰਘ ਉਰਫ ਪੱਪੀ ਵਾਸੀ ਗੁਰੂ ਕੀ ਨਗਰੀ, ਮੰਡੀ ਗੋਬਿੰਦਗੜ੍ਹ ਭੋਢੇ ਐਗਰੋ ਇੰਡਸਟਰੀ 'ਚ ਬਤੌਰ ਅਕਾਊਂਟੈਂਟ ਕੰਮ ਕਰਦਾ ਸੀ, ਜਿਸ ਦੀ ਲਾਸ਼ ਬੀਤੀ 26 ਸਤੰਬਰ ਨੂੰ ਸਰਹਿੰਦ ਨੇੜਿਓਂ ਲੰਘਦੀ ਭਾਖੜਾ ਨਹਿਰ ਦੇ ਸੌਂਢਾ ਹੈੱਡ 'ਚੋਂ ਮਿਲੀ ਸੀ ਤੇ ਉਕਤ ਮਾਮਲੇ 'ਚ ਮ੍ਰਿਤਕ ਦੀ ਪਤਨੀ ਰੁਪਿੰਦਰ ਕੌਰ ਉਰਫ ਰੂਬੀ ਦੇ ਬਿਆਨਾਂ 'ਤੇ ਪੁਲਸ ਵੱਲੋਂ 174 ਸੀ.ਆਰ.ਪੀ.ਸੀ. ਤਹਿਤ ਕਾਰਵਾਈ ਅਮਲ 'ਚ ਲਿਆਂਦੀ ਗਈ ਸੀ, ਪਰ ਉਕਤ ਮਾਮਲੇ 'ਚ ਉਦੋਂ ਨਵਾਂ ਮੋੜ ਆ ਗਿਆ, ਜਦੋਂ ਮ੍ਰਿਤਕ ਪਰਮਿੰਦਰ ਸਿੰਘ ਦੀ ਮਾਤਾ ਪੂਨਾ ਦੇਵੀ ਨੇ ਪੁਲਸ ਕੋਲ ਪਰਮਿੰਦਰ ਸਿੰਘ ਦਾ ਲਿਖਿਆ ਸੁਸਾਈਡ ਨੋਟ ਪੇਸ਼ ਕਰ ਦਿੱਤਾ, ਜਿਸ ਵਿੱਚ ਪਰਮਿੰਦਰ ਸਿੰਘ ਵੱਲੋਂ ਕਥਿਤ ਤੌਰ 'ਤੇ ਲਿਖਿਆ ਗਿਆ ਸੀ ਕਿ ਉਸ ਦੀ ਪਤਨੀ ਪਰਮਿੰਦਰ ਕੌਰ ਉਰਫ ਰੂਬੀ ਉਸ ਦੀ ਰੋਜ਼ਾਨਾ ਕੁੱਟਮਾਰ ਕਰਦੀ ਹੈ ਤੇ ਉਸ ਨੂੰ ਅਤੇ ਉਸ ਦੀ ਮਾਤਾ ਨੂੰ ਬਹੁਤ ਟੌਰਚਰ ਕਰਦੀ ਹੈ, ਜਿਸ ਸਬੰਧੀ ਉਸ ਵੱਲੋਂ ਮੰਡੀ ਗੋਬਿੰਦਗੜ੍ਹ ਥਾਣੇ 'ਚ ਸ਼ਿਕਾਇਤ ਵੀ ਦਿੱਤੀ ਗਈ ਸੀ ਤੇ ਇਸ ਕੰਮ 'ਚ ਵਿਸ਼ਾਲ ਕੁਮਾਰ ਦਾ ਵੀ ਹੱਥ ਹੈ। ਸੁਸਾਈਡ ਨੋਟ 'ਚ ਮ੍ਰਿਤਕ ਪਰਮਿੰਦਰ ਸਿੰਘ ਵੱਲੋਂ ਆਪਣੀ ਮੌਤ ਲਈ ਰੁਪਿੰਦਰ ਕੌਰ ਰੂਬੀ ਤੇ ਵਿਸ਼ਾਲ ਕੁਮਾਰ ਨੂੰ ਜ਼ਿੰਮੇਵਾਰ ਦੱਸਿਆ ਗਿਆ ਹੈ। ਸਹਾਇਕ ਥਾਣੇਦਾਰ ਸੰਜੀਵ ਕੁਮਾਰ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਕਾਤਰਾਂ

### ਜੇ ਈਜ਼ ਕੌਂਸਲ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜੇ ਈਜ਼ ਕੌਂਸਲ ਸਰਕਲ ਫਿਰੋਜ਼ਪੁਰ ਦੀ ਐਗਜ਼ੈਕਟਿਵ ਕਮੇਟੀ ਮੀਟਿੰਗ ਇੰਜ. ਰਾਕੇਸ਼ ਪ੍ਰਭਾਕਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਮੈਨੇਜਮੈਂਟ ਵੱਲੋਂ ਇੰਜ. ਭੁਪਿੰਦਰ ਸਿੰਘ ਐੱਸ ਸੀ ਫਿਰੋਜ਼ਪੁਰ, ਜਸਵਿੰਦਰ ਸਿੰਘ ਮੰਡਲ ਲੇਖਾਕਾਰ ਤੇ ਅਸ਼ੋਕ ਕੁਮਾਰ ਸਰਕਲ ਸਹਾਇਕ ਨੂੰ ਪਾਵਰਕਾਮ ਦੇ ਤਾਨਾਸ਼ਾਹੀ ਰਵੱਈਏ ਕਾਰਨ ਬਿਨਾਂ ਕਸੂਰ ਤੋਂ ਮੁਅੱਤਲ ਕਰਨ ਦੀ ਜੇ ਈਜ਼ ਕੌਂਸਲ ਵੱਲੋਂ ਸਖਤ ਨੋਟਿਸ ਲੈਂਦਿਆਂ ਪੁਰਜ਼ੋਰ ਨਿਖੇਧੀ ਕੀਤੀ ਗਈ ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਰਕਲ ਅੰਦਰ ਵੱਡੇ ਪੱਧਰ 'ਤੇ ਸਟਾਫ ਦੀ ਘਾਟ ਹੈ, ਜਿਸ ਦੀ ਸਮੇਂ ਸਮੇਂ ਸਿਰ ਮੈਨੇਜਮੈਂਟ ਨੂੰ ਵੱਖ ਵੱਖ ਜਥੇਬੰਦੀਆਂ ਵੱਲੋਂ ਇਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਰਹੀ ਹੈ। ਸਟਾਫ ਪੂਰਾ ਕਰਨ ਦੀ ਬਜਾਏ ਮਿਹਨਤੀ ਅਧਿਕਾਰੀਆਂ ਵੱਲੋਂ ਮੈਨੇਜਮੈਂਟ ਦੇ ਟੀਚਿਆਂ ਨੂੰ ਪੂਰਾ ਕਰਨ ਲਈ ਤਨਦੇਹੀ ਨਾਲ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਜੇ ਈਜ਼ ਕੌਂਸਲ ਸਰਕਲ ਫਿਰੋਜ਼ਪੁਰ ਵੱਲੋਂ ਮੰਗ ਕੀਤੀ ਗਈ ਕਿ ਮੁਅੱਤਲ ਕੀਤੇ ਅਧਿਕਾਰੀ, ਕਰਮਚਾਰੀਆਂ ਦੀ ਬਿਨਾਂ ਦੇਰੀ ਬਹਾਲ ਕੀਤਾ ਜਾਵੇ।

### ਮੋਹਿਤ ਨੇ ਪੌਦਾ ਲਾ ਕੇ ਮਨਾਇਆ ਜਨਮ ਦਿਨ



ਜਗਰਾਉਂ (ਅਮਿਤ ਖੰਨਾ)-ਪੰਜਾਬ ਹਰਿਆਵਲ ਤੇ ਆਰਟ ਆਫ ਲਿਵਿੰਗ ਦੇ ਯੋਗਾ ਟੀਚਰ ਮੋਹਿਤ ਅਗਰਵਾਲ ਵੱਲੋਂ ਆਪਣਾ ਜਨਮ ਦਿਨ ਬੂਟੇ ਲਾ ਕੇ ਮਨਾਇਆ ਤੇ ਲੋਕਾਂ ਨੂੰ ਅਪੀਲ ਕੀਤੀ ਕਿ ਹਰ ਇੱਕ ਮਨੁੱਖ ਨੂੰ ਇੱਕ ਪੌਦਾ ਲਾਉਣਾ ਚਾਹੀਦਾ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਬੀਮਾਰੀਆਂ ਤੋਂ ਨਿਯਾਤ ਮਿਲ ਸਕੇ। ਇਸ ਮੌਕੇ ਉਨ੍ਹਾਂ ਨਾਲ ਅਸ਼ੋਕ ਕੁਮਾਰ ਤੇ ਸੇਵਾਦਾਰ ਕ੍ਰਿਸ਼ਨ ਕੁਮਾਰ ਹਾਜ਼ਰ ਸਨ।

### 'ਸਵੱਛ ਭਾਰਤ ਅਭਿਆਨ' ਤਹਿਤ ਰੈਲੀ

**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**-ਐੱਮ ਐੱਲ ਜੀ ਕਾਨਵੈਂਟ ਸਕੂਲ ਚੀਮਾਂ ਮੰਡੀ ਦੇ ਬੱਚਿਆਂ ਨੇ ਗਾਂਧੀ ਜਯੰਤੀ ਮੌਕੇ 'ਸਵੱਛ ਭਾਰਤ ਅਭਿਆਨ' ਤਹਿਤ ਰੈਲੀ ਕੱਢੀ। ਇਸ ਰੈਲੀ ਨੂੰ ਥਾਣਾ ਚੀਮਾ ਮੰਡੀ ਦੇ ਮੁੱਖ ਅਫਸਰ ਇੰਸਪੈਕਟਰ ਯਾਦਵਿੰਦਰ ਸਿੰਘ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਹ ਰੈਲੀ ਮੇਨ ਰੋਡ ਤੋਂ ਚੱਲ ਕੇ ਦੁਰਗਾ ਸ਼ਕਤੀ ਮੰਦਰ ਤੱਕ ਕੱਢੀ ਗਈ। ਇਸ ਰੈਲੀ ਰਾਹੀਂ ਲੋਕਾਂ ਨੂੰ ਸਵੱਛਤਾ ਲਈ ਜਾਗਰੂਕ ਕੀਤਾ। ਇਸ ਮੌਕੇ ਪ੍ਰਿੰਸੀਪਲ ਨਰੇਸ਼ ਜਮਵਾਲ, ਮੈਨੇਜਮੈਂਟ ਮੈਂਬਰ ਸੋਨੀਆ ਰਾਣੀ, ਮਧੂ ਗੋਇਲ, ਹੈਪੀ ਗੋਇਲ, ਰਿੰਕੂ ਚੌਧਰੀ, ਰਾਜਿੰਦਰ ਚੀਮਾ, ਨਵੀਨ ਗੋਇਲ, ਰਾਜ ਕੁਮਾਰ ਗੁਪਤਾ ਤੇ ਸਕੂਲ ਸਟਾਫ ਹਾਜ਼ਰ ਸਨ।

### 20 ਗ੍ਰਾਮ ਹੈਰੋਇਨ ਸਮੇਤ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਪੁਲਸ ਨੇ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਨੇ ਗਸ਼ਤ ਦੌਰਾਨ ਸਤਨਾਮ ਸ਼ਰਮਾ ਵਾਸੀ ਚੰਨੂੰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸ ਕੋਲੋਂ 20 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਨੰ. 242 ਧਾਰਾ 21ਬੀ/61/85 ਐੱਨ.ਡੀ.ਪੀ.ਐੱਸ. ਐਕਟ ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਆਰ ਐੱਮ ਪੀ ਡਾਕਟਰਾਂ ਨੂੰ ਰਾਜਸਥਾਨ ਸਰਕਾਰ ਦੀ ਤਰਜ਼ 'ਤੇ ਮਾਨਤਾ ਦੇਵੇ : ਆਯੂਰਵੈਦ ਸੇਵਾ ਸੰਘ

**ਛਾਜਲੀ (ਜਸਵੀਰ ਲਾਡੀ)**-ਇੱਥੇ ਆਯੂਰਵੈਦ ਸੇਵਾ ਸੰਘ ਦੀ ਮੀਟਿੰਗ ਸਿੰਗਲਾ ਰੈਸਟੋਰੈਂਟ ਛਾਜਲੀ ਵਿਖੇ ਪ੍ਰਧਾਨ ਪਿਆਰਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਅੱਜ ਦਾ ਮੁੱਖ ਏਜੰਡਾ 'ਸੰਘਰਸ਼ ਕਰੋ' ਤਹਿਤ ਸੰਘ ਦੇ ਬੁਲਾਰੇ ਭੀਮ ਸੈਨ ਕਾਂਸਲ ਚੇਅਰਮੈਨ, ਦਲਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ, ਮੰਗਤ ਰਾਏ ਜਰਨਲ ਸਕੱਤਰ, ਸਾਈਂ ਦਾਸ ਨੰਗਲਾ ਉੱਪ ਪ੍ਰਧਾਨ, ਨੈਬ ਸਿੰਘ ਜਵੰਧਾ, ਕੁਲਵਿੰਦਰ ਸਿੰਘ ਛਾਜਲਾ, ਨਿਰਮਲ ਸਿੰਘ ਫਤਿਹਗੜ੍ਹ ਤੇ ਗੁਰਚਰਨ ਸਿੰਘ ਢੀਂਡਸਾ ਨੇ ਜ਼ੋਰ ਦੇ ਕੇ ਕਿਹਾ ਕਿ ਪਿੰਡਾਂ ਵਿੱਚ ਆਰ.ਐੱਮ.ਪੀ. ਡਾਕਟਰਾਂ ਨੂੰ ਰਾਜਸਥਾਨ ਸਰਕਾਰ ਦੀ ਤਰਜ਼ 'ਤੇ ਪੰਜਾਬ ਵਿੱਚ ਇਲੈਕਟ੍ਰੋ ਪੈਥੀ ਨੂੰ ਮਾਨਤਾ ਦੇ ਕੇ ਡਾਕਟਰਾਂ ਨੂੰ ਪੰਜਾਬ ਸਰਕਾਰ ਕੰਮ ਕਰਨ ਦੀ ਇਜਾਜ਼ਤ ਦੇ ਕੇ ਦਸ ਸਾਲ ਦੇ ਤਜਰਬੇਕਾਰ ਡਾਕਟਰਾਂ ਨੂੰ ਸਿਹਤ ਸਹੂਲਤਾਂ ਦਾ ਮੁੱਢਲਾ ਅੰਗ ਮੰਨਿਆ ਜਾਵੇ। ਅਕਤੂਬਰ 22 ਨੂੰ ਗੋਬਿੰਦਗੜ੍ਹ ਜੇਜੀਆਂ ਵਿਖੇ ਧੰਨਤਰੀ ਦਿਵਸ ਮੰਨਾਇਆ ਜਾਵੇਗਾ। ਇਸ ਮੌਕੇ ਛਾਜਲੀ ਥਾਣਾ ਦੇ ਏ.ਐੱਸ.ਆਈ. ਦਰਸ਼ਨ ਸਿੰਘ ਭੱਠਲ, ਮੇਜਰ ਸਿੰਘ ਹੈੱਡ ਮੁਨਸ਼ੀ ਤੇ ਨਰਿੰਦਰ ਸਿੰਘ ਏ.ਐੱਸ.ਆਈ. ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੀਟਿੰਗ ਵਿੱਚ ਇਲਾਕੇ ਦੇ ਸੁਰੀਲੇ ਗਾਇਕ ਡਾਕਟਰ ਮੱਖਣ ਨੇ ਇੱਕ ਗੀਤ ਪੇਸ਼ ਕੀਤਾ। ਸਟੇਜ ਦੀ ਜ਼ਿੰਮੇਵਾਰੀ ਮੰਗਤ ਰਾਏ ਜਰਨਲ ਸਕੱਤਰ ਨੇ ਬਾਖੂਬੀ ਨਾਲ ਨਿਭਾਈ।



## ਸਮੂਹ ਵਿਭਾਗਾਂ ਦੇ ਠੇਕਾ ਮੁਲਾਜ਼ਮ ਆਪਣਾ ਧਿਆਨ ਸੰਘਰਸ਼ਾਂ 'ਤੇ ਕੇਂਦਰਤ ਕਰਨ : ਮੋਰਚਾ ਆਗੂ

**5 ਨੂੰ ਪੰਜਾਬ ਸਰਕਾਰ ਦੇ ਪੁਤਲੇ ਫੂਕਣ ਤੇ 7 ਨੂੰ ਧੂਰੀ ਹਾਈਵੇ ਨੂੰ ਜਾਮ ਕਰਨ ਦਾ ਐਲਾਨ**


ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਸੂਬਾ ਆਗੂ ਅਗਲੇ ਸੰਘਰਸ਼ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦੇ ਹੋਏ।

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਵੱਲੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਲੰਘੀ 27 ਸਤੰਬਰ ਨੂੰ ਵਿਧਾਨ ਸਭਾ ਸੈਸ਼ਨ ਵਿੱਚ ਤੇ ਵੇਰਕਾ ਮਿਲਕ ਪਲਾਂਟ ਫਿਰੋਜ਼ਪੁਰ ਦੇ ਉਦਘਾਟਨ ਕਰਨ ਸਮੇਂ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਰੈਗੂਲਰ ਕਰਨ ਦਾ ਐਲਾਨ ਕਰਨ ਦੀ ਬਜਾਏ ਉਕਤ ਠੇਕਾ ਮੁਲਾਜ਼ਮਾਂ ਬਾਰੇ ਨਵੀਂ ਨੀਤੀ ਲਿਆਉਣ ਬਾਰੇ ਲਗਾਤਾਰ ਦਿੱਤੇ ਜਾ ਰਹੇ ਬਿਆਨਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਸਮੂਹ ਸਰਕਾਰੀ ਵਿਭਾਗਾਂ ਦੇ ਹਰ ਵਰਗ ਦੇ ਠੇਕਾ ਮੁਲਾਜ਼ਮਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਮੁੱਖ ਮੰਤਰੀ ਪੰਜਾਬ ਵੱਲੋਂ ਦਿੱਤੇ ਜਾ ਰਹੇ ਬਿਆਨਾਂ ਤੋਂ ਚੌਕਸ ਰਹਿੰਦੇ ਹੋਏ ਆਪਣਾ ਧਿਆਨ ਮੋਰਚੇ ਵੱਲੋਂ ਦਿੱਤੇ ਸੰਘਰਸ਼ ਪ੍ਰੋਗਰਾਮ ਦੇ ਸੱਦਿਆਂ 'ਤੇ ਕੇਂਦਰਤ ਕਰਕੇ ਨੇਕੀ ਤੇ ਬਦੀ ਦੇ ਪ੍ਰਤੀਕ ਦੁਸਹਿਰੇ ਦੇ ਤਿਓਹਾਰ ਮੌਕੇ 5 ਅਕਤੂਬਰ ਨੂੰ ਸਮੁੱਚੇ ਪੰਜਾਬ ਵਿੱਚ ਪੰਜਾਬ ਸਰਕਾਰ ਦੇ ਆਦਮ-ਕੱਦ ਪੁਤਲੇ ਫੂਕਣ ਤੇ 7 ਅਕਤੂਬਰ ਨੂੰ ਮੁੱਖ ਮੰਤਰੀ ਦੇ ਚੋਣ ਹਲਕੇ ਧੂਰੀ ਵਿਖੇ ਸਟੇਟ ਹਾਈਵੇ ਨੂੰ ਜਾਮ ਕਰਨ ਦੇ ਸੰਘਰਸ਼ ਪ੍ਰੋਗਰਾਮ ਨੂੰ ਆਪਣੇ ਪਰਵਾਰਾਂ ਤੇ ਬੱਚਿਆਂ ਸਮੇਤ ਧੜੱਲੇ ਨਾਲ ਲਾਗੂ ਕਰਨ ਦੀ ਤਿਆਰੀ ਕਰਨ। ਸੂਬਾਈ ਆਗੂਆਂ ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ, ਗੁਰਵਿੰਦਰ ਸਿੰਘ ਪੰਨੂੰ, ਬਲਿਹਾਰ ਸਿੰਘ, ਸ਼ੇਰ ਸਿੰਘ ਲੌਂਗੋਵਾਲ, ਰਮਨਪ੍ਰੀਤ ਕੌਰ ਮਾਨ, ਜਸਪ੍ਰੀਤ ਸਿੰਘ ਗਗਨ, ਸਿਮਰਨਜੀਤ ਸਿੰਘ ਨੀਲੋਂ, ਸੁਰਿੰਦਰ ਕੁਮਾਰ, ਪਵਨਦੀਪ ਸਿੰਘ ਆਦਿ ਨੇ ਪ੍ਰੈੱਸ ਨੂੰ ਜਾਰੀ ਬਿਆਨ 'ਚ ਕਿਹਾ ਕਿ ਸੱਚ ਆਖਰ ਸੌ ਪਰਦੇ ਪਾੜ ਕੇ ਵੀ ਜੱਗ-ਜ਼ਾਹਰ ਹੋ ਜਾਂਦਾ ਹੈ। ਮੁੱਖ ਮੰਤਰੀ ਨੇ ਵਿਧਾਨ ਸਭਾ ਤੇ ਗੁਜਰਾਤ 'ਚ ਬੋਲਦੇ ਹੋਏ ਪ੍ਰਵਾਨ ਕੀਤਾ ਹੈ ਕਿ ਪੰਜਾਬ ਦੇ ਸਮੂਹ ਸਰਕਾਰੀ ਵਿਭਾਗਾਂ ਵਿੱਚ ਆਊਟਸੋਰਸਡ, ਇਨਲਿਸਟਮੈਂਟ ਪ੍ਰਣਾਲੀ ਰਾਹੀਂ ਕੰਮ ਕਰਦੇ ਠੇਕਾ ਮੁਲਾਜ਼ਮਾਂ ਦੀ ਕਿਰਤ ਦੀ ਠੇਕੇਦਾਰਾਂ ਤੇ ਕੰਪਨੀਆਂ ਵੱਲੋਂ ਵੱਡੇ ਪੱਧਰ 'ਤੇ ਲੁੱਟ ਕੀਤੀ ਜਾ ਰਹੀ, ਜਿਸ ਨੂੰ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਤਿੱਖੀ ਲੁੱਟ ਤੇ ਮੁਨਾਫ਼ੇ ਦੀ ਲੋੜ ਵਿੱਚੋਂ ਲਾਗੂ ਕੀਤਾ ਹੈ। ਹੁਣ ਵੇਖਣਾ ਇਹ ਹੈ ਕਿ ਮੁੱਖ ਮੰਤਰੀ ਸਾਹਿਬ ਇਸ ਸੱਚ ਦਾ ਕੋਈ ਹੱਲ ਵੀ ਕਰਦੇ ਹਨ ਜਾਂ ਫਿਰ ਵਿਰੋਧੀਆਂ ਖਿਲਾਫ਼ ਇਸ ਸੱਚ ਨੂੰ ਪ੍ਰਚਾਰ ਕੇ ਪੰਜਾਬ ਦੀ ਤਰ੍ਹਾਂ ਗੁਜਰਾਤ, ਹਿਮਾਚਲ ਤੇ ਹੋਰ ਰਾਜਾਂ ਵਿੱਚ ਸੱਤਾ ਦੀ ਕੁਰਸੀ ਹਥਿਆਉਣ ਲਈ ਹੀ ਇਸ ਸੱਚ ਨੂੰ ਹਥਿਆਰ ਦੇ ਰੂਪ ਵਿੱਚ ਵਰਤਣ ਦੀਆਂ ਧੋਖੇ ਭਰੀਆਂ ਚਾਲਾਂ ਹੀ ਚੱਲ ਰਹੇ ਹਨ। ਇਸ ਲਈ ਸਮੂਹ ਵਿਭਾਗਾਂ ਹਰ ਵਰਗ ਦੇ ਠੇਕਾ ਮੁਲਾਜ਼ਮਾਂ ਨੂੰ ਜ਼ੋਰਦਾਰ ਅਪੀਲ ਹੈ ਕਿ ਉਹ ਮੁੱਖ ਮੰਤਰੀ ਪੰਜਾਬ ਦੇ ਬਿਆਨਾਂ ਤੋਂ ਚੌਕਸ ਰਹਿੰਦੇ ਹੋਏ ਮੋਰਚੇ ਵੱਲੋਂ ਦਿੱਤੇ ਸੰਘਰਸ਼ ਦੇ ਸੱਦਿਆਂ ਨੂੰ ਜ਼ੋਰ-ਸ਼ੋਰ ਨਾਲ ਲਾਗੂ ਕਰਨ।

## ਪੇਂਡੂ ਸਾਂਝੀ ਜ਼ਮੀਨ ਵਿਲੇਜ ਕਾਮਨ ਲੈਂਡ ਐਕਟ ਦੀ ਸੋਧ ਵਿਰੁੱਧ ਸਰਕਾਰ ਦਾ ਫੂਕਿਆ ਪੁਤਲਾ




**ਗੁਰੂ ਹਰਸਹਾਏ (ਦੀਪਕ ਵਧਾਵਨ, ਮਨਦੀਪ ਸੋਢੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਮੀਤ ਪ੍ਰਧਾਨ ਧਰਮ ਸਿੰਘ ਸਿੱਧੂ ਦੀ ਅਗਵਾਈ ਵਿੱਚ ਐੱਫ ਐੱਫ ਰੋਡ ਗੋਲੂ ਕਾ ਮੋੜ ਵਿਖੇ ਭਗਵੰਤ ਮਾਨ ਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ।

ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਆਗੂ ਮੰਗਲ ਸਿੰਘ ਤੇ ਮੇਜਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਕੱਲ੍ਹ ਵਿਧਾਨ ਸਭਾ ਵਿੱਚ ਵਿਲੇਜ ਕਾਮਨ ਲੈਂਡ ਐਕਟ 1961 ਵਿੱਚ ਸੋਧ ਕਰਕੇ ਪਿੰਡ ਦੀਆਂ ਸਾਂਝੀਆਂ ਜ਼ਮੀਨਾਂ ਦੀ ਮਾਲਕੀ ਪੰਚਾਇਤਾਂ ਦੇ ਨਾਮਕਰਨ ਦਾ ਐਕਟ ਪਾਸ ਕੀਤਾ ਗਿਆ ਹੈ। ਇਸ ਐਕਟ ਤਹਿਤ ਲੈਂਡ ਬੈਂਕ ਦੇ ਆਬਾਦਕਾਰਾਂ ਤੋਂ ਜ਼ਮੀਨਾਂ ਖੋਹ ਕੇ ਕਾਰਪੋਰੇਟ ਦੇ ਕਬਜ਼ੇ ਹੇਠ ਕਰਨ ਦਾ ਪ੍ਰਬੰਧ ਕਰ ਰਹੀ ਹੈ, ਜੋ ਕਿ ਪੰਜਾਬ ਦੇ ਲੋਕਾਂ ਨੂੰ ਕਦਾਚਿਤ ਮਨਜ਼ੂਰ ਨਹੀਂ ਹੈ।

ਕਿਸਾਨਾਂ ਨੇ ਅੱਜ ਇਸ ਐਕਟ ਵਿਰੁੱਧ ਮਾਨ ਸਰਕਾਰ ਦਾ ਪੁਤਲਾ ਫੂਕ ਕੇ ਰੋਸ ਮੁਜ਼ਾਹਰਾ ਕੀਤਾ। ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਇਹ ਸੋਧ ਰੱਦ ਨਾ ਕੀਤੀ ਗਈ ਤਾਂ ਪੰਜਾਬ ਸਰਕਾਰ ਵਿਰੁੱਧ ਵੱਡਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਝੁੰਮਣ ਸਿੰਘ, ਗੁਰਮੇਲ ਸਿੰਘ, ਅਵਤਾਰ ਸਿੰਘ, ਅਸ਼ੋਕ ਕੁਮਾਰ, ਹਰਨਾਮ ਸਿੰਘ, ਪ੍ਰੀਤਮ ਸਿੰਘ, ਸ਼ਾਮ ਲਾਲ, ਨਿਸ਼ਾਨ ਸਿੰਘ, ਸੁਖਦੇਵ ਸਿੰਘ ਆਦਿ ਕਿਸਾਨ ਹਾਜ਼ਰ ਸਨ।

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਫੂਕਿਆ ਭਗਵੰਤ ਮਾਨ ਸਰਕਾਰ ਦਾ ਪੁਤਲਾ



**ਜ਼ੀਰਾ (ਨਰਿੰਦਰਾ ਅਨੇਜਾ, ਪਰਮਜੀਤ ਸਿੰਘ ਧੰਜੂ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ੋਨ ਸ਼ਹੀਦ ਬਾਬਾ ਗਾਂਧਾ ਸਿੰਘ ਤੇ ਜ਼ੋਨ ਜ਼ੀਰਾ ਦੀਆਂ ਇਕਾਈਆਂ ਦੇ ਵੱਖ ਵੱਖ ਕਿਸਾਨਾਂ ਮਜ਼ਦੂਰਾਂ ਵੱਲੋਂ ਮੇਨ ਚੌਕ ਜ਼ੀਰਾ 'ਚ ਭਗਵੰਤ ਮਾਨ ਸਰਕਾਰ ਦਾ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਜ਼ੋਨ ਪ੍ਰਧਾਨ ਅਮਨਦੀਪ ਸਿੰਘ ਕੱਚਰ ਭੰਨ ਬਲਰਾਜ ਸਿੰਘ ਫੇਰੋਕੇ ਤੇ ਸੁਖਵੰਤ ਸਿੰਘ ਲੋਹਕਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ 'ਚ ਛੱਡੀਆਂ ਕਾਮਨ ਜ਼ਮੀਨਾਂ ਨੂੰ ਪੰਚਾਇਤੀ ਮਾਲਕੀ ਹੇਠ ਲਿਆਉਣ ਲਈ ਵਿਧਾਨ ਸਭਾ ਦੇ ਚੱਲ ਰਹੇ ਸੈਸ਼ਨ ਵਿੱਚ ਪੰਜਾਬ ਵਿਲੇਜ ਕਾਮਨ ਲੈਂਡ ਰੈਗੂਲੇਸ਼ਨ ਸੋਧ ਬਿੱਲ 2022 ਪਾਸ ਕੀਤਾ ਹੈ। ਇਹ ਸੋਧ ਬਿੱਲ ਅਬਾਦਕਾਰ ਕਿਸਾਨਾਂ ਦੇ ਹੱਕ ਖੋਹਣ ਵਾਲਾ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ 3 ਅਕਤੂਬਰ ਨੂੰ ਕਿਸਾਨੀ ਮੰਗਾਂ ਨੂੰ ਲੈ ਕੇ ਲੱਗਣ ਵਾਲੇ 3 ਘੰਟੇ ਰੇਲ ਰੋਕੋ ਧਰਨੇ ਦੀਆਂ ਤਿਆਰੀਆਂ ਵੀ ਮੁਕੰਮਲ ਕਰ ਲਈਆਂ ਗਈਆਂ ਹਨ, ਪਰ ਜ਼ੀਰਾ ਸ਼ਹੀਦ ਬਾਬਾ ਗਾਂਧਾ ਸਿੰਘ ਤੇ ਤਲਵੰਡੀ ਭਾਈ ਜ਼ੋਨ ਸੂਬਾ ਆਗੂਆਂ ਦੀ ਹਾਜ਼ਰੀ ਵਿੱਚ 3 ਅਕਤੂਬਰ ਨੂੰ ਸਾਂਝਾ ਮੋਰਚਾ ਦੇ ਸੱਦੇ 'ਤੇ ਹੋ ਰਹੇ ਪੰਜਾਬ ਪੱਧਰੀ ਇਕੱਠ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਵੇਗਾ। ਕਿਸਾਨ ਮਜ਼ਦੂਰ ਜਥੇਬੰਦੀ ਪੇਂਡੂ ਕਾਮਨ ਲੈਂਡ ਐਕਟ ਵਿੱਚ ਕੀਤੀ ਗਈ ਸੋਧ ਦਾ ਸਖ਼ਤ ਵਿਰੋਧ ਕਰਦੀ ਹੈ ਤੇ ਮੰਗ ਕਰਦੀ ਹੈ ਕਿ ਇਸ ਕੀਤੀ ਸੋਧ ਨੂੰ ਰੱਦ ਕੀਤਾ ਜਾਵੇ ਨਹੀਂ ਤਾਂ ਪੰਜਾਬ ਸਰਕਾਰ ਖ਼ਿਲਾਫ਼ ਸੰਘਰਸ਼ ਤਿੱਖਾ ਹੋਵੇਗਾ ਤੇ ਹਜ਼ਾਰਾਂ ਅਬਾਦਕਾਰ ਕਿਸਾਨਾਂ ਮਜ਼ਦੂਰਾਂ ਨੂੰ ਉੱਜੜਨ ਨਹੀਂ ਦਿੱਤਾ ਜਾਵੇਗਾ। ਇਸ ਮੌਕੇ ਮਹਿਤਾਬ ਸਿੰਘ ਕੱਚਰਭੰਨ, ਆਰ ਕੇ ਜ਼ੀਰਾ, ਰਵੀ ਜ਼ੀਰਾ, ਪ੍ਰਦੀਪ ਢਿੱਲੋਂ ਜ਼ੀਰਾ, ਜਸਵੰਤ ਸਿੰਘ ਆੜ੍ਹਤੀਆ, ਅਮਰਜੀਤ ਸਿੰਘ ਸੰਤੂਵਾਲ, ਸੁਖਵਿੰਦਰ ਸਿੰਘ ਕੁਹਾਲਾ, ਵਰਿੰਦਰ ਕੱਸੋਆਣਾ ਤੇ ਹੋਰ ਕਿਸਾਨ ਆਗੂ ਮੌਕੇ 'ਤੇ ਹਾਜ਼ਰ ਸਨ।

## ਹੱਕ ਮੰਗਦੇ ਲੋਕਾਂ ਨੂੰ ਅੱਕ ਕੇ ਸੜਕਾਂ, ਰੇਲ ਪਟੜੀਆਂ 'ਤੇ ਬੈਠਣਾ ਪੈ ਰਿਹੈ : ਕਲਾਲ ਮਾਜਰਾ



**ਮਹਿਲ ਕਲਾਂ (ਗੁਰਪ੍ਰੀਤ ਸਿੰਘ ਅਣਖੀ)**-ਪਿੰਡ ਕਲਾਲ ਮਾਜਰਾ ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਚੇਤਨਾ ਸਮਾਗਮ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਾਧੂ ਸਿੰਘ, ਜਨਰਲ ਸਕੱਤਰ ਭੋਲਾ ਸਿੰਘ ਕਲਾਲ ਮਾਜਰਾ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਸਾਥੀ ਭੋਲਾ ਸਿੰਘ ਕਲਾਲ ਮਾਜਰਾ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦੀ ਅਜ਼ਾਦੀ ਅਜੇ ਨਹੀਂ ਆਈ। ਉਨ੍ਹਾਂ ਦੇ ਅਧੂਰੇ ਮਿਸ਼ਨ ਦੀ ਪੂਰਤੀ ਲਈ ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ ਤੇ ਗ਼ਦਰੀ ਬਾਬਿਆਂ ਦੀ ਵਿਚਾਰਧਾਰਾ ਨੂੰ ਘਰ ਘਰ ਤੱਕ ਲੈ ਕੇ ਜਾਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾ ਸੂਬਾ ਸਰਕਾਰ ਉੱਪਰ ਵਾਅਦਾ ਖ਼ਿਲਾਫ਼ੀ ਦੇ ਦੋਸ਼ ਲਗਾਉਂਦੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀਆਂ ਸਹੁੰਆਂ ਖਾ ਕੇ ਰਾਜ ਗੱਦੀ 'ਤੇ ਬੈਠੇ ਸਮੇਂ ਦੇ ਹਾਕਮਾਂ ਨੂੰ ਲੋਕਾਂ ਨਾਲ ਕੀਤੇ ਵਾਅਦੇ ਭੁੱਲ ਚੁੱਕੇ ਹਨ। ਜਿਵੇਂ ਨਸ਼ਿਆਂ, ਬੇਰੁਜ਼ਗਾਰੀ ਦਾ ਖਾਤਮਾ, ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖਤਮ ਕਰਨ ਦੀਆਂ ਝੂਠੀਆਂ ਗਰੰਟੀਆਂ ਦੇਣ ਵਾਲਾ ਸੂਬੇ ਦਾ ਮੁੱਖ ਮੰਤਰੀ ਹੁਣ ਆਮ ਤੋਂ ਖਾਸ ਬਣ ਗਿਆ ਹੈ। ਆਪਣੇ ਹੱਕਾਂ ਦੀ ਪ੍ਰਾਪਤੀ ਤੇ ਇਨਸਾਫ ਲੈਣ ਲਈ ਅੱਕੇ ਲੋਕਾਂ ਨੂੰ ਹੁਣ ਸੜਕਾਂ, ਰੇਲ ਪਟੜੀਆਂ ਉੱਪਰ ਬੈਠਣਾ ਪੈ ਰਿਹਾ ਹੈ। ਉਨ੍ਹਾਂ ਸਮੂਹ ਕਿਰਤੀ ਲੋਕਾਂ ਨੂੰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਨੂੰ ਗ੍ਰਹਿਣ ਕਰਕੇ ਲਾਮਬੰਦੀ ਨੂੰ ਤੇਜ਼ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਅਜੈਬ ਸਿੰਘ, ਕਰਨੈਲ ਸਿੰਘ, ਮਹਿੰਦਰ ਸਿੰਘ, ਜਸਵੰਤ ਸਿੰਘ, ਗੁੱਜਰ ਸਿੰਘ, ਸੁਦਾਗਰ ਸਿੰਘ, ਸੁਰਜੀਤ ਸਿੰਘ, ਮੰਗਲ ਸਿੰਘ, ਸਿਮਰਨਜੀਤ ਸਿੰਘ, ਰਣਜੀਤ ਕੌਰ, ਚਰਨਜੀਤ ਕੌਰ, ਮਹਿੰਦਰ ਕੌਰ, ਅਮਰਜੀਤ ਕੌਰ ਆਦਿ ਹਾਜ਼ਰ ਸਨ।

## ਨਿਸ਼ਾਨ ਅਕੈਡਮੀ ਵੱਲੋਂ ਜ਼ਿਲ੍ਹਾ ਪੱਧਰੀ ਖੇਡਾਂ 'ਚ ਹੂੰਝਾਫੇਰ ਜਿੱਤ


ਔਲਖ ਦੀ ਨਿਸ਼ਾਨ ਅਕੈਡਮੀ ਵਿਖੇ ਜੇਤੂ ਟੀਮਾਂ ਅਕੈਡਮੀ ਸਟਾਫ਼ ਨਾਲ।

**ਮਲੋਟ (ਗੁਰਮੀਤ ਸਿੰਘ ਮੱਕੜ)**-ਨਿਸ਼ਾਨ ਅਕੈਡਮੀ ਔਲਖ ਦੇ ਵਿਦਿਆਰਥੀਆਂ ਦੀਆਂ ਗੱਤਕਾ ਤੇ ਵਾਲੀਬਾਲ ਟੀਮਾਂ (ਲੜਕੇ ਤੇ ਲੜਕੀਆਂ) ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਜੇਤੂ ਰਹੇ ਤੇ ਸੂਬਾ ਪੱਧਰੀ ਖੇਡਾਂ ਵਿੱਚ ਆਪਣੀ ਜਗ੍ਹਾ ਬਣਾਈ। ਇਹ ਖੇਡਾਂ ਗੁਰੂ ਨਾਨਕ ਕਾਲਜ ਸ਼੍ਰੀ ਮੁਕਤਸਰ ਸਾਹਿਬ ਵਿਖੇ ਹੋਈਆਂ, ਜਿਸ ਵਿੱਚ ਨਿਸ਼ਾਨ ਅਕੈਡਮੀ ਦੀ ਗੱਤਕਾ ਟੀਮ ਦੇ ਅੰਡਰ 14,17,19 ਲੜਕਿਆਂ ਤੇ ਲੜਕੀਆਂ ਦੀ ਗੱਤਕਾ ਟੀਮ ਨੇ ਗੱਤਕੇ ਦੇ ਜੌਹਰ ਵਿਖਾਉਂਦੇ ਹੋਏ ਚੰਗਾ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਹਾਸਲ ਕਰਕੇ ਜ਼ਿਲ੍ਹੇ ਭਰ ਵਿੱਚ ਅਕੈਡਮੀ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ, ਜਿਸ ਵਿੱਚ ਗਰੁੱਪ 14 ਲੜਕੇ-ਲੜਕੀਆਂ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ।

ਅੰਡਰ-17 ਲੜਕੇ ਤੇ ਲੜਕੀਆਂ ਵਿੱਚ 10ਵੀਂ ਜਮਾਤ ਦੀ ਕਮਲਪ੍ਰੀਤ ਕੌਰ ਨੇ ਪਹਿਲਾ ਸਥਾਨ ਹਾਸਲ ਕਰਦੇ ਹੋਏ ਗੋਲਡ ਮੈਡਲ ਹਾਸਲ ਕੀਤਾ। ਅੰਡਰ-19 ਲੜਕੀਆਂ ਵਿੱਚ 12ਵੀਂ ਜਮਾਤ ਦੀ ਅਰਸ਼ਦੀਪ ਕੌਰ ਤੇ ਲੜਕਿਆਂ ਵਿੱਚੋਂ ਬਾਰਵੀਂ ਜਮਾਤ ਦੇ ਗੁਰਨਿਸ਼ਾਨ ਸਿੰਘ ਨੇ ਗੋਲਡ ਮੈਡਲ ਅਕੈਡਮੀ ਦੇ ਨਾਮ ਕੀਤਾ। ਗੁਰੂ ਗੋਬਿੰਦ ਸਿੰਘ ਸਟੇਡੀਅਮ ਸ਼੍ਰੀ ਮੁਕਤਸਰ ਸਹਿਬ ਵਿਖੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਅਕੈਡਮੀ ਦੀਆਂ ਲੜਕੀਆਂ ਨੇ ਵਾਲੀਬਾਲ ਮੁਕਾਬਲਿਆਂ ਦੀਆਂ ਅੰਡਰ-14 ਤੇ 17 ਟੀਮਾਂ ਨੇ ਪਹਿਲਾ ਸਥਾਨ ਹਾਸਲ ਕੀਤਾ। ਅੰਡਰ-14 ਲੜਕੀਆਂ ਦੀ ਟੀਮ ਨੇ ਫਾਈਨਲ ਮੈਚ ਵਿੱਚ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਰਾੜ੍ਹ ਕਲਾਂ ਨੂੰ ਹਰਾ ਕੇ ਪਹਿਲਾ ਸਥਾਨ ਅਕੈਡਮੀ ਦੇ ਨਾਂਅ ਕੀਤਾ। ਅੰਡਰ-17 ਲੜਕੀਆਂ ਦੀ ਟੀਮ ਨੇ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਰਾੜ੍ਹ ਕਲਾਂ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਟੀਮਾਂ ਦੇ ਅਕੈਡਮੀ ਪਹੁੰਚਣ 'ਤੇ ਚੇਅਰਮੈਨ ਸ. ਕਸ਼ਮੀਰ ਸਿੰਘ, ਡਾਇਰੈਕਟਰ ਸ੍ਰ. ਇਕਓਂਕਾਰ ਸਿੰਘ, ਪ੍ਰਿੰਸੀਪਲ ਹਰਪ੍ਰੀਤ ਕੌਰ ਤੇ ਵਾਈਸ ਪ੍ਰਿੰਸੀਪਲ ਵੀਰਪਾਲ ਕੌਰ ਨੇ ਬੱਚਿਆਂ ਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਅਕੈਡਮੀ ਦੇ ਵਾਲੀਬਾਲ ਕੋਚ ਜਸਵਿੰਦਰ ਸਿੰਘ ਤੇ ਗੱਤਕਾ ਕੋਚ ਗੁਰਲਾਲ ਸਿੰਘ ਨੂੰ ਮਾਨਮੱਤੀ ਪ੍ਰਾਪਤੀ 'ਤੇ ਮੁਬਾਰਕਬਾਦ ਦਿੱਤੀ।

## ਮਨਰੇਗਾ ਕਾਨੂੰਨ ਨੂੰ ਹੂਬਹੂ ਲਾਗੂ ਕਰਵਾਉਣ ਲਈ ਮਜ਼ਦੂਰ ਹੋਏ ਜਥੇਬੰਦ



**ਸਮਰਾਲਾ (ਸੁਰਜੀਤ ਸਿੰਘ)**-ਇੱਥੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ (ਸੀਟੂ) ਦੇ ਝੰਡੇ ਹੇਠ ਪਿੰਡ ਪੰਜ ਗਰਾਈਆਂ ਤੇ ਟਾਂਡਾ ਕੁਸ਼ਲ ਸਿੰਘ ਦੇ ਮਨਰੇਗਾ ਮਜ਼ਦੂਰਾਂ ਦਾ ਇੱਕ ਇਕੱਠ ਸਾਥੀ ਹਰੀ ਰਾਮ ਭੱਟੀ ਤੇ ਕਸ਼ਮੀਰੀ ਲਾਲ ਦੀ ਅਗਵਾਈ ਵਿੱਚ ਕੀਤਾ ਗਿਆ। ਮਜ਼ਦੂਰਾਂ ਦੇ ਇਸ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਸੀਟੂ ਦੇ ਸੂਬਾ ਸਕੱਤਰ ਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਸਾਥੀ ਅਮਰ ਨਾਥ ਕੂੰਮਕਲਾਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮਨਰੇਗਾ ਕਾਨੂੰਨ ਨੂੰ ਖਤਮ ਕਰਨ ਲਈ ਲਗਾਤਾਰ ਪੰਚਾਇਤ ਤੇ ਪੇਂਡੂ ਵਿਕਾਸ ਦੇ ਬਜਟ ਵਿੱਚ ਅਤੇ ਸਕੀਮ ਵਰਕਰਾਂ ਲਈ ਬਜਟ ਵਿੱਚ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ। ਮਨਰੇਗਾ ਜ਼ਦੂਰਾਂ ਨੂੰ ਸਾਲ ਵਿੱਚ ਮਨਰੇਗਾ ਕਾਨੂੰਨ ਮੁਤਾਬਿਕ ਘੱਟੋ-ਘੱਟ ਸੌ ਦਿਨ ਕੰਮ ਦੇਣਾ ਅਤਿ ਜ਼ਰੂਰੀ ਹੈ ਤੇ ਕਾਨੂੰਨ ਮੁਤਾਬਿਕ ਪੂਰਾ ਕੰਮ ਨਾ ਦੇਣ ਦੀ ਸੂਰਤ ਵਿੱਚ ਬੇ-ਰੁਜ਼ਗਾਰੀ ਭੱਤਾ ਦੇਣ ਲਈ ਕਾਨੂੰਨ ਵਿੱਚ ਮਦ ਦਰਜ ਹੈ। ਮਜ਼ਦੂਰਾਂ ਨੂੰ ਕੀਤੇ ਕੰਮ ਦੀਆਂ ਉਜ਼ਰਤਾਂ ਹਰੇਕ ਪੰਦਰਾਂ ਦਿਨਾਂ ਬਾਅਦ ਭੁਗਤਾਨ ਕਰਨਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਸਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਉਨ੍ਹਾਂ ਮਜ਼ਦੂਰਾਂ ਨੂੰ ਜਥੇਬੰਦ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ, ਕਿਉਂਕਿ ਜਥੇਬੰਦੀ ਹੀ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਹਥਿਆਰ ਤੇ ਢਾਲ ਬਣ ਕੇ ਸੰਘਰਸ਼ਸ਼ੀਲ ਲੋਕਾਂ ਦੇ ਅੰਗ-ਸੰਗ ਖੜਦੀ ਹੈ। ਬਾਅਦ ਵਿੱਚ ਉਪਰੋਕਤ ਪ੍ਰਧਾਨ, ਜਨਰਲ ਸਕੱਤਰ, ਖਜ਼ਾਨਚੀ ਤੋਂ ਇਲਾਵਾ ਮੀਤ ਪ੍ਰਧਾਨ ਬੀਬੀ ਅਮਰੀਕ ਕੌਰ, ਰੋਜ਼ੀ ਜੁਆਇੰਟ ਸਕੱਤਰ ਬੀਬੀ ਸਰਿੰਦਰਪਾਲ ਕੌਰ, ਹਰਪਾਲ ਕੌਰ ਤੋਂ ਇਲਾਵਾ ਵਰਕਿੰਗ ਕਮੇਟੀ ਮੈਂਬਰ ਸਰਵਣ ਸਿੰਘ, ਟਹਿਲ ਸਿੰਘ, ਬਿੱਕਰ ਸਿੰਘ, ਬਲਜੀਤ ਕੌਰ, ਬਲਵੀਰ ਕੌਰ, ਮਹਿੰਦਰ ਕੌਰ, ਮਨਜੀਤ ਕੌਰ, ਸੀਲੋ ਦੇਵੀ, ਸੀਮਾ ਰਾਣੀ ਸਰਬ ਸੰਮਤੀ ਨਾਲ ਚੁਣੇ ਗਏ।

## ਬਾਬਾ ਫਰੀਦ ਸਕੂਲ ਛੱਤਿਆਣਾ ਵੱਲੋਂ ਖੇਡ ਟੂਰਨਾਮੈਂਟ 'ਚ ਸ਼ਾਨਦਾਰ ਪ੍ਰਦਰਸ਼ਨ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬੀਤੇ ਦਿਨ ਬਾਬਾ ਫਰੀਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਦੀਆਂ ਵੱਖ ਵੱਖ ਟੀਮਾਂ ਨੇ ਜ਼ਿਲ੍ਹਾ ਪੱਧਰੀ ਸਕੂਲ ਖੇਡ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਮੈਨੇਜਮੈਂਟ ਡਾਇਰੈਕਟਰ ਹਰਜੀਤ ਸਿੰਘ ਬਰਾੜ, ਗੁਰਮੇਲ ਸਿੰਘ ਡੀ ਪੀ ਈ, ਕੋਚ ਮਨਪ੍ਰੀਤ ਸਿੰਘ ਤੇ ਕੋਚ ਤਰਸੇਮ ਕੁਮਾਰ ਨੇ ਦੱਸਿਆ ਕਿ ਕਬੱਡੀ ਨੈਸ਼ਨਲ ਸਟਾਈਲ ਵਿੱਚ ਅੰਡਰ 19 ਸਾਲ ਲੜਕੀਆਂ ਦੀ ਟੀਮ ਨੇ ਪਹਿਲਾ, ਨੈੱਟਬਾਲ ਅੰਡਰ 14 ਸਾਲ ਲੜਕੀਆਂ ਨੇ ਪਹਿਲਾ, ਅੰਡਰ 17 ਸਾਲ ਨੈੱਟਬਾਲ ਲੜਕਿਆਂ ਨੇ ਪਹਿਲਾ, ਅੰਡਰ 19 ਸਾਲ ਨੈੱਟਬਾਲ ਲੜਕਿਆਂ ਨੇ ਪਹਿਲਾ ਅਤੇ ਅੰਡਰ 14 ਸਾਲ ਨੈੱਟਬਾਲ 'ਚ ਲੜਕੀਆਂ ਨੇ ਪਹਿਲਾ, ਅੰਡਰ 17 ਸਾਲ ਨੈੱਟਬਾਲ ਲੜਕੀਆਂ ਨੇ ਪਹਿਲਾ, ਅੰਡਰ 19 ਸਾਲ ਨੈੱਟਬਾਲ ਲੜਕੀਆਂ ਨੇ ਪਹਿਲਾ, ਅੰਡਰ 14 ਸਾਲ ਲੜਕੀਆਂ ਨੇ ਖੋ ਖੋ ਵਿੱਚ ਦੂਜਾ, ਅੰਡਰ 17 ਸਾਲ ਖੋ ਖੋ ਲੜਕੀਆਂ ਨੇ ਪਹਿਲਾ ਅਤੇ ਅੰਡਰ 19 ਸਾਲ ਖੋ ਖੋ ਲੜਕੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਹੀ ਕੁਸ਼ਤੀ ਫਰੀ ਸਟਾਈਲ ਵਿੱਚ ਅੰਡਰ 14 ਸਾਲ 'ਚ ਦਿੱਗਵਿਜੇ ਸਿੰਘ 41 ਕਿੱਲੋ ਵਜ਼ਨ 'ਚ ਪਹਿਲਾ ਸਥਾਨ, ਜੋਬਨਪ੍ਰੀਤ ਸਿੰਘ 44 ਕਿੱਲੋ 'ਚ ਦੂਜਾ ਅਤੇ ਅੰਡਰ 17 ਸਾਲ ਨਵਦੀਪ ਸਿੰਘ 51 ਕਿੱਲੋ 'ਚ ਦੂਜਾ, ਹਰਜੀਤ ਸਿੰਘ 55 ਕਿੱਲੋ 'ਚ ਪਹਿਲਾ, ਪ੍ਰਭਯਸ਼ ਸਿੰਘ 71 ਕਿੱਲੋ 'ਚ ਪਹਿਲਾ, ਗੁਰਜੋਤ ਸਿੰਘ 80 ਕਿੱਲੋ 'ਚ ਪਹਿਲਾ, ਹਰਪ੍ਰੀਤ ਸਿੰਘ 92 ਕਿੱਲੋ 'ਚ ਦੂਜਾ ਅਤੇ ਅੰਡਰ 19 ਸਾਲ 'ਚ ਗੁਰਮੀਤ ਸਿੰਘ 57 ਕਿੱਲੋ 'ਚ ਦੂਜਾ, ਪ੍ਰਕਾਸ਼ ਸਿੰਘ 70 ਕਿੱਲੋ 'ਚ ਦੂਜਾ, ਜਸਦੀਪ ਸਿੰਘ 74 ਕਿੱਲੋ 'ਚ ਦੂਜਾ, ਸੁਖਵੀਰ ਸਿੰਘ 79 ਕਿੱਲੋ 'ਚ ਪਹਿਲਾ, ਅਰਮਾਨਦੀਪ ਸਿੰਘ 86 ਕਿੱਲੋ 'ਚ ਦੂਜਾ, ਸ਼ੰਹੀਤ ਕੁਮਾਰ 92 ਕਿੱਲੋ 'ਚ ਪਹਿਲਾ, ਵਿਸ਼ਵਦੀਪ ਸਿੰਘ 97 ਕਿੱਲੋ 'ਚ ਦੂਜਾ ਸਥਾਨ ਹਾਸਲ ਕੀਤਾ। ਕੁਸ਼ਤੀ ਗਰੀਕੋ ਰੋਮਨ ਅੰਡਰ 17 ਸਾਲ 'ਚ ਸੁਖਮਨ ਸਿੰਘ 60 ਕਿੱਲੋ 'ਚ ਪਹਿਲਾ, ਦਵਿੰਦਰਪਾਲ ਸਿੰਘ 71 ਕਿੱਲੋ 'ਚ ਪਹਿਲਾ, ਅੰਡਰ 19 ਸਾਲ 'ਚ ਗੁਰਮੀਤ ਸਿੰਘ ਨੇ 55 ਕਿੱਲੋ 'ਚ ਪਹਿਲਾ, ਜਗਜੀਤ ਸਿੰਘ 60 ਕਿੱਲੋ 'ਚ ਦੂਜਾ, ਆਕਾਸ਼ਦੀਪ ਸਿੰਘ 65 ਕਿੱਲੋ 'ਚ ਤੀਜਾ, ਪ੍ਰਕਾਸ਼ ਸਿੰਘ 72 ਕਿੱਲੋ 'ਚ ਦੂਜਾ, ਸਿਮਰਨਪ੍ਰੀਤ ਸਿੰਘ 82 ਕਿੱਲੋ 'ਚ ਪਹਿਲਾ ਤੇ ਵਿਸ਼ਵਦੀਪ ਸਿੰਘ 97 ਕਿੱਲੋ 'ਚ ਦੂਜਾ ਸਥਾਨ ਹਾਸਲ ਕੀਤਾ। ਇਨ੍ਹਾਂ ਖਿਡਾਰੀਆਂ ਨੂੰ ਸਨਮਾਨਤ ਕਰਨ ਲਈ ਸਕੂਲ ਵਿੱਚ ਰੱਖੇ ਗਏ ਸਾਦੇ ਸਮਾਗਮ 'ਚ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ, ਪ੍ਰਿੰਸੀਪਲ ਪਰਮਜੀਤ ਕੌਰ ਤੇ ਸਮੂਹ ਸਟਾਫ ਵੱਲੋਂ ਹੌਸਲਾ ਅਫਜ਼ਾਈ ਲਈ ਵਿਸ਼ੇਸ਼ ਸਨਮਾਨ ਕੀਤਾ।



## ਏ ਐੱਸ ਸਕੂਲ 'ਚ ਟ੍ਰੈਫਿਕ ਪ੍ਰਤੀ ਜਾਗਰੂਕਤਾ ਕੈਂਪ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਪੁਲਸ ਜ਼ਿਲ੍ਹਾ ਖੰਨਾ ਦੇ ਐੱਸ ਐੱਸ ਪੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਖੰਨਾ ਦੇ ਏ ਐੱਸ ਸੀਨੀਅਰ ਸੈਕੰਡਰੀ ਸਕੂਲ ਵਿਖੇ ਡੀ ਐੱਸ ਪੀ ਟ੍ਰੈਫਿਕ ਕਰਨੈਲ ਸਿੰਘ ਦੀ ਅਗਵਾਈ ਵਿੱਚ ਟ੍ਰੈਫਿਕ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਮੌਕੇ ਡੀ ਐੱਸ ਪੀ ਕਰਨੈਲ ਸਿੰਘ ਵੱਲੋਂ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕਤਾ ਕਰਦੇ ਹੋਏ ਦੱਸਿਆ ਕਿ ਅਠਾਰਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਡਰਾਈਵਿੰਗ ਨਾ ਕਰਨ, ਡਰਾਈਵਿੰਗ ਕਰਦੇ ਸਮੇਂ ਮੋਬਾਇਲ ਦੀ ਵਰਤੋਂ ਨਾ ਕਰਨਾ, ਦੋ ਪਹੀਏ ਵਾਹਨ ਉੱਪਰ ਤਿੰਨ ਸਵਾਰੀਆਂ ਦਾ ਨਾ ਬੈਠਣਾ, ਸੜਕ ਉੱਪਰ ਝੁੰਡ ਬਣਾ ਕੇ ਨਾ ਚੱਲਣ ਆਦਿ। ਝੁੰਡ ਦੇ ਰੂਪ ਵਿੱਚ ਜਾ ਰਹੇ ਬੱਚਿਆਂ ਦਾ ਧਿਆਨ ਗੱਲਾਂ ਕਰਨ 'ਚ ਲੱਗਦਾ ਹੈ, ਜਿਸ ਕਾਰਨ ਕੋਈ ਵੱਡਾ ਹਾਦਸਾ ਵੀ ਵਾਪਰ ਸਕਦਾ ਹੈ। ਇਸ ਤੋਂ ਇਲਾਵਾ ਡੀ ਐੱਸ ਪੀ ਟ੍ਰੈਫਿਕ ਕਰਨੈਲ ਸਿੰਘ ਨੇ ਬੱਚਿਆਂ ਦੇ ਮਾਤਾ-ਪਿਤਾ ਨੂੰ ਵੀ ਅਪੀਲ ਕੀਤੀ ਕਿ ਉਹ ਨਾਬਾਲਗ ਬੱਚਿਆਂ ਨੂੰ ਵਹੀਕਲ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਇਸ ਸਮੇਂ ਉਨ੍ਹਾਂ ਨਾਲ ਟ੍ਰੈਫਿਕ ਪੁਲਸ ਇੰਚਾਰਜ ਥਾਣੇਦਾਰ ਪਰਮਜੀਤ ਸਿੰਘ ਬੈਨੀਪਾਲ, ਪ੍ਰਿੰਸੀਪਲ ਇੰਦਰਜੀਤ ਸਿੰਘ, ਅਧਿਆਪਕ ਰਾਕੇਸ਼ ਕੁਮਾਰ ਗਰਗ, ਸ੍ਰੀ ਭੀਮ ਸੈਨ, ਅਧਿਆਪਕਾ ਮੰਜੂ ਮੜਕਨ, ਸਤਵੰਤ ਸਿੰਘ ਢਿੱਲੋਂ ਕਲਰਕ, ਸਮੂਹ ਸਟਾਫ ਤੇ ਬੱਚਿਆਂ ਨੇ ਵੱਡੇ ਪੱਧਰ 'ਤੇ ਭਾਗ ਲਿਆ।

## ਗੰਗੋਹਰ 'ਚ ਭਾਕਿਯੂ ਉਗਰਾਹਾਂ ਨੂੰ ਝਟਕਾ, ਵੱਡੀ ਗਿਣਤੀ ਵਰਕਰਾਂ ਵੱਲੋਂ ਸਿੱਧੂਪੁਰ 'ਚ ਸ਼ਾਮਲ ਹੋਣ ਦਾ ਐਲਾਨ



**ਮਹਿਲ ਕਲਾਂ (ਗੁਰਪ੍ਰੀਤ ਸਿੰਘ ਅਣਖੀ, ਬਲਵਿੰਦਰ ਵਜੀਦਕੇ)**-ਭਾਕਿਯੂ ਉਗਰਾਹਾਂ ਨੂੰ ਉਸ ਸਮੇਂ ਭਾਰੀ ਝਟਕਾ ਲੱਗਿਆ, ਜਦੋਂ ਪਿੰਡ ਗੰਗੋਹਰ (ਬਰਨਾਲਾ) ਵਿਖੇ ਇੱਕ ਮੀਟਿੰਗ ਕਰਕੇ ਭਾਰਤੀ ਕਿਸਾਨ ਯੂਨੀਅਨ ਬੀਕੇਯੂ ਉਗਰਾਹਾਂ ਦੇ ਇਕਾਈ ਪ੍ਰਧਾਨ ਦਰਸ਼ਨ ਸਿੰਘ, ਜਨ: ਸਕੱਤਰ ਚਰਨਜੀਤ ਸਿੰਘ, ਜਗਜੀਤ ਸਿੰਘ ਜੱਗੀ, ਸੁਖਚੈਨ ਸਿੰਘ, ਬਲਵਿੰਦਰ ਸਿੰਘ, ਕੁਲਵਿੰਦਰ ਸਿੰਘ ਬੀਹਲਾ ਸਿੰਘ, ਤਜਿੰਦਰ ਸਿੰਘ ਨੇ ਆਪਣੇ ਪਰਵਾਰਾਂ ਸਮੇਤ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਵੱਲੋਂ ਬਰਨਾਲਾ ਰੈਲੀ ਵਿਖੇ ਭਾਈ ਅੰਮ੍ਰਿਤਪਾਲ ਸਿੰਘ ਖਿਲਾਫ ਟਿੱਪਣੀਆਂ ਕੀਤੇ ਜਾਣ ਤੋਂ ਨਰਾਜ਼ ਹੋ ਕੇ ਭਾਕਿਯੂ ਉਗਰਾਹਾਂ ਨੂੰ ਛੱਡ ਕੇ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਭਾਕਿਯੂ ਸਿੱਧੂਪੁਰ ਦੇ ਆਗੂਆਂ ਵੱਲੋਂ ਭਾਕਿਯੂ ਉਗਰਾਹਾਂ ਨੂੰ ਛੱਡ ਕੇ ਭਾਕਿਯੂ ਸਿੱਧੂਪੁਰ 'ਚ ਸ਼ਾਮਲ ਹੋਏ ਵਰਕਰਾਂ ਨੂੰ ਜੀ ਆਇਆਂ ਆਖਦਿਆਂ ਉਨ੍ਹਾਂ ਨੂੰ ਜਥੇਬੰਦੀ ਦੇ ਝੰਡੇ, ਬੈਜ ਲਗਾ ਕੇ ਸਨਮਾਨਤ ਕੀਤਾ।

ਇਸ ਮੌਕੇ ਭਾਕਿਯੂ ਸਿੱਧੂਪੁਰ ਦੇ ਜਸਪਾਲ ਸਿੰਘ ਕਲਾਲ ਮਾਜਰਾ, ਨਛੱਤਰ ਸਿੰਘ ਸਹੌਰ, ਕਰਨੈਲ ਸਿੰਘ, ਜਗਪਾਲ ਸਿੰਘ ਸਹਿਜੜਾ, ਰਾਜੂ ਗਿੱਲ ਨੇ ਕਿਹਾ ਕਿ ਭਾਕਿਯੂ ਸਿੱਧੂਪੁਰ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਹੇਠ ਜਥੇਬੰਦੀ ਕਿਸਾਨਾਂ ਤੇ ਸਿੱਖ ਮੁੱਦਿਆਂ ਦੀ ਲੜਾਈ ਲੜਦੀ ਆ ਰਹੀ ਹੈ, ਜਿਸ ਕਰਕੇ ਹਰ ਰੋਜ਼ ਵੱਖ ਵੱਖ ਜਥੇਬੰਦੀਆਂ ਦੇ ਵਰਕਰ, ਆਗੂ ਆਪੋ ਆਪਣੀਆਂ ਜਥੇਬੰਦੀਆਂ ਨੂੰ ਛੱਡ ਕੇ ਭਾਕਿਯੂ ਸਿੱਧੂਪੁਰ ਵਿੱਚ ਸ਼ਾਮਲ ਹੋ ਰਹੇ ਹਨ।

# ਹੱਕੀ ਮੰਗਾਂ ਲਈ ਬੀ ਕੇ ਯੂ ਏਕਤਾ ਸਿੱਧੂਪੁਰ ਵੱਲੋਂ ਅਣਮਿੱਥੇ ਸਮੇਂ ਲਈ ਧਰਨਾ



ਮਲੋਟ ਵਿਖੇ ਧਰਨੇ ਦੌਰਾਨ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਕਿਸਾਨ।

**ਮਲੋਟ (ਗੁਰਮੀਤ ਸਿੰਘ ਮੱਕੜ)**-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਸਥਾਨਕ ਬਠਿੰਡਾ ਰੋਡ 'ਤੇ ਅਣਮਿੱਥੇ ਸਮੇਂ ਲਈ ਧਰਨਾ ਲਗਾ ਦਿੱਤਾ ਗਿਆ ਹੈ। ਦੋ ਅਗਸਤ ਨੂੰ ਹੋਈ ਮੀਟਿੰਗ ਵਿੱਚ ਪੰਜਾਬ ਸਰਕਾਰ ਨੇ ਜੋ ਵਾਅਦੇ ਕੀਤੇ ਸਨ, ਉਹ ਮੁਕੰਮਲ ਰੂਪ ਵਿੱਚ ਪੂਰੇ ਨਹੀਂ ਹੋਏ, ਜਿਸ ਨੂੰ ਲੈ ਕੇ ਯੂਨੀਅਨ ਵੱਲੋਂ ਧਰਨਾ ਲਗਾਇਆ ਗਿਆ। ਆਗੂਆਂ ਨੇ ਧਰਨੇ ਦੌਰਾਨ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਕਿਸਾਨਾਂ ਨੂੰ ਜੋ ਦਬਕੇ ਮਾਰ ਰਹੀ ਹੈ, ਕਿਸਾਨ ਉਸ ਤੋਂ ਡਰਨ ਵਾਲੇ ਨਹੀਂ ਅਤੇ ਕਿਸਾਨ ਹਰ ਤਰ੍ਹਾਂ ਦੇ ਸੰਘਰਸ਼ ਲਈ ਤਿਆਰ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣਾ ਕਿਸਾਨਾਂ ਦਾ ਸ਼ੌਕ ਨਹੀਂ, ਬਲਕਿ ਮਜਬੂਰੀ ਹੈ। ਆਗੂਆਂ ਨੇ ਇਹ ਵੀ ਕਿਹਾ ਕਿ ਸਰਕਾਰ ਮਾਨਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀ ਗੱਲ ਨਹੀਂ ਕਰ ਰਹੀ, ਬਲਕਿ ਕਾਨੂੰਨ ਦਾ ਡਰ ਵਿਖਾ ਕੇ ਕਿਸਾਨਾਂ ਨੂੰ ਪ੍ਰੇਸ਼ਾਨ ਕਰਨ ਦੇ ਰਾਹ ਤੁਰ ਪਈ ਹੈ। ਕਿਸਾਨਾਂ ਨੇ ਵੀ ਕਿਹਾ ਕਿ ਨਰਮੇ ਦਾ ਬਣਦਾ ਮੁਆਵਜ਼ਾ ਨਹੀਂ ਦਿੱਤਾ ਗਿਆ ਤੇ ਇਹ ਸਿਰਫ ਇੱਕ ਚੌਥਾਈ ਕਿਸਾਨਾਂ ਨੂੰ ਹੀ ਮਿਲ ਸਕਿਆ ਹੈ ਅਤੇ ਬਹੁਤੇ ਕਿਸਾਨ ਇਸ ਨਰਮੇ ਦੇ ਮੁਆਵਜ਼ੇ ਤੋਂ ਵਾਂਝੇ ਹਨ। ਕਿਸਾਨ ਆਗੂਆਂ ਤੇ ਬੁਲਾਰਿਆਂ ਨੇ ਪੰਜਾਬ ਦੀ ਸਮੇਂ ਦੀ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਸਰਕਾਰ ਨੇ ਦੋ ਅਗਸਤ ਵਾਲੀ ਮੀਟਿੰਗ ਦੇ ਵਾਅਦੇ ਪੂਰੇ ਨਹੀਂ ਕੀਤੇ, ਇਸੇ ਕਰਕੇ ਕਿਸਾਨਾਂ ਨੂੰ ਇਹ ਅਣਮਿੱਥੇ ਸਮੇਂ ਦਾ ਧਰਨਾ ਲਗਾਉਣਾ ਪਿਆ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪ੍ਰਾਈਵੇਟ ਖੰਡ ਮਿੱਲਾਂ ਵੱਲੋਂ ਕਿਸਾਨਾਂ ਦੀ ਗੰਨੇ ਦੀ ਫ਼ਸਲ ਦਾ ਮੁਕੰਮਲ ਬਕਾਇਆ ਨਹੀਂ ਦਿੱਤਾ ਗਿਆ ਤੇ ਗੰਨੇ ਦਾ ਭਾਅ ਵੀ ਲਾਗਤ ਅਨੁਸਾਰ ਨਹੀਂ ਮਿੱਥਿਆ ਜਾ ਰਿਹਾ। ਉਨ੍ਹਾਂ ਇਹ ਵੀ ਕਿਹਾ ਕਿ ਕਿਸਾਨੀ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਰਿਵਾਰਾਂ ਨੂੰ ਸਰਕਾਰੀ ਨੌਕਰੀ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਕਣਕ 'ਤੇ ਬੋਨਸ, ਚਿੱਟੇ ਮੱਛਰ ਨਾਲ ਨੁਕਸਾਨੇ ਨਰਮੇ ਦਾ ਮੁਆਵਜ਼ਾ ਆਦਿ ਮੰਗਾਂ ਵੀ ਅਧੂਰੀਆਂ ਪਈਆਂ ਹਨ। ਆਗੂਆਂ ਨੇ ਕਿਹਾ ਕਿ ਝੋਨੇ ਦੀ ਖਰੀਦ ਤੱਕ ਅਤੇ ਹੋਰ ਮੰਗਾਂ ਮੁਕੰਮਲ ਰੂਪ 'ਚ ਮੰਗੇ ਜਾਣ ਤੱਕ ਕਿਸਾਨਾਂ ਦਾ ਇਹ ਧਰਨਾ ਜਾਰੀ ਰਹੇਗਾ। ਧਰਨੇ ਵਿੱਚ ਹੋਰ ਭਰਾਤਰੀ ਜਥੇਬੰਦੀਆਂ ਤੋਂ ਇਲਾਵਾ ਵੈਟਰਨਰੀ ਫਾਰਮਾਸਿਸਟ ਯੂਨੀਅਨ ਸ਼੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹਾ ਪ੍ਰਧਾਨ ਅਮਨਜੀਤ ਸਿੰਘ ਦੀ ਅਗਵਾਈ ਵਿੱਚ ਦੋ ਦਰਜਨ ਤੋਂ ਵੱਧ ਵਿਅਕਤੀਆਂ ਨੇ ਇਸ ਧਰਨੇ ਵਿੱਚ ਸ਼ਮੂਲੀਅਤ ਕੀਤੀ ਅਤੇ ਪੁਰਜ਼ੋਰ ਹਮਾਇਤ ਕਰਦਿਆਂ ਕਿਸਾਨਾਂ ਦੀਆਂ ਮੰਗਾਂ ਤੇ ਧਰਨੇ ਦੀ ਨਿਰੰਤਰ ਹਮਾਇਤ ਕਰਨ ਦਾ ਐਲਾਨ ਵੀ ਕੀਤਾ।

# ਗਰੀਬ ਪਰਵਾਰਾਂ ਦੇ ਬੱਚਿਆਂ ਨਾਲ ਹੋਰ ਧੱਕਾ ਬਰਦਾਸ਼ਤ ਨਹੀਂ ਕਰਾਂਗੇ : ਦਿਗਵਿਜੇ

**ਮੋਗਾ (ਅਮਰਜੀਤ ਬੱਬਰੀ)**-ਕੇਂਦਰ ਸਰਕਾਰ ਵੱਲੋਂ ਗਰੀਬ ਤੇ ਹੁਸ਼ਿਆਰ ਬੱਚਿਆਂ ਨੂੰ ਮਾਲੀ ਸਹਾਇਤਾ ਦੇ ਕੇ ਪੜ੍ਹਨ ਲਈ ਉਤਸ਼ਾਹਤ ਕਰਨ ਤੇ ਲੜਕੀਆਂ ਨੂੰ ਸਕੂਲ ਆਉਣ ਲਈ ਪ੍ਰੇਰਿਤ ਕਰਨ ਲਈ ਕਈ ਵਜ਼ੀਫਾ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਸਕੀਮਾਂ ਤਹਿਤ ਸਰਕਾਰੀ ਸਕੂਲਾਂ ਵਿੱਚ ਪਹਿਲੀ ਤੋਂ ਦਸਵੀਂ ਤੱਕ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਸਾਲ ਵਿੱਚ ਇੱਕ ਵਾਰ 1000-1500 ਰੁਪਏ ਵਜ਼ੀਫਾ ਰਾਸ਼ੀ ਦਿੱਤੀ ਜਾਂਦੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਤੇ ਸੂਬਾ ਸਕੱਤਰ ਸਰਵਣ ਸਿੰਘ ਔਜਲਾ ਨੇ ਦੱਸਿਆ ਕਿ ਇਨ੍ਹਾਂ ਵਜ਼ੀਫਿਆਂ ਦੀ ਰਕਮ ਬਹੁਤ ਘੱਟ ਹੈ, ਪਰ ਇਸ ਵਜ਼ੀਫੇ ਲਈ ਬਿਨੈ ਕਰਨ ਲਈ ਕਾਗਜ਼ੀ ਕਾਰਵਾਈ ਬਹੁਤ ਜ਼ਿਆਦਾ ਹੈ। ਵਿਦਿਆਰਥੀਆਂ ਨੂੰ ਹਰ ਸਾਲ ਸਾਲਾਨਾ ਆਮਦਨ ਦਾ ਸਰਟੀਫਿਕੇਟ ਅਰਜ਼ੀ ਦੇ ਨਾਲ ਲਗਾਉਣ ਲਈ ਕਿਹਾ ਜਾਂਦਾ ਹੈ ਤੇ ਰਿਹਾਇਸ਼ ਦਾ ਸਰਟੀਫਿਕੇਟ ਲਗਾਉਣ ਲਈ ਵੀ ਕਿਹਾ ਜਾਂਦਾ ਹੈ। ਇਨ੍ਹਾਂ ਸਰਟੀਫਿਕੇਟਾਂ ਨੂੰ ਬਣਵਾਉਣ ਲਈ ਵਿਦਿਆਰਥੀਆਂ ਦੇ ਆਰਥਿਕ ਤੇ ਸਮਾਜਿਕ ਤੌਰ 'ਤੇ ਵੰਚਿਤ ਮਾਪਿਆਂ ਨੂੰ ਸੁਵਿਧਾ ਕੇਂਦਰਾਂ ਦੇ ਚੱਕਰ ਲਗਾਉਣੇ ਪੈਂਦੇ ਹਨ ਤੇ ਓਥੇ ਲਾਈਨਾਂ ਵਿੱਚ ਖੜ ਕੇ ਆਪਣੀਆਂ ਕੀਮਤੀ ਦਿਹਾੜੀਆਂ ਖਰਾਬ ਕਰਨੀਆਂ ਪੈਂਦੀਆਂ ਹਨ। ਇਸ ਅੰਤ ਦੀ ਖੱਜਲ-ਖੁਆਰੀ ਬਾਰੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਕਰਨੈਲ ਸਿੰਘ ਚਿੱਟੀ, ਵਿੱਤ ਸਕੱਤਰ ਜਸਵਿੰਦਰ ਬਠਿੰਡਾ ਤੇ ਸੂਬਾਈ ਆਗੂ ਬਲਬੀਰ ਲੌਂਗੋਵਾਲ ਨੇ ਬੋਲਦਿਆਂ ਕਿਹਾ ਕਿ ਵਜ਼ੀਫੇ ਦੀ ਇੰਨੀ ਘੱਟ ਰਾਸ਼ੀ ਲਈ ਏਨੀ ਕਾਗਜ਼ੀ ਕਾਰਵਾਈ ਦੀ ਮੰਗ ਕਰਨ ਤੋਂ ਇਹ ਸਪੱਸ਼ਟ ਹੈ ਕਿ ਸਰਕਾਰ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਜ਼ੀਫਾ ਸਕੀਮਾਂ ਲਈ ਅਰਜ਼ੀ ਦੇਣ ਲਈ ਨਿਰ-ਉਤਸ਼ਾਹਿਤ ਕਰਨਾ ਚਾਹੁੰਦੀ ਹੈ ਤਾਂ ਕਿ ਮਾਪੇ ਇਹ ਸੋਚਣ ਕਿ ਵਜ਼ੀਫਾ ਰਾਸ਼ੀ ਜਿੰਨੇ ਪੈਸੇ ਤਾਂ ਸਾਡੇ ਕਾਗਜ਼-ਪੱਤਰ ਪੂਰੇ ਕਰਨ 'ਤੇ ਹੀ ਲੱਗ ਜਾਂਦੇ ਹਨ, ਅਜਿਹੀ ਸਥਿਤੀ ਵਿੱਚ ਵਜ਼ੀਫੇ ਲਈ ਬਿਨੈ ਕਰਨ ਦਾ ਕੀ ਲਾਭ ਹੈ? ਉਨ੍ਹਾਂ ਕਿਹਾ ਕਿ ਸਰਕਾਰ ਅਜਿਹਾ ਇਸ ਲਈ ਕਰਨਾ ਚਾਹੁੰਦੀ ਹੈ ਤਾਂ ਕਿ ਉਸ ਨੂੰ ਘੱਟ ਤੋਂ ਘੱਟ ਵਜ਼ੀਫਾ ਦੇਣਾ ਪਵੇ। ਸੂਬਾ ਕਮੇਟੀ ਨੇ ਸਰਕਾਰ ਤੋਂ ਮੰਗ ਕੀਤੀ ਕਿ ਕਾਗਜ਼ੀ ਕਾਰਵਾਈ ਵਜ਼ੀਫੇ ਦੀ ਰਕਮ ਦੇ ਅਨੁਸਾਰ ਹੋਣੀ ਚਾਹੀਦੀ ਹੈ ਤੇ ਜਿੱਥੇ ਵਜ਼ੀਫੇ ਦੀ ਰਕਮ 50,000 ਰੁਪਏ ਸਾਲਾਨਾ ਤੋਂ ਘੱਟ ਹੋਵੇ, ਓਥੇ ਉਪਰੋਕਤ ਸਰਟੀਫਿਕੇਟ ਪੇਸ਼ ਕਰਨ ਦੀ ਸ਼ਰਤ ਹਟਾ ਕੇ ਮਾਪਿਆਂ ਦੁਆਰਾ ਦਿੱਤੇ ਸਵੈ-ਘੋਸ਼ਣਾ ਪੱਤਰ ਲਾਉਣ ਨੂੰ ਮਨਜ਼ੂਰੀ ਦਿੱਤੀ ਜਾਣੀ ਚਾਹੀਦੀ ਹੈ। ਸੂਬਾ ਪ੍ਰਧਾਨ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜਥੇਬੰਦੀ ਆਰਥਿਕ ਤੌਰ 'ਤੇ ਹਾਸ਼ੀਏ 'ਤੇ ਧੱਕੇ ਪਰਵਾਰਾਂ ਦੇ ਬੱਚਿਆਂ ਨਾਲ ਹੋਰ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰੇਗੀ।

# ਕਿਸਾਨ ਸੰਘਰਸ਼ ਕਮੇਟੀ ਵੱਲੋਂ ਬੰਗਾਲੀ ਵਾਲਾ ਪੁਲ 'ਤੇ ਨੈਸ਼ਨਲ ਹਾਈਵੇ ਜਾਮ

**ਮੱਖੂ (ਰਛਪਾਲ ਸਿੰਘ ਸੰਧੂ)**

ਸੰਯੁਕਤ ਕਿਸਾਨ ਮੋਰਚਾ (ਗ਼ੈਰ-ਰਾਜਨੀਤਕ) ਵੱਲੋਂ ਸੜਕੀ ਚੱਕਾ ਜਾਮ ਦੇ ਸੱਦੇ 'ਤੇ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਵੱਲੋਂ ਨਜ਼ਦੀਕ ਬੰਗਾਲੀ ਵਾਲਾ ਪੁਲ 'ਤੇ ਨੈਸ਼ਨਲ ਹਾਈਵੇਅ-54 ਉੱਪਰ ਜ਼ਬਰਦਸਤ ਧਰਨਾ ਲਗਾਇਆ ਗਿਆ। ਇਸ ਧਰਨੇ ਦੀ ਅਗਵਾਈ ਫ਼ਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਮੰਡ, ਸੋਹਣ ਸਿੰਘ ਸਭਰਾ, ਪ੍ਰਗਟ ਸਿੰਘ, ਰਣਜੀਤ ਸਿੰਘ, ਕਰਨੈਲ ਸਿੰਘ, ਬਾਬਾ ਪ੍ਰਗਟ ਸਿੰਘ, ਹਰਜੀਤ ਸਿੰਘ, ਨਿਰਮਲ ਸਿੰਘ ਨੇ ਸੁਚਾਰੂ ਢੰਗ ਨਾਲ ਕੀਤੀ। ਇਸ ਮੌਕੇ ਜਥੇਬੰਦੀ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ, ਸੁਖਵਿੰਦਰ ਸਿੰਘ ਤੇ ਕਾਰਜ ਸਿੰਘ ਘਰਿਆਲਾ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ 2 ਅਗਸਤ ਨੂੰ ਪੰਜਾਬ ਸਰਕਾਰ ਨਾਲ ਹੋਈ ਸੀ, ਜਿਸ ਵਿੱਚ ਕਿਸਾਨੀ ਨਾਲ ਸਬੰਧਤ 28 ਮੰਗਾਂ ਰੱਖੀਆਂ ਗਈਆਂ ਸਨ। ਪੰਜਾਬ ਸਰਕਾਰ ਨੇ ਮੰਗਾਂ ਮੰਨਣ ਦੀ ਗੱਲ ਕਹੀ, ਪਰ ਸਰਕਾਰ ਇਨ੍ਹਾਂ ਸਾਰੀਆਂ ਮੰਗਾਂ ਤੋਂ ਭੱਜ ਰਹੀ ਹੈ, ਪਰ ਸਰਕਾਰ ਨੂੰ ਕਦੇ ਵੀ ਵਾਅਦਾ ਕਰਕੇ ਮੁਕਰਨ ਨਹੀਂ ਦਿੱਤਾ ਜਾਵੇਗਾ। ਇਨ੍ਹਾਂ ਮੰਗਾਂ ਵਿੱਚ ਝੋਨੇ ਦੀ ਪਰਾਲੀ ਦਾ ਮੁੱਦਾ, ਸੈਂਟਰ ਸਰਕਾਰ ਦੀਆਂ 2007 ਤੋਂ ਬਾਅਦ ਅਲਾਟ ਕੀਤੀਆਂ ਹੋਈਆਂ ਜ਼ਮੀਨਾਂ ਨੂੰ ਪੱਕਿਆਂ ਕਰਨਾ, ਦਿੱਲੀ ਵਿਖੇ ਮੋਰਚੇ ਵਿੱਚ ਸ਼ਹੀਦ ਹੋਏ ਕਿਸਾਨਾਂ ਦੇ ਪਰਵਾਰਾਂ ਨੂੰ ਮੁਆਵਜ਼ਾ ਦੇਣਾ ਤੇ ਪਰਵਾਰ ਦੇ ਇੱਕ ਜੀਅ ਨੂੰ ਨੌਕਰੀ ਦੇਣਾ, ਗੰਨਾ ਮਿੱਲਾਂ, ਜੋ ਬੰਦ ਪਈਆਂ ਹਨ, ਉਨ੍ਹਾਂ ਨੂੰ ਦੁਬਾਰਾ ਚਾਲੂ ਕਰਨਾ ਆਦਿ ਮੰਗਾਂ ਸ਼ਾਮਲ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੂਰਨ ਸਿੰਘ ਸਸਤੇ ਵਾਲੀ, ਸੁਖਦੇਵ ਸਿੰਘ, ਰਣਬੀਰ ਸਿੰਘ, ਅਵਤਾਰ ਸਿੰਘ, ਗੁਰਸਾਹਿਬ ਸਿੰਘ ਸਭਰਾ, ਸਾਰਜ ਸਿੰਘ ਰਸੂਲਪੁਰ, ਸੁਖਦੇਵ ਸਿੰਘ, ਗੁਰਮੀਤ ਸਿੰਘ, ਜਗਤਾਰ ਸਿੰਘ, ਬਲਦੇਵ ਸਿੰਘ, ਬੁੱਧ ਸਿੰਘ, ਸੁਖਜਿੰਦਰ ਸਿੰਘ ਰੂੜੀਵਾਲਾ, ਹਰਜੀਤ ਸਿੰਘ, ਸੁਖਬੀਰ ਸਿੰਘ, ਹਰਪਾਲ ਸਿੰਘ ਜ਼ੋਨ ਪ੍ਰਧਾਨ, ਜਸਵਿੰਦਰ ਸਿੰਘ ਫੌਜੀ, ਕੁਲਦੀਪ ਸਿੰਘ, ਲਖਬੀਰ ਸਿੰਘ, ਬਲਦੇਵ ਸਿੰਘ ਵਲਟੋਹਾ, ਜਗਦੇਵ ਸਿੰਘ, ਬਲੀ ਸਿੰਘ ਤਲਵੰਡੀ, ਗੁਰਬੀਰ ਸਿੰਘ, ਕੈਪਟਨ ਮਨਜੀਤ ਸਿੰਘ ਆਦਿ ਹਾਜ਼ਰ ਸਨ।



ਨੈਸ਼ਨਲ ਹਾਈਵੇ 'ਤੇ ਧਰਨਾ ਦਿੰਦੇ ਹੋਏ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਆਗੂ।

## ਕਾਤਰਾਂ

### ਨੀਤੂ ਵਿਰਕ ਦਾ ਨਵਾਂ ਗੀਤ 'ਲੜਿਆ ਨਾ ਕਰ' ਚਰਚਾ 'ਚ



**ਜਲਾਲਾਬਾਦ (ਦਰੂਜਾ)**-ਬਹੁਤ ਹੀ ਪ੍ਰਸਿੱਧ ਤੇ ਮਿੱਠੀ ਆਵਾਜ਼ ਦੀ ਮਲਿਕਾ ਤੇ ਖ਼ੂਬਸੂਰਤ ਅਦਾਕਾਰਾ ਨੀਤੂ ਵਿਰਕ ਦਾ ਨਵਾਂ ਗੀਤ 'ਲੜਿਆ ਨਾ ਕਰ' ਯੂ ਟਿਊਬ 'ਤੇ ਰਿਲੀਜ਼ ਹੋ ਚੁੱਕਾ ਹੈ, ਜਿਸ ਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਜਿਸ ਨੂੰ ਸੁਖਬੀਰ ਭਸੌੜ ਦੀ ਮਿਊਜ਼ਿਕ ਕੰਪਨੀ ਯੋ ਸਟਾਰ ਮਿਊਜ਼ੀਕਲ ਵੱਲੋਂ ਤੇ ਇਸ ਦਾ ਮਿਊਜ਼ਿਕ ਕੁਲਵਿੰਦਰ ਮੁਸਾਪੁਰੀਆ ਵੱਲੋਂ ਤਿਆਰ ਕੀਤਾ ਗਿਆ ਹੈ। ਨੀਤੂ ਵਿਰਕ ਨੇ ਪੱਤਰਕਾਰ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਯੋ ਸਟਾਰ ਦੀ ਸਾਰੀ ਟੀਮ ਵੱਲੋਂ ਅਤੇ ਨੀਤੂ ਵਿਰਕ ਵੱਲੋਂ ਇਸ ਗੀਤ ਨੂੰ ਬਹੁਤ ਮਿਹਨਤ ਨਾਲ ਤਿਆਰ ਕੀਤਾ ਗਿਆ ਹੈ। ਇਸ ਨੂੰ ਸਰੋਤਿਆਂ ਨੇ ਬਹੁਤ ਪਿਆਰ ਦਿੱਤਾ ਹੈ ਤੇ ਅੱਗੇ ਵੀ ਬਹੁਤ ਪਿਆਰ ਮਿਲ ਰਿਹਾ ਹੈ ਤੇ ਸਾਡੇ ਵੱਲੋਂ ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ।

### ਸੀਫੇਟ ਵੱਲੋਂ ਉਦਯੋਗ ਇੰਟਰਫੇਸ ਤੇ ਕਿਸਾਨ ਮੇਲਾ ਭਲਕੇ

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**-ਸੈਂਟਰਲ ਇੰਸਟੀਚਿਊਟ ਆਫ ਪੋਸਟ-ਹਾਰਵੈਸਟ ਇੰਜੀਨੀਅਰਿੰਗ ਐਂਡ ਟੈਕਨਾਲੋਜੀ-ਆਈ.ਸੀ.ਏ.ਆਰ. (ਸੀਫੇਟ) ਦੇ 34ਵੇਂ ਸਥਾਪਨਾ ਦਿਵਸ ਮੌਕੇ 3 ਅਕਤੂਬਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 5.30 ਵਜੇ ਤੱਕ (ਇੱਕ ਦਿਨ ਲਈ) ਆਈ.ਸੀ.ਏ.ਆਰ.-ਸੀਫੇਟ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਉਦਯੋਗ ਇੰਟਰਫੇਸ ਤੇ ਕਿਸਾਨ ਮੇਲਾ-2022 ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਸੀਫੇਟ ਦੇ ਡਾਇਰੈਕਟਰ ਸ੍ਰੀ ਨਚੀਕੇਤ ਕੋਤਵਾਲੀ ਵਾਲੇ ਨੇ ਸੀਫੇਟ ਦੇ ਪ੍ਰੈੱਸ ਕਾਨਫਰੰਸ ਹਾਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ। ਇਸ ਮੌਕੇ ਉਨ੍ਹਾ ਨਾਲ ਡਾ. ਆਰ ਕੇ ਸਿੰਘ ਪ੍ਰੋਜੈਕਟ ਕੋਆਰਡੀਨੇਟਰ ਖੇਤੀਬਾੜੀ ਢਾਂਚੇ ਤੇ ਵਾਤਾਵਰਨ ਪ੍ਰਬੰਧਨ ਵਿੱਚ ਪਲਾਸਟਿਕ ਇੰਜੀਨੀਅਰਿੰਗ ਅਤੇ ਡਾ. ਐੱਸ. ਕੇ. ਤਿਆਗੀ ਪ੍ਰੋਜੈਕਟ ਕੋਆਰਡੀਨੇਟਰ ਵਾਢੀ ਤੋਂ ਬਾਅਦ ਇੰਜੀਨੀਅਰਿੰਗ ਤੇ ਤਕਨਲੋਜੀ ਵੀ ਸ਼ਾਮਲ ਸਨ।

### ਪਰਾਲੀ ਸੜਨ ਦੇ ਖ਼ਤਰੇ ਨਾਲ ਨਜਿੱਠਣ ਲਈ ਕੰਟਰੋਲ ਰੂਮ ਸਥਾਪਤ

**ਰਾਜਪੁਰਾ (ਰਮੇਸ਼ ਕਟਾਰੀਆ)**-ਉੱਪ ਮੰਡਲ ਮੈਜਿਸਟਰੇਟ ਡਾ. ਸੰਜੀਵ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੌਜੂਦਾ ਸਾਉਣੀ ਸੀਜ਼ਨ ਦੌਰਾਨ ਕਿਸਾਨਾਂ ਨੂੰ ਪਰਾਲੀ ਦੇ ਨਿਪਟਾਰੇ ਸਬੰਧੀ ਸੁਚੇਤ ਕਰਨ ਲਈ ਸਬ ਡਵੀਜ਼ਨ ਰਾਜਪੁਰਾ ਵਿਖੇ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ, ਜਿੱਥੇ ਕਿਸਾਨ ਮਸ਼ੀਨਰੀ ਸਬੰਧੀ ਜਾਣਕਾਰੀ ਤੇ ਪਰਾਲੀ ਨੂੰ ਅੱਗ ਲੱਗਣ ਦੀ ਘਟਨਾ ਸਬੰਧੀ ਆਮ ਲੋਕ ਸੂਚਨਾ ਦੇ ਸਕਣਗੇ। ਉਨ੍ਹਾ ਦੱਸਿਆ ਕਿ ਕਿਸਾਨ ਫ਼ੋਨ ਨੰਬਰ 76961-25302 ਉਤੇ ਸੰਪਰਕ ਕਰ ਸਕਦੇ ਹਨ ਜਾਂ ਫੇਰ ਦਫ਼ਤਰ ਤਹਿਸੀਲਦਾਰ ਰਾਜਪੁਰਾ ਵਿਖੇ ਕਮਰਾ ਨੰਬਰ 203 ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਡਾ. ਸੰਜੀਵ ਕੁਮਾਰ ਨੇ ਦੱਸਿਆ ਕਿ ਉਕਤ ਨੰਬਰ 'ਤੇ ਫ਼ੋਨ ਕਰਕੇ ਕਿਸਾਨ ਪਰਾਲੀ ਦੇ ਨਿਪਟਾਰੇ ਲਈ ਵਰਤੀ ਜਾਣ ਵਾਲੀ ਆਧੁਨਿਕ ਮਸ਼ੀਨਰੀ ਸਬੰਧੀ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਐੱਸ.ਡੀ.ਐੱਮ. ਨੇ ਦੱਸਿਆ ਕਿ ਜੇਕਰ ਕੋਈ ਆਪਣੇ ਖੇਤ ਵਿੱਚ ਪਰਾਲੀ ਨੂੰ ਅੱਗ ਲਗਾਉਂਦਾ ਹੈ ਤਾਂ ਉਸ ਸਬੰਧੀ ਸ਼ਿਕਾਇਤ ਵੀ ਕੰਟਰੋਲ ਰੂਮ ਨੰਬਰ 76961-25302 'ਤੇ ਦਿੱਤੀ ਜਾ ਸਕਦੀ ਹੈ।

### ਬੀ ਕੇ ਯੂ ਖੋਸਾ ਨੇ ਕਿਸਾਨੀ ਮੰਗਾਂ ਨੂੰ ਲੈ ਕੇ ਬੁੱਘੀਪੁਰਾ ਚੌਕ ਕੀਤਾ ਜਾਮ

**ਮੋਗਾ (ਅਮਰਜੀਤ ਬੱਬਰੀ)**-ਸਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਦੇ ਅੰਗ ਭਾਰਤੀ ਕਿਸਾਨ ਯੂਨੀਅਨ (ਖੋਸਾ) ਵੱਲੋਂ ਕਿਸਾਨੀ ਮੰਗਾਂ ਨੂੰ ਲੈ ਕੇ ਮੋਗਾ ਦੇ ਬੁੱਗੀਪੁਰਾ ਚੌਕ ਵਿੱਚ ਵਿਸ਼ਾਲ ਧਰਨਾ ਦਿੱਤਾ ਗਿਆ ਤੇ ਸੜਕਾਂ ਜਾਮ ਕੀਤੀਆਂ ਗਈਆਂ। ਇਸ ਮੌਕੇ ਕਿਸਾਨਾਂ ਨੇ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣਾ ਉਨ੍ਹਾਂ ਦੀ ਮਜਬੂਰੀ ਹੈ, ਕਿਉਂਕਿ ਜਿਸ ਮਸ਼ੀਨ ਨਾਲ ਸਰਕਾਰ ਪਰਾਲੀ ਸੰਭਾਲਣ ਦੀ ਗੱਲ ਕਰ ਰਹੀ ਹੈ, ਉਸ ਦੀਆਂ ਕੀਮਤਾਂ ਐਨੀਆਂ ਜ਼ਿਆਦਾ ਹਨ ਕਿ ਕਿਸਾਨ ਖ੍ਰੀਦ ਨਹੀਂ ਸਕਦਾ ਅਤੇ ਨਾ ਹੀ ਸਰਕਾਰ ਵੱਲੋਂ ਇਨ੍ਹਾਂ ਮਸ਼ੀਨਾਂ 'ਤੇ ਸਬਸਿਡੀ ਦਿੱਤੀ ਜਾ ਰਹੀ ਹੈ। ਕਿਸਾਨਾਂ ਨੇ ਮੰਗ ਕੀਤੀ ਕਿ ਲੰਪੀ ਸਕਿਨ ਦੀ ਬਿਮਾਰੀ ਨਾਲ ਕਿਸਾਨਾਂ ਦੇ ਮਰੇ ਪਸ਼ੂਆਂ ਦਾ ਮੁਆਵਜ਼ਾ ਦਿੱਤਾ ਜਾਵੇ, ਕਿਸਾਨਾਂ ਦੇ ਵਾਇਰਸ ਰੋਗ ਨਾਲ ਨੁਕਸਾਨੇ ਝੋਨੇ ਦੀ ਗਿਰਦਾਵਰੀ ਕਰਵਾ ਕੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ, ਬੀ ਬੀ ਐੱਮ ਵਿੱਚ ਪੰਜਾਬ ਨੂੰ ਨੁਮਾਇੰਦਗੀ ਦਿੱਤੀ ਜਾਵੇ, ਪੰਜਾਬ ਤੋਂ ਬਾਹਰਲੇ ਲੋਕਾਂ ਨੂੰ ਨੌਕਰੀਆਂ ਦੇਣੀਆਂ ਬੰਦ ਕੀਤੀਆਂ ਜਾਣ ਅਤੇ ਉਨ੍ਹਾਂ ਦੀ ਥਾਂ ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣ। ਉਨ੍ਹਾ ਕਿਹਾ ਕਿ ਚਿੱਟੀ ਮੱਖੀ ਦੇ ਹਮਲੇ ਨਾਲ ਨਰਮੇ ਦਾ ਭਾਰੀ ਨੁਕਸਾਨ ਹੋਇਆ ਹੈ, ਉਸ ਦਾ ਮੁਆਵਜ਼ਾ ਅਜੇ ਤੱਕ ਨਹੀਂ ਦਿੱਤਾ ਗਿਆ। ਮੀਂਹ ਕਾਰਨ ਝੋਨੇ ਦੀ ਫਸਲ ਡੁੱਬ ਗਈ, ਉਨ੍ਹਾਂ ਦਾ ਮੁਆਵਜ਼ਾ ਵੀ ਸਰਕਾਰ ਵੱਲੋਂ ਅਜੇ ਤੱਕ ਨਹੀਂ ਦਿੱਤਾ ਗਿਆ।

### ਸੇਂਟ ਮਹਾਂਪ੍ਰਗਿਆ ਸਕੂਲ ਵੱਲੋਂ ਵਿਦਿਆਰਥੀਆਂ ਦਾ ਟ੍ਰਿਪ

**ਜਗਰਾਉਂ (ਸੰਜੀਵ ਅਰੋੜਾ)**-ਸੇਂਟ ਮਹਾਂਪ੍ਰਗਿਆ ਸਕੂਲ ਦੇ ਨਿਰਦੇਸ਼ਕ ਵਿਸ਼ਾਲ ਜੈਨ ਦੀ ਅਗਵਾਈ ਹੇਠ ਸਕੂਲ ਵਿਦਿਆਰਥੀਆਂ ਲਈ ਵਿੱਦਿਅਕ ਤੇ ਐਡਵੈਂਚਰ ਟ੍ਰਿਪ ਦਾ ਆਯੋਜਨ ਕੀਤਾ ਗਿਆ, ਜਿਸ 'ਚ ਸ਼੍ਰੇਣੀ ਤੀਸਰੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਨੇ ਸੈਂਪਲ ਜੰਗਲ ਕੈਂਪ ਵਿੱਚ ਵਿਭਿੰਨ ਪ੍ਰਕਾਰ ਦੇ ਐਡਵੈਂਚਰ ਰੋਪ ਵਾਲ ਹੈਗਿੰਗਾ ਜਿਪ ਲਾਈਨ ਆਦਿ ਦਾ ਖੂਬ ਆਨੰਦ ਉਠਾਇਆ। ਨੰਨ੍ਹੇ-ਮੁੰਨੇ ਬੱਚੇ ਪਹਾੜਾਂ 'ਤੇ ਚੜ੍ਹ ਕੇ ਤੇ ਪਹਾੜੀ ਦ੍ਰਿਸ਼ਾਂ ਨੂੰ ਦੇਖ ਕੇ ਕਾਫ਼ੀ ਰੋਮਾਂਚਕ ਹੋਏ। ਸ਼੍ਰੇਣੀ ਛੇਵੀਂ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਲਈ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਤੇ ਰੰਗਲਾ ਪੰਜਾਬ ਕਪੂਰਥਲਾ ਵਿੱਚ ਵਿਦਿਆਰਥੀਆਂ ਨੇ ਸਾਇੰਸ ਵਿਸ਼ੇ ਸਬੰਧੀ ਗਿਆਨ ਪ੍ਰਾਪਤ ਕਰਕੇ ਵਿਸ਼ੇ ਦੀਆਂ ਬਰੀਕੀਆਂ ਨੂੰ ਜਾਣਿਆ। ਸਾਰੇ ਵਿਦਿਆਰਥੀਆਂ ਨੇ ਸੰਗੀਤ ਦੀਆਂ ਧੁਨਾਂ 'ਤੇ ਨਾਚ ਕੀਤਾ। ਬੱਚਿਆਂ ਦੇ ਖਿੜੇ ਹੋਏ ਚਿਹਰੇ ਦੇਖ ਕੇ ਵਿਸ਼ਾਲ ਜੈਨ ਨੇ ਕਿਹਾ ਕਿ ਇਸ ਤਰ੍ਹਾਂ ਦੇ ਵਿੱਦਿਅਕ ਤੇ ਸਹਾਇਕ ਯਾਤਰਾਵਾਂ ਵਿਦਿਆਰਥੀਆਂ 'ਚ ਸਿੱਖਿਆ ਦੇ ਪ੍ਰਤੀ ਰੁਚੀ ਜਗਾਉਂਦੇ ਹਨ। ਵਿਸ਼ਾਲ ਜੈਨ ਨੇ ਸਾਰੇ ਸ਼੍ਰੇਣੀ ਅਧਿਆਪਕਾਂ ਤੇ ਟ੍ਰਿਪ ਇੰਚਾਰਜ ਮੈਨੇਜਰ ਮਨਜੀਤ ਇੰਦਰ ਕੁਮਾਰ ਦੀ ਕੁਸ਼ਲ ਦੇਖ-ਰੇਖ ਲਈ ਉਨ੍ਹਾਂ ਦੀ ਖੂਬ ਪ੍ਰਸ਼ੰਸਾ ਕੀਤੀ।

# ਪ੍ਰੋਫੈਸਰਾਂ 'ਤੇ ਬੇਤਹਾਸ਼ਾ ਲਾਠੀਚਾਰਜ ਦੇ ਵਿਰੋਧ 'ਚ ਰੋਸ ਮਾਰਚ

## ਸੰਜੀਦਾ ਲੋਕਾਂ ਨੇ ਪ੍ਰਸ਼ਾਸਨ ਨੂੰ ਸੌਂਪਿਆ ਚਿਤਾਵਨੀ ਪੱਤਰ

**ਬਰਨਾਲਾ (ਬਲਰਾਮ ਚੱਠਾ)**-ਬਰਨਾਲਾ ਸ਼ਹਿਰ ਅੰਦਰ ਪਿਛਲੇ ਦਿਨੀਂ 1158 ਪ੍ਰੋਫੈਸਰਾਂ 'ਤੇ ਹੋਏ ਬੇਤਹਾਸ਼ਾ ਲਾਠੀਚਾਰਜ ਦੇ ਵਿਰੋਧ ਵਿੱਚ ਇਲਾਕੇ ਦੀਆਂ ਦਰਜਨਾਂ ਕਿਸਾਨ, ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ, ਬੁੱਧੀਜੀਵੀ, ਵਦਿਆਰਥੀਆਂ ਦੀਆਂ ਜਥੇਬੰਦੀਆਂ, ਇਲਾਕੇ ਦੀਆਂ ਸਾਹਿਤ ਸਭਾਵਾਂ ਤੇ ਸਮਾਜਿਕ ਜਥੇਬੰਦੀਆਂ ਦੇ ਬੈਨਰ ਹੇਠ ਸੈਂਕੜੇ ਕਾਰਕੁਨਾਂ ਨੇ ਦਾਣਾ ਮੰਡੀ ਬਰਨਾਲਾ ਵਿਖੇ ਰੈਲੀ ਕਰਨ ਉਪਰੰਤ ਡਿਪਟੀ ਕਮਿਸ਼ਨਰ ਬਰਨਾਲਾ ਨੂੰ ਸਾਰੇ ਸ਼ਹਿਰ ਅੰਦਰ ਰੋਸ ਮਾਰਚ ਕਰਨ ਉਪਰੰਤ ਚਿਤਾਵਨੀ ਪੱਤਰ ਸੌਂਪਿਆ। ਸਮੂਹ ਬੁਲਾਰਿਆਂ ਨੇ ਕਿਹਾ ਕਿ ਬਰਨਾਲਾ ਦੀ ਇਨਕਲਾਬੀ ਜਰਖੇਜ਼ ਧਰਤੀ ਇਸ ਧੱਕੇਸ਼ਾਹੀ ਨੂੰ ਕਦਾਚਿਤ ਵੀ ਬਰਦਾਸ਼ਤ ਨਹੀਂ ਕਰੇਗੀ ਤੇ ਹਰ ਜਬਰ ਦਾ ਮੁਕਾਬਲਾ ਬਰਨਾਲਾ ਦੇ ਸੰਜੀਦਾ ਏਕੇ ਨਾਲ ਕਰਨਗੇ। ਇਸ ਰੋਸ ਮਾਰਚ 'ਚ ਸਮੂਹ ਲੇਖਕ ਸਭਾਵਾਂ ਤੇ ਬੁੱਧੀਜੀਵੀ ਵਰਗ ਨੇ ਵੀ ਵੱਡੇ ਪੱਧਰ ਸ਼ਮੂਲੀਅਤ ਕੀਤੀ। ਪ੍ਰਸ਼ਾਸਨ ਨੂੰ ਸੌਂਪੇ ਚਿਤਾਵਨੀ ਪੱਤਰ ਵਿੱਚ ਮੰਗ ਕੀਤੀ ਗਈ ਕਿ ਪ੍ਰੋਫੈਸਰਾਂ 'ਤੇ ਦਰਜ ਕੀਤੇ ਝੂਠੇ ਪਰਚੇ ਰੱਦ ਕੀਤੇ ਜਾਣ ਤੇ ਬਰਨਾਲਾ ਪੁਲਸ ਪ੍ਰਸ਼ਾਸਨ ਆਪਣਾ ਸਮਾਜਿਕ ਰਵੱਈਆ ਠੀਕ ਕਰੇ, ਜੋ ਕਿ ਅੰਤ ਨਿੰਦਣਯੋਗ ਹੈ। ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਇਸ ਤਰ੍ਹਾਂ ਦਾ ਦੁਬਾਰਾ ਵਰਤਾਰਾ ਵਾਪਰਦਾ ਹੈ ਤਾਂ ਸਰਕਾਰ ਤੇ ਪ੍ਰਸ਼ਾਸਨ ਨੂੰ ਤਿੱਖੇ ਜਨਤਕ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਇਸ ਮਾਰਚ ਤੋਂ ਪਹਿਲਾਂ ਬਰਨਾਲਾ ਦੀ ਦਾਣਾ ਮੰਡੀ ਵਿੱਚ ਹੋਏ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਮੁਲਾਜ਼ਮ ਡਿਫੈਂਸ ਕਮੇਟੀ ਦੇ ਆਗੂਆਂ ਕਰਮਜੀਤ ਸਿੰਘ ਬੀਹਲਾ, ਰਾਜੀਵ ਕੁਮਾਰ, ਤਰਸੇਮ ਭੱਠਲ, ਪਰਮਿੰਦਰ ਸਿੰਘ ਬੀ ਐੱਡ ਅਧਿਆਪਕ, ਮਨੋਹਰ ਲਾਲ ਪੈਨਸ਼ਨਰ ਆਗੂ ਨੇ ਮੰਗ ਕੀਤੀ ਕਿ ਸੰਘਰਸ਼ ਕਰ ਰਹੇ ਹਰ ਵਰਗ ਨਾਲ, ਡੰਡੇ ਨਾਲ ਨਹੀਂ ਸਗੋਂ ਗੱਲਬਾਤ ਨਾਲ ਪੇਸ਼ ਆਇਆ ਜਾਵੇ ਤੇ ਸਰਕਾਰ ਬਣਨ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਯਾਦ ਕੀਤਾ ਜਾਵੇ। ਇਸ ਇਕੱਠ ਨੂੰ ਬੀ.ਕੇ.ਯੂ. ਉਗਰਾਹਾਂ ਦੇ ਦਰਸ਼ਨ ਸਿੰਘ ਭੈਣੀ ਮਹਿਰਾਜ, ਬੀ.ਕੇ.ਯੂ. ਡਕੌਂਦਾ ਦੇ ਮਨਜੀਤ ਸਿੰਘ ਧਨੇਰ, ਕਰਾਂਤੀਕਾਰੀ ਕਿਸਾਨ ਯੂਨੀਅਨ ਦੇ ਮਨਜੀਤ ਰਾਜ, ਪ.ਸ.ਸ.ਫ. ਦੇ ਦਰਸ਼ਨ ਚੀਮਾ, ਦਿਹਾਤੀ ਮਜ਼ਦੂਰ ਸਭਾ ਦੇ ਭੋਲਾ ਸਿੰਘ ਕਲਾਲ ਮਾਜਰਾ, ਡੀ.ਐੱਮ.ਐੱਫ. ਦੇ ਖੁਸ਼ਮਿੰਦਰ ਪਾਲ, ਏਟਕ ਤੋਂ ਕਾਮਰੇਡ ਖੁਸ਼ੀਆ ਸਿੰਘ, ਪੀ.ਐੱਸ.ਐੱਮ.ਐੱਸ.ਯੂ. ਦੇ ਰਵਿੰਦਰ ਸ਼ਰਮਾ, ਇਨਕਲਾਬੀ ਕੇਂਦਰ ਦੇ ਨਰਾਇਣ ਦੱਤ, ਜਮਹੂਰੀਅਤ ਦੇ ਅਧਿਕਾਰ ਸਭਾ ਦੇ ਗੁਰਮੇਲ ਸਿੰਘ ਠੁੱਲੀਵਾਲ, ਤਰਕਸ਼ੀਲ ਸੁਸਾਇਟੀ ਦੇ ਰਾਜਿੰਦਰਭ ਦੌੜ, ਮੈਡੀਕਲ ਪਰੈਕਟੀਸ਼ਨਰ ਆਗੂ ਅਮਰਜੀਤ ਕੁਕੂ, ਸਹਾਇਕ ਪ੍ਰੋਫੈਸਰਾਂ ਤੇ ਲਾਇਬਰੇਰੀਅਨ ਫਰੰਟ ਦੇ ਈਸ਼ਾਮ ਦਾਨ, ਮਲਟੀਪਰਪਜ਼ ਦੇ ਹੈਲਥ ਆਗੂ ਜਰਨੈਲ ਧੌਲਾ ਆਦਿ ਨੇ ਵੀ ਸੰਬੋਧਨ ਕੀਤਾ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਕੇਂਦਰ ਖਿਲਾਫ਼ ਅਰਥੀ ਫੂਕ ਮੁਜ਼ਾਹਰਾ ਭਲਕੇ

**ਜਗਰਾਉਂ (ਸੰਜੀਵ ਅਰੋੜਾ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਤਿੰਨ ਅਕਤੂਬਰ ਨੂੰ ਲਖੀਮਪੁਰ ਖੀਰੀ ਕਿਸਾਨ ਕਤਲੇਆਮ ਦੇ ਕਾਲੇ ਦਿਨ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਜ਼ਿਲ੍ਹੇ ਭਰ 'ਚ ਮੋਦੀ ਹਕੂਮਤ ਦੀਆਂ ਅਰਥੀਆਂ ਫੂਕਦੇ ਹੋਏ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤੇ ਜਾਣਗੇ। ਇਸ ਸਬੰਧੀ ਇੱਥੇ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਮਹਿੰਦਰ ਸਿੰਘ ਕਮਾਲਪੁਰਾ ਦੀ ਪ੍ਰਧਾਨਗੀ ਹੇਠ ਹੋਈ। ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਕੱਤਰ ਇੰਦਰਜੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਮੋਰਚੇ ਦੀਆਂ ਹੋਰਨਾਂ ਧਿਰਾਂ ਨਾਲ ਰਲ ਕੇ 3 ਅਕਤੂਬਰ ਨੂੰ ਜਗਰਾਉਂ, ਰਾਏਕੋਟ, ਪਾਇਲ ਤੇ ਲੁਧਿਆਣਾ ਵਿਖੇ ਰੋਸ ਪ੍ਰਦਰਸ਼ਨ ਕਰੇਗੀ। ਉਨ੍ਹਾਂ ਦੱਸਿਆ ਕਿ ਜਗਰਾਉਂ ਵਿਖੇ ਜਗਤਾਰ ਸਿੰਘ ਦੇਹੜਕਾ ਤੇ ਹਰਜੀਤ ਸਿੰਘ ਜਨੇਤਪੁਰਾ ਬਲਾਕ ਪ੍ਰਧਾਨਾਂ ਦੀ ਅਗਵਾਈ 'ਚ ਜਗਰਾਉਂ ਤੇ ਸਿੱਧਵਾਂ ਬੇਟ, ਰਾਏਕੋਟ ਵਿਖੇ ਰਾਏਕੋਟ, ਸੁਧਾਰ, ਪੱਖੋਵਾਲ ਬਲਾਕ ਸਰਬਜੀਤ ਸਿੰਘ ਗਿੱਲ, ਕਮਲਪ੍ਰੀਤ ਹੈਪੀ, ਰਣਧੀਰ ਸਿੰਘ ਧੀਰਾ ਬਲਾਕ ਪ੍ਰਧਾਨਾਂ ਦੀ ਅਗਵਾਈ 'ਚ ਦੋਰਾਹਾ ਤੇ ਪਾਇਲ ਬਲਾਕ ਐੱਸ. ਡੀ. ਐੱਮ. ਦਫ਼ਤਰਾਂ ਅੱਗੇ ਤਰਨਜੀਤ ਸਿੰਘ ਕੋਹਲੀ ਤੇ ਹੰਬੜਾਂ ਅਤੇ ਮੁੱਲਾਂਪੁਰ ਬਲਾਕ ਸੁਖਵਿੰਦਰ ਸਿੰਘ ਹੰਬੜਾਂ ਤੇ ਜਗਰੂਪ ਸਿੰਘ ਹਸਨਪੁਰ ਬਲਾਕ ਪ੍ਰਧਾਨਾਂ ਦੀ ਅਗਵਾਈ 'ਚ ਡੀ. ਸੀ. ਲੁਧਿਆਣਾ ਵਿਖੇ ਰੋਸ ਪ੍ਰਗਟ ਕਰਨਗੇ। ਉਨ੍ਹਾਂ ਕਿਹਾ ਕਿ ਕਿਸਾਨ ਮੋਰਚੇ ਵੱਲੋਂ ਨਵੰਬਰ ਮਹੀਨੇ ਪੰਜਾਬ ਸਰਕਾਰ ਦਾ ਕਿਸਾਨ ਮੰਗਾਂ ਦੀ ਪੂਰਤੀ ਲਈ ਚੰਡੀਗੜ੍ਹ ਘਿਰਾਓ ਕੀਤਾ ਜਾਵੇਗਾ।

# ਸੀ ਪੀ ਐੱਫ ਕਰਮਚਾਰੀ ਯੂਨੀਅਨ ਹਿਮਾਚਲ ਚੋਣਾਂ 'ਚ ਪੰਜਾਬ ਸਰਕਾਰ ਦੇ ਝੂਠੇ ਵਾਅਦਿਆਂ ਦੀ ਪੋਲ ਖੋਲ੍ਹੇਗੀ : ਹੀਰੇਵਾਲਾ



**ਮਾਨਸਾ (ਪਰਮਦੀਪ ਰਾਣਾ)**

ਸੀ.ਪੀ.ਐੱਫ. ਕਰਮਚਾਰੀ ਯੂਨੀਅਨ ਮਾਨਸਾ ਦੀ ਅਹਿਮ ਮੀਟਿੰਗ ਬਾਲ ਭਵਨ ਮਾਨਸਾ ਵਿਖੇ ਕੀਤੀ ਗਈ, ਜਿਸ 'ਚ ਸਮੁੱਚੇ ਜ਼ਿਲ੍ਹਾ ਕਮੇਟੀ ਮੈਂਬਰਾਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਸ੍ਰ. ਧਰਮਿੰਦਰ ਸਿੰਘ ਹੀਰੇਵਾਲਾ ਨੇ ਸਰਕਾਰ ਨੂੰ ਸਪੱਸ਼ਟ ਸ਼ਬਦਾਂ ਵਿੱਚ ਚਿਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਬਹਾਲ ਦੇ ਆਪਣੇ ਕੀਤੇ ਚੋਣ ਵਾਅਦੇ ਪ੍ਰਤੀ ਲਾਰਿਆਂ ਲੱਪਿਆਂ ਦੀ ਨੀਤੀ ਅਪਣਾ ਕੇ ਮੁਲਾਜ਼ਮਾਂ ਵਿੱਚ ਭਰਮ ਪਾਉਣ ਦਾ ਯਤਨ ਕਰਦੀ ਹੈ ਤਾਂ ਆਉਣ ਵਾਲੇ ਦਿਨਾਂ ਵਿੱਚ ਸੀ.ਪੀ.ਐੱਫ. ਕਰਮਚਾਰੀ ਯੂਨੀਅਨ, ਮਾਨਸਾ, ਸਟੇਟ ਕਮੇਟੀ ਦੇ ਹਿਮਾਚਲ ਪ੍ਰਦੇਸ ਵਿੱਚ ਰੈਲੀਆਂ ਲਈ ਦਿੱਤੇ ਹੁਕਮਾਂ ਨੂੰ ਮੰਨਦੇ ਹੋਏ ਵੱਡੀ ਗਿਣਤੀ ਵਿੱਚ ਉਨ੍ਹਾਂ ਰੈਲੀਆਂ 'ਚ ਸ਼ਮੂਲੀਅਤ ਕਰੇਗਾ ਤੇ ਸੋਸ਼ਲ ਮੀਡੀਆ ਵਿੱਚ ਫੈਲਾਏ ਭੁਲੇਖਿਆਂ ਨੂੰ ਨੰਗਾ ਕਰੇਗਾ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਲਕਸ਼ਵੀਰ ਸਿੰਘ ਨੇ ਵੀ ਸਰਕਾਰ ਨੂੰ ਅਪੀਲ ਕੀਤੀ ਕਿ ਸਰਕਾਰ ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਨੋਟੀਫਿਕੇਸ਼ਨ ਨੂੰ ਜਲਦੀ ਤੋਂ ਜਲਦੀ ਜਾਰੀ ਕਰੇ, ਨਹੀਂ ਤਾਂ ਸਾਨੂੰ ਮਜਬੂਰਨ ਸੰਘਰਸ਼ ਦਾ ਰਾਹ ਫੜਨਾ ਪਵੇਗਾ। ਇਸ ਮੌਕੇ ਦੀਪਕ ਕੁਮਾਰ ਸੂਬਾ ਮੀਤ ਪ੍ਰਧਾਨ, ਸੰਦੀਪ ਸਿੰਘ, ਅਮਨਿੰਦਰ ਸਿੰਘ, ਜਸਵਿੰਦਰ ਕੁਮਾਰ, ਰਸਵੀਰ ਸਿੰਘ, ਭੁਪਿੰਦਰ ਤੱਗੜ, ਯਾਦਵਿੰਦਰ ਸਿੰਘ, ਜਸਕਰਨ ਬਰ੍ਹੇ, ਵਿੱਕੀ ਸਿੰਘ, ਗੁਰਲਾਲ ਸਿੰਘ, ਸੁਖਪਾਲ ਸਿੰਘ, ਹਰਦੀਪ ਸਿੰਘ, ਪ੍ਰਵੀਨ ਸ਼ਰਮਾ, ਸੁਖਬੀਰ ਸਿੰਘ ਆਦਿ ਹਾਜ਼ਰ ਸਨ।

# ਆਖਰ ਪੜਤਾਲ 'ਚ ਸ਼ਾਮਲ ਹੋਣ ਲਈ ਬੁਲਾ ਹੀ ਲਿਆ : ਢੋਸੀਵਾਲ

## ਵੀ ਸੀ ਦੇ ਹੁਕਮਾਂ ਤੋਂ ਬਾਅਦ ਪੱਤਰ ਜਾਰੀ ਕੀਤਾ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**

ਕਰੀਬ ਦੋ ਸਾਲ ਤੋਂ ਵੀ ਵੱਧ ਸਮਾਂ ਪਹਿਲਾਂ ਸਥਾਨਕ ਯੂਕੋਨ (ਯੂਨੀਵਰਸਿਟੀ ਕਾਲਜ ਆਫ ਨਰਸਿੰਗ) ਵਿੱਚ ਫੰਡ ਗਬਨ ਤੇ ਬੇਨਯਮੀਆਂ ਦਾ ਮਾਮਲਾ ਆਲ ਇੰਡੀਆ ਐੱਸ.ਸੀ./ਬੀ.ਸੀ./ਐੱਸ.ਟੀ. ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਨੇ ਲਿਖਤੀ ਰੂਪ ਵਿੱਚ ਯੂਨੀਵਰਸਿਟੀ ਦੇ ਧਿਆਨ 'ਚ ਲਿਆਂਦਾ ਸੀ। ਸ਼ਿਕਾਇਤ ਪੱਤਰ ਅਨੁਸਾਰ ਅਣ-ਅਧਿਕਾਰਤ ਕਰਮਚਾਰੀ ਪ੍ਰੋ. ਭੂਪਿੰਦਰ ਕੌਰ ਵੱਲੋਂ ਐੱਸ.ਐੱਨ.ਏ. ਫੰਡ ਦਾ ਬੈਂਕ ਖਾਤਾ ਬੰਦ ਕਰਵਾਉਣ, ਕਢਵਾਈ ਗਈ ਰਾਸ਼ੀ ਉਸ ਵੇਲੇ ਦੇ ਪ੍ਰਿੰਸੀਪਲ ਐੱਚ.ਸੀ.ਐੱਲ. ਰਾਵਤ ਨੂੰ ਦੇਣ ਤੇ ਫੰਡ ਦੇ ਰਿਕਾਰਡ ਦੀ ਸਹੀ ਸੰਭਾਲ ਨਾ ਕੀਤੇ ਜਾਣ ਦਾ ਮਾਮਲਾ ਉਠਾਇਆ ਸੀ। ਸਾਰੇ ਮਾਮਲੇ ਦੀ ਪੜਤਾਲ ਯੂਨੀਵਰਸਿਟੀ ਦੀ ਉਸ ਵੇਲੇ ਦੀ ਰਜਿਸਟਰਾਰ ਤੇ ਮੌਜੂਦਾ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਵੱਲੋਂ ਕੀਤੀ ਗਈ ਸੀ। ਪੜਤਾਲ ਉਪਰੰਤ ਗਬਨ ਲਈ ਜ਼ਿੰਮੇਵਾਰ ਉਸ ਵੇਲੇ ਦੇ ਪ੍ਰਿੰਸੀਪਲ ਰਾਵਤ ਤੇ ਫੰਡ ਦੀ ਸੇਵਾ ਸੰਭਾਲ ਲਈ ਜ਼ਿੰਮੇਵਾਰ ਡੈਮੋ ਕੁਲਦੀਪ ਸੋਨੀ ਵਿਰੁੱਧ ਕਾਰਵਾਈ ਕਰ ਦਿੱਤੀ ਗਈ ਸੀ, ਪ੍ਰੰਤੂ ਇਸ ਮਹਾਂ- ਗਬਨ ਤੇ ਘਪਲੇਬਾਜ਼ੀ ਦੀ ਮਾਸਟਰ ਮਾਈਂਡ ਉਸ ਵੇਲੇ ਦੀ ਪ੍ਰੋਫੈਸਰ ਤੇ ਬਾਅਦ ਵਿੱਚ ਆਰਜ਼ੀ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾਉਣ ਉਪਰੰਤ ਸੇਵਾ ਮੁਕਤ ਹੋਈ ਪ੍ਰੋ. ਭੂਪਿੰਦਰ ਕੌਰ ਵਿਰੁੱਧ ਪੜਤਾਲ ਅਜੇ ਤੱਕ ਵੀ ਪੈਂਡਿੰਗ ਹੈ। ਜਾਣਕਾਰੀ ਦਿੰਦੇ ਹੋਏ ਮੰਚ ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਬੈਂਕ ਖਾਤਾ ਬੰਦ ਕਰਾਉਣ ਦੇ ਮਾਮਲੇ ਦੀ ਪੜਤਾਲ ਕਰ ਰਹੀ ਸਥਾਨਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਦੀ ਡਾ. ਮੀਨਾਕਸ਼ੀ ਦੀ ਪ੍ਰਧਾਨਗੀ ਹੇਠ ਬਣਾਈ ਗਈ ਕਮੇਟੀ ਕੋਲ ਪੜਤਾਲ ਵਿੱਚ ਸ਼ਾਮਲ ਹੋਣ ਲਈ ਮੰਚ ਵੱਲੋਂ ਕਈ ਵਾਰ ਪੱਤਰ ਲਿਖਿਆ ਗਿਆ। ਆਖਰਕਾਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਅਵਨੀਸ਼ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਾ. ਮੀਨਾਕਸ਼ੀ ਨੇ ਪੱਤਰ ਨੰ: /2022/289 ਮਿਤੀ 28/09/2022 ਅਨੁਸਾਰ ਮੰਚ ਨੂੰ ਆਉਂਦੀ 15 ਅਕਤੂਬਰ ਨੂੰ ਪੜਤਾਲ ਵਿੱਚ ਸ਼ਾਮਲ ਹੋਣ ਲਈ ਲਿਖਤੀ ਪੱਤਰ ਭੇਜਿਆ ਹੈ। ਪ੍ਰਧਾਨ ਢੋਸੀਵਾਲ ਨੇ ਕਿਹਾ ਕਿ ਏਨਾ ਲੰਮਾ ਸਮਾਂ ਉਨ੍ਹਾਂ ਨੂੰ ਪੜਤਾਲ ਵਿੱਚ ਸ਼ਾਮਲ ਨਾ ਕੀਤੇ ਜਾਣਾ ਸਪੱਸ਼ਟ ਰੂਪ ਵਿੱਚ ਗੈਰ-ਕਾਨੂੰਨੀ ਤੇ ਅਣ-ਅਧਿਕਾਰਤ ਤਰੀਕੇ ਨਾਲ ਬੈਂਕ ਅਕਾਊਂਟ ਬੰਦ ਕਰਾਉਣ ਲਈ ਜ਼ਿੰਮੇਵਾਰ ਸੇਵਾ ਮੁਕਤ ਪ੍ਰੋ. ਭੂਪਿੰਦਰ ਕੌਰ ਨੂੰ ਬਚਾਉਣ ਦੀ ਚਾਲ ਹੈ। ਉਹ ਇਸ ਦੀ ਪੁਰਜ਼ੋਰ ਸ਼ਬਦਾਂ 'ਚ ਨਿੰਦਾ ਕਰਦੇ ਹਨ। ਢੋਸੀਵਾਲ ਨੇ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਉਨ੍ਹਾ ਦੀ ਸੰਸਥਾ ਵੱਲੋਂ ਪੜਤਾਲ ਸਮੇਂ ਕੀਤੇ ਜਾਣ ਵਾਲੇ ਸਵਾਲਾਂ ਸਬੰਧੀ ਪ੍ਰਸ਼ਨਾਵਲੀ ਭੇਜਣ ਲਈ ਕਮੇਟੀ ਮੁਖੀ ਡਾ. ਮੀਨਾਕਸ਼ੀ ਨੂੰ ਲਿਖਤੀ ਪੱਤਰ ਭੇਜ ਦਿੱਤਾ ਹੈ। ਸ੍ਰੀ ਢੋਸੀਵਾਲ ਨੇ ਕਿਹਾ ਕਿ ਸਰਕਾਰੀ ਨਿਯਮਾਂ ਅਨੁਸਾਰ ਕਿਸੇ ਵੀ ਪੜਤਾਲ ਵਿੱਚ ਸ਼ਾਮਲ ਕੀਤੇ ਜਾਣ ਵਾਲੇ ਵਿਅਕਤੀ ਨੂੰ ਅਗਾਊਂ ਪ੍ਰਸ਼ਨਾਵਲੀ ਭੇਜੇ ਜਾਣਾ ਲਾਜ਼ਮੀ ਹੁੰਦਾ ਹੈ ਤਾਂ ਜੋ ਬਿਨਾਂ ਸਮਾਂ ਖਰਾਬ ਕੀਤਿਆਂ ਪੜਤਾਲ ਮੁਕੰਮਲ ਕੀਤੀ ਜਾ ਸਕੇ।

# ਬਾਬਾ ਫ਼ਰੀਦ ਕਾਲਜ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਸਰਕਾਰੀ ਸਕੂਲ ਦਿਉਣ ਵਿਖੇ ਕੈਂਪ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਬਾਬਾ ਫ਼ਰੀਦ ਕਾਲਜ ਦੇ ਐੱਨ.ਐੱਸ.ਐੱਸ. ਯੂਨਿਟ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਦਿਉਣ ਦੇ ਸਹਿਯੋਗ ਨਾਲ ਸਰਕਾਰੀ ਐਲੀਮੈਂਟਰੀ ਸਕੂਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਿਉਣ ਵਿਖੇ ਇੱਕ ਦਿਨਾ ਐੱਨ.ਐੱਸ.ਐੱਸ. ਕੈਂਪ ਲਾਇਆ ਗਿਆ। ਇਸ ਕੈਂਪ ਦਾ ਉਦੇਸ਼ ਵਾਤਾਵਰਨ ਦੀ ਸੁਰੱਖਿਆ ਤੇ ਸਮਾਜ ਵਿੱਚ ਮਨੁੱਖੀ ਨੈਤਿਕ ਕਦਰਾਂ ਕੀਮਤਾਂ ਬਾਰੇ ਨੌਜਵਾਨ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਸੀ। ਇਸ ਕੈਂਪ ਵਿੱਚ ਲਗਭਗ 60 ਵਿਦਿਆਰਥੀਆਂ ਤੇ 3 ਸਟਾਫ਼ ਮੈਂਬਰਾਂ ਨੇ ਸਰਗਰਮੀ ਨਾਲ ਹਿੱਸਾ ਲਿਆ। ਐੱਨ.ਐੱਸ.ਐੱਸ. ਕੋਆਰਡੀਨੇਟਰ ਸੁਖਜਿੰਦਰ ਕੌਰ ਨੇ ਵਲੰਟੀਅਰਾਂ ਨੂੰ ਐੱਨ.ਐੱਸ.ਐੱਸ. ਕੈਂਪ ਦੇ ਨਿਯਮਾਂ ਬਾਰੇ ਦਿਸ਼ਾ ਨਿਰਦੇਸ਼ ਦਿੱਤੇ। ਵਲੰਟੀਅਰਾਂ ਨੇ ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸ਼ਹੀਦ ਸ਼ਿਵਰਾਮ ਰਾਜਗੁਰੂ, ਸ਼ਹੀਦ ਸੁਖਦੇਵ, ਸੁਭਾਸ਼ ਚੰਦਰ ਬੋਸ, ਚੰਦਰ ਸ਼ੇਖਰ ਆਜ਼ਾਦ ਤੇ ਮੰਗਲ ਪਾਂਡੇ ਨਾਮਕ ਅੱਠ ਵੱਖ-ਵੱਖ ਸਮੂਹਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਦਿਉਣ ਵਿਖੇ ਪੌਦੇ ਲਗਾਉਣ, ਪੌਦਿਆਂ ਦੀ ਸਫ਼ਾਈ ਤੇ ਪੌਦਿਆਂ ਨੂੰ ਪਾਣੀ ਦੇਣ ਦਾ ਕੰਮ ਕੀਤਾ। ਵਲੰਟੀਅਰਾਂ ਨੇ ਬਹੁਤ ਸਾਰੀਆਂ ਸੱਭਿਆਚਾਰਕ ਗਤੀਵਿਧੀਆਂ ਜਿਵੇਂ ਗੀਤ, ਡਾਂਸ, ਕਵਿਤਾ ਉਚਾਰਨ ਆਦਿ ਦਾ ਆਯੋਜਨ ਕੀਤਾ, ਜਿਸ ਵਿੱਚ ਐਲੀਮੈਂਟਰੀ ਸਕੂਲ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ ਹਿੱਸਾ ਲਿਆ। ਜੇਤੂ ਰਹੇ ਨੰਨ੍ਹੇ ਵਿਦਿਆਰਥੀਆਂ ਨੂੰ ਇਨਾਮ ਵਜੋਂ ਚਾਕਲੇਟ ਦਿੱਤੇ ਗਏ। ਐੱਨ.ਐੱਸ.ਐੱਸ. ਕੋਆਰਡੀਨੇਟਰ ਸੁਖਜਿੰਦਰ ਕੌਰ ਨੇ ਸਾਰੇ ਵਲੰਟੀਅਰਾਂ ਨੂੰ ਐੱਨ.ਐੱਸ.ਐੱਸ. ਗਤੀਵਿਧੀਆਂ ਵਿੱਚ ਵਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ। ਵਲੰਟੀਅਰਾਂ ਨੇ ਨੌਵੀਂ, ਦਸਵੀਂ, ਗਿਆਰਵੀਂ ਤੇ ਬਾਰਵੀਂ ਦੇ ਵਿਦਿਆਰਥੀਆਂ ਨੂੰ ਕੈਰੀਅਰ ਬਾਰੇ ਸਲਾਹ ਦਿੱਤੀ ਤੇ ਉਨ੍ਹਾਂ ਨੂੰ ਵਾਤਾਵਰਨ ਦੀ ਸੁਰੱਖਿਆ ਬਾਰੇ ਜਾਗਰੂਕ ਕੀਤਾ। ਐੱਨ.ਐੱਸ.ਐੱਸ. ਕੋ-ਕੋਆਰਡੀਨੇਟਰ ਪੁਸ਼ਪਿੰਦਰ ਕੌਰ, ਹਰਜਿੰਦਰ ਸਿੰਘ ਤੇ ਐੱਮ.ਐੱਸ.ਸੀ. (ਆਈ.ਟੀ.) ਦੀ ਵਿਦਿਆਰਥਣ ਨਵਨੀਤ ਕੌਰ ਨੇ ਇਸ ਕੈਂਪ ਨੂੰ ਸਫਲ ਬਣਾਉਣ ਲਈ ਭਰਪੂਰ ਸਹਿਯੋਗ ਦਿੱਤਾ।

ਵਿਦਿਆਰਥੀਆਂ ਨੇ ਇਸ ਇੱਕ ਦਿਨ ਦੇ ਐੱਨ.ਐੱਸ.ਐੱਸ. ਕੈਂਪ 'ਤੇ ਆਪਣੀ ਖ਼ੁਸ਼ੀ ਤੇ ਸੰਤੁਸ਼ਟੀ ਜ਼ਾਹਰ ਕੀਤੀ। ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਕਾਲਜ ਦੇ ਐੱਨ.ਐੱਸ.ਐੱਸ. ਯੂਨਿਟ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਤੇ ਵਲੰਟੀਅਰਾਂ ਨੂੰ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਪੰਚਾਇਤ ਸੈਕਟਰੀ ਭੂਸ਼ਨ ਕੁਮਾਰ ਨੂੰ ਸੇਵਾ ਮੁਕਤੀ 'ਤੇ ਵਿਦਾਇਗੀ ਪਾਰਟੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਬਲਾਕ ਮਹਿਲ ਕਲਾਂ ਵਿਖੇ ਬੀ ਡੀ ਪੀ ਓ ਸੁਖਦੀਪ ਸਿੰਘ ਗਰੇਵਾਲ ਦੀ ਅਗਵਾਈ ਹੇਠ ਸਮੂਹ ਸਟਾਫ ਵੱਲੋਂ ਪੰਚਾਇਤ ਸੈਕਟਰੀ ਵਜੋਂ ਸੇਵਾਵਾਂ ਨਿਭਾਉਂਦੇ ਆ ਰਹੇ ਪੰਚਾਇਤ ਸੈਕਟਰੀ ਭੂਸ਼ਨ ਕੁਮਾਰ ਬਰਨਾਲਾ ਨੂੰ 27 ਸਾਲਾਂ ਦੀਆਂ ਓਮਾਨ ਦੌਰੇ ਉਤੇ ਸਾਫ ਸੁਥਰੇ ਅਕਸ ਨਾਲ ਸੇਵਾਵਾਂ ਨਿਭਾਉਂਦੇ ਹੋਏ ਸੇਵਾ ਮੁਕਤ ਹੋਣ 'ਤੇ ਵਿਦਾਇਗੀ ਪਾਰਟੀ ਦਿੱਤੀ ਗਈ ਤੇ ਵੱਖ ਵੱਖ ਸਨਮਾਨ ਚਿੰਨ੍ਹ ਗਿਫਟ ਭੇਟ ਕਰਕੇ ਉਨ੍ਹਾ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਪੰਚਾਇਤ ਸੈਕਟਰੀ ਜੱਗਾ ਸਿੰਘ ਨੇ ਸੇਵਾ ਮੁਕਤ ਹੋਏ ਪੰਚਾਇਤ ਸੈਕਟਰੀ ਭੂਸ਼ਨ ਕੁਮਾਰ ਬਰਨਾਲਾ ਦਾ ਸਨਮਾਨ ਪੱਤਰ ਪੜ੍ਹ ਕੇ ਉਨ੍ਹਾ ਨੂੰ ਭੇਟ ਕੀਤਾ। ਇਸ ਮੌਕੇ ਸਮਾਜਸੇਵੀ ਬੀਡੀਪੀਓ ਸੁਖਦੀਪ ਸਿੰਘ ਗਰੇਵਾਲ, ਪੰਚਾਇਤ ਅਫਸਰ ਗੁਰਮੇਲ ਸਿੰਘ ਬਰਨਾਲਾ, ਜੇ ਈ ਕੁਲਵੰਤ ਸਿੰਘ, ਸੁਪਰਡੈਂਟ ਗੁਰਚੇਤ ਸਿੰਘ ਬਾਜਵਾ, ਸਹਿਜ਼ੜਾ ਬਲਾਕ ਸੰਮਤੀ ਮਹਿਲ ਕਲਾਂ ਦੀ ਚੇਅਰਪਰਸਨ ਹਰਜਿੰਦਰ ਕੌਰ ਮਹਿਲ ਖੁਰਦ, ਡਿਪਟੀ ਚੇਅਰਮੈਨ ਬੱਗਾ ਸਿੰਘ ਮਹਿਲ ਕਲਾਂ, ਪੰਚਾਇਤ ਸੈਕਟਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ, ਬਰਨਾਲਾ ਬਲਾਕ ਪ੍ਰਧਾਨ ਰਾਜਪਾਲ ਸਿੰਘ, ਪੰਜਾਬ ਸਕੱਤਰ ਸੁਖਦੀਪ ਸਿੰਘ ਦੀਵਾਨਾ ਨੇ ਭੂਸ਼ਨ ਕੁਮਾਰ ਵੱਲੋਂ ਪੰਚਾਇਤ ਸੈਕਟਰੀ ਵਜੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਬੀਡੀਪੀਓ ਦਫਤਰ ਦੇ ਸਮੂਹ ਸਟਾਫ, ਬਲਾਕ ਸੰਮਤੀ ਮੈਂਬਰਾਂ, ਸਰਪੰਚਾਂ, ਪੰਚਾਂ ਤੇ ਸਮਾਜ ਸੇਵੀ ਆਗੂਆਂ ਵੱਲੋਂ ਸੇਵਾ ਮੁਕਤ ਹੋਏ ਪੰਚਾਇਤ ਸੈਕਟਰੀ ਨੂੰ ਸਨਮਾਨ ਚਿੰਨ੍ਹ ਤੇ ਗਿਫ਼ਟ ਭੇਟ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਨਰੇਗਾ ਏਪੀਓ ਗਗਨਦੀਪ ਸਿੰਘ, ਜੇ ਈ ਇੰਦਰਜੀਤ ਸਿੰਘ, ਨਰੇਗਾ ਕਰਮਚਾਰੀ ਯੂਨੀਅਨ ਦੇ ਬਲਾਕ ਪ੍ਰਧਾਨ ਬੂਟਾ ਸਿੰਘ, ਪੰਚਾਇਤ ਸੈਕਟਰੀ ਸੁਖਪਾਲ ਸਿੰਘ, ਜਸਵਿੰਦਰ ਸਿੰਘ, ਗੁਰਪ੍ਰੀਤ ਕੌਰ ਸੇਖਾ, ਨਰੇਗਾ ਸੈੱਲ ਦੇ ਗ੍ਰਾਮ ਸੇਵਕ ਕੁਲਦੀਪ ਸਿੰਘ, ਭਿੰਦਰ ਸਿੰਘ ਗਹਿਲ, ਗਗਨਦੀਪ ਸਿੰਘ ਤੋਂ ਇਲਾਵਾ ਵੱਖ ਵੱਖ ਪਿੰਡਾਂ ਨਾਲ ਸਬੰਧਤ ਸਰਪੰਚ, ਪੰਚ ਤੇ ਸਮੂਹ ਸਟਾਫ ਹਾਜ਼ਰ ਸੀ।

# ਸਰਕਾਰ ਨੇ ਮੰਗਾਂ ਸੰਬੰਧੀ ਟਾਲਮਟੋਲ ਦੀ ਨੀਤੀ ਇਸੇ ਤਰ੍ਹਾਂ ਹੀ ਜਾਰੀ ਰੱਖੀ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ : ਢਢੋਗਲ

**ਧੂਰੀ (ਸੁਖਦੇਵ ਧੂਰੀ)**-ਅਧਿਆਪਕ ਦਲ ਪੰਜਾਬ ਦੀ ਮੀਟਿੰਗ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਅਵਤਾਰ ਸਿੰਘ ਢਢੋਗਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਮੌਜੂਦਾ ਸਰਕਾਰ ਦੇ ਅਧਿਆਪਕਾਂ ਤੇ ਮੁਲਾਜ਼ਮਾਂ ਪ੍ਰਤੀ ਨਜ਼ਰੀਏ 'ਤੇ ਵਿਚਾਰਾਂ ਕੀਤੀਆਂ ਗਈਆਂ ਅਤੇ ਇਹ ਮਹਿਸੂਸ ਕੀਤਾ ਗਿਆ ਕਿ ਇਹ ਸਰਕਾਰ ਵੀ ਪਿਛਲੀ ਕਾਂਗਰਸ ਸਰਕਾਰ ਵਾਂਗ ਡੰਗ ਟਪਾਊ ਨੀਤੀ ਤਹਿਤ ਕੰਮ ਕਰਕੇ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਤੋਂ ਇਨਕਾਰੀ ਹੋ ਰਹੀ ਹੈ। ਇਸ ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਪ੍ਰਧਾਨ ਬਾਜ ਸਿੰਘ ਖਹਿਰਾ ਉਚੇਚੇ ਤੌਰ 'ਤੇ ਸ਼ਾਮਲ ਹੋਏ। ਉਨ੍ਹਾ ਅਧਿਆਪਕ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜਥੇਬੰਦੀ ਪੰਜਾਬ ਯੂ ਟੀ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਅਤੇ ਸਾਂਝਾ ਅਧਿਆਪਕ ਮੋਰਚਾ ਦੇ ਬੈਨਰਾਂ ਹੇਠ ਲੜੇ ਜਾ ਰਹੇ ਘੋਲਾਂ ਵਿੱਚ ਸਰਗਰਮੀ ਨਾਲ ਹਿੱਸਾ ਲੈ ਰਹੀ ਹੈ। ਉਨ੍ਹਾਂ ਅਧਿਆਪਕ ਸਾਥੀਆਂ ਨੂੰ ਵੱਧ ਤੋਂ ਵੱਧ ਇਨ੍ਹਾਂ ਸੰਘਰਸ਼ਾਂ ਵਿੱਚ ਸ਼ਾਮਲ ਹੋ ਕੇ ਸਰਕਾਰ ਕੋਲੋਂ ਮੁੱਖ ਮੰਗਾਂ ਜਿਵੇਂ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, ਮਾਣ ਭੱਤਾ ਇਨਸੈਂਟਿਵ ਮੁਲਾਜ਼ਮਾਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ 'ਚ ਲਿਆਂਦਾ ਜਾਵੇ, ਨਵੀਂ ਪੈਨਸ਼ਨ ਸਕੀਮ ਬੰਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਤਨਖਾਹ ਕਮਿਸ਼ਨ ਦੀ ਰਿਪੋਰਟ ਵਿੱਚ ਮੁਲਾਜ਼ਮ ਪੈਨਸ਼ਨਰ ਪੱਖੀ ਸੋਧਾਂ ਕੀਤੇ ਜਾਣ ਦੀ ਮੰਗ ਕੀਤੀ। ਉਨ੍ਹਾ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਢਢੋਗਲ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਢਢੋਗਲ ਨੇ ਕਿਹਾ ਕਿ ਸਰਕਾਰ ਤਨਖ਼ਾਹ ਕਮਿਸ਼ਨ ਦੀਆਂ ਤਰੁੱਟੀਆਂ ਨੂੰ ਦੂਰ ਕਰੇ ਤੇ ਬਣਦੀਆਂ ਡੀ. ਏ. ਦੀਆਂ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ। ਜੇਕਰ ਸਰਕਾਰ ਨੇ ਇਸੇ ਤਰ੍ਹਾਂ ਦੀ ਟਾਲ ਮਟੋਲ ਦੀ ਨੀਤੀ ਜਾਰੀ ਰੱਖੀ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਆਗੂ ਸਤੀਸ਼ ਕੁਮਾਰ ਸ਼ਰਮਾ ਨੇ ਜਥੇਬੰਦੀ ਦੇ ਇਤਿਹਾਸਕ ਘੋਲਾਂ ਬਾਰੇ ਚਾਨਣਾ ਪਾਇਆ ਤੇ ਸਾਥੀਆਂ ਨੂੰ ਸੰਘਰਸ਼ਾਂ 'ਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਤੋਂ ਇਲਾਵਾ ਜ਼ਿਲ੍ਹਾ ਜਨਰਲ ਸਕੱਤਰ ਇੰਦਰਪਾਲ ਸਿੰਘ ਸੂਲਰ, ਗੁਰਜੀਤ ਸਿੰਘ ਘਾਰੂ, ਜਰਨੈਲ ਸਿੰਘ ਧਾਲੀਵਾਲ, ਕਰਨੈਲ ਸਿੰਘ ਚੀਮਾ, ਜਗਦੇਵ ਸਿੰਘ ਸੰਗਰੂਰ, ਗੁਰਜੀਤ ਸਿੰਘ ਬਘਰੌਲ, ਮੋਤੀ ਰਾਮ, ਕਮਲਜੀਤ ਸਿੰਘ ਦੋਹਲਾ, ਮਨਜੀਤ ਸਿੰਘ, ਕੁਲਦੀਪ ਸਿੰਘ ਬੱਬਨਪੁਰ, ਤਰਸੇਮ ਸਿੰਘ ਢਢੋਗਲ, ਨਵੀਨ ਕੁਮਾਰ, ਅਵਤਾਰ ਸਿੰਘ ਖੁਰਮੀ, ਰਾਜ ਸਿੰਘ ਲੈਕਚਰਾਰ, ਰਾਮ ਚੰਦ ਸ਼ਰਮਾ, ਬਲਜੀਤ ਸਿੰਘ, ਕੇਸਰ ਸਿੰਘ ਡੀ ਪੀ ਈ, ਰਣਵੀਰ ਸਿੰਘ ਰਾਣੂ ਸਮੇਤ ਹੋਰ ਬਹੁਤ ਸਾਰੇ ਅਧਿਆਪਕ ਸਾਹਿਬਾਨ ਸ਼ਾਮਲ ਸਨ।



ਅਧਿਆਪਕ ਦਲ ਪੰਜਾਬ ਦੇ ਅਹੁਦੇਦਾਰ ਤੇ ਮੈਂਬਰ ਮੀਟਿੰਗ ਦੌਰਾਨ।

# ਸਰਕਾਰੀ ਸਕੂਲਾਂ ਦੇ ਸਰਕਾਰੀਕਰਨ ਦੀ 65ਵੀਂ ਵਰ੍ਹੇਗੰਢ 'ਤੇ 'ਸਾਂਝੀ ਸਿੱਖਿਆ ਪ੍ਰਣਾਲੀ' ਵਿਸ਼ੇ 'ਤੇ ਸੈਮੀਨਾਰ

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**

ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਲੁਧਿਆਣਾ ਵੱਲੋਂ ਫੈਸਲੇ ਅਨੁਸਾਰ ਸਰਕਾਰੀ ਸਕੂਲਾਂ ਦੇ ਸਰਕਾਰੀਕਰਨ ਦੀ 65ਵੀਂ ਵਰ੍ਹੇਗੰਢ 'ਤੇ 'ਸਾਂਝੀ ਸਿੱਖਿਆ ਪ੍ਰਣਾਲੀ' ਸਬੰਧੀ ਸੈਮੀਨਾਰ ਸਥਾਨਕ ਸ.ਸ.ਸ. ਸਕੂਲ ਮਲੌਦ ਵਿਖੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਜ਼ਿਲ੍ਹਾ ਪ੍ਰਧਾਨ ਪਰਮਿੰਦਰਪਾਲ ਸਿੰਘ ਰਾਮਗੜ੍ਹ ਸਰਦਾਰਾਂ, ਜ਼ਿਲ੍ਹਾ ਸਕੱਤਰ ਪ੍ਰਵੀਨ ਕੁਮਾਰ, ਜਗਮੇਲ ਸਿੰਘ ਪੱਖੋਵਾਲ ਦੀ ਅਗਵਾਈ ਵਿੱਚ ਕੀਤਾ ਗਿਆ। ਜਥੇਬੰਦੀ ਦੇ ਸਰਪ੍ਰਸਤ ਚਰਨ ਸਿੰਘ ਸਰਾਭਾ, ਪ੍ਰਵੀਨ ਕੁਮਾਰ ਮਨੀਸ਼ ਸ਼ਰਮਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਅਧਿਆਪਕ ਲਹਿਰ ਦੇ ਆਗੂ ਬਾਬਾ ਮਹਿੰਦਰ ਸਿੰਘ ਤੂਰ ਦੀ ਅਗਵਾਈ ਹੇਠ ਲੰਬੇ ਸੰਘਰਸ਼ ਤੋਂ ਬਾਅਦ 01-10-1957 ਨੂੰ ਜ਼ਿਲ੍ਹਾ ਬੋਰਡਾ ਤੋਂ ਸਕੂਲ ਸਿੱਖਿਆ ਵਿਭਾਗ ਵਿੱਚ ਸ਼ਾਮਲ ਹੋਏ ਸਨ, ਜਿਸ ਨਾਲ ਪੰਜਾਬ ਦੇ ਸਕੂਲਾਂ ਤੇ ਸਿੱਖਿਆ ਦਾ ਸਰਕਾਰੀਕਰਨ ਹੋਇਆ ਤੇ ਸਾਰੇ ਬੱਚੇ ਇੱਕ ਸਾਰ ਗੁਣਾਤਮਕ ਸਿੱਖਿਆ ਪ੍ਰਾਪਤ ਕਰਨ ਦੇ ਯੋਗ ਹੋਏ। ਜਗਮੇਲ ਸਿੰਘ ਪੱਖੋਵਾਲ, ਟਹਿਲ ਸਿੰਘ ਸਰਾਭਾ, ਬਲਵੀਰ ਸਿੰਘ ਕੰਗ, ਚਰਨਜੀਤ ਸਿੰਘ, ਧਰਮ ਸਿੰਘ, ਹਰਮਿੰਦਰ ਸਿੰਘ ਕੈਂਥ ਨੇ ਦੱਸਿਆ ਕਿ ਸੈਮੀਨਾਰ ਦੌਰਾਨ ਕੇਂਦਰ ਸਰਕਾਰ ਦੀ ਨਵੀਂ ਸਿੱਖਿਆ ਨੀਤੀ 2020 ਰੱਦ ਕਰਕੇ ਕੋਠਾਰੀ ਸਿੱਖਿਆ ਕਮਿਸ਼ਨ ਵੱਲੋਂ ਤਜਵੀਜ਼ਤ ਤੇ ਭਾਰਤੀ ਸੰਸਦ ਵੱਲੋਂ ਪਾਸ 1968 ਦੀ ਸਿੱਖਿਆ ਨੀਤੀ ਲਾਗੂ ਕਰਨ, ਪ੍ਰੀ-ਪ੍ਰਾਇਮਰੀ ਤੋਂ ਬਾਰਵੀਂ ਤੱਕ ਤੇ ਯੂਨੀਵਰਸਿਟੀ ਪੱਧਰ ਦੀ ਸਾਰੀ ਸਿੱਖਿਆ ਸਰਕਾਰੀ ਸੰਸਥਾਵਾਂ ਤੇ ਸਰਕਾਰੀ ਕੰਟਰੋਲ ਅਧੀਨ ਕਰਨ, ਸਕੂਲ ਆਫ ਐਮੀਨੈਂਸ ਬਣਾਉਣ ਦੀ ਜਗ੍ਹਾ ਸਾਰੇ ਸਰਕਾਰੀ ਸਕੂਲਾਂ ਨੂੰ ਬੁਨਿਆਦੀ ਸਹੂਲਤਾਂ ਦਿੱਤੀਆਂ ਜਾਣ, ਆਦਰਸ਼, ਮਾਡਲ, ਮੈਰੀਟੋਰੀਅਸ ਸਕੂਲਾਂ ਨੂੰ ਸਥਾਪਤ ਸਕੂਲ ਪ੍ਰਣਾਲੀ 'ਚ ਮਰਜ ਕੀਤਾ ਜਾਵੇ, ਸਕੂਲਾਂ ਵਿੱਚ ਖਾਲੀ ਪਈਆਂ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਭਰਨ, 2004 ਤੋਂ ਬਾਅਦ ਨਿਯੁਕਤ ਅਧਿਆਪਕਾਂ ਤੇ ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਸਮੂਹ ਠੇਕਾ ਅਧਾਰਤ ਅਧਿਆਪਕਾਂ, ਵਲੰਟੀਅਰਜ਼, ਕੰਪਿਊਟਰ ਅਧਿਆਪਕ ਤੇ ਐੱਨ ਐੱਸ ਕਿਊ ਐੱਫ ਟੀਚਰਾਂ ਨੂੰ ਵਿਭਾਗ 'ਚ ਰੈਗੂਲਰ ਕਰਨ, ਆਦਰਸ਼, ਮਾਡਲ, ਮੈਰੀਟੋਰੀਅਸ ਤੇ ਹੋਰ ਵੱਖ-ਵੱਖ ਸਕੀਮਾਂ ਅਧੀਨ ਚੱਲ ਰਹੇ ਸਕੂਲਾਂ ਨੂੰ ਸਟਾਫ ਸਮੇਤ ਵਿਭਾਗ ਵਿੱਚ ਸ਼ਾਮਲ ਕਰਨ, ਵੱਖ ਵੱਖ ਸਮੇਂ ਅਧਿਆਪਕਾਂ ਦੇ ਸੰਘਰਸ਼ ਦੌਰਾਨ ਅਧਿਆਪਕਾਂ 'ਤੇ ਦਰਜ ਨਜਾਇਜ਼ ਪਰਚੇ ਤੇ ਕਾਰਨ ਦੱਸੋ ਨੋਟਿਸ ਰੱਦ ਕਰਨ, ਸਿੱਖਿਆ, ਸਿਹਤ, ਬਿਜਲੀ, ਰੋਡਵੇਜ਼ ਅਤੇ ਹੋਰ ਜਨਤਕ ਭਲਾਈ ਦੇ ਮਹਿਕਮਿਆਂ ਦਾ ਨਿੱਜੀਕਰਨ ਬੰਦ ਕਰਨ ਤੇ ਇਨ੍ਹਾਂ ਵਿਭਾਗਾਂ ਵਿੱਚ ਖਾਲੀ ਪਈਆਂ ਅਸਾਮੀਆਂ ਭਰਨ ਆਦਿ ਹੋਰ ਮੰਗਾਂ ਦੀ ਪ੍ਰਾਪਤੀ ਲਈ ਆਵਾਜ਼ ਬੁਲੰਦ ਕੀਤੀ ਗਈ। ਇਸ ਸਮੇਂ ਆਗੂਆਂ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਸਿੱਖਿਆ ਮਾਰੂ ਤੇ ਸਰਕਾਰੀ ਸਕੂਲਾਂ ਦਾ ਉਜਾੜਾ ਕਰਨ ਵਾਲੀਆਂ ਨੀਤੀਆਂ ਨੂੰ ਜਨਤਕ ਕਰਨ ਤੇ ਵਾਪਸ ਮੋੜਨ ਲਈ ਮੀਟਿੰਗਾਂ, ਸੈਮੀਨਾਰ, ਮਾਰਚ ਆਦਿ ਕੀਤੇ ਜਾਣਗੇ।

ਇਸ ਸਮੇਂ ਲੈਕਚਰਾਰ ਦਰਸ਼ਨ ਸਿੰਘ, ਸੁਖਜਿੰਦਰ ਸਿੰਘ ਹੈਪੀ, ਜਗਦੇਵ ਸਿੰਘ, ਪਰਮਜੀਤ ਸਿੰਘ, ਜਗਪਾਲ ਸਿੰਘ, ਕਮਲਦੀਪ ਸਿੰਘ, ਬੂਟਾ ਸਿੰਘ, ਹਾਕਮ ਸਿੰਘ, ਹਰਮਿੰਦਰਪਾਲ ਸਿੰਘ, ਤਰਨਜੀਤ ਸਿੰਘ, ਜਸਵੀਰ ਸਿੰਘ ਜੱਸਾ, ਚਰਨ ਸਿੰਘ ਤਾਜਪੁਰੀ, ਜੋਰਾ ਸਿੰਘ ਬੱਸੀਆਂ, ਸਮਸ਼ੇਰ ਸਿੰਘ ਬੁਰਜ ਲਿੱਟਾਂ, ਹਰਪ੍ਰੀਤ ਸਿੰਘ ਅੱਬੂਵਾਲ, ਬਲਵਿੰਦਰ ਸਿੰਘ, ਕ੍ਰਿਸ਼ਨ ਲਾਲ, ਮੁਹੰਮਦ ਆਰਿਫ, ਬਲਦੇਵ ਸਿੰਘ, ਰਾਜੀਵ ਕੁਮਾਰ, ਹਰਵਿੰਦਰ ਸਿੰਘ, ਮੁਹੰਮਦ ਨਾਸਰ ਆਦਿ ਆਗੂ ਹਾਜ਼ਰ ਸਨ।



# ਗੁਰਮੇਲ ਸਿੰਘ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਰੋਡੇ ਦੇ ਚੁਣੇ ਪ੍ਰਧਾਨ



**ਮੋਗਾ (ਅਮਰਜੀਤ ਬੱਬਰੀ)**

ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਪਿੰਡ ਵਿੱਚ ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ। ਲਖਵੀਰ ਸਿੰਘ ਲੱਖਾ ਨੇ ਸੰਬੋਧਨ ਹੁੰਦਿਆਂ ਕਿਹਾ ਕਿ ਮਜ਼ਦੂਰ ਮੰਗਾਂ ਲਈ ਪੰਜਾਬ ਪੱਧਰ 'ਤੇ ਸੰਘਰਸ਼ ਚੱਲ ਰਿਹਾ ਹੈ।

ਘੋਲ ਦੇ ਦਬਾਅ ਕਰਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਫਰੰਟ ਨਾਲ ਸਰਕਾਰ ਨੇ ਗੱਲਬਾਤ ਸ਼ੁਰੂ ਕੀਤੀ ਹੈ। ਨਰੇਗਾ ਦੇ ਬਕਾਏ ਦੇ ਨਿਪਟਾਰੇ ਬਾਰੇ ਸਰਕਾਰ ਨੇ ਚਿੱਠੀ ਕੱਢੀ ਹੈ। ਇਸ ਮੌਕੇ ਪਿੰਡ ਕਮੇਟੀ ਦੀ ਚੋਣ ਕੀਤੀ ਗਈ, ਜਿਸ 'ਚ ਪ੍ਰਧਾਨ ਗੁਰਮੇਲ ਸਿੰਘ, ਮੀਤ ਪ੍ਰਧਾਨ ਜਗਸੀਰ ਸਿੰਘ, ਖਜ਼ਾਨਚੀ ਕੁਲਵਿੰਦਰ ਸਿੰਘ, ਸਹਿ-ਖਜ਼ਾਨਚੀ ਜਗਤਾਰ ਸਿੰਘ, ਪ੍ਰੈੱਸ ਸਕੱਤਰ ਰੁਪਿੰਦਰ ਸਿੰਘ ਤੇ ਰਣਜੀਤ ਸਿੰਘ, ਗੁਰਸੇਵਕ ਸਿੰਘ, ਗੁਰਵਿੰਦਰ ਸਿੰਘ, ਦਿਲਬਾਗ ਸਿੰਘ, ਇਕਬਾਲ ਸਿੰਘ, ਕੁਲਜੀਤ ਸਿੰਘ, ਕਰਮਜੀਤ ਸਿੰਘ, ਬਲਧੀਰ ਸਿੰਘ ਸਾਰੇ ਕਮੇਟੀ ਮੈਂਬਰ ਚੁਣੇ ਗਏ। ਨਵੇਂ ਸ਼ਾਮਲ ਹੋਏ ਸਾਥੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ।

## ਲੋਕ ਹਿੱਤ ਸੰਸਥਾ ਵੱਲੋਂ ਦੰਦਾਂ ਦਾ ਮੁਫਤ ਚੈੱਕਅੱਪ ਕੈਂਪ



**ਰਾਜਪੁਰਾ (ਰਮੇਸ ਕਟਾਰੀਆ)**-ਲੋਕ ਹਿੱਤ ਸੰਸਥਾ ਵੱਲੋਂ ਚੇਅਰਮੈਨ ਸੁੱਚਾ ਸਿੰਘ ਐਡਵੋਕੇਟ ਦੀ ਅਗਵਾਈ ਹੇਠ ਐਲੀਮੈਂਟਰੀ ਸਕੂਲ ਨੇੜੇ ਪ੍ਰਤਾਪ ਕਲੋਨੀ ਵਿਖੇ ਡਾ: ਰੋਹਨ ਕਾਲੜਾ ਦੀ ਟੀਮ ਦੀ ਦੇਖ-ਰੇਖ ਹੇਠ ਦੰਦਾਂ ਦਾ ਮੁਫਤ ਚੈੱਕਅਪ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ 105 ਬੱਚਿਆਂ ਦਾ ਚੈੱਕਅੱਪ ਕਰਨ ਉਪਰੰਤ ਉਨ੍ਹਾਂ ਨੂੰ ਬੁਰਸ਼ ਤੇ ਟੂਥਪੇਸਟ ਫਰੀ ਦਿੱਤੀ ਗਈ। ਸੰਸਥਾ ਦੇ ਜਨਰਲ ਸਕੱਤਰ ਜਗਦੀਸ਼ ਹਿਤੈਸ਼ੀ ਨੇ ਦੱਸਿਆ ਕਿ ਸੰਸਥਾ ਪਿਛਲੇ 29 ਸਾਲਾਂ ਤੋਂ ਸਮਾਜ ਸੇਵੀ ਕੰਮ ਕਰ ਰਹੀ ਹੈ। ਇਸ ਸਮਾਗਮ ਦੇ ਮੁੱਖ ਮਹਿਮਾਨ ਟੀ ਐੱਲ ਜੋਸ਼ੀ ਚੇਅਰਮੈਨ ਸਕਾਲਰ ਪਬਲਿਕ ਸਕੂਲ ਸਨ ਅਤੇ ਵਿਸ਼ੇਸ਼ ਮਹਿਮਾਨ ਸੰਜੀਵ ਮਿੱਤਲ ਕਾਰਜਕਾਰੀ ਮੈਂਬਰ ਭਾਜਪਾ ਪੰਜਾਬ ਨੇ ਸੰਸਥਾ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਐੱਮ ਪੀ ਲਖੋਟੀਆ, ਦਲਜੀਤ ਸਿੰਘ, ਸੁਰਿੰਦਰ ਭਾਟੀਆ, ਕ੍ਰਿਸ਼ਨ ਕੁਮਾਰ, ਰਾਕੇਸ਼ ਲਵਲੀ, ਵਿਨੋਦ ਕੁਮਾਰ, ਆਰ ਕੇ ਬੰਟੀ, ਲਲਿਤ ਕੁਮਾਰ (ਫਾਈਨ) ਤੋਂ ਇਲਾਵਾ ਸੰਸਥਾ ਦੇ ਕਈ ਮੈਂਬਰ ਹਾਜ਼ਰ ਸਨ।

## ਟ੍ਰੈਫਿਕ ਜਾਗਰੂਕਤਾ ਸੰਬੰਧੀ ਸੈਮੀਨਾਰ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਸਥਾਨਕ ਹੋਟਲ ਸਾਹੀ ਹਵੇਲੀ ਵਿਖੇ ਟ੍ਰੈਫਿਕ ਜਾਗਰੂਕਤਾ ਸਬੰਧੀ ਸੈਮੀਨਾਰ ਕਰਵਾਇਆ ਗਿਆ। ਇਹ ਸੈਮੀਨਾਰ ਐੱਸ.ਐੱਸ.ਪੀ. ਰਾਜਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੁਲਸ ਟੀਮ, ਜੀ.ਐੱਮ.ਪੀ.ਆਰ.ਟੀ.ਸੀ. ਤੇ ਰੋਟਰੀ ਕਲੱਬ ਫਰੀਦਕੋਟ ਦੇ ਸਹਿਯੋਗ ਨਾਲ ਇੱਕ ਹਫਤਾ ਸ਼ਹਿਰ ਦੀ ਟ੍ਰੈਫਿਕ ਨੂੰ ਬਿਹਤਰ ਬਣਾਉਣ ਲਈ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਇਆ ਗਿਆ। ਇਸ ਵਿੱਚ ਪੁਲਸ ਤੇ ਸਮਾਜ ਸੇਵੀਆਂ ਨੂੰ ਮਾਰਸ਼ਲ ਬਣਾ ਕੇ ਪੁਲਸ ਨੂੰ ਸਹਿਯੋਗ ਦੇਣ ਦਾ ਫੈਸਲਾ ਕੀਤਾ ਗਿਆ ਤੇ ਸ਼ਹਿਰ ਦੀ ਟ੍ਰੈਫਿਕ ਨੂੰ ਸਹੀ ਢੰਗ ਨਾਲ ਚਲਾਉਣ ਲਈ ਐੱਨ.ਸੀ.ਸੀ. ਕੈਡਿਟਾਂ ਦਾ ਵੀ ਸਹਿਯੋਗ ਲਿਆ ਜਾਵੇ। ਇਸ ਮੌਕੇ ਪੀ.ਆਰ.ਟੀ.ਸੀ ਦੇ ਸਾਰੇ ਡਰਾਈਵਰਾਂ ਤੇ ਚਾਲਕਾਂ ਨੂੰ ਸੁਰੱਖਿਅਤ ਡਰਾਈਵਿੰਗ ਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦਾ ਸੰਦੇਸ਼ ਦਿੱਤਾ ਗਿਆ। ਇਸ ਮੌਕੇ ਡੀ ਐੱਸ ਪੀ ਗੁਰਮੀਤ ਸਿੰਘ, ਜੀ ਐੱਮ ਰਮਨ ਸ਼ਰਮਾ ਟ੍ਰੈਫਿਕ ਇੰਚਾਰਜ ਫਰੀਦਕੋਟ, ਰਾਜ ਸਿੰਘ ਏ.ਐੱਸ.ਆਈ., ਬਲਕਾਰ ਸਿੰਘ ਏ.ਐੱਸ.ਆਈ., ਮਨਦੀਪ ਸਿੰਘ, ਰੋਟਰੀ ਮੈਂਬਰ ਅਰਸ਼ ਸੱਚਰ, ਪ੍ਰਧਾਨ ਅਰਵਿੰਦ ਛਾਬੜਾ, ਪਵਨ ਵਰਮਾ, ਦਵਿੰਦਰ ਪੰਜਾਬ ਮੋਟਰਜ਼, ਪਰਵਿੰਦਰ ਕੰਧਾਰੀ, ਰਾਹੁਲ, ਕੁਨਾਲ ਅਸੀਜਾ ਆਦਿ ਹਾਜ਼ਰ ਸਨ।

## ਬੀਮਾ ਦੀ ਜਮ੍ਹਾਂ ਰਾਸ਼ੀ ਵਾਪਸ ਕਰਾਉਣ ਲਈ ਬੈਂਕ ਅੱਗੇ ਧਰਨਾ



**ਬਰੇਟਾ (ਰੀਤਵਾਲ)**-ਸਥਾਨਕ ਪ੍ਰਾਈਵੇਟ ਬੈਂਕ ਵਿੱਚ ਕਿਸਾਨ ਵੱਲੋਂ 5 ਲੱਖ ਦੀ ਬੀਮਾ ਪਾਲਸੀ ਦੇ ਏਵਜ ਵਜੋਂ ਭਰਿਆ ਇੱਕ ਲੱਖ ਰੁਪਇਆ ਵਾਪਸ ਲੈਣ ਨੂੰ ਲੈ ਕੇ ਬੈਂਕ ਦੇ ਬਾਹਰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾ ਵੱਲੋਂ ਧਰਨਾ ਦੇ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਜੋਗਿੰਦਰ ਸਿੰਘ ਦਿਆਲਪੁਰਾ ਨੇ ਕਿਹਾ ਕਿ ਸੁਖਪਾਲ ਸਿੰਘ ਗੋਰਖਨਾਥ ਨੇ 2014 ਵਿੱਚ ਬੈਂਕ ਅੰਦਰ 5 ਲੱਖ ਦੀ ਬੀਮਾ ਪਾਲਸੀ ਕਰਵਾਈ ਗਈ ਸੀ, 2 ਕਿਸ਼ਤਾਂ ਵਿੱਚ 1 ਲੱਖ ਰੁਪਇਆ ਭਰਿਆ ਗਿਆ ਸੀ, ਨੂੰ ਵਾਪਸ ਕਰਵਾਉਣ ਲਈ ਬੈਂਕ ਦੇ ਮੈਨੇਜਰ ਨੂੰ ਮਿਲਣ 'ਤੇ ਜਮ੍ਹਾ ਰਾਸ਼ੀ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ 'ਤੇ ਮਜਬੂਰਨ ਅੱਜ ਜਥੇਬੰਦੀ ਵੱਲੋਂ ਬੈਂਕ ਦਾ ਘਿਰਾਓ ਕਰਦਿਆਂ 2 ਘੰਟੇ ਧਰਨਾ ਦਿੱਤਾ ਗਿਆ। ਇਸ ਮੌਕੇ ਬੈਂਕ ਦੇ ਮੈਨੇਜਰ ਨੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਸ ਮਾਮਲੇ ਨੂੰ ਜਲਦ ਹੀ ਹੱਲ ਕਰ ਦੇਣਗੇ, ਜਿਸ 'ਤੇ ਕਿਸਾਨਾਂ ਨੇ ਧਰਨਾ ਸਮਾਪਤ ਕਰ ਦਿੱਤਾ।

## ਲੋੜਵੰਦ ਵਿਧਵਾ ਔਰਤਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ



**ਬਰੇਟਾ (ਰੀਤਵਾਲ)**-ਸਰਬਤ ਦਾ ਭਲਾ ਟਰੱਸਟ ਪਟਿਆਲਾ ਦੇ ਸਰਪ੍ਰਸਤ ਡਾ. ਐੱਸ. ਪੀ. ਸਿੰਘ ਓਬਰਾਏ ਤੇ ਕੌਮੀ ਪ੍ਰਧਾਨ ਜੱਸਾ ਸਿੰਘ ਦੀ ਰਹਿਨੁਮਾਈ ਹੇਠ ਮਾਨਸਾ ਦੀ ਜ਼ਿਲ੍ਹਾ ਟੀਮ ਦੇ ਖਜ਼ਾਨਚੀ ਮਦਨ ਲਾਲ ਕੁਸਲਾ ਦੀ ਮੌਜੂਦਗੀ ਵਿੱਚ ਬਰੇਟਾ ਦੀਆਂ ਲੋੜਵੰਦ ਵਿਧਵਾ ਔਰਤਾਂ ਨੂੰ ਵਿੱਤੀ ਸਹਾਇਤਾ ਦੇ ਚੈੱਕ ਦਿੱਤੇ ਗਏ ਤੇ ਬਿੱਗ ਹੋਪ ਫਾਊਂਡੇਸ਼ਨ ਦੇ ਪ੍ਰਧਾਨ ਮਨਿੰਦਰ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਲੋੜਵੰਦ ਔਰਤਾਂ ਨੂੰ ਹਰ ਮਹੀਨੇ ਟਰੱਸਟ ਵੱਲੋਂ 500-500 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ ਅਤੇ ਟਰੱਸਟ ਵੱਲੋਂ ਇਲਾਕੇ ਦੀਆਂ ਹੋਰ ਲੋੜਵੰਦ ਵਿਧਵਾ ਔਰਤਾਂ ਨੂੰ ਵਿੱਤੀ ਸਹਾਇਤਾ ਦੇਣ ਦੇ ਉਪਰਾਲੇ ਕੀਤੇ ਜਾਣਗੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਬਿਜਲੀ ਬੋਰਡ ਦੇ ਐੱਸ ਡੀ ਓ ਜਗਵੰਤ ਸਿੰਘ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ। ਇਸ ਸਮੇਂ ਰਣਜੀਤ ਸਿੰਘ, ਗੋਪਾਲ ਸ਼ਰਮਾ, ਗੁਰਧਿਆਨ ਸਿੰਘ, ਨਰਿੰਦਰ ਕੁਮਾਰ ਹਾਜ਼ਰ ਸਨ।

## ਨਿਊ ਪੰਜਾਬ ਸਕੂਲ ਖਿਡਾਰੀਆਂ ਨੇ ਜਿੱਤੇ ਇਨਾਮ



**ਜਗਰਾਓਂ (ਅਮਿਤ ਖੰਨਾ)**-ਜਗਰਾਓਂ ਦੇ ਨਿਊ ਪੰਜਾਬ ਪਬਲਿਕ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇਨਾਮ ਜਿੱਤੇ ਤੇ ਸਟੇਟ ਪੱਧਰੀ ਮੁਕਾਬਲਿਆਂ ਵਿੱਚ ਦਾਖਲਾ ਹਾਸਲ ਕੀਤਾ। ਸਕੂਲ ਦੇ ਪ੍ਰਿੰਸੀਪਲ ਨਰਿੰਦਰਪਾਲ ਕੌਰ ਤੇ ਮੈਨੇਜਿੰਗ ਡਾਇਰੈਕਟਰ ਪਿਆਰਾ ਸਿੰਘ ਨੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਹੋਣ ਵਾਲੇ ਮੁਕਾਬਲਿਆਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਉਨ੍ਹਾਂ ਦੱਸਿਆ ਕਿ ਲੁਧਿਆਣਾ ਵਿਖੇ ਹੋਈਆਂ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਸਕੂਲ ਦੇ ਖਿਡਾਰੀਆਂ ਨੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ। ਉਨ੍ਹਾਂ ਦੱਸਿਆ ਕਿ ਜਗਸੀਰ ਸਿੰਘ ਨੇ ਡਿਸਕਸ ਥ੍ਰੋਅ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚੋਂ ਪਹਿਲੀ ਪੁਜ਼ੀਸ਼ਨ ਹਾਸਲ ਕਰਕੇ ਸਟੇਟ ਪੱਧਰੀ ਮੁਕਾਬਲੇ ਲਈ ਚੁਣਿਆ ਗਿਆ। ਉਨ੍ਹਾਂ ਦੱਸਿਆ ਕਿ ਸਕੂਲ ਦੀਆਂ ਵਿਦਿਆਰਥਣਾਂ ਨੇ ਰਿਲੇਅ 'ਚੋਂ ਸੈਕਿੰਡ ਪੁਜ਼ੀਸ਼ਨ ਕੀਤਾ ਅਤੇ ਅਨਮੋਲਦੀਪ ਕੌਰ ਹਾਈ ਜੰਪ 'ਚੋਂ ਫ਼ਸਟ ਪੁਜ਼ੀਜ਼ਨ ਹਾਸਲ ਕਰਦਿਆਂ ਸਟੇਟ ਪੱਧਰੀ ਮੁਕਾਬਲੇ ਲਈ ਚੁਣੀ ਗਈ।

## ਆਈ ਟੀ ਆਈ ਇੰਪਲਾਈਜ਼ ਯੂਨੀਅਨ ਵੱਲੋਂ ਬਿਜਲੀ ਵੰਡ ਸਿਸਟਮ ਦਾ ਵਿਰੋਧ



**ਧੂਰੀ (ਸੁਖਦੇਵ ਧੂਰੀ)**-ਪੀ ਐੱਸ ਪੀ ਸੀ ਐੱਲ ਡਵੀਜ਼ਨ ਧੂਰੀ ਵਿਖੇ ਆਈ ਟੀ ਆਈ ਇੰਪਲਾਈਜ਼ ਯੂਨੀਅਨ ਵੱਲੋਂ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਦੇਸ਼ ਦੇ ਸਮੁੱਚੇ ਬਿਜਲੀ ਵੰਡ ਸਿਸਟਮ ਦਾ ਨਿੱਜੀਕਰਨ ਕਰਨ ਲਈ ਜੋ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਉਸ ਦੇ ਵਿਰੋਧ ਵਿੱਚ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਵਾਉਣ ਲਈ ਮੀਟਿੰਗ ਕੀਤੀ ਗਈ। ਇਹ ਮੀਟਿੰਗ ਜਨਰਲ ਸਕੱਤਰ ਮਨਜੀਤ ਸਿੰਘ ਲੱਡਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਡਵੀਜ਼ਨ ਪ੍ਰਧਾਨ ਗੁਰਪਿੰਦਰ ਸਿੰਘ ਕਹੇਰੂ ਨੇ ਬੋਲਦਿਆਂ ਕਿਹਾ ਕਿ ਬਿਜਲੀ ਵੰਡ ਸਿਸਟਮ ਦੇ ਨਿੱਜੀਕਰਨ ਨਾਲ ਬੇਰੁਜ਼ਗਾਰੀ ਤੇ ਉਜ਼ਰਤ ਦੀ ਲੁੱਟ ਵਧੇਗੀ, ਵੱਡੇ ਘਰਾਣਿਆਂ ਨੂੰ ਮੁਨਾਫਾ ਹੋਵੇਗਾ, ਰੁਜ਼ਗਾਰ ਖਤਮ ਹੋਵੇਗਾ, ਸਾਰੀਆਂ ਹੀ ਸਬਸਿਡੀਆਂ ਖਤਮ ਹੋ ਜਾਣ ਨਾਲ ਬਿਜਲੀ ਦੀ ਪਹੁੰਚ ਆਮ ਆਦਮੀ ਤੋਂ ਬਾਹਰ ਹੋ ਜਾਵੇਗੀ। ਇਸ ਤਰ੍ਹਾਂ ਹੀ ਪੈਨਸ਼ਨ ਸਕੀਮ ਬੰਦ ਕਰਕੇ ਸਰਕਾਰ ਵੱਲੋਂ ਵੱਡੇ ਘਰਾਣਿਆਂ ਨੂੰ ਮੁਲਾਜ਼ਮਾਂ ਦਾ ਪੈਸਾ ਲੁਟਾਇਆ ਜਾ ਰਿਹਾ ਹੈ ਅਤੇ ਐੱਨ ਪੀ ਐੱਸ ਦੇ ਤਹਿਤ ਨਾ ਦੇ ਬਰਾਬਰ ਪੈਨਸ਼ਨ ਦੇ ਕੇ ਕੋਝਾ ਮਜ਼ਾਕ ਕੀਤਾ ਜਾ ਰਿਹਾ ਹੈ। ਇਸ ਸਮੇਂ ਮੌਜੂਦ ਸਾਥੀ ਦਵਿੰਦਰ ਪੁੰਨਾਵਾਲ, ਹਰਦੀਪ ਬਾਦਸ਼ਾਹਪੁਰ, ਸੰਦੀਪ ਦੀਦਾਰਗੜ੍ਹ, ਕੇਸਰ ਰਣੀਕੇ, ਹਰਪਿੰਦਰ, ਮਨਪ੍ਰੀਤ ਧੂਰਾ, ਜਸਵੀਰ ਧੂਰੀ, ਸੁਖਵੀਰ ਕੱਕੜਵਾਲ ਆਦਿ ਹਾਜ਼ਰ ਸਨ।

## ਕੌਮਾਂਤਰੀ ਸੀਨੀਅਰ ਸਿਟੀਜ਼ਨ ਦਿਹਾੜੇ ਮੌਕੇ ਸਮਾਗਮ



**ਧੂਰੀ (ਸੁਖਦੇਵ ਧੂਰੀ)**-ਸਥਾਨਕ ਬਾਰੂਮੱਲ ਦੀ ਧਰਮਸ਼ਾਲਾ ਵਿਖੇ ਕੌਮਾਂਤਰੀ ਸੀਨੀਅਰ ਸਿਟੀਜ਼ਨ ਦਿਹਾੜਾ ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਧੂਰੀ ਵੱਲੋਂ ਪ੍ਰਧਾਨ ਜਗਦੀਸ਼ ਸ਼ਰਮਾ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਰਾਇਸਿਲਾ ਫੂਡਜ਼ ਦੇ ਸੀ.ਐੱਮ.ਡੀ. ਡਾ. ਏ. ਆਰ. ਸ਼ਰਮਾ ਸਨ ਤੇ ਪ੍ਰਧਾਨਗੀ ਅਸ਼ੋਕ ਕੁਮਾਰ ਲੱਖਾ ਚੇਅਰਮੈਨ ਪੰਜਾਬ ਗਊ ਸੇਵਾ ਕਮਿਸ਼ਨ ਨੇ ਕੀਤੀ। ਸਮਾਗਮ ਵਿੱਚ ਇਲਾਕੇ ਦੇ ਪੰਚਾਂ, ਸਰਪੰਚਾਂ ਤੇ ਨਗਰ ਕੌਂਸਲਰਾਂ ਤੋਂ ਇਲਾਵਾ ਵੱਖ ਵੱਖ ਸਮਾਜਿਕ, ਧਾਰਮਿਕ, ਰਾਜਨੀਤਕ ਪਾਰਟੀਆਂ ਦੇ ਆਗੂ, ਮੁਲਾਜ਼ਮਾਂ ਤੇ ਪੈਨਸ਼ਨਰ ਜਥੇਬੰਦੀਆਂ ਦੇ ਆਗੂ ਅਤੇ ਮੈਂਬਰ ਸਾਹਿਬਾਨ ਸ਼ਾਮਲ ਹੋਏ। ਇਸ ਮੌਕੇ ਵੱਖ ਵੱਖ ਬੁਲਾਰਿਆਂ, ਮਨਜੀਤ ਸਿੰਘ ਬਖਸ਼ੀ ਸਾਬਕਾ ਡੀਪੀਆਰਓ, ਸੁਰਿੰਦਰ ਸ਼ਰਮਾ ਨਾਗਰਾ, ਗਿਰਧਾਰੀ ਲਾਲ, ਜਗਦੇਵ ਸ਼ਰਮਾ ਬੁਗਰਾ, ਹਰਜਿੰਦਰ ਸਿੰਘ ਢੀਂਡਸਾ ਤੇ ਪ੍ਰੇਮ ਸਿੰਘ ਨੇ ਕੌਮਾਂਤਰੀ ਦਿਹਾੜੇ ਦੀ ਮਹੱਤਤਾ ਤੇ ਸਰਕਾਰ ਵੱਲੋਂ ਬਜ਼ੁਰਗਾਂ ਦੀ ਦੇਖ ਰੇਖ, ਸੰਭਾਲ ਤੇ ਸੁਰੱਖਿਆ ਲਈ ਬਣਾਏ ਐਕਟ 2007 ਤੇ 2012 ਵਿੱਚ ਦਰਜ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਵੱਖ ਵੱਖ ਸਰਕਾਰੀ ਅਦਾਰਿਆਂ ਤੇ ਬੈਂਕਾਂ ਆਦਿ ਵਿੱਚ ਵੀ ਸੀਨੀਅਰ ਸਿਟੀਜ਼ਨਾਂ ਦਾ ਪੂਰਾ ਮਾਣ ਸਤਿਕਾਰ ਨਾ ਹੋਣ ਦਾ ਗੰਭੀਰ ਨੋਟਿਸ ਲਿਆ ਗਿਆ। ਇਸ ਮੌਕੇ 80 ਸਾਲ ਪਾਰ ਕਰ ਚੁੱਕੇ ਦਰਜਨ ਦੇ ਲਗਪਗ ਬਜ਼ੁਰਗਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਜੀਤ ਰਾਮ ਸ਼ਰਮਾ, ਹਰਬੰਸ ਸਿੰਘ ਸੋਢੀ, ਪ੍ਰੋ. ਮਦਨ ਲਾਲ, ਜੈ ਦੇਵ ਸ਼ਰਮਾ, ਮੁਰਾਰੀ ਲਾਲ, ਰਾਮ ਗੋਪਾਲ ਸ਼ਰਮਾ, ਤਰਸੇਮ ਮਿੱਤਲ, ਗੋਪਾਲ ਕ੍ਰਿਸ਼ਨ, ਰਤਨ ਭੰਡਾਰੀ, ਜਸਪਾਲ ਭੱਟੀ, ਜਸਦੇਵ ਸਿੰਘ, ਇੰਦਰਜੀਤ ਸ਼ਰਮਾ, ਪ੍ਰਹਿਲਾਦ ਕੁਮਾਰ, ਹਰਦੀਪ ਸਿੰਘ ਆਦਿ ਹਾਜ਼ਰ ਸਨ। ਸਟੇਜ ਦੀ ਡਿਊਟੀ ਸਰਬਜੀਤ ਸਿੰਘ ਨੇ ਬਾਖੂਬੀ ਨਿਭਾਈ।

# ਝੋਨੇ ਖਰੀਦ ਦੇ ਪਹਿਲੇ ਦਿਨ ਖਾਲੀ ਰਹੀ ਮਾਲਵੇ ਦੀ ਪ੍ਰਸਿੱਧ ਦਾਣਾ ਮੰਡੀ ਮਲੋਟ

**ਜੀ.ਓ.ਜੀ ਸਕੀਮ ਖਤਮ ਕੀਤੇ ਜਾਣ ਉਪਰੰਤ ਮਾਰਕੀਟ ਕਮੇਟੀ ਵੱਲੋਂ ਖਰੀਦ ਪ੍ਰਬੰਧਾਂ ਲਈ ਨਹੀਂ ਕੀਤੀ ਗਈ ਕੋਈ ਤਿਆਰੀ : ਹਰਪ੍ਰੀਤ ਸਿੰਘ**



ਮਲੋਟ ਵਿਖੇ ਝੋਨੇ ਦੀ ਖਰੀਦ ਦੇ ਪਹਿਲੇ ਦਿਨ ਸੁੰਨੀ ਪਈ ਦਾਣਾ ਮੰਡੀ ਤੇ ਪਿੜ ਵਿਚਕਾਰ ਪਈ ਗੰਦਗੀ।

**ਮਲੋਟ (ਗੁਰਮੀਤ ਸਿੰਘ ਮੱਕੜ)**

ਪੰਜਾਬ ਸਰਕਾਰ ਵੱਲੋਂ 1 ਅਕਤੂਬਰ ਤੋਂ ਝੋਨੇ ਦੀ ਮੰਡੀਆਂ ਵਿੱਚ ਖਰੀਦ ਸ਼ੁਰੂ ਕਰਨ ਦੇ ਰਸਮੀ ਐਲਾਨ ਉਪਰੰਤ ਅੱਜ ਮਾਲਵੇ ਦੀ ਮਸ਼ਹੂਰ ਦਾਣਾ ਮੰਡੀ ਮਲੋਟ ਪੂਰੀ ਤਰ੍ਹਾਂ ਸੁੰਨੀ ਪਈ ਰਹੀ। ਰੱਬੀ ਮਾਰ ਦੇ ਰੂਪ ਵਿਚ ਬੇਮੌਸਮੀ ਬਰਸਾਤ ਕਾਰਨ ਕਿਸਾਨ ਦੀ ਫਸਲ ਬਹੁਤੀ ਮਾਰ ਹੇਠ ਆ ਗਈ ਤੇ ਜੋ ਬਚੀ ਹੈ ਉਹ ਹਾਲੇ ਪੱਕੀ ਨਹੀ ਅਤੇ ਜ਼ਮੀਨ ਸਲ੍ਹਾਬੀ ਹੋਣ ਕਾਰਨ ਫਸਲ ਕੱਟੀ ਵੀ ਨਹੀਂ ਜਾ ਸਕਦੀ। ਉੱਧਰ ਮੰਡੀਆਂ ਵੀ ਸਿਰਫ ਫਸਲ ਖਰੀਦ ਦੇ ਐਲਾਨ ਤੱਕ ਹੀ ਸੀਮਿਤ ਹਨ, ਜਦਕਿ ਸ਼ਹਿਰੀ ਮੰਡੀਆਂ ਸਮੇਤ ਪਿੰਡਾਂ ਦੇ ਖਰੀਦ ਕੇਂਦਰਾਂ ਵਿਚ ਕਿਧਰੇ ਵੀ ਕੋਈ ਤਿਆਰੀ ਨਹੀਂ ਵਿੱਢੀ ਗਈ। ਇਸ ਸਬੰਧੀ ਵਿਸਥਾਰ ਨਾਲ ਗੱਲਬਾਤ ਕਰਦਿਆਂ ਸਾਬਕਾ ਵਰੰਟ ਅਫਸਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਜੀ.ਓ.ਜੀ ਸਕੀਮ ਬੰਦ ਕਰਕੇ ਵੱਡੀ ਗਲਤੀ ਕੀਤੀ ਹੈ। ਉਨ੍ਹਾ ਕਿਹਾ ਕਿ 2017 ਵਿੱਚ ਜੀ.ਓ.ਜੀ. ਸਕੀਮ ਸ਼ੁਰੂ ਹੋਣ ਤੋਂ ਲੈ ਕੇ ਲਗਾਤਾਰ ਹਾੜ੍ਹੀ ਤੇ ਸਾਉਣੀ ਦੀ ਫਸਲ ਮੰਡੀਆਂ ਵਿੱਚ ਆਉਣ ਤੋਂ ਪਹਿਲਾਂ ਜੀ.ਓ.ਜੀ ਦੀ ਡਿਊਟੀ ਮੰਡੀਆਂ ਵਿੱਚ ਲਗਾ ਦਿੱਤੀ ਜਾਂਦੀ ਸੀ। ਜੀ.ਓ.ਜੀ ਇਕੱਲੀ ਇਕੱਲੀ ਮੰਡੀ ਵਿਚ ਚੱਕਰ ਮਾਰ ਕੇ ਉੱਥੋਂ ਦੀ ਸਾਫ ਸਫਾਈ, ਲਾਈਟਾਂ, ਪਖਾਨੇ, ਪੀਣ ਵਾਲੇ ਪਾਣੀ ਦਾ ਪ੍ਰਬੰਧ ਤੇ ਕਿਸਾਨਾਂ ਦੇ ਬੈਠਨ ਲਈ ਪੁਖਤਾ ਪ੍ਰਬੰਧਾਂ ਦੀ ਜਾਂਚ ਕਰਕੇ ਜਿੱਥੇ ਪੰਜਾਬ ਸਰਕਾਰ ਨੂੰ ਰਿਪੋਰਟ ਦਿੰਦੇ ਸਨ, ਉੱਥੇ ਹੀ ਸਥਾਨਕ ਪੱਧਰ ਤੇ ਮਾਰਕੀਟ ਕਮੇਟੀ ਸੁਪਰਵਾਈਜ਼ਰਾਂ ਦੇ ਕਹਿ ਕੇ ਇਹ ਪ੍ਰਬੰਧ ਯਕੀਨੀ ਬਣਾਉਂਦੇ ਸਨ ਤਾਂ ਜੋ ਮੰਡੀਆਂ ਵਿੱਚ ਫਸਲ ਵੇਚਣ ਆਏ ਅੰਨਦਾਤਾ ਨੂੰ ਕੋਈ ਦਿੱਕਤਾ ਪੇਸ਼ ਨਾ ਆਏ। ਫਸਲ ਆਉਣ ਉਪਰੰਤ ਵੀ ਇਹ ਜੀ.ਓ.ਜੀ ਝਾਰ, ਤੁਲਾਈ, ਬਾਰਦਾਨਾ ਅਤੇ ਚੁਕਾਈ ਤੇ ਪੂਰੀ ਨਜ਼ਰ ਰੱਖਦੇ ਸਨ। ਹਰਪ੍ਰੀਤ ਸਿੰਘ ਨੇ ਪੱਤਰਕਾਰਾਂ ਨੂੰ ਮੰਡੀ ਦੇ ਮੁੱਖ ਪਿੜ ਦੇ ਸੈਂਟਰ ਵਿੱਚ ਲਾਈਟ ਪੋਲ ਦੇ ਥੱਲੇ ਲੱਗੇ ਗੰਦਗੀ ਦੇ ਢੇਰ ਦੀਆਂ ਫੋਟੋ ਵੀ ਦਿਖਾਈਆਂ। ਇਸ ਸਬੰਧੀ ਜਦੋਂ ਮਾਰਕੀਟ ਕਮੇਟੀ ਅਧਿਕਾਰੀਆਂ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਹ ਵੀ ਮੰਡੀ ਵਿਚ ਕੋਈ ਢੇਰੀ ਆਈ ਨਾ ਦੇਖ ਸ਼ਨੀਵਾਰ ਦੀ ਛੁੱਟੀ ਮਨਾਉਂਦੇ ਹੀ ਨਜ਼ਰ ਆਏ।

# ਐੱਸ ਡੀ ਐੱਮ ਨੇ ਮੰਡੀ 'ਚ ਝੋਨੇ ਦੀ ਢੇਰੀ ਦੀ ਬੋਲੀ ਲਾ ਕੇ ਖਰੀਦ ਦੀ ਕੀਤੀ ਸ਼ੁਰੂਆਤ



**ਮੂਨਕ (ਰਾਜਪਾਲ ਸਿੰਗਲਾ)**-ਝੋਨੇ ਦੇ ਸੀਜ਼ਨ ਨੂੰ ਲੈ ਕੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਨੂੰ ਮੁੱਖ ਰੱਖਦਿਆਂ ਸਥਾਨਕ ਅਨਾਜ ਮੰਡੀ ਵਿੱਚ ਹਲਕਾ ਵਿਧਾਇਕ ਬਰਿੰਦਰ ਗੋਇਲ ਤੇ ਐੱਸ ਡੀ ਐੱਮ ਸੂਬਾ ਸਿੰਘ ਨੇ ਅਨਾਜ ਮੰਡੀ ਦਾ ਨਰੀਖਣ ਕਰਨ ਤੋਂ ਬਾਅਦ ਕੁੰਦਨ ਲਾਲ ਵੇਦ ਪ੍ਰਕਾਸ਼ ਆੜ੍ਹਤੀ ਦੀ ਦੁਕਾਨ 'ਤੇ ਪਏ ਝੋਨੇ ਦੀ ਢੇਰੀ ਦੀ ਬੋਲੀ ਲਗਾ ਕੇ ਇਸ ਸੀਜ਼ਨ ਦੀ ਸ਼ੁਰੂਆਤ ਕੀਤੀ। ਇਸ ਮੌਕੇ ਹਲਕਾ ਵਿਧਾਇਕ ਬਰਿੰਦਰ ਗੋਇਲ ਨੇ ਸੰਬੰਧਤ ਪ੍ਰਸ਼ਾਸਨ, ਸੈਲਰ ਐਸੋਸੀਏਸ਼ਨ, ਆੜ੍ਹਤੀਆ ਐਸੋਸੀਏਸ਼ਨ ਤੇ ਕਿਸਾਨਾਂ ਦੇ ਨਾਲ ਝੋਨੇ ਦੇ ਸੀਜ਼ਨ ਨੂੰ ਲੈ ਕੇ ਇੱਕ ਅਹਿਮ ਮੀਟਿੰਗ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਝੋਨੇ ਦੀ ਖਰੀਦ ਦੇ ਪ੍ਰਬੰਧਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਸਰਕਾਰ ਵੱਲੋਂ ਮੰਡੀ ਦੇ ਸਾਰੇ ਪ੍ਰਬੰਧਾਂ ਨੂੰ ਪੂਰਾ ਕਰ ਲਿਆ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਸਾਨ ਭਰਾਵਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਆਪਣਾ ਸੁੱਕਾ ਝੋਨਾ ਹੀ ਮੰਡੀ ਵਿੱਚ ਲੈ ਕੇ ਆਉਣ ਤਾਂ ਕਿ ਕਿਸੇ ਨੂੰ ਵੀ ਹਰਾਸਮੈਂਟ ਨਾ ਹੋਣਾ ਪਵੇ। ਉਨ੍ਹਾਂ ਕਿਹਾ ਕਿ 17% ਨਮੀ ਵਾਲਾ ਝੋਨਾ ਖਰੀਦ ਏਜੰਸੀਆਂ ਵੱਲੋਂ ਖਰੀਦਿਆ ਜਾਵੇਗਾ, ਜੇਕਰ ਫਿਰ ਵੀ ਕੋਈ ਕਮੀ ਨਜ਼ਰ ਆਉਂਦੀ ਹੈ ਤਾਂ ਉਹ ਐੱਸ ਡੀ ਐੱਮ ਸੂਬਾ ਸਿੰਘ ਨਾਲ ਸੰਪਰਕ ਕਰ ਸਕਦੇ ਹਨ, ਜਿਸ ਦਾ ਤੁਰੰਤ ਹੱਲ ਹੋਵੇਗਾ।

ਇਸ ਮੌਕੇ ਪਹੁੰਚੇ ਕਿਸਾਨਾਂ ਨੇ ਪ੍ਰਸ਼ਾਸਨ ਤੇ ਵਿਧਾਇਕ ਅੱਗੇ ਅਪੀਲ ਕਰਦੇ ਕਿਹਾ ਕਿ ਮੰਡੀ ਵਿੱਚ ਜਗ੍ਹਾ ਘੱਟ ਹੋਣ ਕਾਰਨ ਝੋਨੇ ਦੀ ਢੇਰੀ ਨੂੰ ਨਹੀਂ ਖਿਲਾਰ ਸਕਦੇ, ਇਕੱਠੀ ਪਈ ਹੋਣ ਕਰਕੇ ਝੋਨੇ ਵਿੱਚ ਨਮੀ ਦੀ ਮਾਤਰਾ ਘਟਣ ਦਾ ਨਾਮ ਨਹੀਂ ਲੈਂਦੀ, ਅਜਿਹੀ ਸਮੱਸਿਆ ਨੂੰ ਹੱਲ ਕੀਤਾ ਜਾਵੇ। ਇਸ ਮੌਕੇ ਐੱਸ ਡੀ ਐੱਮ ਨੇ ਕਿਹਾ ਕਿ ਸਬ ਡਵੀਜ਼ਨ 'ਚ ਪੈਂਦੀਆਂ ਸਾਰੀਆਂ ਮੰਡੀਆਂ ਦੇ ਪੁਖਤਾ ਪ੍ਰਬੰਧ ਕਰ ਲਏ ਗਏ ਹਨ, ਜੇਕਰ ਕੋਈ ਮੁਲਾਜ਼ਮ ਆਪਣੀ ਡਿਊਟੀ ਤੋਂ ਕੁਤਾਹੀ ਕਰਦਾ ਫੜਿਆ ਗਿਆ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਸਮੇਂ ਉਨ੍ਹਾਂ ਨੇ ਆੜ੍ਹਤੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣਾ ਨਾਪ ਤੋਲ ਸਹੀ ਰੱਖਣ, ਗਲਤ ਪਾਏ ਜਾਣ 'ਤੇ ਬਨਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਦੀਪਕ ਸਿੰਗਲਾ, ਹਰਵਿੰਦਰ ਰਿੰਕੂ, ਸਤੀਸ਼ ਕੁਮਾਰ, ਕਰਮਵੀਰ ਸਿੰਗਲਾ, ਕੇਵਲ ਗਰਗ ਆਦਿ ਹਾਜ਼ਰ ਸਨ।

## ਪੰਜਾਬੀ ਸਾਹਿਤ ਸਭਾ ਦੇ ਸਰਪ੍ਰਸਤ ਬਿਹਾਰੀ ਲਾਲ ਸੱਦੀ ਨੇ 82ਵਾਂ ਜਨਮ ਦਿਨ ਮਨਾਇਆ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬੀ ਸਾਹਿਤ ਸਭਾ ਸਮਰਾਲਾ ਦੇ ਸਰਪ੍ਰਸਤ ਬਿਹਾਰੀ ਲਾਲ ਸੱਦੀ ਰਿਟਾ: ਲੈਕਚਰਾਰ ਦਾ 82ਵਾਂ ਜਨਮ ਦਿਨ ਸਭਾ ਦੇ ਅਹੁਦੇਦਾਰਾਂ ਤੇ ਵੱਖ ਵੱਖ ਸੰਸਥਾਵਾਂ ਦੇ ਅਹੁਦੇਦਾਰਾਂ ਦੀ ਹਾਜ਼ਰੀ ਵਿੱਚ ਮਨਾਇਆ ਗਿਆ ਤੇ ਸਾਰਿਆਂ ਨੇ ਬਿਹਾਰੀ ਲਾਲ ਸੱਦੀ ਦੀ ਲੰਬੀ ਉਮਰ ਦੀ ਕਾਮਨਾ ਕੀਤੀ। ਮੇਘ ਸਿੰਘ ਜਵੰਦਾ ਜਨਰਲ ਸਕੱਤਰ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਤੇ ਸੰਖੇਪ 'ਚ ਸ੍ਰੀ ਸੱਦੀ ਵੱਲੋਂ ਕੀਤੇ ਕਾਰਜਾਂ 'ਤੇ ਚਾਨਣਾ ਪਾਇਆ। ਪ੍ਰੇਮ ਸਾਗਰ ਸ਼ਰਮਾ ਕਨਵੀਨਰ ਪੰਜਾਬ ਰਾਜ ਪੈਨਸ਼ਨਰਜ਼ ਜੁਆਇੰਟ ਫਰੰਟ, ਸੁਰਜੀਤ ਵਿਸ਼ਦ ਜਨ: ਸਕੱਤਰ ਲੇਖਕ ਮੰਚ, ਪ੍ਰੋ. ਹਰਿੰਦਰਜੀਤ ਸਿੰਘ ਕਲੇਰ ਨੇ ਵੀ ਆਪਣੇ ਸੰਬੋਧਨ 'ਚ ਸ੍ਰੀ ਸੱਦੀ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ। ਸਮਾਗਮ ਵਿੱਚ ਉਪਰੋਕਤ ਤੋਂ ਇਲਾਵਾ ਗੁਰਚਰਨ ਦਾਸ ਸੱਦੀ, ਸਰਪ੍ਰਸਤ ਦਰਸ਼ਨ ਸਿੰਘ ਕੰਗ, ਮਾ. ਪੁਖਰਾਜ ਸਿੰਘ ਘੁਲਾਲ, ਕਹਾਣੀਕਾਰ ਸੰਦੀਪ ਸਮਰਾਲਾ, ਅਮਨਦੀਪ ਕੌਸ਼ਲ, ਇੰਦਰਜੀਤ ਸਿੰਘ ਕੰਗ (ਸਾਰੇ ਪੰਜਾਬੀ ਸਾਹਿਤ ਸਭਾ ਦੇ ਅਹੁਦੇਦਾਰ), ਪ੍ਰੇਮ ਨਾਥ ਅਧਿਆਪਕ ਚੇਤਨਾ ਮੰਚ, ਹੈੱਡਮਾਸਟਰ ਮਹਿੰਦਰ ਸਿੰਘ, ਸੁਰਿੰਦਰ ਕੁਮਾਰ, ਪ੍ਰਿੰਸੀਪਲ ਸੰਜੀਵ ਸੱਦੀ, ਮਲਕੀਤ ਸਿੰਘ ਆਦਿ ਹਾਜ਼ਰ ਸਨ। ਅਖੀਰ ਬਿਹਾਰੀ ਲਾਲ ਸੱਦੀ ਨੇ ਸਾਰਿਆਂ ਦਾ ਧੰਨਵਾਦ ਕੀਤਾ ਤੇ ਆਪਣੇ ਜੀਵਨ ਦੇ ਕੌੜੇ ਮਿੱਠੇ ਤਜਰਬੇ ਸਾਂਝੇ ਕਰਦਿਆਂ ਆਪਣੀਆਂ ਲਿਖੀਆਂ ਕਵਿਤਾਵਾਂ ਸੁਣਾ ਕੇ ਮਹੌਲ ਸੰਗੀਤਮਈ ਬਣਾ ਦਿੱਤਾ। ਅਖੀਰ ਮੇਘ ਸਿੰਘ ਜਵੰਦਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਗੁਰੂ ਨਾਨਕ ਕਾਲਜ 'ਚ 'ਐੱਨ ਆਰ ਆਈ ਵਿਆਹ' 'ਤੇ ਉੱਚ ਪੱਧਰੀ ਸਮਾਗਮ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਰਾਸ਼ਟਰੀ ਮਹਿਲਾ ਕਮਿਸ਼ਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਹਿਯੋਗ ਨਾਲ 'ਐੱਨ.ਆਰ.ਆਈ. ਵਿਆਹ: ਕੀ ਕਰੀਏ ਕੀ ਨਾ ਕਰੀਏ ਅਗਲਾ ਰਾਹ' ਉੱਪਰ ਇੱਕ ਉੱਚ ਪੱਧਰੀ ਸਮਾਗਮ ਗੁਰੂ ਨਾਨਕ ਕਾਲਜ ਫਿਰੋਜ਼ਪੁਰ ਵਿਖੇ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਪਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਚਾਇਤਾਂ, ਪੰਜਾਬ ਪੁਲਸ ਤੇ ਐੱਨ.ਜੀ.ਓ. ਦੀ ਸਹਾਇਤਾ ਨਾਲ ਕਰਵਾਇਆ ਗਿਆ। ਇਸ ਸਮਾਗਮ ਦੇ ਨੋਡਲ ਅਫਸਰ ਪ੍ਰੋ. ਦਵਿੰਦਰ ਸਿੰਘ (ਡਾ.) ਮੁਖੀ ਕਾਨੂੰਨ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪ੍ਰੋ. ਇੰਦਰਜੀਤ ਸਿੰਘ ਕੋਆਰਡੀਨੇਟਰ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਫਿਰੋਜ਼ਪੁਰ ਕੈਂਟ, ਪ੍ਰੋ. ਸਤੀਸ਼ ਗੁਪਤਾ (ਡਾਇਰੈਕਟਰ), ਐਸੋਸੀਏਟ ਪ੍ਰੋ. ਮੀਨੂੰ ਮਲਹੋਤਰਾ, ਐਸੋਸਿਏਟ ਪ੍ਰੋ. ਇੰਦੂ ਗੁਪਤਾ, ਪ੍ਰੋ. ਡਾ. ਕੁਲਬੀਰ ਮਲਿਕ (ਅਸਿਸਟੈਂਟ ਪ੍ਰੋਫੈਸਰ) ਸਹਾਇਕ ਪ੍ਰੋ. ਚਾਹਤ ਮੈਂਗਾ, ਸਮੂਹ ਪ੍ਰੋਫੈਸਰ ਸਹਿਬਾਨ, ਸ੍ਰੀ. ਵਿਕਰਮਪਾਲ ਸਿੰਘ ਤੇ ਸਮੂਹ ਨਾਨ-ਟੀਚਿੰਗ ਸਟਾਫ ਦੇ ਯਤਨਾ ਨਾਲ ਸ਼ਾਨਦਾਰ ਸਮਾਗਮ ਕੀਤਾ ਗਿਆ ਜਿਸ ਵਿੱਚ ਹੇਮਾਂ ਤਲਵਾਰ (ਪੰਜਾਬ ਸਟੇਟ ਲੀਗਲ ਸਰਵਸਿਜ ਅਥਾਰਟੀ), ਰਾਜਬੀਰ ਸਿੰਘ ਐੱਸ.ਐੱਚ.ਓ (ਪੰਜਾਬ ਪੁਲਸ) ਫਿਰੋਜ਼ਪੁਰ, ਪੰਕਜ ਰਾਮਪਾਲ, ਡਾ. ਕੁਲਬੀਰ ਮਲਿਕ (ਅਸਿਸਟੈਂਟ ਪ੍ਰੋਫੈਸਰ) ਪ੍ਰੋ. ਪਰਮਪ੍ਰੀਤ ਕੌਰ (ਅਸਿਸਟੈਂਟ ਪ੍ਰੋਫੈਸਰ) ਆਦਿ ਨੇ ਸੰਬੋਧਨ ਕੀਤਾ। ਪ੍ਰੋ. ਇੰਦਰਜੀਤ ਸਿੰਘ ਨੇ ਸਮਾਗਮ ਦਾ ਆਗਾਜ਼ ਕਰਦਿਆਂ ਸਮੁੱਚੇ ਪ੍ਰੋਗਰਾਮ ਦਾ ਰੂਪ-ਰੇਖਾ ਨਾਲ ਮੁੱਢ ਬੰਨ੍ਹਿਆ। ਇਸ ਸਮਾਗਮ ਵਿੱਚ ਪ੍ਰਧਾਨ ਖਾਲਸਾ ਗੁਰਦੁਆਰਾ ਪ੍ਰਬੰਧਕ ਕਮੇਟੀ ਸ. ਸਤਿੰਦਰਜੀਤ ਸਿੰਘ, ਸਮਾਜਸੇਵੀ ਕਰਨੈਲ ਸਿੰਘ ਭਾਵੜਾ ਨੇ ਵੀ ਸੰਬੋਧਨ ਕੀਤਾ। ਸਮਾਗਮ ਦਾ ਕੁੰਜੀਵਤ ਭਾਸ਼ਣ ਕਾਲਜ ਮੈਨੇਜਿੰਗ ਕਮੇਟੀ ਦੇ ਚੇਅਰਮੈਨ ਸ. ਰਤਿੰਦਰ ਸਿੰਘ ਸਾਈਆਂਵਾਲਾ ਦੁਆਰਾ ਪੇਸ਼ ਕੀਤਾ ਗਿਆ।

ਇਸ ਮੌਕੇ ਕਲਜ ਕਮੇਟੀ ਦੇ ਪ੍ਰਧਾਨ ਸ. ਗੁਰਦੀਪ ਸਿੰਘ ਸੰਘਾ ਦਾ ਵਿਸ਼ੇਸ਼ ਸਹਿਯੋਗ ਰਿਹਾ। ਕਾਲਜ ਕਮੇਟੀ ਦੇ ਵਾਇਸ ਚੇਅਰਮੈਨ ਸ. ਅਸੀਸਪ੍ਰੀਤ ਸਿੰਘ ਸਾਈਆਂਵਾਲਾ ਨੇ ਸਮੁੱਚੇ ਸਮਾਗਮ ਲਈ ਵਧਾਈਆਂ ਦਿੱਤੀਆਂ।

## ਐੱਸ ਡੀ ਐੱਮ ਵੱਲੋਂ ਪੀ ਐੱਚ ਸੀ ਨੰਦਪੁਰ ਕਲੋੜ ਦਾ ਦੌਰਾ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਉਪ ਮੰਡਲ ਮੈਜਿਸਟ੍ਰੇਟ ਬੱਸੀ ਪਠਾਣਾ ਅਸ਼ੋਕ ਕੁਮਾਰ ਵੱਲੋਂ ਪੀ.ਐੱਚ.ਸੀ. ਨੰਦਪੁਰ ਕਲੋੜ ਵਿਖੇ ਦੁਪਹਿਰ 1.45 ਵਜੇ ਅਚਨਚੇਤ ਦੌਰਾ ਕੀਤਾ ਗਿਆ। ਇਸ ਦੌਰੇ ਦੌਰਾਨ ਸਮੂਹ ਸਟਾਫ ਹਾਜ਼ਰ ਪਾਇਆ ਗਿਆ। ਇਸ ਦੌਰਾਨ ਐੱਸ.ਡੀ.ਐੱਮ. ਅਸ਼ੋਕ ਕੁਮਾਰ ਵੱਲੋਂ ਸੀਨੀਅਰ ਮੈਡੀਕਲ ਅਫਸਰ ਤੇ ਸਮੂਹ ਸਟਾਫ ਨਾਲ ਗੱਲਬਾਤ ਕਰ ਉਨ੍ਹਾਂ ਦੀਆਂ ਮੁਸ਼ਕਲਾਂ ਸੰਬੰਧੀ ਪੁੱਛਗਿੱਛ ਕੀਤੀ ਗਈ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਲੋਕ ਸੇਵਾ ਲਈ ਵਚਨਬੱਧ ਹੈ ਅਤੇ ਸਰਕਾਰ ਦੀਆਂ ਚਲਾਈ ਗਈ ਸਿਹਤ ਵਿਭਾਗ ਦੀਆਂ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਉਚਤ ਕਾਰਵਾਈ ਕਰਦੇ ਰਹਿਣ। ਉਨ੍ਹਾਂ ਕਿਹਾ ਕਿ ਦਵਾਈਆਂ ਦਾ ਸਟਾਕ ਮੁਕੰਮਲ ਰੱਖਿਆ ਜਾਵੇ। ਮੌਸਮ ਦੇ ਬਦਲਾਅ ਕਾਰਨ ਫੈਲ ਰਹੇ ਡੇਂਗੂ, ਮਲੇਰੀਆ ਬਾਰੇ ਜਾਗਰੂਕਤਾ ਗਤੀਵਿਧੀਆਂ 'ਚ ਤੇਜ਼ੀ ਲਿਆਂਦੀ ਜਾਵੇ। ਸਿਹਤ ਵਿਭਾਗ ਵੱਲੋਂ ਮਾਂ ਤੇ ਬੱਚੇ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਵੀ ਉਨ੍ਹਾਂ ਵੱਲੋਂ ਜਾਇਜ਼ਾ ਲਿਆ।

# ਪੱਸੀਵਾਲ ਵਿਖੇ ਦਿਨ ਦਿਹਾੜੇ ਮੱਝਾਂ ਖੋਲ੍ਹਦੇ ਤਿੰਨ ਚੋਰ ਕੀਤੇ ਕਾਬੂ



ਤਿੰਨਾਂ ਚੋਰਾਂ ਨੂੰ ਰੱਸੇ ਨਾਲ ਬੰਨ੍ਹਿਆ ਹੋਇਆਂ ਦੀ ਤਸਵੀਰ ਅਤੇ ਪਿੱਛੇ ਖੜ੍ਹੇ ਲੋਕ।

**ਭਲਾਣ (ਹਰਭਜਨ ਢਿੱਲੋਂ)**

ਪੱਸੀਵਾਲ ਵਿਖੇ ਦੁਪਹਿਰ ਮੌਕੇ ਚਾਰ ਚੋਰਾਂ ਨੇ ਮੱਝ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਲੋਕਾਂ ਨੇ ਤਿੰਨ ਚੋਰਾਂ ਨੂੰ ਫੜ ਲਿਆ ਅਤੇ ਚੌਥਾ ਚੋਰ ਭੱਜਣ ਵਿਚ ਕਾਮਯਾਬ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਪਿੰਡ ਪੱਸੀਵਾਲ ਵਿਖੇ ਪਿਛਲੇ ਮਹੀਨੇ 30 ਅਗਸਤ ਨੂੰ ਇਕ ਓਵਰਲੋਡ ਭਰਿਆ ਮੱਝਾਂ ਦਾ ਟਰੱਕ ਜੈਂਡ ਮੋੜ 'ਤੇ ਪਲਟ ਗਿਆ ਸੀ ਜੋ ਕੇ ਯੂ ਪੀ ਸਹਾਰਨਪੁਰ ਜਾਣਾ ਸੀ। ਜਿਸ ਵਿੱਚ ਕਾਫ਼ੀ ਪਸ਼ੂ ਮਰ ਗਏ ਸਨ। ਕੁਝ ਬਚੀਆਂ ਹੋਈਆਂ ਮੱਝਾਂ ਲੋਕ ਲੈ ਗਏ ਸਨ ਤਾਂ ਕਿ ਫਸਲਾਂ ਦਾ ਉਜਾੜਾ ਨਾ ਹੋਵੇ ਅਤੇ ਦੂਸਰੀ ਉਹਨਾਂ ਦੀ ਮਨਸ਼ਾ ਸੀ ਕਿ ਜੇਕਰ ਕੋਈ ਮੱਝਾਂ ਮੰਗੇਗਾ ਤਾਂ ਉਹ ਦੇ ਦਿੱਤੀਆਂ ਜਾਣਗੀਆਂ। ਪਰ ਹੁਣ ਇੱਕ ਮਹੀਨੇ ਬਾਅਦ ਯੂ ਪੀ ਨੰਬਰ ਆਈ ਟਵੰਟੀ ਕਾਰ ਯੂ ਪੀ-11ਬੀ ਜੇ 0634 ਵਿੱਚ ਚਾਰ ਸਵਾਰ ਬੰਦੇ ਆਏ, ਜੋ ਪੱਸੀਵਾਲ ਦੇ ਗੋਪੀ ਦੇ ਪਸ਼ੂਆਂ ਦੇ ਵਾੜੇ ਵੱਲ ਨੂੰ ਗਏ। ਇਸ ਸਭ ਕੁਝ ਨੂੰ ਗੋਪੀ ਆਪਣੀ ਰਿਹਾਇਸ਼ ਵਾਲੇ ਮਕਾਨ ਵਿੱਚ ਸੀਸੀ ਟੀਵੀ ਕੈਮਰੇ ਰਾਹੀਂ ਦੇਖ ਰਿਹਾ ਸੀ। ਜਦੋਂ ਚੋਰਾਂ ਨੇ ਮੱਝ ਨੂੰ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਗੋਪੀ ਨੇ ਪਿੰਡ ਵਾਸੀਆਂ ਦੀ ਮੱਦਦ ਤੇ ਰਾਹਗੀਰਾਂ ਦੀ ਕੋਸ਼ਿਸ਼ ਨਾਲ ਤਿੰਨ ਚੋਰਾਂ ਨੂੰ ਫੜ ਲਿਆ ਜਦ ਕਿ ਚੌਥਾ ਭੱਜਣ ਵਿਚ ਕਾਮਯਾਬ ਹੋ ਗਿਆ। ਇਨ੍ਹਾਂ ਚੋਰਾਂ ਨੇ ਆਪਣੀ ਕਾਰ ਵਿੱਚ ਲੋਹੇ ਦੇ ਦਾਤਰ ਵੀ ਰੱਖੇ ਹੋਏ ਸਨ ਤਾਂ ਕਿ ਮੌਕਾ ਪੈਣ ਤੇ ਲੋਕਾਂ ਨੂੰ ਡਰਾਇਆ ਧਮਕਾਇਆ ਜਾ ਸਕੇ ਜਾਂ ਵੱਢਿਆ ਜਾ ਸਕੇ ਪਰ ਇਹ ਕਾਮਯਾਬ ਨਾ ਹੋ ਸਕੇ। ਪਿੰਡ ਵਾਸੀਆਂ ਨੇ ਪੁਲਸ ਨਾ ਪਹੁੰਚਣ ਕਰਕੇ ਸੜਕ 'ਤੇ ਜਾਮ ਲਾ ਦਿੱਤਾ। ਜਿਸ ਨਾਲ ਰਾਹਗੀਰ ਆਪਣਾ ਰਸਤਾ ਬਦਲ ਕੇ ਦੂਸਰੇ ਪਾਸਿਓਂ ਜਾਣ ਲੱਗ ਪਏ। ਇਸ ਮੌਕੇ ਐਸ ਪੀ ਡੀ ਮਨਮਿੰਦਰ ਸਿੰਘ, ਡੀ ਐਸ ਪੀ ਸਤੀਸ਼ ਕੁਮਾਰ ਨੰਗਲ, ਐਸ ਐਚ ਓ ਨੰਗਲ ਸਬ ਇੰਸਪੈਕਟਰ ਦਾਨਿਸ਼ਵੀਰ ਸਿੰਘ, ਸਬ ਇੰਸਪੈਕਟਰ ਇੰਦਰਜੀਤ ਸਿੰਘ ਚੌਕੀ ਇੰਚਾਰਜ ਨਵਾਂ ਨੰਗਲ, ਐਸ ਐਚ ਓ ਸ੍ਰੀ ਆਨੰਦਪੁਰ ਸਾਹਿਬ ਅਤੇ ਡੀ ਐੱਸ ਪੀ ਸ੍ਰੀ ਆਨੰਦਪੁਰ ਸਾਹਿਬ ਇੱਥੇ ਪਹੁੰਚੇ। ਉਨ੍ਹਾਂ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਇਨ੍ਹਾਂ ਮੁਜਰਮਾਂ ਦੇ ਉੱਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਜਿਸ ਤੋਂ ਬਾਅਦ ਲੋਕ ਸ਼ਾਂਤ ਹੋਏ ਅਤੇ ਜਾਮ ਖੁੱਲ੍ਹਿਆ। ਪੁਲਸ ਨੇ ਇਨ੍ਹਾਂ ਚੋਰਾਂ ਨੂੰ ਨਵਾਂ ਨੰਗਲ ਚੌਕੀ ਦੇ ਵਿੱਚ ਬੰਦ ਕਰ ਦਿੱਤਾ।

## ਆਕਸਫੋਰਡ ਪਬਲਿਕ ਸਕੂਲ 'ਚ ਮਹਾਤਮਾ ਗਾਂਧੀ ਦੀ 153ਵੀਂ ਜਨਮ ਵਰ੍ਹੇਗੰਢ ਮਨਾਈ




**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)**

ਆਈ.ਸੀ.ਐੱਸ.ਈ. ਬੋਰਡ ਤੋਂ ਮਾਨਤਾ ਪ੍ਰਾਪਤ ਦਾ ਆਕਸਫੋਰਡ ਪਬਲਿਕ ਸਕੂਲ ਚੀਮਾ ਵਿਖੇ ਮਹਾਤਮਾ ਗਾਂਧੀ ਜੀ ਦੀ 153ਵੀਂ ਜਨਮ ਵਰ੍ਹੇਗੰਢ ਮਨਾਈ ਗਈ, ਜਿਸ ਵਿੱਚ ਪਹਿਲੀ ਤੋਂ ਨੌਵੀਂ ਤੱਕ ਜਮਾਤ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਵਿਦਿਆਰਥੀਆਂ ਦੁਆਰਾ ਦੇਸ਼ ਭਗਤੀ ਦੇ ਗੀਤ ਗਾ ਕੇ ਗਾਂਧੀ ਜੀ ਦੇ ਜਨਮ ਦਿਨ ਨੂੰ ਯਾਦਗਾਰ ਬਣਾਇਆ। ਕਿੰਡਰਗਾਰਟਨ ਦੇ ਵਿਦਿਆਰਥੀਆਂ ਦੁਆਰਾ ਗਾਂਧੀ ਜੀ ਦੀ ਪੁਸ਼ਾਕ ਪਹਿਨ ਕੇ ਉਨ੍ਹਾਂ ਦੀ ਸਾਦਗੀ ਤੇ ਸੰਘਰਸ਼ ਭਰਿਆ ਜੀਵਨ ਨੂੰ ਪੇਸ਼ ਕਰਦਿਆਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਸਕੂਲ ਪ੍ਰਿੰਸੀਪਲ ਮਨਿੰਦਰਜੀਤ ਕੌਰ ਧਾਲੀਵਾਲ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਗਾਂਧੀ ਜੀ ਦੇ ਜਨਮ ਦੀ ਵਧਾਈ ਦਿੱਤੀ ਤੇ ਉਨ੍ਹਾਂ ਵਿਦਿਆਰਥੀਆਂ ਨੂੰ ਗਾਂਧੀ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਮਹਾਤਮਾ ਗਾਂਧੀ ਦੇ ਵਿਚਾਰਾਂ ਉੱਤੇ ਚੱਲਣ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਸੰਸਥਾ ਦੇ ਚੇਅਰਮੈਨ ਚਮਕੌਰ ਸਿੰਘ, ਮੈਨੇਜਿੰਗ ਡਾਇਰੈਕਟਰ ਗੁਰਧਿਆਨ ਸਿੰਘ ਚਹਿਲ ਤੇ ਸਮੂਹ ਮੈਨੇਜਮੈਂਟ ਮੈਂਬਰਾਂ ਵੱਲੋਂ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਮਹਾਤਮਾ ਗਾਂਧੀ ਜੀ ਦੇ ਜਨਮ ਦਿਨ ਦੀ ਵਧਾਈ ਦਿੱਤੀ ਗਈ।

## ...ਸਫ਼ਾ 5 ਦੇ ਬਾਕੀ

### ਆ ਗਿਆ ...

ਕੁਨੈਕਟ ਕਰ ਸਕਦੇ ਹੋ। ਤੁਸੀਂ ਕਿਤਿਓਂ ਵੀ ਇਨ੍ਹਾਂ ਚੀਜ਼ਾਂ ਨੂੰ ਆਪਣੇ ਸਮਾਰਟ ਫੋਨ ਨਾਲ ਕੰਟਰੋਲ ਕਰ ਸਕਦੇ ਹੋ।

**ਤੁਹਾਡੇ ਮੋਬਾਇਲ 'ਚ ਕਿਵੇਂ ਆਵੇਗਾ 5ਜੀ**

ਇਸ ਸਮੇਂ ਬਾਜ਼ਾਰ 'ਚ 2ਜੀ, 3ਜੀ ਅਤੇ 4ਜੀ ਸਿਮ ਮੌਜੂਦ ਹਨ। ਵਰਤਮਾਨ 'ਚ, ਜਿੱਥੇ ਫੀਚਰ ਫੋਨ ਉਪਭੋਗਤਾ 2ਜੀ ਸਿਮ ਦੀ ਵਰਤੋਂ ਕਰਦੇ ਹਨ, ਉੱਥੇ ਸਮਾਰਟਫੋਨ ਉਪਭੋਗਤਾ 3ਜੀ ਅਤੇ 4ਜੀ ਸਿਮ ਕਾਰਡਾਂ ਦੀ ਵਰਤੋਂ ਕਰਦੇ ਹਨ। ਜੇਕਰ ਅਸੀਂ 5ਜੀ ਦੀ ਗੱਲ ਕਰੀਏ ਤਾਂ ਇਹ ਮੌਜੂਦਾ 4ਜੀ ਵਰਗਾ ਹੋਵੇਗਾ। ਜਾਣਕਾਰੀ ਮੁਤਾਬਕ 4ਜੀ ਸਿਮ ਦੇ ਆਕਾਰ 'ਚ ਕੋਈ ਬਦਲਾਅ ਨਹੀਂ ਹੋਵੇਗਾ।

ਤੁਸੀਂ ਇਸ ਸਮੇਂ ਜਿਸ ਵੀ ਕੰਪਨੀ ਦਾ 4ਜੀ ਸਿਮ ਵਰਤ ਰਹੇ ਹੋ, ਉਹ 5ਜੀ ਨੈੱਟਵਰਕ ਨੂੰ ਵੀ ਰੱਖਣ ਦੇ ਯੋਗ ਹੋਵੇਗਾ। ਹਾਲਾਂਕਿ ਇਹ ਕਿਵੇਂ ਸੰਭਵ ਹੋਵੇਗਾ? ਫਿਲਹਾਲ ਇਸ ਬਾਰੇ ਕੋਈ ਜਾਣਕਾਰੀ ਉਪਲੱਬਧ ਨਹੀਂ ਹੈ। ਅਸਲ 'ਚ ਸਿਮ ਅੰਦਰ ਕੋਈ ਤਕਨੀਕ ਨਹੀਂ ਹੈ। ਸਿਮ ਦੇ ਜ਼ਰੀਏ, ਤੁਹਾਨੂੰ ਸਿਰਫ ਇੱਕ ਯੂਨੀਕ ਆਈਡੀ ਦਿੱਤੀ ਜਾਂਦੀ ਹੈ ਅਤੇ ਉਸ ਆਈ ਡੀ ਅਨੁਸਾਰ ਪਲਾਨ ਤੁਹਾਡੇ ਨੰਬਰ 'ਤੇ ਐਕਟੀਵੇਟ ਹੁੰਦਾ ਹੈ। ਅਜਿਹੀ ਸਥਿਤੀ 'ਚ ਤੁਹਾਨੂੰ ਨਵਾਂ ਸਿਮ ਲੈਣ ਦੀ ਲੋੜ ਹੀ ਨਾ ਪਵੇ। ਜ਼ਿਕਰਯੋਗ ਹੈ ਕਿ 5ਜੀ ਸਿਮ ਦੀ ਵਰਤੋਂ ਸਿਰਫ 5ਜੀ ਫੋਨਾਂ 'ਤੇ ਕੀਤੀ ਜਾ ਸਕਦੀ ਹੈ। ਨਾਲ ਹੀ, ਜਿਨ੍ਹਾਂ ਮੋਬਾਈਲ ਉਪਭੋਗਤਾਵਾਂ ਨੇ 5ਜੀ ਫੋਨ ਖਰੀਦੇ ਹਨ, ਉਨ੍ਹਾਂ ਨੂੰ ਵੱਖਰੇ ਤੌਰ 'ਤੇ 5ਜੀ ਖਰੀਦਣ ਦੀ ਜ਼ਰੂਰਤ ਨਹੀਂ ਹੋ ਸਕਦੀ। ਗਾਹਕ ਆਪਣੇ 4ਜੀ ਸਿਮ 'ਤੇ ਹੀ 5ਜੀ ਨੈੱਟਵਰਕ ਨਾਲ ਕਨੈਕਟ ਕਰ ਸਕਣਗੇ, ਕਿਉਂਕਿ 4ਜੀ ਸਿਮ ਸਿਰਫ 5ਜੀ ਸਿਮ 'ਚ ਬਦਲ ਜਾਵੇਗਾ। ਇਸ ਲਈ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਉਸੇ ਸਮੇਂ ਇਸ 'ਚ 5ਜੀ ਇੰਟਰਨੈੱਟ ਚਲਾ ਸਕਦੇ ਹੋ। ਜੇਕਰ ਤੁਸੀਂ ਆਪਣੇ ਮੋਬਾਈਲ ਨੰਬਰ 'ਤੇ 5ਜੀ ਸੇਵਾਵਾਂ ਦਾ ਲਾਭ ਚਾਹੁੰਦੇ ਹੋ, ਤਾਂ ਤੁਹਾਨੂੰ ਵੱਖਰੇ ਤੌਰ 'ਤੇ 5ਜੀ ਪਲਾਨ ਖਰੀਦਣੇ ਪੈਣਗੇ ਅਤੇ ਉਸ 5ਜੀ ਪੈਕ 'ਚ ਉਪਲੱਬਧ ਲਾਭਾਂ ਦੇ ਅਨੁਸਾਰ ਤੁਹਾਨੂੰ 5ਜੀ ਸੇਵਾ ਮਿਲੇਗੀ।

### ਖੜਗੇ ਵੱਲੋਂ ਵਿਰੋਧੀ ...

ਧਨਖੜ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ। ਉਨ੍ਹਾ ਕੱਲ੍ਹ ਆਪਣਾ ਨਾਮਜ਼ਦਗੀ ਦਰਜ ਕਰਾਇਆ ਸੀ। ਇਸ ਦੌਰਾਨ ਕਾਂਗਰਸ ਦੇ ਕਈ ਵੱਡੇ ਨੇਤਾ ਉਨ੍ਹਾ ਦਾ ਸਮਰਥਨ ਕਰਨ ਲਈ ਮੌਜੂਦ ਸਨ। ਖੜਗੇ ਨੇ ਕਰੀਬ ਡੇਢ ਸਾਲ ਪਹਿਲਾਂ ਫਰਵਰੀ 2021 'ਚ ਰਾਜ ਸਭਾ 'ਚ ਨੇਤਾ ਵਿਰੋਧੀ ਧਿਰ ਦਾ ਅਹੁਦਾ ਸੰਭਾਲਿਆ ਸੀ। ਪਾਰਟੀ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਖੜਗੇ ਨੂੰ ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਤੋਂ ਅਸਤੀਫਾ ਦੇਣ ਹੀ ਹੁੰਦਾ ਹੈ। ਹੁਣ ਖੜਗੇ ਦੀ ਜਗ੍ਹਾ ਨਵਾਂ ਨੇਤਾ ਬਣਾਇਆ ਜਾਵੇਗਾ। ਇਸ ਦੌੜ 'ਚ ਸੀਨੀਅਰ ਨੇਤਾ ਪੀ ਚਿਦੰਬਰਮ, ਦਿਗਵਿਜੈ ਸਿੰਘ ਅਤੇ ਕੇ ਸੀ ਵੇਣੂਗੋਪਾਲ ਸਮੇਤ ਕਈ ਨੇਤਾ ਸ਼ਾਮਲ ਹਨ।

### ਪੰਜਾਬ ਨੇ 15 ਐੱਚ ਪੀ ...

ਆਧਾਰਤ) ਕੀਤਾ ਜਾ ਸਕੇ। ਇਹ ਸਹਾਇਤਾ ਪੀ.ਐਮ.-ਕੁਸੁਮ ਸਕੀਮ ਤਹਿਤ ਦਿੱਤੀ ਜਾਂਦੀ ਹੈ। ਪੰਜਾਬ ਦੇ ਕੈਬਨਿਟ ਮੰਤਰੀ ਨੇ ਬਿਜਲੀ ਅਤੇ ਨਵੀਂ ਤੇ ਨਵਿਆਉਣਯੋਗ ਊਰਜਾ ਬਾਰੇ ਕੇਂਦਰੀ ਮੰਤਰੀ ਆਰ.ਕੇ. ਸਿੰਘ ਨੂੰ ਲਿਖੇ ਪੱਤਰ 'ਚ ਸੂਬੇ ਨੂੰ ਇਸ ਸਕੀਮ ਦੇ ਦਾਇਰੇ ਤੋਂ ਬਾਹਰ ਰੱਖਣ ਦਾ ਮੁੱਦਾ ਉਠਾਇਆ ਹੈ। ਉਨ੍ਹਾਂ ਕਿਹਾ ਕਿ ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਨੇ 1.8.2022 ਨੂੰ ਉੱਤਰ ਪੂਰਬੀ ਅਤੇ ਪਹਾੜੀ ਰਾਜਾਂ ਦੇ ਕਿਸਾਨਾਂ ਨੂੰ 15 ਐੱਚ.ਪੀ. ਸਮਰੱਥਾ ਤੱਕ ਦੇ ਖੇਤੀ ਪੰਪਾਂ ਲਈ ਸੀ.ਐੱਫ.ਏ. ਪ੍ਰਦਾਨ ਕਰਨ ਦੀ ਵਿਵਸਥਾ ਕੀਤੀ ਹੈ, ਜਦੋਂ ਕਿ ਪੰਜਾਬ 'ਚ ਇਹ ਸਹੂਲਤ ਸਿਰਫ 7.5 ਐੱਚ.ਪੀ. ਤੱਕ ਹੈ।

ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਦਾ ਹਰੀ ਕ੍ਰਾਂਤੀ 'ਚ ਵੱਡਾ ਤੇ ਮੋਹਰੀ ਯੋਗਦਾਨ ਰਿਹਾ ਹੈ, ਜਿਸ ਬਦੌਲਤ ਸੂਬੇ ਨੂੰ ਦੇਸ਼ ਦੇ ਅੰਨ ਭੰਡਾਰ ਵਜੋਂ ਜਾਣਿਆ ਜਾਂਦਾ ਹੈ। ਇਸ ਲਈ ਕੇਂਦਰ ਨੂੰ ਪੰਜਾਬ ਦੇ ਕਿਸਾਨਾਂ ਦੀ ਵੀ ਬਾਂਹ ਫੜਨੀ ਚਾਹੀਦੀ ਹੈ ਅਤੇ ਉਹ ਵੀ ਇਸ ਸਕੀਮ ਦਾ ਲਾਭ ਲੈਣ ਦੇ ਹੱਕਦਾਰ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਸੂਬੇ ਵਿੱਚ ਸਿੰਜਾਈ ਲਈ ਲੱਗਭੱਗ 14 ਲੱਖ ਇਲੈਕਟ੍ਰਿਕ ਮੋਟਰਾਂ ਅਤੇ ਤਕਰੀਬਨ 1.50 ਲੱਖ ਡੀਜ਼ਲ ਪੰਪਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਅਮਨ ਅਰੋੜਾ ਨੇ ਦੱਸਿਆ ਕਿ ਸੂਬੇ 'ਚ ਜ਼ਿਆਦਾਤਰ ਪੰਪਾਂ ਦੀ ਸਮਰੱਥਾ 10 ਐੱਚ.ਪੀ. ਤੋਂ 15 ਐੱਚ.ਪੀ. ਤੱਕ ਹੈ। ਇਨ੍ਹਾਂ ਪੰਪਾਂ ਨੂੰ ਸੋਲਰਾਈਜ਼ ਕਰਨ 'ਤੇ ਵੱਡੀ ਲਾਗਤ ਆਵੇਗੀ, ਜੋ ਕਿ ਕਿਸਾਨਾਂ ਦੀ ਪਹੁੰਚ ਤੋਂ ਬਾਹਰ ਹੈ। ਇਸ ਲਈ ਇਨ੍ਹਾਂ ਪੰਪਾਂ ਨੂੰ ਸੂਰਜੀ ਊਰਜਾ ਆਧਾਰਤ ਕਰਨ ਦੀ ਲਾਗਤ ਨੂੰ ਕਿਸਾਨਾਂ ਦੀ ਪਹੁੰਚ ਵਿੱਚ ਲਿਆਉਣ ਵਾਸਤੇ ਉੱਚ ਸਮਰੱਥਾ ਵਾਲੇ ਪੰਪਾਂ ਲਈ ਸੀ.ਐੱਫ.ਏ. ਪ੍ਰਦਾਨ ਕਰਨ ਦੀ ਲੋੜ ਹੈ।

ਉਨ੍ਹਾਂ ਦੱਸਿਆ ਕਿ ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਵੱਲੋਂ ਪੰਜਾਬ ਲਈ ਕੰਪੋਨੈਂਟ-ਬੀ ਅਧੀਨ 50,000 ਆਫ ਗਰਿੱਡ ਪੰਪਾਂ ਅਤੇ ਕੰਪੋਨੈਂਟ-ਸੀ ਤਹਿਤ 1.25 ਲੱਖ ਬਿਜਲੀ ਮੋਟਰਾਂ ਨੂੰ ਸੂਰਜੀ ਊਰਜਾ ਉਤੇ ਕਰਨ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ। ਇਸ ਲਈ ਪੰਜਾਬ ਨੂੰ 15 ਐੱਚ.ਪੀ. ਸਮਰੱਥਾ ਤੱਕ ਦੇ ਖੇਤੀ ਪੰਪਾਂ ਦੇ ਸੋਲਰਾਈਜੇਸ਼ਨ ਵਾਸਤੇ ਕੇਂਦਰੀ ਵਿੱਤੀ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ।

### ਕੇਦਾਰਨਾਥ ਮੰਦਰ ਕੋਲ ...

ਤਾਇਨਾਤ ਕੀਤੀ ਗਈ ਹੈ। ਨਾਲ ਹੀ ਤੀਰਥ ਯਾਤਰੀਆਂ ਨੂੰ ਚੌਕਸੀ ਵਰਤਣ ਦੀ ਸਲਾਹ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਸਾਲ 2013 'ਚ ਕੇਦਾਰ ਵੈਲੀ 'ਚ ਚੋਰਾਬਾਰੀ ਝੀਲ ਦੇ ਟੁੱਟਣ ਨਾਲ ਮੰਦਾਕਿਨੀ ਨਦੀ 'ਚ ਹੜ੍ਹ ਆ ਗਿਆ ਸੀ।

ਬਦਰੀਨਾਥ-ਕੇਦਾਰਨਾਥ ਮੰਦਰ ਕਮੇਟੀ ਦੇ ਪ੍ਰਧਾਨ ਅਜੇਂਦਰ ਅਜੈ ਨੇ ਦੱਸਿਆ ਕਿ ਕੇਦਾਰਨਾਥ ਧਾਮ ਕੋਲ ਬਰਫ ਦੇ ਪਹਾੜ ਖਿਸਕ ਗਏ, ਪਰ ਰਾਹਤ ਦੀ ਗੱਲ ਹੈ ਕਿ ਕਿਸੇ ਜਾਨ-ਮਾਲ ਦਾ ਨੁਕਸਾਨ ਨਹੀਂ ਹੋਇਆ। ਦੱਸਿਆ ਜਾ ਰਿਹਾ ਹੈ ਕਿ ਕੇਦਾਰਨਾਥ ਧਾਮ ਪੂਰੀ ਤਰ੍ਹਾਂ ਸੁਰੱਖਿਅਤ ਹੈ। ਇਹ ਮੰਦਰ ਤੋਂ 5 ਕਿਲੋਮੀਟਰ ਦੂਰ ਦੀ ਘਟਨਾ ਹੈ।

ਉਤਰਾਖੰਡ 'ਚ ਹਾਲੇ ਮਾਨਸੂਨ ਦੀ ਵਿਦਾਈ ਨਹੀਂ ਹੋਈ। 5 ਤੋਂ 9 ਅਕਤੂਬਰ ਤੱਕ ਮੀਂਹ ਦਾ ਅਨੁਮਾਨ ਮੌਸਮ ਵਿਭਾਗ ਨੇ ਲਾਇਆ ਹੈ। ਉਸ ਤੋਂ ਬਾਅਦ ਉਤਰਾਖੰਡ ਤੋਂ ਮਾਨਸੂਨ ਵਿਦਾ ਹੋਵੇਗਾ।

### ਭਾਈਚਾਰਕ ਸਾਂਝ ਨੂੰ ਤੋੜਨ...

ਵਿਰੁੱਧ ਜੂਝਦੀਆਂ ਲੋਕ ਲਹਿਰਾਂ ਦੇ ਸੰਗਰਾਮੀਆਂ ਨੂੰ ਸਮਰਪਤ ਕੀਤਾ ਗਿਆ ਹੈ, ਹੁਣ ਜਦੋਂ ਪੰਜਾਬ ਦੇ ਲੋਕਾਂ ਵਿੱਚ ਵੰਡੀਆਂ ਪਾਉਣ ਅਤੇ ਫ਼ਿਰਕੂ ਅੱਗ ਦੀਆਂ ਤੀਲ੍ਹੀਆਂ ਸੁੱਟਣ ਲਈ ਕੋਝੇ ਯਤਨ ਕੀਤੇ ਜਾ ਰਹੇ ਹਨ, ਇਸ ਕਰਕੇ ਅਕਤੂਬਰ ਮਹੀਨਾ ਮੇਲਾ ਤਿਆਰੀ ਮੁਹਿੰਮ ਇਸ ਮੁੱਦੇ ਉਪਰ ਕੇਂਦਰਤ ਕੀਤੀ ਜਾਏਗੀ। ਕਮੇਟੀ ਨੇ ਸਮੂਹ ਲੋਕ-ਪੱਖੀ ਸੰਸਥਾਵਾਂ ਨੂੰ ਇਸ ਮੁਹਿੰਮ 'ਚ ਭਰਵਾਂ ਸਾਥ ਦੇਣ ਦੀ ਅਪੀਲ ਕੀਤੀ। ਕਮੇਟੀ ਨੇ ਸੱਦਾ ਦਿੱਤਾ ਹੈ ਕਿ ਗ਼ਦਰ ਪਾਰਟੀ, ਕੂਕਾ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਅਤੇ ਨੌਜਵਾਨ ਭਾਰਤ ਸਭਾ ਲਹਿਰਾਂ ਦੀ ਸਾਂਝੀ ਅਮੀਰ ਇਤਿਹਾਸਕ ਸੱਭਿਆਚਾਰਕ ਵਿਰਾਸਤ ਨੂੰ ਬੁਲੰਦ ਕਰਦਿਆਂ ਲੋਕਾਂ ਨੂੰ ਧਰਮ, ਫ਼ਿਰਕੇ, ਬੋਲੀ, ਰੰਗ, ਨਸਲ, ਇਲਾਕੇ ਆਦਿ ਦੇ ਨਾਂਅ 'ਤੇ ਆਪੋ ਵਿੱਚ ਲੜਾਉਣ ਦੇ ਮਨਸ਼ੇ ਨਾਕਾਮ ਕਰਨ ਅਤੇ ਸਾਂਝੀਵਾਲਤਾ, ਜਮਹੂਰੀਅਤ, ਧਰਮ-ਨਿਰਪੱਖਤਾ ਦੀ ਰੌਸ਼ਨ ਮਸ਼ਾਲ ਜਗਦੀ ਰੱਖਣ ਲਈ ਅੱਗੇ ਆਉਣ।

ਕਮੇਟੀ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਹੈ ਕਿ ਮਜ਼ਦੂਰਾਂ, ਕਿਸਾਨਾਂ, ਬੇਰੁਜ਼ਗਾਰਾਂ, ਮੁਲਾਜ਼ਮਾਂ, ਛੋਟੇ ਦੁਕਾਨਦਾਰਾਂ, ਰੋਜ਼ਮਰ੍ਹਾ ਦੀ ਰੋਟੀ-ਰੋਜ਼ੀ ਜੋਗੇ ਧੰਦਿਆਂ ਨਾਲ ਜੁੜੇ ਸਮੂਹ ਕਮਾਊ ਲੋਕ ਮਹਿੰਗਾਈ, ਕਰਜ਼ੇ, ਗਰੀਬੀ, ਖੁਦਕੁਸ਼ੀਆਂ, ਸਿੱਖਿਆ, ਸਿਹਤ, ਬਿਜਲੀ, ਪਾਣੀ ਆਦਿ ਦੇ ਢੇਰਾਂ ਮੁੱਦਿਆਂ ਦੇ ਪਹਾੜਾਂ ਹੇਠ ਦੱਬੇ ਹੋਏ ਹਨ, ਇਸ ਬੋਝ ਤੋਂ ਮੁਕਤੀ ਪਾਉਣਾ ਸਭ ਦੀ ਲੋੜ ਹੈ, ਇਹ ਮੁਕਤੀ ਪਾਟਕ-ਪਾਊ ਹੱਥ ਕੰਡਿਆਂ ਦੇ ਇਰਾਦਿਆਂ ਨੂੰ ਸਮਝ ਕੇ ਅਤੇ ਆਪਣੀ ਜੋਟੀ ਮਜ਼ਬੂਤ ਕਰਕੇ ਹੀ ਪਾਈ ਜਾ ਸਕਦੀ ਹੈ।

### ਬਲਜਿੰਦਰ ਕੌਰ ਖਿਲਾਫ ...

ਪ੍ਰਦਰਸ਼ਨ ਕਰਦੇ ਹੋਏ ਚੰਡੀਗੜ੍ਹ 'ਚ ਮੁੱਖ ਮੰਤਰੀ ਹਾਊਸ ਦਾ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ। ਇਸ ਧਰਨੇ ਦੌਰਾਨ ਪੁਲਸ ਨਾਲ 'ਆਪ' ਆਗੂਆਂ ਤੇ ਵਰਕਰਾਂ ਦੀ ਝੜਪ ਵੀ ਹੋਈ ਤੇ ਇਸ ਝੜਪ 'ਚ ਕਈ ਪੁਲਸ ਮੁਲਾਜ਼ਮ ਤੇ 'ਆਪ' ਵਰਕਰ ਜ਼ਖਮੀ ਵੀ ਹੋਏ। ਚੰਡੀਗੜ੍ਹ ਪੁਲਸ ਨੇ ਭਗਵੰਤ ਮਾਨ, ਚੀਮਾ ਅਤੇ ਕਈ ਤਤਕਾਲੀ ਵਿਧਾਇਕਾਂ ਤੇ ਮੌਜੂਦਾ ਮੰਤਰੀਆਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ।

## ਸਵੱਛ ਭਾਰਤ ਮੁਹਿੰਮ ਬ੍ਰਾਂਡ ਅੰਬੈਸਡਰ ਕੈਪਟਨ ਨਰੇਸ਼ ਵਰਮਾ ਨੇ ਆਰ ਕੇ ਸਕੂਲ ਤੋਂ ਕੀਤੀ ਸ਼ੁਰੂ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਨਗਰ ਕੌਂਸਲ ਜਗਰਾਉਂ ਵੱਲੋਂ ਜਗਰਾਉਂ ਦੇ ਨਿਯੁਕਤ ਬ੍ਰਾਂਡ ਅੰਬੈਸਡਰ ਕੈਪਟਨ ਨਰੇਸ਼ ਵਰਮਾ ਨੇ ਜਗਰਾਉਂ ਨੂੰ ਸਵੱਛ ਬਣਾਉਣ ਦੀ ਮੁਹਿੰਮ ਦੀ ਸ਼ੁਰੂਆਤ ਆਪਣੇ ਆਰ. ਕੇ. ਸਕੂਲ ਤੋਂ ਕੀਤੀ। ਇਸ ਮੌਕੇ ਬੋਲਦੇ ਹੋਏ ਕੈਪਟਨ ਨਰੇਸ਼ ਵਰਮਾ ਨੇ ਕਿਹਾ ਕਿ ਇਸ ਸਕੂਲ ਵਿੱਚ ਮੈਂ 36 ਸਾਲ ਡਿਊਟੀ ਕੀਤੀ ਹੈ ਅਤੇ ਮੈਂ ਅੱਜ ਜਿਸ ਮੁਕਾਮ 'ਤੇ ਹਾਂ ਉਹ ਇਸ ਸਕੂਲ ਦੀ ਬਦੌਲਤ ਹਾਂ। ਇਸੇ ਲਈ ਮੇਰਾ ਮਨ ਸੀ ਕਿ ਵਾਹਿਗੁਰੂ ਨੇ ਜੋ ਮੈਨੂੰ ਨਵੀ ਡਿਊਟੀ ਦਿੱਤੀ ਹੈ, ਉਸ ਦੀ ਸ਼ੁਰੂਆਤ ਮੈਂ ਆਪਣੇ ਸਕੂਲ ਤੋਂ ਸ਼ੁਰੂ ਕਰਾਂ। ਇਸ ਮੌਕੇ ਉਨ੍ਹਾਂ ਬੱਚਿਆਂ ਦੇ ਨਾਲ ਰੱਲਕੇ ਖੁਦ ਗਰਾਊਂਡ ਦੀ ਸਫ਼ਾਈ ਕੀਤੀ ਅਤੇ ਬੱਚਿਆਂ ਨੂੰ ਆਪਣੇ ਘਰ ਅਤੇ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਆਰ. ਕੇ. ਹਾਈ ਸਕੂਲ ਜਗਰਾਉਂ ਦੇ ਪ੍ਰਿੰਸੀਪਲ ਸੀਮਾ ਸ਼ਰਮਾ, ਗ੍ਰੀਨ ਪੰਜਾਬ ਮਿਸ਼ਨ ਟੀਮ ਦੇ ਕੰਚਨ ਗੁਪਤਾ ਤੇ ਮੈਡਮ ਸੰਤੋਸ਼ ਕੌਰ ਵੀ ਹਾਜ਼ਰ ਸਨ। ਇਸ ਮੌਕੇ ਸਕੂਲ ਦੇ ਪ੍ਰਧਾਨ ਐਡਵੋਕੇਟ ਨਵੀਨ ਗੁਪਤਾ ਨੇ ਰਿਟਾਇਰਮੈਂਟ ਤੋਂ ਬਾਅਦ ਵੀ ਸਕੂਲ ਨੂੰ ਯਾਦ ਰੱਖਣ ਲਈ ਕੈਪਟਨ ਨਰੇਸ਼ ਵਰਮਾ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪ੍ਰਿੰਸੀਪਲ ਕੈਪਟਨ ਨਰੇਸ਼ ਵਰਮਾ ਦਾ ਬ੍ਰਾਂਡ ਅੰਬੈਸਡਰ ਬਨਣਾ ਸਕੂਲ ਲਈ ਬਹੁਤ ਮਾਨ ਵਾਲੀ ਗੱਲ ਹੈ। ਇਸ ਨਾਲ ਆਰ.ਕੇ.ਹਾਈ. ਸਕੂਲ ਦਾ ਨਾਮ ਰੋਸ਼ਨ ਹੋਇਆ ਹੈ। ਉਨ੍ਹਾਂ ਕਿਹਾ ਕਿ ਸਕੂਲ ਵੱਲੋਂ ਕੈਪਟਨ ਨਰੇਸ਼ ਵਰਮਾ ਦਾ ਬ੍ਰਾਂਡ ਅੰਬੈਸਡਰ ਬਨਣ 'ਤੇ ਸਨਮਾਨ ਕੀਤਾ ਜਾਵੇਗਾ।

## ਪੰਜਾਬ ਕਾਨਵੈਂਟ ਸਕੂਲ 'ਚ ਪ੍ਰਦਰਸ਼ਨੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਸੰਸਥਾ ਪੰਜਾਬ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿੱਚ ਵੱਖ-ਵੱਖ ਵਿਸ਼ਿਆਂ ਦੇ ਚਾਰਟਾਂ ਤੇ ਮਾਡਲਾਂ ਦੀ ਪ੍ਰਦਰਸ਼ਨੀ ਲਗਾਈ ਗਈ। ਇਸ ਪ੍ਰਦਰਸ਼ਨੀ ਵਿੱਚ ਬੱਚਿਆਂ ਵੱਲੋਂ ਬਣਾਏ ਗਏ ਵੱਖ-ਵੱਖ ਵਿਸ਼ੇ ਜਿਵੇਂ ਕਿ ਸਮਾਜਿਕ ਵਿਗਿਆਨ, ਸਾਇੰਸ, ਪੰਜਾਬੀ, ਗਣਿਤ, ਹਿੰਦੀ, ਇੰਗਲਿਸ਼, ਕੰਪਿਊਟਰ ਆਦਿ ਦੇ ਚਾਰਟ ਤੇ ਮਾਡਲ ਪ੍ਰਦਰਸ਼ਤ ਕੀਤੇ ਗਏ। ਇਸ ਪ੍ਰਦਰਸ਼ਨੀ ਦੇ ਨਾਲ-ਨਾਲ ਅਧਿਆਪਕ-ਮਾਪੇ ਮਿਲਣੀ ਵੀ ਕੀਤੀ ਗਈ, ਜਿਸ 'ਚ ਬੱਚਿਆਂ ਦੀ ਵਿੱਦਿਅਕ ਰਿਪੋਰਟ ਪੇਸ਼ ਕੀਤੀ ਗਈ। ਇਸ ਪ੍ਰਦਰਸ਼ਨੀ ਵਿੱਚ ਬੱਚਿਆਂ, ਅਧਿਆਪਕਾਂ ਵੱਲੋਂ ਵਿਸ਼ੇਸ਼ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਗਈ।

ਇਸ ਮੌਕੇ ਸਕੂਲ ਦੇ ਡਾਇਰੈਕਟਰ ਅਜੈਪਾਲ ਸਿੰਘ, ਪ੍ਰਿੰਸੀਪਲ ਨੀਲਿਮਾ ਅਰੋੜਾ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ ਤੇ ਬੱਚਿਆਂ ਦੀ ਹੌਂਸਲਾ ਅਫਜ਼ਾਈ ਕੀਤੀ ਗਈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

2-Oct-Majha-Page-11-2022-BM.qxd 10/1/2022 10:37 PM Page 1



## ਸੰਘਰਸ਼ੀ ਕਿਸਾਨ ਭਲਕੇ ਕਰਨਗੇ ਤਿੰਨ ਘੰਟੇ ਰੇਲਾਂ ਦਾ ਚੱਕਾ ਜਾਮ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਬਾਬਾ ਬੀਰ ਸਿੰਘ ਜੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੁਗਲਵਾਲਾ ਤੇ ਜ: ਸਕੱਤਰ ਬਲਵਿੰਦਰ ਸਿੰਘ ਸੇਰੋਂ ਨੇ ਲਿਖਤੀ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਜ਼ੋਨ ਦੀ ਕੋਰ ਕਮੇਟੀ ਦੀ ਮੀਟਿੰਗ ਪਿੰਡ ਦੁਗਲਵਾਲਾ ਵਿਖੇ ਹੋਈ। ਇਸ ਮੀਟਿੰਗ ਵਿੱਚ ਅਹਿਮ ਫੈਸਲੇ ਲਏ ਗਏ। ਮੀਟਿੰਗ ਵਿੱਚ ਗੰਭੀਰਤਾ ਨਾਲ ਵਿਚਾਰ ਕਰਦਿਆਂ ਦਿੱਲੀ ਅੰਦੋਲਨ ਦੌਰਾਨ ਲਖੀਮਪੁਰ ਖੀਰੀ ਵਿਚ ਰੋਸ ਪ੍ਰਦਰਸ਼ਨ ਕਰਕੇ ਵਾਪਸ ਆਉਂਦੇ ਕਿਸਾਨਾਂ ਉੱਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਣੀ ਦੀ ਸ਼ਹਿ ਉਤੇ ਉਸ ਦੇ ਪੁੱਤਰ ਅਸ਼ੀਸ਼ ਮਿਸ਼ਰਾ ਤੇ ਉਸ ਦੇ ਲੱਠਮਾਰਾਂ ਵੱਲੋਂ 3 ਅਕਤੂਬਰ 2021 ਨੂੰ ਗੱਡੀਆਂ ਚੜ੍ਹਾ ਕੇ ਪੰਜ ਵਿਅਕਤੀਆਂ ਦਾ ਕਤਲ ਕਰ ਦਿੱਤਾ ਸੀ ਤੇ ਇਸ ਕਾਂਡ ਵਿਚ ਸ਼ਹੀਦ ਹੋਏ ਦਲਜੀਤ ਸਿੰਘ, ਨਛੱਤਰ ਸਿੰਘ, ਗੁਰਵਿੰਦਰ ਸਿੰਘ, ਲਵਪ੍ਰੀਤ ਸਿੰਘ ਤੇ ਪੱਤਰਕਾਰ ਰਮਨ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਤੇ ਅਜੇ ਮਿਸ਼ਰਾ ਟਹਿਣੀ ਉੱਤੇ ਇਸ ਕਾਰੇ ਦੀ ਸਾਜ਼ਿਸ਼ ਰਚਣ ਦੇ ਦੋਸ਼ ਹੇਠ 120 ਦੇ ਹੋਏ ਪਰਚੇ ਵਿੱਚ ਗ੍ਰਿਫਤਾਰ ਕਰਵਾਉਣ ਲਈ ਪੰਜਾਬ ਭਰ ਵਿਚ 3 ਅਕਤੂਬਰ ਨੂੰ ਤਿੰਨ ਘੰਟੇ 12 ਤੋਂ 3 ਵਜੇ ਤੱਕ ਰੇਲਾਂ ਦਾ ਚੱਕਾ ਜਾਮ ਕੀਤਾ ਜਾਵੇਗਾ ਤੇ ਹਜ਼ਾਰਾਂ ਕਿਸਾਨ, ਮਜ਼ਦੂਰ ਮੰਗ ਕਰਨਗੇ ਕਿ ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਫਾਂਸੀ ਦਿੱਤੀ ਜਾਵੇ ਤੇ ਨਿਰਦੋਸ਼ ਫੜੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਇਸ ਤੋਂ ਇਲਾਵਾ ਕਿਸਾਨੀ ਮੰਗਾਂ ਮੰਨੇ ਜਾਣ ਦੀ ਵੀ ਮੰਗ ਕਰਨਗੇ। ਇਸ ਮੌਕੇ ਫਤਿਹ ਸਿੰਘ ਪਿੱਦੀ, ਗਿਆਨਦੀਪ ਸਿੰਘ ਬਾਗੜੀਆਂ, ਸੁਖਦੇਵ ਸਿੰਘ ਸ਼ਹਾਬਪੁਰ, ਜਲਵਿੰਦਰ ਸਿੰਘ ਰੈਸੀਆਣਾ, ਤੇਜਿੰਦਰਪਾਲ ਸਿੰਘ ਰਸੂਲਪੁਰ, ਅਮਨਦੀਪ ਸਿੰਘ ਸੇਰੋਂ ਅਤੇ ਸੰਤੋਖ ਸਿੰਘ ਹਾਜ਼ਰ ਸਨ।

## ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਦੇ ਸੱਦੇ 'ਤੇ ਕਿਸਾਨਾਂ ਵੱਲੋਂ ਨੈਸ਼ਨਲ ਹਾਈਵੇ ਜਾਮ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸੰਯੁਕਤ ਕਿਸਾਨ ਮੋਰਚੇ (ਗੈਰ-ਰਾਜਨੀਤਕ) ਭਾਰਤ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਵੱਲੋਂ ਸੁਖਦੇਵ ਸਿੰਘ ਮੰਡ, ਸੋਹਣ ਸਿੰਘ ਸਭਰਾਂ, ਪ੍ਰਗਟ ਸਿੰਘ, ਰਣਜੀਤ ਸਿੰਘ, ਪਰਮਜੀਤ ਸਿੰਘ, ਕਰਨੈਲ ਸਿੰਘ ਬਾਬਾ, ਪ੍ਰਗਟ ਸਿੰਘ ਪਰਿੰਗੜੀ, ਹਰਜੀਤ ਸਿੰਘ ਜੌਹਲ, ਨਿਰਮਲ ਆਦਿ ਦੀ ਅਗਵਾਈ 'ਚ 28 ਮੰਗਾਂ ਨੂੰ ਲੈ ਕੇ ਨੈਸ਼ਨਲ ਹਾਈਵੇ ਜਾਮ ਕੀਤਾ ਗਿਆ। ਆਗੂਆਂ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਨਾਲ ਹੋਈ ਮੀਟਿੰਗ ਵਿੱਚ ਮੰਨੀਆਂ ਹੋਈਆਂ ਮੰਗਾਂ ਤੋਂ ਹੁਣ ਸਰਕਾਰ ਮੁੱਕਰ ਰਹੀ ਹੈ, ਉੱਪਰੋਂ ਕੁਦਰਤੀ ਕਰੋਪੀ ਕਾਰਨ ਝੋਨੇ ਦੀ ਇੱਕ ਲੱਖ ਏਕੜ ਤੋਂ ਵੱਧ ਫਸਲ ਵਾਇਰਸ ਨਾਲ ਖਰਾਬ ਹੋ ਗਈ ਹੈ ਅਤੇ ਹੁਣੇ ਹੋਈ ਬੇਮੌਸਮੀ ਬਾਰਸ਼ ਨੇ ਝੋਨੇ ਸਮੇਤ ਸਬਜ਼ੀਆਂ, ਚਾਰਾ ਅਤੇ ਗੰਨੇ ਦਾ ਭਾਰੀ ਨੁਕਸਾਨ ਕੀਤਾ ਹੈ, ਜਿਸ ਦਾ ਸਰਕਾਰ ਨੂੰ ਤੁਰੰਤ ਮੁਆਵਜ਼ਾ ਜਾਰੀ ਕਰਨਾ ਚਾਹੀਦਾ ਹੈ, ਝੋਨੇ ਦੀ ਪੈਦਾਵਾਰ ਨਾਲੋਂ ਘੱਟ ਝੋਨਾ ਖਰੀਦਣ ਦਾ ਨੋਟੀਫਿਕੇਸ਼ਨ ਜਾਰੀ ਕਰਕੇ ਅਤੇ ਪਰਾਲੀ ਨਾ ਸਾੜਨ ਬਦਲੇ ਦਿੱਤੇ ਜਾਣ ਵਾਲੇ ਮੁਆਵਜ਼ੇ ਤੋਂ ਮੁੱਕਰ ਕੇ ਕਿਸਾਨਾਂ ਦਾ ਹੋਰ ਵੀ ਆਰਥਿਕ ਨੁਕਸਾਨ ਕਰਨ 'ਤੇ ਸਰਕਾਰ ਤੁਲੀ ਹੋਈ ਹੈ।

ਇਸ ਮੌਕੇ ਬੋਲਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਦੀਆਂ ਗੰਭੀਰ ਮੁਸ਼ਕਲਾਂ ਦੇ ਹੱਲ ਲਈ ਸਰਕਾਰ ਬਿਲਕੁਲ ਹੀ ਸੰਜੀਦਾ ਨਹੀਂ ਅਤੇ ਸਰਕਾਰ ਲਾਰੇ ਲੱਪੇ ਅਤੇ ਡੰਗ ਟਪਾਊ ਵਾਲੀ ਨੀਤੀ 'ਤੇ ਕੰਮ ਕਰ ਰਹੀ ਹੈ ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਹੁਣ ਤੱਕ ਦੀਆਂ ਸਭ ਲਟਕਦੀਆਂ ਕਿਸਾਨੀ ਮੰਗਾਂ ਨੂੰ ਪੂਰੀਆਂ ਕਰੇ ਨਹੀਂ ਤਾਂ ਕਿਸਾਨਾਂ ਦਾ ਸੰਘਰਸ਼ ਮੰਗਾਂ ਮੰਨਵਾਉਣ ਤੱਕ ਨਿਰੰਤਰ ਜਾਰੀ ਰਹੇਗਾ। ਇਸ ਮੌਕੇ ਪੂਰਨ ਸਿੰਘ, ਸੁਖਦੇਵ ਸਿੰਘ ਗੰਡੀਵਿੰਡ, ਲਖਬੀਰ ਸਿੰਘ ਕਿਰਤੋਵਾਲ, ਬਲਦੇਵ ਸਿੰਘ, ਪ੍ਰਤਾਪ ਸਿੰਘ ਅਤੇ ਸੁਖਜਿੰਦਰ ਸਿੰਘ ਆਦਿ ਹਾਜ਼ਰ ਸਨ।

## ਨਸ਼ੇ ਤੇ ਗੁੰਡਾਗਰਦੀ ਤੋਂ ਪ੍ਰੇਸ਼ਾਨ ਲੋਕਾਂ ਡੀ ਐੱਸ ਪੀ ਮਜੀਠਾ ਖ਼ਿਲਾਫ਼ ਦਿੱਤਾ ਧਰਨਾ

**ਮਜੀਠਾ (ਸੋਇਮ ਆਨੰਦ)**-ਹਲਕਾ ਮਜੀਠਾ ਵਿੱਚ ਵਧ ਰਹੇ ਨਸ਼ੇ, ਗੁੰਡਾਗਰਦੀ ਅਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਅਤੇ ਪੁਲੀਸ ਵੱਲੋਂ ਲੋਕਾਂ ਨੂੰ ਇਨਸਾਫ਼ ਨਾ ਦੇਣ ਦੇ ਮਾਮਲਿਆਂ ਨੂੰ ਲੈ ਕੇ ਪੱਤਰਕਾਰਾਂ, ਕਿਸਾਨ ਜਥੇਬੰਦੀਆਂ ਅਤੇ ਕਾਮਰੇਡ ਜਥੇਬੰਦੀਆਂ ਤੋਂ ਇਲਾਵਾ ਵੱਖ-ਵੱਖ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਡੀਐੱਸਪੀ ਮਜੀਠਾ ਦੇ ਦਫਤਰ ਮੂਹਰੇ ਧਰਨਾ ਲਗਾਇਆ ਗਿਆ। ਇਸ ਧਰਨੇ ਵਿੱਚ ਪੁਲਸ ਪ੍ਰਸ਼ਾਸਨ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਐੱਸਐੱਸਪੀ ਅੰਮ੍ਰਿਤਸਰ ਦਿਹਾਤੀ ਕੋਲੋਂ ਮੰਗ ਕੀਤੀ ਕਿ ਇਲਾਕੇ ਵਿਚ ਵਧ ਰਹੇ ਨਸ਼ੇ, ਕਰਾਈਮ ਅਤੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਠੱਲ੍ਹ ਪਾਈ ਜਾਵੇ ਅਤੇ ਗਰੀਬ ਲੋਕਾਂ ਦੀ ਸੁਣਵਾਈ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਨਿਆਂ ਦਿੱਤਾ ਜਾਵੇ। ਬਾਅਦ ਵਿੱਚ ਡੀ. ਐਸ. ਪੀ. ਮਜੀਠਾ ਵੱਲੋਂ ਧਰਨੇ ਵਾਲੀ ਥਾਂ 'ਤੇ ਆ ਕੇ ਪੱਤਰਕਾਰਾਂ, ਕਿਸਾਨ ਜਥੇਬੰਦੀਆਂ ਤੇ ਲੋਕਾਂ ਦੇ ਮਸਲੇ ਤੁਰੰਤ ਹੱਲ ਕਰਨ ਦਾ ਭਰੋਸਾ ਦਿਵਾਉਣ ਤੋਂ ਬਾਅਦ ਧਰਨਾ ਚੁੱਕਿਆ ਗਿਆ। ਇਸ ਮੌਕੇ ਪਲਿਵੰਦਰ ਸਿੰਘ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ, ਕਾਮਰੇਡ ਬਲਕਾਰ ਸਿੰਘ ਦੁਧਾਲਾ, ਧਲਵੰਤ ਸਿੰਘ ਖਤਰਾਏ ਕਲਾਂ, ਕਲਦੀਪ ਸਿੰਘ, ਗੋਪਾਲ ਸਿੰਘ, ਬਖਵੰਤ ਸਿੰਘ, ਸੁੱਚਾ ਸਿੰਘ ਵੀਰਮ, ਪ੍ਰਭਿਦਆਲ ਸਿੰਘ, ਅਜੈਬ ਸਿੰਘ ਚੰਡੇ, ਪੱਤਰਕਾਰਾਂ ਤੋਂ ਇਲਾਵਾ ਕਈ ਸਮਾਜ ਸੇਵੀ ਆਗੂ ਹਾਜ਼ਰ ਸਨ।

## ਟੀ ਐੱਸ ਯੂ ਵੱਲੋਂ ਐਕਸੀਅਨ ਦਿਹਾਤੀ ਮੰਡਲ ਅੰਮ੍ਰਿਤਸਰ ਖਿਲਾਫ ਗੇਟ ਰੈਲੀ



ਮਜੀਠਾ/ਚੰਵਿਡਾ ਦੇਵੀ (ਸੋਇਮ ਆਨੰਦ/ਪ੍ਰੀਤਮ ਸਿੰਘ)- ਟੈਕਨੀਕਲ ਸਰਵਿਸਜ਼ ਯੂਨੀਅਨ ਰਜਿ. (ਪੰਜਾਬ ਰਾਜ ਬਿਜਲੀ ਬੋਰਡ) ਵੱਲੋਂ ਬਿਜਲੀ ਘਰ ਮਜੀਠਾ ਵਿਖੇ ਐਕਸੀਅਨ ਦਿਹਾਤੀ ਮੰਡਲ ਅੰਮ੍ਰਿਤਸਰ ਖਿਲਾਫ ਗੇਟ ਰੈਲੀ ਕੀਤੀ ਗਈ ਜਿਸ ਦੀ ਪ੍ਰਧਾਨਗੀ ਮਜੀਠਾ -1 ਦੇ ਪ੍ਰਧਾਨ ਲਖਵਿੰਦਰ ਸਿੰਘ ਭੋਮਾ ਨੇ ਕੀਤੀ। ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਦੱਸਿਆ ਕਿ ਐਕਸੀਅਨ ਦਿਹਾਤੀ ਮੰਡਲ ਅੰਮ੍ਰਿਤਸਰ ਨੂੰ ਡੈਪੂਟੇਸ਼ਨ ਮਿਲਣ ਅਤੇ ਯਾਦ ਪੱਤਰ ਦੇਣ ਦੇ ਬਾਵਜੂਦ ਵੀ ਜਥੇਬੰਦੀ ਦੇ ਦਿੱਤੇ ਮੰਗ ਪੱਤਰ ਵਿਚ ਦਰਜ ਮੰਗਾਂ ਨੂੰ ਹੱਲ ਨਹੀਂ ਕੀਤਾ ਜਾ ਰਿਹਾ। ਐਕਸੀਅਨ ਵੱਲੋਂ ਜਥੇਬੰਦੀ ਨਾਲ ਕੀਤੀ ਮੀਟਿੰਗ ਵਿੱਚ ਵੀ ਕੋਈ ਤਸੱਲੀਬਖਸ਼ ਜੁਆਬ ਨਹੀਂ ਦਿੱਤਾ ਗਿਆ। ਆਗੂਆਂ ਨੇ ਦੱਸਿਆ ਕਿ ਪੰਜ-ਪੰਜ ਮਹੀਨੇ ਬੀਤਣ ਦੇ ਬਾਵਜੂਦ ਰਿਟਾਇਰ ਹੋ ਚੁੱਕੇ ਕਰਮਚਾਰੀਆਂ ਨੂੰ ਗਰੈਚੂਟੀ, ਲੀਵ ਇਨਕੈਸ਼ਮੈਂਟ, ਜੀਪੀਐੱਫ ਅਤੇ ਪੈਨਸ਼ਨ ਦੇ ਲਾਭ ਨਹੀਂ ਦਿੱਤੇ ਜਾ ਰਹੇ, 01-01-2016 ਤੋਂ ਤਨਖਾਹ ਸਕੇਲਾਂ ਦਾ ਬਕਾਇਆ ਦੇਣ ਵਿਚ ਵਿਤਕਰੇਬਾਜ਼ੀ ਕੀਤੀ ਜਾ ਰਹੀ ਹੈ, ਲੰਮੇ ਸਮੇਂ ਤੋਂ ਲਮਕ ਰਹੇ 9 ਸਾਲਾ, 16 ਸਾਲਾ, 23 ਸਾਲਾ ਸਕੇਲ ਨਹੀਂ ਲਗਾਏ ਜਾ ਰਹੇ, ਬੋਰਡ ਅਤੇ ਬਿਜਲੀ ਮੰਤਰੀ ਦੀਆਂ ਹਦਾਇਤਾਂ ਦੇ ਬਾਵਜੂਦ ਵੀ ਟੈਕਨੀਕਲ ਕਾਮਿਆਂ ਨੂੰ ਦਫ਼ਤਰਾਂ ਤੋਂ ਬਾਹਰ ਫੀਲਡ ਵਿਚ ਨਹੀਂ ਲਗਾਇਆ ਜਾ ਰਿਹਾ। ਜਿਸ ਕਰਕੇ ਬਿਜਲੀ ਕਾਮਿਆਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਐਸ.ਡੀ.ਓ. ਸਬ ਡਵੀਜ਼ਨ ਨੰ. -1 ਇੰਜ. ਸੁਖਵਿੰਦਰ ਸਿੰਘ ਅਤੇ ਸਬ ਡਵੀਜ਼ਨ ਨੰ. -2 ਇੰਜ. ਰਾਜੀਵ ਕੁਮਾਰ ਨੂੰ ਮੰਗ ਪੱਤਰ ਵੀ ਸੌਂਪਿਆ ਗਿਆ।

ਰੈਲੀ ਨੂੰ ਸੂਬਾ ਆਗੂ ਕ੍ਰਿਸ਼ਨ ਸਿੰਘ ਜੇਠੂਵਾਲ, ਸਰਕਲ ਆਗੂ ਕੁੰਦਨ ਲਾਲ ਹਰੀਆਂ, ਡਵੀਜ਼ਨ ਪ੍ਰਧਾਨ ਰਘਬੀਰ ਸਿੰਘ ਮਜੀਠਾ, ਤਰਸੇਮ ਸਿੰਘ ਤਰਗੜ੍ਹ, ਜਸ਼ਨਜੋਤ ਸਿੰਘ ਨਾਗ, ਬਲਦੇਵ ਸਿੰਘ ਜੇਠੂਨੰਗਲ, ਜਗਬੀਰ ਸਿੰਘ, ਮਲਕੀਤ ਸਿੰਘ ਸੁਪਾਰੀਵਿੰਡ, ਜਸਪਾਲ ਸਿੰਘ ਭੰਗਵਾਂ ਨੇ ਸੰਬੋਧਨ ਕੀਤਾ ਅਤੇ ਸਟੇਜ ਦੀ ਕਾਰਵਾਈ ਗੁਰਪ੍ਰੀਤ ਸਿੰਘ ਸੋਹੀਆਂ ਨੇ ਨਿਭਾਈ।

## ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦਾ ਜ਼ਿਲ੍ਹਾ ਪੱਧਰੀ ਚੋਣ ਅਜਲਾਸ ਸੰਪੰਨ



ਧਾਰੀਵਾਲ (ਮਨਦੀਪ ਵਿੱਕੀ)-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦਾ ਜ਼ਿਲ੍ਹਾ ਪੱਧਰੀ ਚੋਣ ਅਜਲਾਸ ਰਾਮ ਸਿੰਘ ਦੱਤ ਹਾਲ ਗੁਰਦਾਸਪੁਰ ਵਿਖੇ ਹੋਇਆ। ਇਸ ਸਮੇਂ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਮੁਲਾਜ਼ਮ ਆਗੂਆਂ ਗੁਰਦਿਆਲ ਸਿੰਘ ਸੋਹਲ, ਰਣਜੀਤ ਸਿੰਘ, ਕੁਲਦੀਪ ਪੂਰੋਵਾਲ, ਸੁਰਿੰਦਰ ਸਿੰਘ, ਦਿਲਦਾਰ ਭੰਡਾਲ, ਗੁਰਪ੍ਰੀਤ ਸਿੰਘ ਰੰਗੀਲਪੁਰ, ਹੀਰਾ ਸਿੰਘ ਭੱਟੀ ਨੇ ਕਿਹਾ ਕਿ ਮੌਜੂਦਾ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਨਿੱਜੀਕਰਨ ਦੀਆਂ ਨੀਤੀਆਂ ਅਪਨਾਉਣ ਕਾਰਨ ਸਰਕਾਰੀ ਵਿਭਾਗਾਂ ਦਾ ਭੋਗ ਪਾਇਆ ਜਾ ਰਿਹਾ ਹੈ, ਕੱਚੇ /ਆਉਟਸੋਰਸ/ਕੰਟਰੈਕਟ ਵਰਕਰ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਥਾਂ ਸ਼ੋਸ਼ਣ ਕੀਤਾ ਜਾ ਰਿਹਾ ਹੈ, ਪੁਰਾਣੀ ਪੈਨਸ਼ਨ ਬਹਾਲ ਨਹੀਂ ਕੀਤੀ ਜਾ ਰਹੀ, ਪੇਅ ਕਮਿਸ਼ਨ ਦੀ ਆੜ ਹੇਠ ਭੱਤਿਆਂ ਵਿੱਚ ਕਟੌਤੀ ਕੀਤੀ ਗਈ ਹੈ, ਹਜ਼ਾਰਾਂ ਅਸਾਮੀਆਂ ਨੂੰ ਖਤਮ ਕੀਤਾ ਜਾ ਰਿਹਾ ਹੈ। ਅਜਿਹੇ ਹਾਲਾਤ ਵਿਚ ਜਥੇਬੰਦੀ ਨੂੰ ਮਜ਼ਬੂਤ ਕਰਕੇ ਮੁਲਾਜ਼ਮਾਂ ਦੇ ਹਿੱਤਾਂ ਲਈ ਏਕੇ ਅਤੇ ਸੰਘਰਸ਼ ਤੋਂ ਬਿਨਾਂ ਕੋਈ ਹੋਰ ਰਾਹ ਨਹੀਂ ਬਚਦਾ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਨੇ ਜ਼ਿਲ੍ਹਾ ਗੁਰਦਾਸਪੁਰ ਦੇ ਅਧਿਆਪਕਾਂ ਦੇ ਸੰਘਰਸ਼ ਦੀ ਜਿੱਤ ਤੇ ਵਧਾਈ ਦਿੰਦਿਆਂ ਖੁਸ਼ੀ ਜ਼ਾਹਰ ਕੀਤੀ। ਅੰਤ ਵਿੱਚ ਗੁਰਦਿਆਲ ਸਿੰਘ ਸੋਹਲ ਨੇ ਪੈਨਲ ਪੇਸ਼ ਕੀਤਾ, ਜਿਸ ਵਿੱਚ ਅਨਿਲ ਕੁਮਾਰ ਲਾਹੌਰੀਆ ਪ੍ਰਧਾਨ, ਸੁਰਿੰਦਰ ਸਿੰਘ ਜਨਰਲ ਸਕੱਤਰ, ਗੁਰਪ੍ਰੀਤ ਰੰਗੀਲਪੁਰ ਸਕੱਤਰ, ਦਿਲਦਾਰ ਭੰਡਾਲ ਜਾਇੰਟ ਸਕੱਤਰ, ਸੁਭਾਸ਼ ਚੰਦਰ ਸਹਾਇਕ ਵਿੱਤ ਸਕੱਤਰ, ਕੁਲਦੀਪ ਪੂਰੋਵਾਲ, ਰਣਜੀਤ ਸਿੰਘ, ਹਰਪਾਲ ਸਿੰਘ ਅਤੇ ਭੁਪਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ, ਹੀਰਾ ਸਿੰਘ ਭੱਟੀ ਜੱਥੇਬੰਦਕ ਸਕੱਤਰ, ਜਸਵੰਤ ਸਿੰਘ ਅਲੀਵਾਲ, ਸੁਖਦੇਵ ਸਿੰਘ, ਸੁਖਵਿੰਦਰ ਰੰਧਾਵਾ, ਚੰਚਲ ਕੁਮਾਰ, ਮਾਨ ਸਿੰਘ ਸੋਹਲ, ਹਰਭੇਜ ਸਿੰਘ ਮੀਤ ਪ੍ਰਧਾਨ, ਗੁਰਮੀਤ ਸਿੰਘ ਬਾਜਵਾ ਪ੍ਰੈੱਸ ਸਕੱਤਰ ਅਤੇ ਲਖਵਿੰਦਰ ਸਿੰਘ ਭੌਰ, ਸ਼ਮਿੰਦਰ ਕੌਰ, ਰਾਜ ਕੁਮਾਰ, ਜੁਗਲ ਕਿਸ਼ੋਰ, ਕੁਲਵੰਤ ਸਿੰਘ, ਲਵਪ੍ਰੀਤ ਰੋੜਾਂਵਾਲੀ, ਜਗਦੀਸ਼ ਬੈਂਸ, ਅਮਰਬੀਰ ਸਿੰਘ ਬੰਟੀ, ਨੀਲਮ ਕੁਮਾਰੀ, ਜਸਵਿੰਦਰ ਕੌਰ, ਜਗਦੀਸ਼ ਰਾਜ ਬੈਂਸ, ਕੁਲਜੀਤ ਕਾਦੀਆਂ, ਬਲਜੀਤ ਸਿੰਘ ਤੇ ਬਲਵਿੰਦਰ ਸਿੰਘ ਨੂੰ ਜ਼ਿਲ੍ਹਾ ਕਮੇਟੀ ਮੈਂਬਰ ਦਾ ਪੈਨਲ ਪੇਸ਼ ਕੀਤਾ ਗਿਆ ਜਿਸ ਨੂੰ ਹਾਜ਼ਰ ਡੈਲੀਗੇਟ ਸਰਬਸੰਮਤੀ ਦੁਆਰਾ ਪ੍ਰਵਾਨ ਕਰ ਲਿਆ ਗਿਆ। ਅੰਤ ਵਿੱਚ ਸੀਟੀਯੂ ਆਗੂ ਸ਼ਿਵ ਕੁਮਾਰ ਨੇ ਸੰਗ੍ਰਾਮੀ ਸ਼ੁਭ ਇੱਛਾਵਾਂ ਵੀ ਦਿੱਤੀਆਂ ਅਤੇ ਨਵੇਂ ਚੁਣੇ ਗਏ ਜ਼ਿਲ੍ਹਾ ਪ੍ਰਧਾਨ ਅਨਿਲ ਕੁਮਾਰ ਵਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ ਅਤੇ ਦੋ ਅਤੇ ਤਿੰਨ ਅਕਤੂਬਰ ਨੂੰ ਜਲੰਧਰ ਹੋ ਰਹੀ ਡੈਲੀਗੇਟ ਅਜਲਾਸ ਵਿੱਚ ਸ਼ਾਮਲ ਹੋਣ ਹੋਣ ਦਾ

## ਸੱਭਿਆਚਾਰਕ ਮੁਕਾਬਲੇ 'ਚ ਸਰਕਾਰੀ ਸਕੂਲ ਸੋਹਲ ਵੱਲੋਂ ਤੀਸਰਾ ਸਥਾਨ ਹਾਸਲ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਨਹਿਰੂ ਯੁਵਾ ਕੇਂਦਰ ਸੰਗਠਨ ਤਰਨ ਤਾਰਨ ਦੁਆਰਾ ਸੇਵੀ ਦੇਵੀ ਕਾਲਜ ਤਰਨ ਤਾਰਨ ਵਿਖੇ ਜ਼ਿਲ੍ਹਾ ਪੱਧਰੀ ਸੱਭਿਆਚਾਰਕ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਸਕੂਲ ਤੇ ਕਾਲਜ ਪੜ੍ਹਨ ਵਾਲੇ 15 ਤੋਂ 29 ਸਾਲ ਦੇ ਉਮਰ ਵਰਗ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਂਦੇ ਹੋਏ ਸ਼ਹੀਦ ਹਰਜਿੰਦਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੋਹਲ ਦੇ ਵਿਦਿਆਰਥੀਆ ਨੇ ਭੰਗੜੇ ਵਿੱਚ ਤੀਸਰਾ ਸਥਾਨ ਹਾਸਲ ਕੀਤਾ।

ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਹਲਕਾ ਤਰਨਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਨੇ ਟਰਾਫੀ ਅਤੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰ. ਨਰਿੰਦਰ ਸਿੰਘ ਨੇ ਪੀਏਐਸਏ ਨੇ ਬੜੇ ਮਾਣ ਨਾਲ ਦੱਸਿਆ ਕਿ ਨਹਿਰੂ ਯੁਵਾ ਕੇਂਦਰ ਸੰਗਠਨ ਦੁਆਰਾ ਕਰਵਾਏ ਮੁਕਾਬਲਿਆਂ ਵਿੱਚ ਹਰ ਵਿਦਿਆਰਥੀ ਪ੍ਰਾਈਵੇਟ ਸਕੂਲਾਂ ਕਾਲਜਾਂ ਤੋਂ ਆਏ ਸਨ। ਪੂਰੇ ਤਰਨ ਤਾਰਨ ਜ਼ਿਲ੍ਹੇ ਵਿੱਚ ਕੇਵਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੋਹਲ ਦੇ ਵਿਦਿਆਰਥੀਆਂ ਨੇ ਇਸ ਮੁਕਾਬਲੇ ਵਿੱਚ ਭਾਗ ਲਿਆ ਤੇ ਤੀਸਰਾ ਸਥਾਨ ਹਾਸਲ ਕੀਤਾ।

## ਦਿਹਾਤੀ ਮਜ਼ਦੂਰ ਸਭਾ ਨੇ ਥਾਣਾ ਖਾਲੜਾ ਅੱਗੇ ਲਾਇਆ ਰੋਸ ਧਰਨਾ





ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਦਿਹਾਤੀ ਮਜ਼ਦੂਰ ਸਭਾ ਵੱਲੋਂ ਅੰਗਰੇਜ਼ ਸਿੰਘ ਵਾਂ ਦੇ ਕਾਤਲ ਨੂੰ ਗ੍ਰਿਫਤਾਰ ਕਰਵਾਉਣ ਦੇ ਸਬੰਧ 'ਚ ਥਾਣਾ ਖਾਲੜਾ ਦੇ ਗੇਟ ਅੱਗੇ ਵਿਸ਼ਾਲ ਧਰਨਾ ਦਿੱਤਾ ਗਿਆ। ਧਰਨੇ ਦੀ ਅਗਵਾਈ ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਪ੍ਰਧਾਨ ਹਰਜਿੰਦਰ ਸਿੰਘ ਚੂੰਘ, ਮਨਦੀਪ ਸਿੰਘ ਕਲਸੀ ਅਤੇ ਸਾਮ ਲਾਲ ਭਗਵਾਨਪੁਰਾ ਵੱਲੋਂ ਕੀਤੀ ਗਈ। ਜ਼ਿਕਰਯੋਗ ਹੈ ਕਿ ਧਰਨੇ ਵਿੱਚ 'ਚ ਔਰਤਾਂ ਤੇ ਮਰਦਾਂ ਨੇ ਵੱਡੀ ਗਿਣਤੀ 'ਚ ਭਾਗ ਲਿਆ ਲਿਆ। ਧਰਨੇ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਚਮਨ ਲਾਲ ਦਰਾਜਕੇ ਅਤੇ ਤਹਿਸੀਲ ਪ੍ਰਧਾਨ ਹਰਜਿੰਦਰ ਸਿੰਘ ਚੂੰਘ ਨੇ ਕਿਹਾ ਕਿ ਅੱਜ ਤੋਂ ਦੋ ਮਹੀਨੇ ਪਹਿਲਾਂ ਅੰਗਰੇਜ਼ ਸਿੰਘ ਪੁੱਤਰ ਧਾਰਾ ਸਿੰਘ ਵਾਸੀ ਵਾਂ ਦਾ ਕਤਲ ਪਿੰਡ ਦੇ ਹੀ ਉੱਚ ਜਾਤੀ ਦੇ ਨਾਲ ਸਬੰਧਤ ਰੱਖਣ ਵਾਲੇ ਇੰਦਰਜੀਤ ਸਿੰਘ ਪੁੱਤਰ ਸਬੇਗ ਸਿੰਘ ਅਤੇ ਹਰਜਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਨਾਮਕ ਵਿਅਕਤੀਆਂ ਵੱਲੋਂ ਕੀਤਾ ਗਿਆ ਸੀ, ਜਿਨ੍ਹਾਂ ਖਿਲਾਫ ਥਾਣਾ ਖਾਲੜਾ ਵਿਖੇ 302 ਦਾ ਪਰਚਾ ਤਾਂ ਦਰਜ ਕੀਤਾ ਗਿਆ ਹੈ ਪਰ ਦੋ ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਐੱਸ.ਐੱਚ.ਓ. ਲਖਵਿੰਦਰ ਸਿੰਘ ਖਾਲੜਾ ਵੱਲੋਂ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ। ਉਪਰੋਕਤ ਆਗੂਆਂ ਨੇ ਜ਼ਿਲ੍ਹਾ ਤਰਨਤਾਰਨ ਦੇ ਐੱਸ.ਐੱਸ.ਪੀ. ਤੋਂ ਮੰਗ ਕੀਤੀ ਕਿ ਉਪਰੋਕਤ ਦੋਸ਼ੀਆਂ ਨੂੰ ਫੌਰੀ ਤੌਰ 'ਤੇ ਗ੍ਰਿਫਤਾਰ ਕੀਤਾ ਜਾਵੇ। ਇਸਦੇ ਨਾਲ ਹੀ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਚੇਤਾਵਨੀ ਵੀ ਦਿੱਤੀ ਕਿ ਜੇਕਰ ਪੀੜਤ ਪਰਿਵਾਰ ਨੂੰ ਜਲਦੀ ਇਨਸਾਫ ਨਾ ਦਿੱਤਾ ਗਿਆ ਤਾਂ ਦਿਹਾਤੀ ਮਜਦੂਰ ਸਭਾ ਵੱਲੋਂ ਪੁਲਸ ਪ੍ਰਸ਼ਾਸਨ ਖਿਲਾਫ ਤਿੱਖੇ ਸੰਘਰਸ ਵਿੱਢੇ ਜਾਣਗੇ। ਜ਼ਿਕਰਯੋਗ ਹੈ ਕਿ ਡੀ.ਐੱਸ.ਪੀ. ਭਿੱਖੀਵਿੰਡ ਪ੍ਰੀਤ ਇੰਦਰ ਸਿੰਘ ਵੱਲੋਂ ਥਾਣਾ ਖਾਲੜਾ ਵਿਖੇ ਪਹੁੰਚ ਕੇ ਧਰਨਾਕਾਰੀਆਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਉਹ ਦੋਸੀਆਂ ਨੂੰ ਜਲਦੀ ਗ੍ਰਿਫਤਾਰ ਕਰਕੇ ਪੀੜਤ ਪਰਿਵਾਰ ਨੂੰ ਇਨਸਾਫ ਦਿਵਾਉਣਗੇ। ਡੀ.ਐੱਸ.ਪੀ. ਭਿੱਖੀਵਿੰਡ ਵੱਲੋਂ ਧਰਨਾਕਾਰੀਆਂ ਨੂੰ ਵਿਸ਼ਵਾਸ ਦਿਵਾਉਣ ਉਪਰੰਤ ਦਿਹਾਤੀ ਮਜ਼ਦੂਰ ਸਭਾ ਵੱਲੋਂ ਧਰਨੇ ਨੂੰ ਸਮਾਪਤ ਕੀਤਾ ਗਿਆ। ਇਸ ਮੌਕੇ ਵਿਰਸਾ ਸਿੰਘ ਵਾਂ, ਪ੍ਰਗਟ ਸਿੰਘ ਵਾਂ, ਗੁਰਲਾਲ ਸਿੰਘ ਅਲਗੋਂ, ਸੰਤੋਖ ਸਿੰਘ ਮੱਖੀ, ਸਾਮ ਲਾਲ ਭਗਵਾਨਪੁਰਾ, ਗੁਰਬੀਰ ਸਿੰਘ ਰਾਜੋਕੇ, ਬਿੱਟੂ ਨਾਰਲਾ, ਗੱਜਣ ਸਿੰਘ ਨਾਰਲਾ, ਪ੍ਰਤਾਪ ਸਿੰਘ ਬੱਠੇਭੈਣੀ ਅਤੇ ਸੁਖਵੰਤ ਸਿੰਘ ਕੰਬੋਕੇ ਆਦਿ ਆਗੂ ਹਾਜ਼ਰ ਸਨ।

## ਆਸ ਹੋਮਿਓਪੈਥਿਕ ਸੁਸਾਇਟੀ ਨੇ ਮੁਫਤ ਮੈਡੀਕਲ ਕੈਂਪ ਲਾਇਆ



ਚੋਹਲਾ ਸਾਹਿਬ/ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ, ਰਮਨ ਚੱਢਾ)-ਗਰੀਬ, ਲੋੜਵੰਦ ਤੇ ਬੇਸਹਾਰਾ ਲੋਕਾਂ ਨੂੰ ਮੁਫਤ ਸਿਹਤ ਸਹੂਲਤਾਂ ਦੇਣ ਵਾਲੀ ਪੰਜਾਬ ਦੀ ਉੱਘੀ ਸਮਾਜ ਸੇਵੀ ਸੰਸਥਾ ਆਸ ਹੋਮਿਓਪੈਥਿਕ ਸੁਸਾਇਟੀ ਦੇ ਮਾਹਿਰ ਡਾਕਟਰਾਂ ਵੱਲੋਂ ਡਾ. ਨਰਾਇਣ ਹੋਮਿਓਪੈਥੀ ਕਲੀਨਿਕ ਵਲਟੋਹਾ ਵਿਖੇ ਮੁਫਤ ਹੋਮਿਓਪੈਥੀ ਕੈਂਪ ਲਗਾਇਆ ਗਿਆ ਜਿਸ ਵਿਚ ਪੰਜਾਬ ਦੇ ਪ੍ਰਸਿੱਧ ਹੋਮਿਓਪੈਥਿਕ ਡਾ. ਸੁਖਦੀਪ ਸਿੰਘ ਸਿੱਧੂ, ਡਾ. ਨਰੈਣ ਸਿੰਘ ਵਲਟੋਹਾ, ਡਾ. ਰਸਬੀਰ ਸਿੰਘ ਸੰਧੂ ਚੋਹਲਾ ਸਾਹਿਬ, ਡਾ. ਅਰਸਦੀਪ ਕੌਰ ਸੰਧੂ, ਡਾ. ਪਰਮਜੀਤ ਕੌਰ ਸੰਧੂ, ਮਨਜੀਤ ਸਿੰਘ ਰੇਡੀਓਗ੍ਰਾਫਰ, ਡਾ. ਗੁਰਨੇਕ ਸਿੰਘ ਰਮਦਾਸ, ਡਾ. ਕਿਰਨਦੀਪ ਕੌਰ, ਡਾ. ਅਮਨਦੀਪ ਕੌਰ, ਡਾ. ਪਰਦੀਪ ਸਿੰਘ ਰਾਹਲ ਚਾਹਲ ਆਦਿ ਮਾਹਿਰ ਡਾਕਟਰਾਂ ਦੀਆਂ ਟੀਮਾਂ ਨੇ ਕੈਂਪ ਚ ਪੁੱਜੇ 439 ਵੱਖ-ਵੱਖ ਬੀਮਾਰੀਆਂ ਤੋਂ ਪੀੜਤ ਰੋਗੀਆਂ ਦਾ ਮੁਫਤ ਚੈਕਅੱਪ ਕਰਕੇ ਮੁਫਤ ਹੋਮਿਓਪੈਥਿਕ ਦਵਾ-ਦਾਰੂ ਦਿੱਤਾ। ਇਸ ਮੌਕੇ ਕੈਂਪ ਚ ਪੁੱਜੇ ਲੋਕਾਂ ਨੂੰ ਮਾਹਿਰ ਡਾਕਟਰਾਂ ਨੇ ਇਲਾਜ ਦੇ ਨਾਲ ਪਰਹੇਜ਼ ਅਤੇ ਬੀਮਾਰੀਆਂ ਤੋਂ ਬਚਣ ਲਈ ਸਰਲ ਉਪਾਅ ਦੱਸੇ ਤੇ ਕਿਹਾ ਕਿ ਜੇਕਰ ਫਿਰ ਵੀ ਕਿਸੇ ਨੂੰ ਮਾਨਸਿਕ ਜਾਂ ਸਰੀਰਕ ਰੋਗ ਲੱਗ ਜਾਵੇ ਤਾਂ ਉਹ ਰੋਗ ਨੂੰ ਪੱਕੇ ਤੌਰ 'ਤੇ ਖਤਮ ਕਰਨ ਲਈ ਮਾਹਿਰ ਹੋਮਿਓਪੈਥਿਕ ਡਾਕਟਰ ਕੋਲੋਂ ਇਲਾਜ ਪ੍ਰਣਾਲੀ ਰਾਹੀਂ ਇਲਾਜ ਕਰਵਾ ਕੇ ਤੰਦਰੁਸਤ ਰਹਿ ਸਕਦਾ ਹੈ। ਇਸ ਮੌਕੇ ਸਮੂਹ ਮਾਹਿਰ ਡਾਕਟਰਾਂ ਨੇ ਇਕ ਸੁਰ ਵਿਚ ਦੱਸਿਆ ਕਿ ਜੇਕਰ ਕੋਈ ਵੀ ਬੇਸਹਾਰਾ ਗਰੀਬ ਤੇ ਲੋੜਵੰਦ ਜਿਸ ਕੋਲ ਆਪਣੇ ਇਲਾਜ ਲਈ ਕੋਈ ਪੈਸਾ ਨਹੀਂ ਉਹ ਆਪਣੇ ਘਰ ਦੀ ਛੱਲੀ ਪੂਣੀ ਨਾ ਵੇਚੇ, ਉਹ ਸਾਡੀ ਸੰਸਥਾ 'ਆਸ ਹੋਮਿਓਪੈਥਿਕ ਸੁਸਾਇਟੀ' ਰਾਹੀਂ ਬਿਨਾਂ ਝਿਜਕ ਮੁਫਤ ਇਲਾਜ ਕਰਵਾ ਸਕਦਾ ਹੈ। ਹੋਮਿਓਪੈਥੀ ਡਾਕਟਰਾਂ ਦਾ ਕੈਂਪ 'ਚ ਪੁੱਜਣ 'ਤੇ ਡਾ. ਨਰੈਣ ਸਿੰਘ ਵੱਲੋਂ ਧੰਨਵਾਦ ਕੀਤਾ ਗਿਆ।

## ਖੇਮਕਰਨ ਪੁਲਸ ਵੱਲੋਂ ਨਸ਼ੀਲੀਆਂ ਗੋਲੀਆਂ ਸਮੇਤ ਮੁਲਜ਼ਮ ਕਾਬੂ



ਭਿੱਖੀਵਿੰਡ/ ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਐੱਸ. ਐੱਸ. ਪੀ. ਤਰਨਤਾਰਨ ਰਣਜੀਤ ਸਿੰਘ ਢਿੱਲੋਂ ਸੀਨੀਅਰ ਪੁਲਸ ਕਪਤਾਨ ਦੇ ਦਿਸ਼ਾ ਨਿਰਦੇਸਾਂ 'ਤੇ ਪ੍ਰੀਤਇੰਦਰ ਸਿੰਘ ਡੀ. ਐੱਸ. ਪੀ. ਸਬ-ਡਵੀਜ਼ਨ ਭਿੱਖੀਵਿੰਡ ਦੀਆਂ ਹਦਾਇਤਾਂ ਅਨੁਸਾਰ ਨਸ਼ੇ ਦੀ ਰੋਕਥਾਮ ਲਈ ਮਾੜੇ ਅਨਸਰਾਂ ਖਿਲਾਫ ਵਿੱਢੀ ਗਈ ਮੁਹਿੰਮ ਦੌਰਾਨ ਇੰਸਪੈਕਟਰ ਕੰਵਲਜੀਤ ਰਾਏ ਮੁੱਖ ਅਫਸਰ ਥਾਣਾ ਖੇਮਕਰਨ ਦੀ ਅਗਵਾਈ ਹੇਠ ਏ. ਐੱਸ. ਆਈ. ਸਾਹਿਬ ਸਿੰਘ ਨੇ ਇੱਕ ਵਿਅਕਤੀ ਨੂੰ ਪਿੰਡ ਮਹਿੰਦੀਪੁਰ ਪੁਲ ਡਰੇਨ ਤੋਂ ਕਾਬੂ ਕਰਕੇ ਉਸ ਪਾਸੋਂ 105 ਨਸ਼ੀਲੀਆਂ ਗੋਲੀਆਂ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ ਜਿਸ 'ਤੇ ਕਾਰਵਾਈ ਕਰਦੇ ਹੋਏ ਏ. ਐੱਸ. ਆਈ. ਸਾਹਿਬ ਸਿੰਘ ਨੇ ਮੁਲਜ਼ਮ ਰਸਾਲ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਮਹਿੰਦਿਪੁਰ, ਥਾਣਾ ਖੇਮਕਰਨ ਜ਼ਿਲ੍ਹਾ ਤਰਨਤਾਰਨ ਨੂੰ ਮੌਕੇ ਤੋਂ ਗ੍ਰਿਫਤਾਰ ਕਰ ਲਿਆ ਹੈ ਅਤੇ ਉਸਦੇ ਖਿਲਾਫ ਐੱਨ. ਡੀ. ਪੀ. ਐੱਸ 22/61/85 ਐਕਟ ਤਹਿਤ ਮੁਕੱਦਮਾ ਦਰਜ ਰਜਿਸਟਰ ਕਰ ਕੇ ਮੁਲਜ਼ਮ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ।

## ਵਿਰਸਾ ਚੇਤਨਾ ਕੈਂਪ ਟਰੱਸਟ ਵੱਲੋਂ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ




ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਨਾਲ ਜੋੜਨ ਦੇ ਮਕਸਦ ਨਾਲ ਸੈਕਰਡ ਸੋਲਜ਼ ਕੌਨਵੈਂਟ ਸਕੂਲ ਕਾਲੇ (ਭਿੱਖੀਵਿੰਡ) ਦੇ ਚੇਅਰਮੈਨ ਕੰਧਾਲ ਸਿੰਘ ਬਾਠ ਵੱਲੋਂ ਬੀਤੇ ਦਿਨੀਂ ਸਕੂਲ 'ਚ ਧਾਰਮਿਕ ਪ੍ਰੀਖਿਆਵਾਂ ਦਾ ਆਯੋਜਨ ਕੀਤਾ ਗਿਆ ਸੀ। ਅੱਜ ਇਨ੍ਹਾਂ ਪ੍ਰੀਖਿਆਵਾਂ ਦੇ ਨਤੀਜਿਆਂ ਦਾ ਐਲਾਨ ਕਰਦਿਆਂ ਸੋਲਜ਼ ਕੌਨਵੈਂਟ ਸਕੂਲ ਕਾਲੇ (ਭਿੱਖੀਵਿੰਡ) ਦੇ ਚੇਅਰਮੈਨ ਕੰਧਾਲ ਸਿੰਘ ਬਾਠ ਨੇ ਕਿਹਾ ਕਿਹਾ ਕਿ ਧਾਰਮਿਕ ਪ੍ਰੀਖਿਆਵਾਂ 'ਚ ਵਿਦਿਆਰਥੀਆਂ ਵੱਲੋਂ ਵਧ-ਚੜ੍ਹ ਕੇ ਹਿੱਸਾ ਲਿਆ ਗਿਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਇਨ੍ਹਾਂ ਧਾਰਮਿਕ ਪ੍ਰੀਖਿਆਵਾਂ 'ਚ ਸਿਮਰਨ ਕੌਰ, ਮੁਸਕਾਨ, ਅਨਮੋਲਵੀਰ ਕੌਰ, ਸੁਖਮਨਜੀਤ ਕੌਰ, ਜਗਨੂਰ ਸਿੰਘ, ਕਮਲਨੂਰ ਕੌਰ, ਖੁਸ਼ਬੂ, ਅਮਨਪ੍ਰੀਤ ਕੌਰ, ਸੁਦੀਕਸ਼ਾ, ਮਨਪ੍ਰੀਤ ਕੌਰ, ਮਨਪ੍ਰੀਤ ਕੌਰ, ਕੇਸ਼ਵ, ਪਲਕ ਕੱਕੜ, ਸੰਦੀਪ ਕੌਰ, ਪ੍ਰਭਜੋਤ ਕੌਰ, ਮਨਪ੍ਰੀਤ ਕੌਰ, ਮਨਰਾਜ ਸਿੰਘ, ਹਿਤਾਸ਼ੀ ਸ਼ਰਮਾ, ਅਰਸ਼ਪ੍ਰੀਤ ਸਿੰਘ, ਪਲਕਪ੍ਰੀਤ ਕੌਰ, ਸੁਖਮਨਪ੍ਰੀਤ ਕੌਰ, ਮਹਿਕਪ੍ਰੀਤ ਕੌਰ, ਨਵਰੂਪ ਕੌਰ, ਮਨਮੀਨ ਕੌਰ, ਮਨਦੀਪ ਕੌਰ, ਨਵਦੀਪ ਕੌਰ, ਅਨਮੋਲਪ੍ਰੀਤ ਕੌਰ ਅਤੇ ਮਹਿਕਪ੍ਰੀਤ ਕੌਰ ਨੇ ਮੋਹਰੀ ਸਥਾਨਾਂ 'ਤੇ ਕਬਜ਼ਾ ਕੀਤਾ ਹੈ। ਚੰਗੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਵਿਰਸਾ ਚੇਤਨਾ ਕੈਂਪ ਟਰੱਸਟ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਕਵੀਸ਼ਰੀ ਜਥੇ ਵੱਲੋਂ ਵੀਰਰਸੀ ਕਵਿਤਾਵਾਂ ਅਤੇ ਵਾਰਾਂ ਗਾ ਕੇ ਹਾਜ਼ਰ ਸੰਗਤਾਂ ਨੂੰ ਸਿੱਖ ਕੌਮ ਦੇ ਮਹਾਨ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ। ਇਸ ਮੌਕੇ ਵਿਰਸਾ ਚੇਤਨਾ ਕੈਂਪ ਟਰੱਸਟ ਵੱਲੋਂ ਭਾਈ ਸਾਹਿਬ ਸਿੰਘ, ਭਾਈ ਦਿਲਬਾਗ ਸਿੰਘ ਬਲੇਰ ਅਤੇ ਉਨ੍ਹਾਂ ਦੇ ਸਾਥੀ ਭਾਈ ਅਮਰਜੀਤ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ। ਇਸ ਮੌਕੇ ਸਕੂਲ ਦੇ ਚੇਅਰਮੈਨ ਕੰਧਾਲ ਸਿੰਘ ਬਾਠ, ਪ੍ਰਿੰਸੀਪਲ ਮੈਡਮ ਲਖਵੀਰ ਕੌਰ, ਧਾਰਮਿਕ ਸਿੱਖਿਆ ਅਧਿਆਪਕ ਸਿਮਰਨਜੀਤ ਕੌਰ, ਮਨਪ੍ਰੀਤ ਸ਼ਰਮਾ, ਰਾਜਵੀਰ ਕੌਰ, ਸਤਿੰਦਰ ਕੌਰ, ਨਵਦੀਪ ਕੌਰ, ਜਸਪ੍ਰੀਤ ਕੌਰ, ਰਮਨਦੀਪ ਕੌਰ, ਬਲਵਿੰਦਰ ਕੌਰ, ਪਰਵਿੰਦਰ ਕੌਰ, ਰਮਨਦੀਪ ਕੌਰ, ਪਰਮਿੰਦਰ ਕੌਰ, ਸਿਮਰਨਜੀਤ ਕੌਰ, ਹਰਜੀਤ ਕੌਰ, ਰਾਜਪ੍ਰੀਤ ਕੌਰ, ਰੀਆ ਰਾਣੀ, ਸੰਦੀਪ ਕੌਰ, ਮਨਪ੍ਰੀਤ ਪੁਰੀ, ਰਜਨੀ ਸੈਣੀ, ਹਰਪ੍ਰੀਤ ਕੌਰ, ਅਮਨ ਕੌਰ ਆਦਿ ਸਟਾਫ ਮੈਂਬਰ ਹਾਜ਼ਰ ਸਨ ।

## ਲੋਕ ਭਲਾਈ ਸਕੀਮਾਂ ਲਈ ਯੋਗ ਲਾਭ ਪਾਤਰੀਆਂ ਨੂੰ ਸੂਚੀਬੱਧ ਕਰਨ ਦੀ ਮੰਗ



ਬੁਤਾਲਾ (ਨਿਰਮਲ ਸਿੰਘ ਸੰਘਾ)-ਘੱਟ ਗਿਣਤੀਆਂ ਲੋਕ ਭਲਾਈ ਸੰਸਥਾ (ਰਜਿ) ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਭਲਾਈ ਮੰਤਰੀ ਪੰਜਾਬ ਬਲਜੀਤ ਕੌਰ ਨੂੰ ਪੱਤਰ ਲਿਖ ਕੇ ਕਲਿਆਣਕਾਰੀ ਯੋਜਨਾਵਾਂ ਦੇ ਲਈ ਯੋਗ ਲਾਭਪਾਤਰੀਆਂ ਨੂੰ ਸੂਚੀਬੱਧ ਕਰਨ ਲਈ ਪ੍ਰਵਾਨਗੀ ਦਿੱਤੇ ਜਾਣ ਦੀ ਮੰਗ ਕੀਤੀ ਹੈ। ਇੱਥੇ ਪੱਤਰਕਾਰ ਭਾਈਚਾਰੇ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸਾਨੂੰ ਅਕਸਰ ਹੀ ਸ਼ਿਕਾਇਤਾਂ ਮਿਲ ਰਹੀਆਂ ਹਨ ਕਿ ਪਿੰਡਾਂ 'ਚ ਚੁਣੇ ਨੁਮਾਇੰਦਿਆਂ ਵੱਲੋਂ ਅਯੋਗ ਚਹੇਤਿਆਂ ਨੂੰ ਅਸਲ 'ਚ ਲਾਭਪਾਤਰੀ ਬਣਾਇਆ ਜਾ ਰਿਹਾ ਹੈ, ਪਰ ਲੋੜਵੰਦ ਲੋਕ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਭਲਾਈ ਸਕੀਮਾਂ ਦੇ ਘੇਰੇ ਤੋਂ ਦੂਰ ਹਨ। ਉਨ੍ਹਾਂ ਕਿਹਾ ਕਿ ਸਾਡੀ ਜਾਣਕਾਰੀ ਅਨੁਸਾਰ ਫੁੱਟਪਾਤ ਤੇ ਰਹਿਣ ਵਾਲੇ ਟੱਬਰ, ਗੁੱਜਰ, ਈਸਾਈ, ਮੱਜ਼੍ਹਬੀ ਸਿੱਖ, ਨਾਈ, ਝੀਰ, ਪਰਜਾਪਤ, ਸਾਂਸੀ, ਮਰਾਸੀ, ਰਾਏ ਸਿੱਖ, ਗਰੀਬ ਜੱਟ ਆਦਿ ਭਾਈਚਾਰੇ ਦੇ ਲੋਕ ਵਿਭਾਗ ਦੇ ਕੁਝ ਅਫਸਰਾਂ ਅਤੇ ਕੁਝ ਅਖੌਤੀ ਸਿਆਸੀ ਲੋਕਾਂ ਦੀ ਕਾਣੀ ਵੰਡ ਦੀ ਬਦੌਲਤ ਸਰਕਾਰੀ ਯੋਜਨਾਵਾਂ ਦੇ ਲਾਭ ਪ੍ਰਾਪਤ ਨਹੀਂ ਕਰ ਸਕੇ ਹਨ। ਇੱਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਅਸੀਂ ਜਲਦੀ ਮੁੱਖ ਮੰਤਰੀ ਪੰਜਾਬ ਨੂੰ ਮਿਲ ਕੇ ਅਪੀਲ ਕਰਾਂਗੇ ਕਿ ਸਮਾਜ ਸੇਵੀ ਜਥੇਬੰਦੀਆਂ ਨੂੰ ਸਰਕਾਰੀ ਵਿਭਾਗਾਂ ਨਾਲ ਸਹਿਯੋਗੀ ਮੈਂਬਰ ਨਾਮਜ਼ਦ ਕਰਕੇ ਪੰਜਾਬ ਦੇ ਲੋਕਾਂ ਤੱਕ ਸਿੱਧੀ ਪਹੁੰਚ ਕਰਨੀ ਚਾਹੀਦੀ ਹੈ ਕਿਉਂਕਿ ਵਿਭਾਗਾਂ 'ਚ ਸਟਾਫ ਦੀ ਭਾਰੀ ਕਮੀ ਹੋਣ ਕਰਕੇ ਵਿਭਾਗੀ ਕੰਮ ਸਫਲਤਾਪੂਰਵਕ ਨਹੀਂ ਹੋ ਰਹੇ।

## ਕਿਸਾਨਾਂ ਦੀ ਫਸਲ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇਗਾ: ਨਿੱਜਰ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਸਰਕਾਰ ਵੱਲੋਂ ਅੱਜ ਤੋਂ ਸ਼ੁਰੂ ਹੋ ਰਹੀ ਝੋਨੇ ਦੀ ਖਰੀਦ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਗਏ ਹਨ ਅਤੇ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਇੰਦਰਬੀਰ ਸਿੰਘ ਨਿੱਜਰ ਸਥਾਨਕ ਸਰਕਾਰਾਂ ਮੰਤਰੀ ਪੰਜਾਬ ਨੇ ਅੱਜ ਭਗਤਾਂਵਾਲਾ ਦਾਣਾ ਮੰਡੀ ਵਿਖੇ ਝੋਨੇ ਦੀ ਖਰੀਦ ਦੀ ਸ਼ੁਰੂਆਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਨਿਰਧਾਰਿਤ ਕੀਤੇ ਗਏ ਘੱਟੋ-ਘੱਟ 2060 ਰੁਪਏ ਪ੍ਰਤੀ ਕੁਵਿੰਟਲ ਝੋਨਾ ਗ੍ਰੇਡ-ਏ ਅਤੇ 2040 ਰੁਪਏ ਪ੍ਰਤੀ ਕੁਵਿੰਟਲ ਝੋਨਾ ਕਾਮਨ ਵੈਰਾਇਟੀ ਤੇ ਖਰੀਦ ਕੀਤੀ ਜਾਵੇਗੀ। ਡਾ. ਨਿੱਜਰ ਨੇ ਕਿਹਾ ਕਿ ਕਿਸਾਨਾਂ ਦੀ ਸਹੂਲਤ ਲਈ ਸਾਰੀਆਂ ਮੰਡੀਆਂ ਵਿੱਚ ਪ੍ਰਬੰਧ ਮੁਕੰਮਲ ਹੋ ਚੁੱਕੇ ਹਨ ਅਤੇ ਬਾਰਦਾਨੇ ਦੀ ਮੰਗ ਨੂੰ ਵੀ ਧਿਆਨ ਵਿੱਚ ਰਖਦਿਆਂ ਹੋਇਆਂ ਲੋੜੀਂਦੇ ਪ੍ਰਬੰਧ ਵੀ ਮੁਕੰਮਲ ਕਰ ਲਏ ਗਏ ਹਨ।

ਡਾ. ਨਿੱਜਰ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈ ਕੇ ਆਉਣ ਅਤੇ ਪਰਾਲੀ ਨੂੰ ਅੱਗ ਨਾ ਲਗਾਉਣ। ਉਨ੍ਹਾਂ ਕਿਹਾ ਕਿ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਵਾਤਾਵਰਨ ਦਾ ਵੀ ਧਿਆਨ ਰੱਖੀਏ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਵਲੋਂ ਪਾਰਲੀ ਨਾਲ ਸਾੜਨ ਸਬੰਧੀ ਮਸ਼ੀਨਰੀ ਵੀ ਮੁਹੱਈਆ ਕਰਵਾਈ ਜਾ ਰਹੀ ਹੈ।

ਇਸ ਮੌਕੇ ਹਲਕਾ ਅਟਾਰੀ ਦੇ ਵਿਧਾਇਕ ਜਸਬੀਰ ਸਿੰਘ ਏ. ਡੀ. ਸੀ., ਹਲਕਾ ਕੇਂਦਰੀ ਦੇ ਵਿਧਾਇਕ ਡਾ. ਅਜੈ ਗੁਪਤਾ, ਰਵਿੰਦਰ ਹੰਸ, ਜ਼ਿਲ੍ਹਾ ਮੰਡੀ ਅਫ਼ਸਰ ਅਮਨਦੀਪ ਸਿੰਘ, ਜ਼ਿਲ੍ਹਾ ਖੁਰਾਕ ਤੇ ਸਪਲਾਈ ਅਫ਼ਸਰ ਮੈਡਮ ਸੰਯੋਜਗਤਾ, ਐਸ. ਡੀ. ਓ. ਰਾਵਲ ਸਿੰਘ, ਗੁਰਵਿੰਦਰ ਸਿੰਘ ਡੀ. ਐਮ. ਪਨਸਪ, ਅਨੀਲ ਅਰੋੜਾ ਸੈਕਟਰੀ ਮਾਰਕੀਟ ਕਮੇਟੀ, ਰਾਕੇਸ਼ ਤੁਲੀ ਅਤੇ ਰੁਪਿੰਦਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਤਰੱਕੀਆਂ 'ਚ ਹੋ ਰਹੀ ਬੇਲੋੜੀ ਦੇਰੀ ਕਾਰਨ ਅਧਿਆਪਕ ਪ੍ਰੇਸ਼ਾਨ



ਮਜੀਠਾ (ਮਨਮੋਹਨ ਸਿੰਘ ਢਿੱਲੋਂ)-ਹੈੱਡਟੀਚਰ ਅਤੇ ਸੈਂਟਰ ਹੈੱਡਟੀਚਰਾਂ ਦੀਆਂ ਤਰੱਕੀਆਂ ਕਰਨ 'ਚ ਜ਼ਿਲ੍ਹਾ ਸਿੱਖਿਆ ਦਫਤਰ (ਐਲੀ: ਸਿ:) ਅੰਮ੍ਰਿਤਸਰ ਵੱਲੋਂ ਕੀਤੀ ਜਾ ਰਹੀ ਦੇਰੀ ਕਾਰਨ ਅਧਿਆਪਕ ਵਰਗ 'ਚ ਭਾਰੀ ਨਿਰਾਸ਼ਾ ਦਾ ਆਲਮ ਹੈ। ਵਿਭਾਗ ਦੇ ਉੱਚ-ਅਧਿਕਾਰੀਆਂ ਨੇ ਐਚ. ਟੀ. ਅਤੇ ਸੀ. ਐਚ. ਟੀ. ਦੀਆਂ ਤਰੱਕੀਆਂ ਕਰਨ ਸਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐਲੀ:) ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਉਕਤ ਦਫਤਰੀ ਅਮਲੇ-ਫ਼ੈਲੇ ਵੱਲੋਂ ਸਮੇਂ-ਸਮੇਂ ਤਰੱਕੀਆਂ ਕਰਨ ਮੌਕੇ ਕੀਤੀਆਂ ਗਈਆਂ ਬੇਨਿਯਮੀਆਂ ਕਾਰਨ ਬੇਕਸੂਰ ਅਧਿਆਪਕ ਪਿਛਲੇ ਲੰਬੇ ਸਮੇਂ ਤੋਂ ਤਰੱਕੀ ਦਾ ਲਾਭ ਲੈਣ ਲਈ ਤਰਸ ਰਹੇ ਸਨ। ਇਸ ਦੌਰਾਨ ਮੁਖੀ ਵਿਹੂਣੇ ਸਕੂਲਾਂ 'ਚ ਵਿਦਿਆਰਥੀਆਂ ਦੀ ਪੜ੍ਹਾਈ ਦਾ ਵੀ ਵੱਡਾ ਨੁਕਸਾਨ ਹੋ ਰਿਹਾ ਹੈ ਜਿਸ ਬਾਬਤ ਸ਼ਾਸਨ-ਪ੍ਰਸ਼ਾਸਨ ਭਲੀਭਾਂਤ ਜਾਣਦੇ ਹੋਏ ਵੀ ਮੂਕ ਦਰਸ਼ਕ ਬਣਿਆ ਹੋਇਆ ਹੈ। ਇਸ ਸਬੰਧੀ ਤਰੱਕੀ ਦੇ ਆਸਵੰਦ ਅਧਿਆਪਕਾਂ ਨੇ ਦੱਸਿਆ ਕਿ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ-ਗਿਣਤੀਆਂ ਵਿਭਾਗ ਵੱਲੋਂ ਰੋਸਟਰ ਰਜਿ: ਵੀ ਵੈਰੀਫਾਈ ਕਰ ਦਿੱਤਾ ਗਿਆ ਹੈ। ਸਨਿਆਰਤਾ ਸੂਚੀਆਂ ਦਾ ਕੰਮ ਮੁਕੰਮਲ ਹੋਣ ਦੇ ਬਾਵਜੂਦ ਤਰੱਕੀਆਂ ਕਰਨ 'ਚ ਕੀਤੀ ਜਾ ਰਹੀ ਬੇਲੋੜੀ ਦੇਰੀ ਕਾਰਨ ਅਧਿਆਪਕਾਂ 'ਚ ਭਾਰੀ ਰੋਸ ਹੈ। ਇਸ ਮੌਕੇ ਜ਼ਿਲ੍ਹਾ ਸਮਾਜਿਕ ਨਿਆਂ, ਅਧਿਕਾਰਤਾ ਭਲਾਈ ਯੂਨੀਅਨ ਅੰਮ੍ਰਿਤਸਰ ਦੇ ਸਲਾਹਕਾਰ ਸੀਐਚਟੀ ਹਰਮਨਦੀਪ ਸਿੰਘ ਛੀਨਾ ਨੇ ਐੱਚ. ਟੀ. ਅਤੇ ਸੀ. ਐੱਚ. ਟੀ. ਦੀਆਂ ਤਰੱਕੀਆਂ ਕਰਨ ਵਿਚ ਹੋ ਦੇਰੀ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦੇ ਹੋਏ ਮਾਣਯੋਗ ਮੁੱਖ ਮੰਤਰੀ ਪੰਜਾਬ ਸਰਕਾਰ, ਮਾਣਯੋਗ ਸਿੱਖਿਆ ਮੰਤਰੀ ਪੰਜਾਬ ਸਰਕਾਰ ਅਤੇ ਸਿੱਖਿਆ ਸਕੱਤਰ ਪੰਜਾਬ ਸਰਕਾਰ ਪਾਸੋਂ ਫੌਰੀ ਤਰੱਕੀਆਂ ਕਰਵਾਏ ਜਾਣ ਦੀ ਮੰਗ ਕੀਤੀ ਹੈ ਤਾਂ ਜੋ ਬੇਕਸੂਰ ਅਤੇ ਤਰੱਕੀ ਵਿਹੂਣੇ ਅਧਿਆਪਕਾਂ ਨੂੰ ਇਨਸਾਫ ਮਿਲ ਸਕੇ।

## ਲਾਇਨਜ਼ ਕਲੱਬ ਸੁਜਾਨਪੁਰ ਵੱਲੋਂ ਆਦਰਸ਼ ਬਿਰਧ ਆਸ਼ਰਮ ਨੂੰ ਰਾਸ਼ਨ ਭੇਟ




ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਅੱਜ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਵਿੱਚ ਲਾਇਨਜ਼ ਕਲੱਬ ਸੁਜਾਨਪੁਰ ਦੇ ਮੈਂਬਰਾਂ ਨੇ ਰਾਸ਼ਨ ਦੀ ਸੇਵਾ ਕੀਤੀ।

ਕਲੱਬ ਪ੍ਰਧਾਨ ਸੁਨੀਲ ਮਹਾਜਨ ਨੇ ਬਜ਼ੁਰਗਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨਾਲ ਆਪਣੇ ਦੁੱਖ ਵੀ ਸਾਂਝੇ ਕੀਤੇ। ਕਲੱਬ ਮੈਂਬਰਾਂ ਨੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ ਅਤੇ ਸੁਪਰਡੈਂਟ ਮਿਸ ਅੰਜਲੀ ਸ਼ਰਮਾ ਨੂੰ ਕਿਹਾ ਕਿ ਤੁਸੀਂ ਬਹੁਤ ਨੇਕ ਤੇ ਭਲਾਈ ਦਾ ਕੰਮ ਕਰ ਰਹੇ ਹੋ, ਪਰਮਾਤਮਾ ਤੁਹਾਡੇ ਕੰਮ ਵਿੱਚ ਸਹਿਯੋਗ ਦੇਵੇ। ਅਸੀਂ ਅੱਗੇ ਵੀ ਤੁਹਾਨੂੰ ਵੱਧ ਤੋਂ ਵੱਧ ਸਹਿਯੋਗ ਦੇਵਾਂਗੇ। ਸਤਨਾਮ ਸਿੰਘ ਤੇ ਮਿਸ ਅੰਜਲੀ ਸ਼ਰਮਾ ਨੇ ਸਾਰੀ ਆਈ ਹੋਈ ਟੀਮ ਦਾ ਦਿਲੋਂ ਧੰਨਵਾਦ ਕੀਤਾ।

ਇਸ ਮੌਕੇ ਸਵਿਤਾ, ਕਾਜਲ ਤੇ ਹੋਰ ਸਮੂਹ ਸਟਾਫ ਮੈਂਬਰ ਸੁਰੈਣ ਸਿੰਘ, ਅੰਜੂ, ਸੁਨੀਤਾ, ਸੁਖਵਿੰਦਰ, ਸ਼ਿਸ਼ਟਾ, ਤਰਸੇਮ ਅਤੇ ਰਾਜੇਸ਼ ਆਦਿ ਵੀ ਮੌਜੂਦ ਸਨ।

## ਸਰਕਾਰੀ ਸਕੂਲ 'ਚ ਮਨਾਇਆ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਪੰਜਾਬ ਸਰਕਾਰ ਦੇ ਮਾਨਯੋਗ ਸਿੱਖਿਆ ਮੰਤਰੀ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਤਰਨ ਤਾਰਨ ਦੇ ਹਰਭਗਵੰਤ ਸਿੰਘ ਦੇ ਦਿਸ਼ਾ ਨਿਰਦੇਸ਼ 'ਤੇ ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਕੰਨਿਆ ਵਿਖੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਪ੍ਰਿੰਸੀਪਲ ਰਵਿੰਦਰ ਕੌਰ ਆਹਲੂਵਾਲੀਆ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਨਮ ਦਿਨ ਦੀ ਖੁਸ਼ੀ ਵਿੱਚ ਕਵਿਤਾ, ਲੇਖ, ਪੇਂਟਿੰਗ ਅਤੇ ਜੀਵਨ ਨਾਲ ਸੰਬੰਧਿਤ ਰੋਲ ਪਲੇਅ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਬੱਚਿਆਂ ਨੇ ਵੱਧ-ਚੜ੍ਹ ਕੇ ਭਾਗ ਲਿਆ। ਮੁਕਾਬਲੇ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਅਤੇ ਸਟਾਫ਼ ਨੂੰ ਵਧਾਈ ਦਿੱਤੀ ਗਈ ਅਤੇ ਸ਼ਹੀਦ ਭਗਤ ਸਿੰਘ ਦੇ ਨਕਸ਼ੇ ਕਦਮ 'ਤੇ ਚਲਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਆਜ਼ਾਦੀ ਦੀ ਲੜਾਈ ਸਮੇਂ ਕੀਤੇ ਗਏ ਬਹਾਦਰ ਕਾਰਨਾਮਿਆਂ ਦੇ ਇਤਿਹਾਸ 'ਤੇ ਚਾਨਣਾ ਪਾਇਆ।

## ਮਾਤਾ ਗੁਜਰੀ ਮੈਮੋਰੀਅਲ ਸਕੂਲ 'ਚ ਮਹਾਤਮਾ ਗਾਂਧੀ ਜੈਅੰਤੀ ਮਨਾਈ



ਗੁਰਦਾਸਪੁਰ (ਜਨਕ ਮਹਾਜਨ)- ਮਾਤਾ ਗੁਜਰੀ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਬਲਵੰਡਾ ਵਿਖੇ ਮਹਾਤਮਾ ਗਾਂਧੀ ਜੀ ਦਾ ਜਨਮ ਦਿਨ ਬਹੁਤ ਧੂਮਧਾਮ ਨਾਲ ਮਨਾਇਆਂ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਮਹਾਤਮਾ ਗਾਂਧੀ ਦੇ ਜੀਵਨ 'ਤੇ ਵਿਚਾਰ ਪੇਸ਼ ਕੀਤੇ ਹਨ ਅਤੇ ਵਿਦਿਆਰਥੀਆਂ ਵਿਚ ਪੋਸਟਰ ਮੁਕਾਬਲੇ ਵੀ ਕਰਵਾਏ ਗਏ। ਸਕੂਲ ਦੇ ਸਾਰੇ ਬੱਚਿਆ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਮਾਤਾ ਗੁਜਰੀ ਸੰਸਥਾ ਦੀ ਚੇਅਰਪਰਸਨ ਸ਼ਮ੍ਹਾ ਸ਼ਰਮਾ ਅਤੇ ਪ੍ਰਿੰਸੀਪਲ ਮਨਦੀਪ ਕੌਰ ਨੇ ਬੱਚਿਆਂ ਨੂੰ ਮਹਾਤਮਾ ਗਾਂਧੀ ਦੇ ਜੀਵਨ ਬਾਰੇ ਦੱਸਿਆ। ਉਨ੍ਹਾਂ ਨੇ ਬੱਚਿਆਂ ਨੂੰ ਹਿੰਸਾ ਤਿਆਗ ਕੇ ਸੱਚਾਈ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਚੇਅਰਪਰਸਨ ਸ਼ਮ੍ਹਾ ਸ਼ਰਮਾ ਨੇ ਦੱਸਿਆ ਕਿ ਮਹਾਤਮਾਂ ਗਾਂਧੀ ਨੇ ਭਾਰਤ ਨੂੰ ਆਜ਼ਾਦ ਕਰਾਉਣ ਵਿਚ ਬਹੁਤ ਅਹਿਮ ਭੂਮਿਕਾ ਨਿਭਾਈ ਸੀ। ਇਸ ਮੌਕੇ ਸਕੂਲ ਸਟਾਫ ਨਵਪ੍ਰੀਤ ਕੌਰ, ਮਧੂ ਬਾਲਾ, ਜਸਬੀਰ ਕੌਰ, ਰਾਜਵਿੰਦਰ ਕੌਰ, ਹਰਪ੍ਰੀਤ ਕੌਰ, ਅਮਿਤ ਕੁਮਾਰ ਅਤੇ ਰੇਨੂ ਬਾਬਾ ਆਦਿ ਹਾਜ਼ਰ ਸਨ।

## ਡਰੋਨ ਗਤੀਵਿਧੀਆਂ ਨੂੰ ਰੋਕਣ ਲਈ ਬੀ ਐੱਸ ਐੱਫ ਨੇ ਸਰਹੱਦੀ ਲੋਕਾਂ ਤੋਂ ਮੰਗਿਆ ਸਹਿਯੋਗ

ਗੁਰਦਾਸਪੁਰ,(ਜਨਕ ਮਹਾਜਨ)-ਭਾਰਤ-ਪਾਕਿ ਅੰਤਰਰਾਸ਼ਟਰੀ ਸਰਹੱਦੀ 'ਤੇ ਪਾਕਿਸਤਾਨ ਵਾਲੇ ਪਾਸਿਓਂ ਵੱਧ ਰਹੀਆਂ ਡਰੋਨ ਦੀਆਂ ਗਤੀਵਿਧੀਆਂ ਨੂੰ ਰੋਕਣ ਲਈ ਬੀ.ਐਸ.ਐਫ. ਨੇ ਸਰਹੱਦੀ ਇਲਾਕੇ ਦੇ ਵਸਨੀਕਾਂ ਦਾ ਸਹਿਯੋਗ ਮੰਗਿਆ ਹੈ। ਬੀਐਸਐੱਫ ਹੈਡਕੁਆਰਟਰ ਗੁਰਦਾਸਪੁਰ ਵਿਖੇ ਇੱਕ ਪੱਤਰਕਾਰ ਸੰਮੇਲਨ ਦੌਰਾਨ ਬੀ.ਐੱਸ.ਐੱਫ. ਦੇ ਡੀ. ਆਈ. ਜੀ. ਪ੍ਰਭਾਕਰ ਜੋਸ਼ੀ ਨੇ ਕਿਹਾ ਕਿ ਸਰਹੱਦਾਂ ਦੀ ਰਾਖੀ ਲਈ ਬੀਐੱਸਐੱਫ ਪੂਰੀ ਤਰ੍ਹਾਂ ਚੌਕਸ ਅਤੇ ਵਚਨਬੱਧ ਹੈ ਅਤੇ ਸਰਹੱਦ ਉਪਰ ਸਖਤੀ ਦੇਖਦੇ ਹੋਏ ਗੁਆਂਢੀ ਮੁਲਕ ਵੱਲੋਂ ਨਸ਼ਿਆਂ ਅਤੇ ਹਥਿਆਰਾਂ ਦੀ ਸਪਲਾਈ ਲਈ ਡਰੋਨ ਦਾ ਸਹਾਰਾ ਲਿਆ ਜਾ ਰਿਹਾ ਹੈ। ਪ੍ਰਭਾਕਰ ਜੋਸ਼ੀ ਨੇ ਕਿਹਾ ਕਿ ਡਰੋਨ ਗਤੀਵਿਧੀਆਂ ਨੂੰ ਰੋਕਣ ਦੇ ਲਈ ਬੀ.ਐੱਸ.ਐੱਫ. ਵਲੋਂ ਭਾਰਤ ਸਰਹੱਦ ਉੱਪਰ ਹਾਈਟੈੱਕ ਐਂਟੀ ਡਰੋਨ ਸਿਸਟਮ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਬੀਐੱਸਐੱਫ ਦੇ ਜਵਾਨਾਂ ਵੱਲੋਂ ਸਰਹੱਦਾਂ ਦੇ ਉੱਪਰ ਪੂਰੀ ਚੌਕਸੀ ਵਰਤੀ ਜਾ ਰਹੀ ਹੈ ਅਤੇ ਉਨ੍ਹਾਂ ਨੇ ਪਾਕਿਸਤਾਨ ਵੱਲੋਂ ਡਰੋਨ ਰਾਹੀਂ ਵਾਰ ਵਾਰ ਭੇਜੀ ਗਈ ਨਸ਼ੇ ਦੀ ਖੇਪ ਨੂੰ ਫੜ ਕੇ ਪਾਕਿਸਤਾਨ ਦੇ ਮਨਸੂਬਿਆਂ 'ਤੇ ਪਾਣੀ ਫੇਰਿਆ ਹੈ ਅਤੇ ਇਸੇ ਤਰ੍ਹਾਂ ਪਾਕਿਸਤਾਨ ਦੇ ਵੱਲੋਂ ਭੇਜੀ ਗਈ ਵਿਸਫੋਟਕ ਸਮੱਗਰੀ ਨੂੰ ਵੀ ਫੜ ਕੇ ਜ਼ਬਤ ਕੀਤਾ ਹੈ। ਉਨ੍ਹਾਂ ਕਿਹਾ ਕਿ ਫਿਰ ਵੀ ਪਾਕਿਸਤਾਨ ਆਪਣੇ ਮਨਸੂਬਿਆਂ ਤੋਂ ਬਾਜ਼ ਨਹੀਂ ਆ ਰਿਹਾ ਜਿਸ ਕਰਕੇ ਉਨ੍ਹਾਂ ਨੇ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਬੀ.ਐੱਸ.ਐੱਫ. ਦਾ ਸਾਥ ਦੇਣ ਤਾਂ ਜੋ ਅਜਿਹੀ ਗਤੀਵਿਧੀਆਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਜਦੋਂ ਵੀ ਉਨ੍ਹਾਂ ਨੂੰ ਡਰੋਨ ਦੀ ਅਵਾਜ਼ ਸੁਣਾਈ ਦੇਵੇ ਜਾਂ ਸਰਹੱਦ ਨੇੜੇ ਕੋਈ ਸ਼ੱਕੀ ਹਰਕਤ ਦਿਖਾਈ ਦੇਵੇ ਤਾਂ ਇਸਦੀ ਜਾਣਕਾਰੀ ਤੁਰੰਤ ਬੀ.ਐੱਸ.ਐੱਫ, ਪੰਜਾਬ ਪੁਲਸ ਜਾਂ 112 ਨੰਬਰ 'ਤੇ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਬੀ.ਐੱਸ.ਐੱਫ. ਨੂੰ ਸੂਚਨਾ ਦੇਣ ਵਾਲੇ ਨੂੰ ਇੱਕ ਲੱਖ ਰੁਪਏ ਇਨਾਮ ਵਜੋਂ ਦਿੱਤੇ ਜਾਣਗੇ ਅਤੇ ਉਸ ਦਾ ਨਾਮ ਵੀ ਗੁਪਤ ਰੱਖਿਆ ਜਾਵੇਗਾ।

## ਮਨਰੇਗਾ ਤੇ ਪੰਚਾਇਤੀ ਫੰਡਾਂ 'ਚ ਲੱਖਾਂ ਦਾ ਘਪਲਾ

### ਉੱਚ ਅਧਿਕਾਰੀਆਂ ਦੀ ਟੀਮ ਜਾਂਚ ਲਈ ਪਿੰਡ ਮਾਛੀਕੇ ਪੁੱਜੀ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਵਿਧਾਨ ਸਭਾ ਹਲਕਾ ਖੇਮਕਰਨ ਅਧੀਨ ਆਉਂਦੇ ਪਿੰਡ ਮਾਛੀਕੇ ਵਿਚ ਮਨਰੇਗਾ ਅਧੀਨ 1 ਕਰੋੜ 2 ਲੱਖ 78 ਹਜ਼ਾਰ ਅਤੇ ਪੰਚਾਇਤੀ ਫੰਡਾਂ ਵਿਚ 57 ਲੱਖ 17 ਹਜ਼ਾਰ ਦੇ ਹੋਏ ਘਪਲੇ ਦੀ ਜਾਂਚ ਸੰਬੰਧੀ ਪਿੰਡ ਦੇ ਆਗੂ ਜੁਗਰਾਜ ਸਿੰਘ ਵੱਲੋਂ ਮੁੱਖ ਮੰਤਰੀ ਪੰਜਾਬ ਅਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਸਮੇਤ ਡਿਪਟੀ ਡਾਇਰੈਕਟਰ ਚੰਡੀਗੜ੍ਹ ਅਤੇ ਹੋਰਨਾਂ ਆਗੂਆਂ ਨੂੰ ਕੀਤੀ ਸ਼ਿਕਾਇਤ ਦੇ ਮੱਦੇਨਜ਼ਰ ਅੱਜ ਪੰਚਾਇਤੀ ਰਾਜ ਦੇ ਐੱਸਡੀਓ ਕੁਲਵੰਤ ਸਿੰਘ ਆਪਣੇ ਹੋਰਨਾਂ ਅਧਿਕਾਰੀਆਂ ਦੀ ਟੀਮ ਸਮੇਤ ਅੱਜ ਪਿੰਡ ਦੇ ਕੀਤੇ ਕੰਮਾਂ ਦਾ ਨਿਰੀਖਣ ਕਰਨ ਪੁੱਜੇ। ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਇਕੱਤਰ ਹੋਏ ਲੋਕਾਂ ਨੇ ਦੱਸਿਆ ਨੇ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਦੀ ਮੌਤ 15-16 ਸਾਲ ਪਹਿਲਾਂ ਹੋਈ ਸੀ ਪਰ ਉਨ੍ਹਾਂ ਦੇ ਲੜਕੇ ਦੇ ਨਾਂਅ 'ਤੇ ਸਰਪੰਚ ਵਲੋਂ ਬੈਂਕ ਖਾਤੇ ਖੁੱਲ੍ਹਵਾ ਕੇ ਪੈਸੇ ਕਢਵਾਏ ਜਾ ਰਹੇ ਹਨ। ਸ਼ਿਕਾਇਤਕਰਤਾ ਜੁਗਰਾਜ ਸਿੰਘ ਨੇ ਦੱਸਿਆ ਕਿ ਪਿੰਡ ਦੇ ਕਾਂਗਰਸੀ ਸਰਪੰਚ ਪ੍ਰਤਾਪ ਸਿੰਘ ਵਲੋਂ ਤਕਰੀਬਨ ਸਾਰੇ ਹੀ ਪਿੰਡ ਮਨਰੇਗਾ ਜੋਬ ਕਾਰਡ ਬਣੇ ਹੋਏ ਹਨ, ਉਨ੍ਹਾਂ ਦੇ ਪੈਸਿਆਂ ਦਾ ਗ਼ਬਨ ਹੋਇਆ ਹੈ। ਵੱਡੀ ਗੱਲ ਇਹ ਕਿ ਸਾਡੇ ਪਿੰਡ ਆਰਮੀ, ਪੁਲਸ ਅਤੇ ਰੋਡਵੇਜ਼ 'ਚ ਨੌਕਰੀ ਕਰਦੇ ਲੋਕਾਂ ਦੇ ਜੋਬ ਕਾਰਡ ਬਣਾ ਕੇ ਉਨ੍ਹਾਂ ਦੇ ਪੈਸਿਆਂ ਦਾ ਅਤੇ ਪਿਛਲੇ ਲੰਮੇ ਸਮੇ ਤੋਂ ਮਰ ਚੁੱਕੇ ਲੋਕਾਂ ਦੇ ਜੋਬ ਕਾਰਡ ਬਣਾ ਕੇ ਉਨ੍ਹਾਂ ਦੇ ਪੈਸਿਆਂ ਦਾ ਗ਼ਬਨ ਵੀ ਕੀਤਾ ਗਿਆ। ਇਸ ਤੋਂ ਇਲਾਵਾ ਪਿੰਡ ਦੇ ਵਿਕਾਸ ਕਾਰਜਾਂ ਅਧੀਨ ਪਿੰਡ ਦੀਆਂ ਗਲੀਆਂ ਨਾਲੀਆਂ, ਸ਼ਮਸ਼ਾਨਘਾਟ ਜੰਞਘਰ ਸਮੇਤ ਹੋਰ ਕਈ ਕੰਮਾਂ ਵਿਚ ਘਪਲੇ ਕਰਨ ਅਤੇ ਪਿੰਡ ਦੀ ਕਰੀਬ 10 ਏਕੜ ਤੋ ਵੱਧ ਦੀ ਪੰਚਾਇਤੀ ਜ਼ਮੀਨ ਤੇ ਸਰਪੰਚ ਦੇ ਪਿਤਾ ਵਲੋਂ ਕਬਜ਼ਾ ਕੀਤਾ ਹੋਇਆ ਹੈ, ਜਿਸਦੀ ਵੱਖ-ਵੱਖ ਥਾਵਾਂ 'ਤੇ ਸ਼ਿਕਾਇਤ ਕੀਤੀ ਜਿਸਦੀ ਜਾਂਚ ਚੱਲ ਰਹੀ , ਉਨ੍ਹਾਂ ਕਿਹਾ ਕਿ ਇਸ ਵਿਚ ਵਿਭਾਗ ਦੇ ਕੁਝ ਅਧਿਕਾਰੀ ਵੀ ਸ਼ਾਮਿਲ ਹਨ। ਇਸ ਬਾਰੇ ਜਾਂਚ ਕਰਨ ਪੁੱਜੇ ਐੱਸਡੀਓ ਕੱਲਵੰਤ ਸਿੰਘ ਮੰਨਿਆ ਕਿ ਪਿੰਡ ਦੇ ਮਨਰੇਗਾ ਅਤੇ ਵਿਕਾਸ ਕੰਮਾਂ ਵਿਚ ਘਪਲਾ ਹੋਇਆ ਹੈ, ਜਿਸਦੀ ਰਿਪੋਰਟ 15-20 ਦਿਨਾਂ ਵਿਚ ਤਿਆਰ ਕਰਕੇ ਉੱਚ ਅਧਿਕਾਰੀਆਂ ਨੂੰ ਸੌਂਪ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਜੇਕਰ ਕੋਈ ਵਿਭਾਗ ਦਾ ਅਧਿਕਾਰੀ ਸ਼ਾਮਿਲ ਹੋਇਆ ਤਾਂ ਉਸ ਖਿਲਾਫ ਵੀ ਜਾਂਚ ਕਰਕੇ ਕਾਰਵਾਈ ਕੀਤੀ ਜਾਵੇਗੀ। ਇਸ ਬਾਰੇ ਜਦ ਸਰਪੰਚ ਪ੍ਰਤਾਪ ਸਿੰਘ ਨਾਲ ਉਨ੍ਹਾਂ ਦੇ ਫੋਨ 'ਤੇ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਬਾਹਰ ਹਨ ਆ ਕੇ ਗੱਲ ਕਰਨਗੇ।

# ਸਮਕਾਲੀ ਕਾਵਿ ਵੰਨਗੀਆਂ

## .ਗ਼ਜ਼ਲ

ਬਖਸ਼ਿਆ ਹੈ ਮਾਣ ਜਿਹੜਾ ਉਸ 'ਤੇ
ਮੈਨੂੰ ਮਾਣ ਹੈ
ਸ਼ੁਕਰ ਹੈ ਬੀਤੇ ਸਮੇਂ ਦੀ ਵਕਤ ਨੂੰ
ਪਹਿਚਾਣ ਹੈ

ਕੌਣ ਕਿੱਦਾਂ ਪੁੱਗਦਾ ਇਹ ਦੱਸਣਾ
ਅਖ਼ਬਾਰ ਨੇ
ਦੱਸਣਾ ਜਾਇਜ਼ ਨਜਾਇਜ਼ ਕਬਜ਼ਿਆਂ
ਵਿਚ ਖਾਣ ਹੈ

ਕੌਣ ਜੰਤਾ ਨਾਲ ਕਿਸਦੇ ਹੱਕ
ਜੁੜਦੀ ਭੀੜ ਵੀ
ਕੀ ਪਤਾ ਜੇ ਅਸਲਿਆਂ ਦੀ
ਮਸਲਿਆਂ ਨੂੰ ਪਾਣ ਹੈ

ਕਲਯੁਗਾਂ ਦਾ ਬੋਲਬਾਲਾ ਯੁਗ
ਯੁਗਾਂਤਰ ਤੀਕ ਸੀ
ਤੋਲ ਕੀ ਸਾਵ੍ਹਾਂ ਰਹੇ ਧੁਰ ਨੀਤ
ਅੰਦਰ ਕਾਣ ਹੈ

ਰੱਤ ਭਿੱਜੀ ਰੇਤ ਵੀ ਦਿੱਤੀ
ਕਟਾਰਾਂ ਦੀ ਪਛਾਣ
ਫਿਰ ਸਜ਼ਾ ਮਾਸੂਮ ਲਾਸ਼ਾਂ ਵਾਸਤੇ-
ਫ਼ੁਰਮਾਣ ਹੈ

ਰਿਸ਼ਤਿਆਂ ਵਿਚ ਬੱਝਿਓ ਅਨਭੋਲ
ਵਿਗਸਣ ਲੱਗਦੇ
ਲੱਭਦੀ ਜਿਸ ਨੂੰ ਸਹੀ ਪਹਿਚਾਣ
ਜਿਸ ਨੂੰ ਹਾਣ ਹੈ

ਤਾਲ ਸੁਰ ਸੰਗੀਤ ਵਿਰਵੀ 'ਵਾਜ਼
ਟ੍ਹਾਰਾਂ ਮਾਰਦੀ
ਰਾਜ ਹੈ ਸਿਰ ਤਾਜ ਹੈ ਕਹਿੰਦਾ
ਕਹਾਉਂਦਾ ਗਾਣ ਹੈ

ਫਿਰ ਕਿਸੇ ਘਰ ਤੀਲ੍ਹਾ ਤੀਲ੍ਹਾ ਹੋ
ਗਿਆ ਵਿਸ਼ਵਾਸ ਵੀ
ਰੱਬ ਖੁਦ ਰਥਵਾਨ ਕਿੱਦਾਂ
ਜਜ਼ਬਿਆਂ ਦਾ ਘਾਣ ਹੈ

ਖੁਦ ਸਿਆੜਾਂ ਦੱਸਿਆ
ਧਰਤੀ ਨੇ ਕੀਤੀ ਖ਼ੁਦਕੁਸ਼ੀ
ਪੀੜਿਆ ਸਮਿਆਂ ਨੇ ਜਦ
ਕਿਰਸਾਣ ਦਰ ਕਿਰਸਾਣ ਹੈ

ਨੀਂਦ ਇੱਥੇ ਨਾ ਜੁੜੀ
ਓਥੋਂ ਸੁਣੀਂਦੀ ਮਸਕਰੀ
ਆਪਣੇ ਪੱਲੇ ਚੁਗਾਠਾਂ
ਮੰਜਿਆਂ ਦਾ ਵਾਣ ਹੈ

ਉਂਘਦੇ ਮੰਜੇ ਅਲਾਣੇ ਰਹਿਣ
ਵਿਰਵੇ ਨੀਂਦ ਤੋਂ
ਖਾਬ ਆਉਂਦੇ ਤ੍ਰਬਕਦੇ
ਮਨ ਰਾਜਕੀ ਨਿਰਮਾਣ ਹੈ

ਪਿੰਡਾ ਉਧੇੜੀ ਜਾ ਰਹੀ ਪੱਛੋਂ
ਵਗੇ ਸਣ-ਬੱਦਲੀ
ਮੋਰ ਕੂਕਣ ਲੱਗ ਪਏ
ਸਾਹਾਂ 'ਚ ਮੁਰਦੇਹਾਣ ਹੈ

ਕੱਦ ਆਦਮ ਜਾਤ ਦਾ
ਜਜ਼ਬਾਤ ਅਸਲੋਂ ਪਾਸਵੀ
ਦੇਖ ਪੰਨਾ ਥੱਲ ਕੇ ਮਿਥਕ
ਹੈ ਯਾ ਪੌਰਾਣ ਹੈ

ਆਸਰੇ ਕਰਕੇ ਪਰੇ ਆ ਦੇਖ
ਪਿੜ ਵਿਚ ਦੇਖੀਏ
ਕੌਣ ਕਿੰਨਾ ਪ੍ਰੇਤ ਨਿਕਲੇ
ਕਿਸ 'ਚ ਕਿੰਨਾ ਤਾਣ ਹੈ

ਪਲਕ ਭਰ ਚੇਤੇ 'ਚ ਆ ਜਾ ਬਹਿਣ
ਫਿਰ ਤੋਂ ਕਬਰ ਵਿਚ
ਮੁਰਦਿਆਂ ਦੀ ਜਾਗ ਪਿੱਛੇ
ਮਚਿਆ ਘਮਸਾਣ ਹੈ

ਆਉਣ ਤੱਕ ਧੁਖਦੀ ਰਹੀ ਫਿਰ
ਅੰਤ ਬਲ ਕੇ ਸੌਂ ਗਈ
ਅੱਗ ਦਾ ਸ਼ਮਸ਼ਾਨ ਤੀਕਰ
ਆਉਣ ਹੈ ਫਿਰ ਜਾਣ ਹੈ

ਜੇ ਬਦਨ ਪਰਮਾਤਮਾ ਨੂੰ ਚਿਰ
ਸਥਾਈ ਨਾ ਮਿਲੇ
ਆਤਮਾ ਵੀ ਕੁਝ ਨਹੀਂ ਹੈ
ਅਸਥੀਆਂ ਦਾ ਛਾਣ ਹੈ

- ਦੇਵਿੰਦਰ ਸਿੰਘ ਜੌਹਲ

## ਵਿਚਲਾ ਕੋਈ ਰਾਹ ਨਹੀਂ ਹੈ

ਸ਼ਾਂਤ ਰਾਹਾਂ ਵਿੱਚ
ਦਾਨਵ, ਰਾਖ਼ਸ਼
ਦਨਦਨਾਉਂਦੇ
ਅੱਗ ਵਰ੍ਹਾਉਂਦੇ
ਹੱਥਾਂ ਦੇ ਵਿਚ
ਤ੍ਰਿਸ਼ੂਲ ਤੇ ਬਰਛੇ
ਦਰਾਂ ਉੱਤੇ
ਧਮੱਚੜ ਪਾਉਂਦੇ
ਜ਼ਹਿਰ ਫੈਲਾਉਂਦੇ
ਵੰਡੀਆਂ ਪਾਉਂਦੇ
ਬੰਦੇ ਤੋਂ
ਬੰਦਾ ਮਰਵਾਉਂਦੇ

ਚੁੱਪ ਚੁਪੀਤੇ
ਦੇਖਣ ਨਾਲੋਂ
ਹੱਥ 'ਤੇ ਹੱਥ ਧਰ
ਬੈਠਣ ਨਾਲੋਂ
ਅੱਖਾਂ 'ਤੇ ਪੱਟੀ
ਬੰਨ੍ਹਣ ਨਾਲੋਂ
ਬੇਬੱਸ ਹੋ ਕੇ
ਬੈਠਣ ਨਾਲੋਂ
ਦੈਂਤਾਂ ਨਾਲ ਹੈ
ਲੜਨਾ ਚੰਗਾ
ਜੀਣ ਦੇ ਲਈ
ਲੜਦੇ-ਲੜਦੇ
ਮਰਨਾ ਚੰਗਾ
ਸੰਘਰਸ਼ ਦੇ ਬਾਝੋਂ
ਕੋਈ ਰਾਹ ਨਹੀਂ ਹੈ
ਵਿਚਲਾ ਕੋਈ
ਰਾਹ ਨਹੀਂ ਹੈ।

ਵਿਚਲਾ ਕੋਈ
ਰਾਹ ਨਹੀਂ

- ਰਿਪੁਦਮਨ ਸਿੰਘ ਰੂਪ

## ਦੇਖੋ ਕੈਸਾ ਹਾਲ ਹੋਣ ਨੂੰ ਫਿਰਦਾ ਹੈ

ਦੇਖੋ ਕੈਸਾ ਹਾਲ ਹੋਣ ਨੂੰ ਫਿਰਦਾ ਹੈ
ਪੰਜਾਬ ਮਿਰਾ ਕੰਗਾਲ ਹੋਣ ਨੂੰ ਫਿਰਦਾ ਹੈ

ਲਹੂ ਪੀਣਿਆਂ ਰੱਜ ਰੱਜ ਕੇ ਰੱਤ ਪੀਤੀ ਹੈ
ਦੇਹ ਪੱਖੋਂ ਉਂਜ ਬਹੁਤ ਤਰੱਕੀ ਕੀਤੀ ਹੈ
ਤੋਟ ਦਾ ਭੰਨਿਆ ਜਿਸਮ ਰੋਣ ਨੂੰ ਫਿਰਦਾ ਹੈ
ਪੰਜਾਬ ਮਿਰਾ ਕੰਗਾਲ ਹੋਣ ਨੂੰ ਫਿਰਦਾ ਹੈ

ਨੀਲੇ ਚਿੱਟੇ ਗਏ ਹੁਣ ਪੀਲੇ ਆ ਗਏ ਨੇ
ਸਭ ਦੇ ਸਭ ਪੰਜਾਬ ਸਬੂਤਾ ਖਾ ਗਏ ਨੇ
ਹਰ ਕੋਈ ਇਸ ਦੀ ਬੁਰਕੀ ਖੋਹਣ ਨੂੰ ਫਿਰਦਾ ਹੈ
ਪੰਜਾਬ ਮਿਰਾ ਕੰਗਾਲ ਹੋਣ ਨੂੰ ਫਿਰਦਾ ਹੈ

ਕਹਿੰਦੇ ਸੀ ਬਦਲਾਅ ਅਜਿਹਾ ਆਵੇਗਾ
ਦੁੱਖਾਂ ਤੋਂ ਛੁਟਕਾਰਾ ਹਰ ਕੋਈ ਪਾਵੇਗਾ
ਖੋਟੇ ਸਿੱਕਿਆਂ ਨਾਲ ਮੋਹਣ ਨੂੰ ਫਿਰਦਾ ਹੈ
ਪੰਜਾਬ ਮਿਰਾ ਕੰਗਾਲ ਹੋਣ ਨੂੰ ਫਿਰਦਾ ਹੈ

ਲੈ ਲੈ ਕਰਜ਼ੇ ਕਿੰਜ ਗੁਜ਼ਾਰਾ ਚੱਲੂਗਾ
ਲੱਗਦਾ ਹੈ ਪੰਜਾਬ ਬਿਸਤਰਾ ਮੱਲੂਗਾ
ਨਾਲ ਸਰਿੰਜਾਂ ਨਾੜਾਂ ਕੋਹਣ ਨੂੰ ਫਿਰਦਾ ਹੈ
ਪੰਜਾਬ ਮਿਰਾ ਕੰਗਾਲ ਹੋਣ ਨੂੰ ਫਿਰਦਾ ਹੈ

ਅਫਸਰ, ਲੀਡਰ ਅਤੇ ਮਹਾਂ ਲੁਟੇਰਿਆਂ ਨੇ
ਨਿਗਲ ਗਿਆ ਹੈ ਮੈਨੂੰ ਦੇਖੋ ਮੇਰਿਆਂ ਨੇ
ਪਿਛਲੇ ਪਾਸਿਓਂ ਸਿਖਰਾਂ ਛੋਹਣ ਨੂੰ ਫਿਰਦਾ ਹੈ
ਪੰਜਾਬ ਮਿਰਾ ਕੰਗਾਲ ਹੋਣ ਨੂੰ ਫਿਰਦਾ ਹੈ

ਲੜੇ ਖ਼ੂਬ ਕਿਰਸਾਨ ਅੰਤ ਵਿੱਚ ਭਟਕ ਗਏ
ਧੜਿਆਂ ਵਾਲੀ ਰਾਜਨੀਤੀ ਵਿੱਚ ਅਟਕ ਗਏ
ਆਪਣੀ ਆਪੇ ਲਾਸ਼ ਢੋਹਣ ਨੂੰ ਫਿਰਦਾ ਹੈ
ਪੰਜਾਬ ਮਿਰਾ ਕੰਗਾਲ ਹੋਣ ਨੂੰ ਫਿਰਦਾ ਹੈ

ਸਿਰਫ ਕਾਗਜ਼ੀ ਮਸਲਤ ਦੇ ਨਾਲ ਸਰਨਾ ਨਹੀਂ
ਮੁਫਤਖੋਰੀਆਂ ਨਾਲ ਖਜ਼ਾਨਾ ਭਰਨਾ ਨਹੀਂ
ਲੈਂਟਰ ਵਾਲਾ ਕੋਠਾ ਚੋਣ ਨੂੰ ਫਿਰਦਾ ਹੈ
ਪੰਜਾਬ ਮਿਰਾ ਕੰਗਾਲ ਹੋਣ ਨੂੰ ਫਿਰਦਾ ਹੈ

ਮੁੜ ਪੈਰਾਂ ਸਿਰ ਹੋਣ ਲਈ ਹੀਲੇ ਲੱਭਦੇ ਹਾਂ
ਵੇਚ ਵੇਚ ਪੰਜਾਬ ਵਸੀਲੇ ਲੱਭਦੇ ਹਾਂ
ਦਿੱਲੀ ਵਾਲਾ ਬੂਹਾ ਢੋਹਣ ਨੂੰ ਫਿਰਦਾ ਹੈ
ਪੰਜਾਬ ਮਿਰਾ ਕੰਗਾਲ ਹੋਣ ਨੂੰ ਫਿਰਦਾ ਹੈ

ਕਹਿਣ ਸਿਆਣੇ ਸੂਰਬੀਰ ਕੋਈ ਆਵੇ ਜੇ
ਗੁੰਮਿਆ ਹੋਇਆ ਪੰਜਾਬ ਮੋੜ ਲਿਆਵੇ ਜੇ
ਦੁਸ਼ਮਣ ਸਾਡੀ ਤਾਕਤ ਟੋਹਣ ਨੂੰ ਫਿਰਦਾ ਹੈ
ਪੰਜਾਬ ਮਿਰਾ ਕੰਗਾਲ ਹੋਣ ਨੂੰ ਫਿਰਦਾ ਹੈ

ਅਜੇ ਵੀ ਵੇਲਾ ਸਾਰਾ ਕੁਝ ਪੜਚੋਲੀਏ ਜੀ
ਜੋ ਬੋਲਣਾ ਦਿਲੋਂ ਤੇ ਢਿੱਡੋਂ ਬੋਲੀਏ ਜੀ
ਵਰਨਾ ਵੇਲਾ ਖਤਮ ਹੋਣ ਨੂੰ ਫਿਰਦਾ ਹੈ
ਪੰਜਾਬ ਮਿਰਾ ਕੰਗਾਲ ਹੋਣ ਨੂੰ ਫਿਰਦਾ ਹੈ
ਦੇਖੋ ਕੈਸਾ ਹਾਲ ਹੋਣ ਨੂੰ ਫਿਰਦਾ ਹੈ।

—ਪ੍ਰੋ. ਕੁਲਵੰਤ ਸਿੰਘ ਔਜਲਾ

## ਬਿਖਰੇ ਹਰਫ

ਕਦੇ ਗਮਗੀਨ ਸ਼ਾਮ
ਉਦਾਸ ਖਿਆਲਾਤਾਂ ਵਿੱਚ
ਤੇਰਾ ਅਕਸ ਰੁਸ਼ਨਾ ਦਿੰਦਾ
ਮੇਰੇ ਬਚਦੇ ਅਹਿਸਾਸਾਂ ਨੂੰ
ਇੱਥੇ ਤੇਰਾ ਅਕਸ ਮੇਰੇ ਅੰਦਰ
ਜੋ ਬਿਖਰੇ ਹਰਫਾਂ ਨੂੰ ਸਾਫ
ਬਣਾ ਦਿੰਦਾ
ਤੇ ਕਦੇ ਸ਼ਬਦਾਂ ਨੂੰ
ਗੁੰਝਲਾ ਕੇ ਬੁਝਾਰਤ
ਜਿਹੀ ਬਣਾ ਛੱਡਦਾ
ਮੁੜ ਤੋਂ ਤਾਲੀਮਵਕਤਾ ਬਣੀ
ਭਾਵਾਂ ਨਾਲ ਮੇਲ ਖਾਂਦੀ
ਕੇਵਲ ਮੂਰਤ ਸ ਬਣੀ
ਸ਼ਬਦਾਂ ਨੂੰ ਪਿਰੋਂਦੀ
ਅਹਿਸਾਸਾਂ ਨੂੰ ਬਿਆਨਦੀ
ਕਲਮ ਚੁੱਕ ਲੈਂਦੀ

— ਅਮਨਪ੍ਰੀਤ ਕੌਰ

## ਲੋਕਾਂ ਦੇ ਮਨ ਭਰੇ ਭਰੇ

ਜਬਰ, ਜ਼ੁਲਮ ਦੀ ਬਸਤੀ ਅੰਦਰ, ਲੋਕਾਂ ਦੇ ਮਨ ਭਰੇ ਭਰੇ।
ਹੱਕ ਤੇ ਸੱਚ ਬੀਮਾਰ ਸ਼ਬਦ ਨੇ ਝੂਠ, ਫਰੇਬ ਅੱਜ ਖਰੇ-ਖਰੇ।

ਮੁੱਲਾਂ, ਭਾਈ ਅਤੇ ਪੁਜਾਰੀ ਠੱਗਦੇ ਰਹਿੰਦੇ ਲੋਕਾਂ ਨੂੰ,
ਫਿਰ ਵੀ ਤਿੰਨੇ ਨਾਮ ਜਪੇਂਦੇ ਅੱਲਾ, ਵਾਹਿਗੁਰੂ, ਹਰੇ ਹਰੇ।

ਵੋਟ ਦਾ ਦੇ ਕੇ ਹੱਕ ਲੋਕਾਂ ਨੂੰ ਖ਼ੁਸ਼ ਕੀਤਾ ਹੈ ਹਾਕਮ ਨੇ,
ਫਿਰ ਵੀ ਕਿਉਂ ਇਸ ਲੋਕ ਰਾਜ ਵਿੱਚ ਲੋਕੀਂ ਰਹਿੰਦੇ ਡਰੇ-ਡਰੇ।

ਬੰਜਰ ਹੋ ਗਏ ਅਰਮਾਨਾਂ ਨੂੰ ਹਾਲੇ ਵੀ ਕੁਝ ਆਸ ਰਵ੍ਹੇ,
ਹੱਕ, ਸੱਚ, ਇਨਸਾਫ ਦੇ ਬੱਦਲ ਲੱਗਦੇ ਹੁਣੇ ਵਰ੍ਹੇ-ਵਰ੍ਹੇ।

ਇੱਕੋ ਹੀ ਮਜ਼ਮੂਨ ਦੀ ਚਿੱਠੀ, ਹੁਣ ਚੰਗੇ ਦਿਨ ਆਵਣਗੇ,
ਹਰ ਵਾਰੀ ਹੀ ਸੁੱਟ ਜਾਂਦਾ ਉਹ ਸਾਡੇ ਸੁੱਤਿਆਂ ਘਰੇ-ਘਰੇ।

ਬਲਦੀ ਅੱਗ 'ਤੇ ਅਸੀਂ ਜੇ 'ਚੰਦਨ' ਅਮਨ ਦੇ ਛਿੱਟੇ ਮਾਰੇ ਨਾ,
ਅੱਜ ਨਹੀਂ ਤਾਂ ਭਲਕੇ ਤਾਈਂ, ਆਪਾਂ ਵੀ ਬਸ ਮਰੇ-ਮਰੇ।

— ਧਿਆਨ ਸਿੰਘ (ਚੰਦਨ)

## ਸ.ਫ਼ਾ 2 ਦੀ ਬਾਕੀ ਸੀਤਾ ਭੈਣ ਜੀ ਨੂੰ ਮਿਲਣ ਮਗਰੋਂ ! ...

ਭੈਣਜੀ ਨਹੀਂ ਹਨ, ਏਹ ਉਨ੍ਹਾ ਦੇ ਛੋਟੇ ਭੈਣ ਹੋਣਗੇ। ਏਨੇ ਸਾਲ ਬੀਤ ਗਏ ਨੇ, ਮੈਂ ਤਾਂ ਉਨ੍ਹਾ ਨੂੰ ਬਿਰਧ ਅਵਸਥਾ ਵਿਚ ਚਿਤਵ ਰਿਹਾ ਸਾਂ।

ਉਹ ਸਾਡੇ ਪਿੰਡ 1980 ਵਿਚ ਪੜ੍ਹਾਉਣ ਆਏ ਸੀ ਤੇ 1996 ਵਿਚ ਪਰਮੋਟ ਹੋ ਕੇ ਚਲੇ ਗਏ ਸੀ। ਸਾਡੇ ਪਿੰਡ ਆਣ-ਜਾਣ ਦਾ ਸਾਧਨ ਪੁਰਾਣੀ ਟੁੱਟੀ ਇਕੋ ਰੋਡਵੇਜ਼ ਦੀ ਬੱਸ ਹੁੰਦੀ ਸੀ, ਜੋ ਅੜਾਟ ਪਾਉਂਦੀ ਤੇ ਬੁਰੀ ਤਰ੍ਹਾਂ ਰਿੰਗਦੀ, ਵੇਲੇ-ਕੁਵੇਲੇ ਨਾਲ ਈ ਆਉਂਦੀ ਤੇ ਜਾਂਦੀ, ਜਿੱਥੇ ਜੀਅ ਕਰਦਾ, ਖਰਾਬ ਹੋ ਕੇ ਖੜ ਜਾਂਦੀ, ਕਿਤੇ ਗੇਅਰ ਅੜ ਜਾਂਦਾ, ਕਿਤੇ ਤੇਲ ਮੁੱਕ ਜਾਂਦਾ ਤੇ ਕਿਤੇ ਪਹੀਆ ਪੈਂਚਰ ਹੋ ਜਾਂਦਾ। ਸਵਾਰੀਆਂ ਬਹੁਤ ਖੱਜਲ-ਖੁਆਰ ਹੁੰਦੀਆਂ ਤੇ ਬੁੜਬੁੜ ਕਰਦੀਆਂ, ਸੀਤਾ ਭੈਣਜੀਆਂ ਤੇ ਹੋਰਨਾਂ ਅਧਿਆਪਕਾਂ ਵਾਸਤੇ ਇਹੋ ਇਕੋ ਸਾਧਨ ਸੀ।

(ਮੈਂ ਬਚਪਨ ਵਿਚ ਇਹ ਦਿਨ ਨੇੜਿਓਂ ਦੇਖੇ ਹੋਏ ਨੇ।) ਸੋ, ਸੀਤਾ ਭੈਣਜੀ ਹੁਰੀਂ ਇਨ੍ਹਾਂ ਸਮਿਆਂ ਵਿੱਚ ਸਾਨੂੰ ਪੜ੍ਹਾਉਣ ਸਾਡੇ ਪਿੰਡ ਆਂਦੇ ਰਹੇ, ਜਦੋਂ ਅੱਤਵਾਦ ਦਾ ਸਮਾਂ ਵੀ ਸਿਖਰਾਂ ਉੱਤੇ ਸੀ।

ਕਾਰ 'ਚੋਂ ਉੱਤਰ ਜਦ ਮੈਂ ਪੈਰੀਂ ਹੱਥ ਲਾਏ ਤੇ ਗਲਵੱਕੜੀ ਪਾਈ ਤਾਂ ਬੋਲੇ, "ਵੇ ਨਿੰਦਰ, ਤੂੰ ਤਾਂ ਉਹੋ ਜਿਹਾ ਹੀ ਏਂ, ਅਖ਼ਬਾਰਾਂ ਵਿਚ ਤੇ ਟੀਵੀ ਚੈਨਲਾਂ ਉਤੇ ਰੋਜ਼ ਦੇਖਦੀ ਆਂ ਤੈਨੂੰ।" ਉਹ ਖੁਸ਼ ਹੋ ਰਹੇ ਸਨ। ਘਰ ਵੜੇ। ਉਨ੍ਹਾ ਦੇ ਪਤੀ ਵੀ ਚੁਸਤ-ਫੁਰਤ ਤੇ ਮਿਲਾਪੜੇ ਸੁਭਾਅ ਵਾਲੇ ਮਿਲੇ। ਸੰਦੀਪ ਕੋਲ ਆ ਕੇ ਬੋਲਿਆ ਕਿ ਪਤੈ, ਮੰਮੀ ਦਿਨ ਵਿਚ ਆਪ ਨੂੰ ਕਿੰਨੇ ਵਾਰ ਯਾਦ ਕਰਦੇ ਐ! ਭੈਣ ਜੀ ਨੇ ਮੇਰੀ ਦਾਦੀ ਨੂੰ ਯਾਦ ਕੀਤਾ ਕਿ ਤੇਰੀ ਦਾਦੀ ਤੈਨੂੰ ਕਈ ਵਾਰੀ ਸਕੂਲੋਂ ਲੈਣ ਆ ਜਾਂਦੀ ਸੀ ਤੇ ਉਹ ਬਸ ਅੱਡੇ ਉਤੇ ਵੀ ਸਾਨੂੰ ਮਿਲ ਜਾਂਦੀ ਹੁੰਦੀ ਸੀ। ਬੜੀ ਚੰਗੀ ਸੀ ਤੇਰੀ ਦਾਦੀ। ਭੈਣ ਜੀ ਨੇ ਮੇਰੀ ਮਾਂ ਤੇ ਹੋਰ ਸਭ ਪਰਵਾਰ ਦੇ ਜੀਆਂ ਬਾਰੇ ਪੁੱਛਿਆ, ਕਿਉਂਕ ਉਹ ਘਰ ਦੇ ਸਾਰੇ ਨਿੱਕੇ-ਵੱਡੇ ਜੀਆਂ ਨੂੰ ਜਾਣਦੇ ਸਨ। ਫਿਰ ਪੁੱਛਿਆ ਕਿ ਹੁਣ ਤੇਰਾ ਢਿੱਡ ਦੁਖਣੋਂ ਹਟ ਗਿਆ? ਨਿੱਕੇ ਹੁੰਦੇ ਦਾ ਢਿੱਡ ਬੜਾ ਦੁਖਦਾ ਹੁੰਦਾ ਸੀ ਤੇਰਾ, ਤੇ ਬਸਤਾ ਚੁੱਕ ਕੇ ਕਹਿੰਦਾ ਹੁੰਦਾ ਸੀ ਭੈਣ ਜੀ ਛੁੱਟੀ ਦੇ ਦਿਓ, ਘਰੇ ਜਾਣਾ ਏਂ। ਸਾਰੇ ਹੱਸ ਪਏ। ਭੈਣ ਜੀ ਦੇ ਪਰਵਾਰ ਵਿਚ ਬੈਠਾ ਮੈਂ ਬਚਪਨ ਵਿਚ ਵਿਚਰ ਰਿਹਾ ਸਾਂ। ਨੰਗੇ ਪੈਰ। ਬੋਰੀ ਵਾਲਾ ਝੋਲਾ ਤੇ ਝੋਲੇ 'ਚ ਉੱਘੜ-ਦੁੱਘੜ ਕਾਪੀਆਂ, ਕਿਤਾਬਾਂ ਤੇ ਦਾਦੀ ਵੱਲੋਂ ਪਰੌਂਠਾ ਬਣਾ ਕੇ ਅੰਬ ਦੇ ਅਚਾਰ ਦੀ ਫਾੜੀ ਨਾਲ ਪੋਣੇ ਵਿਚ ਬੰਨ੍ਹਿਆ ਹੋਇਆ। ਹੱਥ ਵਿਚ ਇਕ ਬੋਰੀ ਦਾ ਟੋਟਾ ਹੇਠਾਂ ਵਿਛਾਉਣ ਨੂੰ।

ਮੇਰੀਆਂ ਅੱਖਾਂ ਭਰ ਆਈਆਂ। ਸੀਤਾ ਭੈਣ ਜੀ ਦੀ ਸੰਗਤ ਸੁੱਖ ਦੇ ਰਹੀ ਸੀ। ਆਖਣ ਲੱਗੇ ਕਿ ਮੈਨੂੰ ਬਾਲ ਸਭਾ ਵਿਚ ਤੇਰੀ ਤੂੰਬੀ ਸੁਣ ਕੇ ਬੜਾ ਅਨੰਦ ਆਉਂਦਾ ਸੀ ਤੇ ਮੈਂ ਉਦੋਂ ਈ ਨਾਲ ਦੇ ਸਾਰੇ ਅਧਿਆਪਕਾਂ ਨੂੰ ਆਖਿਆ ਸੀ ਕਿ ਇਕ ਦਿਨ ਇਹ ਮੁੰਡਾ ਕੁਛ ਬਣੂੰਗਾ ਤੇ ਹੁਣ ਤੂੰ ਕਮਾਲ ਕਰਤੀ, ਏਨੀ ਮਿਹਨਤ ਤੇਰੀ, ਹੁਣ ਤਾਂ ਅਫਸਰ ਵੀ ਬਣ ਗਿਆ, ਏਨੀਆਂ ਕਿਤਾਬਾਂ ਲਿਖਤੀਆਂ ਨੇ, ਸ਼ਾਬਾਸ਼ ਬੱਚੇ, ਪਰਾਊਡ ਆਫ ਯੂ।

ਮੈਂ ਆਪਣੇ ਵੱਲੋਂ ਤੁੱਛ ਜਿਹਾ ਤੋਹਫਾ ਭੈਣ ਜੀ ਨੂੰ ਭੇਟ ਕਰਨ ਲੱਗਿਆ, ਉਹ ਲੈਣ ਨਾ, ਆਖਣ ਕਿ ਮੈਂ ਦੇਣਾ ਏਂ ਕਿ ਤੂੰ? ਨਾ ਨਾ ਬੇਟੇ।

ਮੈਂ ਉਨ੍ਹਾ ਪਾਸੋਂ ਆਸ਼ੀਰਵਾਦ ਲੈ ਕੇ ਤੇ ਫਿਰ ਜਲਦ ਮਿਲਣ ਦਾ ਵਾਅਦਾ ਕਰਕੇ ਆਪਣੇ-ਆਪ ਵਿੱਚ ਭਰਿਆ-ਭਰਿਆ ਘਰ ਨੂੰ ਤੁਰਿਆ।

(ਰੱਬਾ, ਸੀਤਾ ਭੈਣ ਜੀ ਦਾ ਸਾਇਆ ਸਿਰ ਉਤੇ ਬਣਿਆ ਰਹੇ!)
(29 ਅਗਸਤ, 2021)

****

ਬੜੇ ਦਿਨਾਂ ਬਾਅਦ ਰੋਜ਼ ਗਾਰਡਨ ਦੇ ਦਰਸ਼ਨ।
ਕਿਣਮਿਣ ਕਿਣਮਿਣ। ਛਤਰੀਆਂ ਤਣੀਆਂ।

ਰੁੱਖ ਪਏ ਝਾਕਣ, ਤੁਰੇ ਜਾਂਦੇ ਮਨੁੱਖਾਂ ਵੱਲ, ਸਾਡੀ ਕਿਸਮਤ ਵਿੱਚ ਤਾਂ ਖਲੋਤੇ ਰਹਿਣਾ ਈ ਲਿਖਿਆ ਐ... ਭੋਗ ਰਹੇ ਆਂ ਰੁੱਖ ਹੋਣ ਦਾ ਦੁੱਖ।

ਤੁਰੇ ਚਲੋ ਮਨੁੱਖੋ, ਤੁਰੇ ਚੱਲੋ...ਤੁਰਦੇ ਰਹੋ...ਬੰਦਾ ਤੁਰਨ ਲਈ ਹੀ ਬਣਿਆ ਹੈ। ਝੁਰਨ ਲਈ ਨਹੀਂ। ਸਾਡੀ ਛਾਂ ਹੇਠ ਬੈਠਾ ਮਨੁੱਖ ਸਾਡੇ ਵੱਲ ਵੇਂਹਦਾ ਵੀ ਨਹੀਂ। ਦੋ ਪਲ ਛਾਂ ਮਾਣ ਕੇ ਉੱਠ ਜਾਂਦਾ ਹੈ, ਪਰ ਅਸੀਂ ਆਪਣੀ ਥਾਵੋਂ ਨਹੀਂ ਉੱਠਦੇ ਤਾਂ ਛਾਵੋਂ ਨਹੀਂ ਮੁੱਕਰਦੇ। ਸਾਡੀ ਛਾਂ ਦੀ ਘੁੱਟ ਭਰਨ ਵਾਸਤੇ ਕਿਸੇ ਅਗਲੇ ਮਨੁੱਖ ਦੀ ਉਡੀਕ ਕਰਨ ਲੱਗਦੇ ਹਾਂ ਅਸੀਂ ਏਧਰ-ਓਧਰ ਝਾਕਦੇ। ਅੱਜਕੱਲ੍ਹ ਸਾਡੇ ਥੱਲੇ ਬਹਿਣ ਦੀ ਕਿਸ ਕੋਲ ਵਿਹਲ ਹੈ ਭਲਾ! ਪਰ ਅਸੀਂ ਹਰੇ-ਭਰੇ ਹਾਂ। ਮਨੁੱਖ ਖੜ-ਸੁੱਕੀਆ ਹੋ ਚੁੱਕੈ ਤੇ ਛਾਵਾਂ ਮਾਨਣ ਤੋਂ ਵਿਰਵਾ ਵੀ। ਮੋਬਾਈਲ ਨੇ ਖੋਹ ਲਿਆ ਸਭ ਕੁਝ। ਜਿਊਂਦੇ ਰਹੋ, ਸਾਡੀਆਂ ਫੋਟੂਆਂ ਖਿੱਚਣ ਵਾਲਿਓ, ਰੱਬ ਭਲਾ ਕਰੇ ਥੋਡਾ!

(23 ਸਤੰਬਰ, 2022)

***

ਮੌਨਸੂਨ ਜਾਂਦੀ-ਜਾਂਦੀ ਫਿਰ ਮੁੜ ਆਈ ਲਗਦੀ ਹੈ। ਕਿਸਾਨ ਦੇ ਸਾਹ ਸੂਤੇ ਗਏ ਨੇ। ਚੰਡੀਗੜ੍ਹ ਦੀਆਂ ਝੀਲਾਂ ਨਾਲੇ ਵੀ ਭਰ ਗਏ ਨੇ ਨੱਕੋ ਨੱਕ। ਪੰਜਾਬ ਦੇ ਬਹੁਤੇ ਹਿੱਸਿਆਂ ਵਿਚ ਤਾਂ ਠੀਕ-ਠਾਕ ਹੈ, ਪਰ ਕੁਝ ਖਿੱਤਿਆਂ ਤੋਂ ਖਬਰਾਂ ਨੇ ਝੋਨੇ ਦੇ ਨੁਕਸਾਨਣ ਦੀਆਂ। ਰਜਬਾਹੇ ਟੁੱਟਣ ਦੀਆਂ। ਤਿੰਨ ਦਿਨਾਂ ਤੋਂ ਮੀਂਹ ਨੇ ਅੱਤ ਚੁੱਕ ਰੱਖੀ ਹੈ। ਇੰਦਰ ਦੇਵਤਾ ਉਸ ਕਮਲੀ ਬੁੜ੍ਹੀ ਵਰਗਾ ਹੋ ਗਿਆ ਹੈ, ਜੋ ਸਿਰ ਖੁਰਕਦੀ ਹੀ ਨਹੀਂ, ਜੇ ਖੁਰਕੇ ਤਾਂ ਝਾਟਾ ਪੱਟਣ ਵਾਲੀ ਗੱਲ ਕਰਦੀ ਹੈ। ਜਦੋਂ ਲੋੜ ਸੀ ਮੀਂਹ ਦੀ, ਆਇਆ ਨਹੀਂ। ਹੁਣ ਨਾਲ ਹਵਾ ਵੀ ਵਗਣ ਲੱਗੀ ਹੋਈ ਹੈ। ਰੱਬ ਜੇ ਹੈਗਾ ਐ ਤਾਂ ਖੈਰ ਕਰੇ! ਝੋਨੇ ਦੀ ਪੁੱਤਾਂ ਵਰਗੀ ਫਸਲ ਦਾ ਫਿਕਰ ਸਤਾ ਰਿਹਾ ਹੈ। ਭਾਵੇਂ ਮੈਂ ਝੋਨਾ ਨਹੀਂ ਲਾਇਆ। ਅੱਜ ਚੰਡੀਗੜ੍ਹੋਂ ਪਿੰਡ ਜਾਵਾਂਗਾ, ਪਿੰਡ ਦੀ ਫਸਲ ਦਾ ਝੋਰਾ ਖਾ ਰਿਹੈ ਡਾਇਰੀ ਦਾ ਇਹ ਪੰਨਾ ਲਿਖਦਿਆਂ। (25 **ਸਤੰਬਰ**, 2022)

## ਸ.ਫ਼ਾ 1 ਦੀ ਬਾਕੀ ਕੁਦਰਤ ਅਤੇ ਸਮਾਜਿਕ ਦਵੰਦਵਾਦ ਦੇ ਨੇਮ ...

ਏਕਾਅਧਿਕਾਰ ਚਾਹੁੰਦਾ ਹੈ।

ਉਸ ਨੇ ਆਪਣਾ ਜਾਲ ਵਿਛਾ ਰੱਖਿਆ ਹੈ। ਸੱਤਾ 'ਤੇ ਸਰਮਾਏ ਦਾ ਕਬਜ਼ਾ ਹੋਣ ਕਰਕੇ ਸੱਤਾ ਉਸ ਲਈ ਰਾਹ ਪੱਧਰਾ ਕਰ ਰਹੀ ਹੈ।

ਕਿਸਾਨੀ ਤੋਂ ਜ਼ਮੀਨ ਖੋਹਣ ਲਈ ਧੱਕਾ ਵਰਤਣਾ ਸੱਤਾ ਨੂੰ ਸੰਕਟ ਵਿੱਚ ਪਾ ਦਿੰਦਾ ਹੈ। ਕਿਸਾਨਾਂ ਦੀ ਗਿਣਤੀ ਚੋਖੀ ਹੈ। ਕਿਸਾਨੀ ਦੇ ਪੁੱਤਰ ਫੌਜੀ ਅਤੇ ਨੀਮ ਫੌਜੀ ਬਲਾਂ ਵਿੱਚ ਤਾਇਨਾਤ ਹਨ, ਸਮਾਜਕ ਰੁਤਬਾ ਵੀ ਉੱਚਾ ਹੈ, ਇਤਿਹਾਸ ਵੀ ਲੜਾਕੂ ਹੈ, ਇਸ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ।

ਸੱਤਾ ਨੇ ਕਿਸਾਨ ਨੂੰ ਜ਼ਮੀਨ ਤੋਂ ਪਾਸੇ ਕਰਨ ਲਈ ਆਰਥਕ ਔਕੜਾਂ ਵਧਾਉਣ ਦੀ ਨੀਤੀ ਅਪਣਾ ਰੱਖੀ ਹੈ।

ਖੇਤੀ ਵਰਤੋਂ ਜਿਣਸਾਂ ਦੀਆਂ ਕੀਮਤਾਂ ਉਚੀਆਂ ਹਨ।

ਲਾਗਤੀ ਖਰਚੇ ਵਧੇਰੇ ਹਨ, ਖਾਸ ਤੌਰ 'ਤੇ ਜਦੋਂ ਢੇਰੀ ਛੋਟੀ ਹੈ ਤਾਂ ਖਰਚੇ ਹੋਰ ਵਧੇਰੇ ਪੈਂਦੇ ਹਨ। ਮੰਡੀਕਰਨ ਅਤੇ ਸਰਕਾਰੀ ਖਰੀਦ-ਮੁੱਲ ਤੈਹ ਕਰਨ ਦਾ ਢੰਗ ਗੈਰ-ਵਿਗਿਆਨਕ ਹੋਣ ਕਰਕੇ ਕਿਸਾਨ ਦੇ ਵਿਰੁੱਧ ਹੈ। ਬੱਚੇ ਵੀ ਬੇਰੁਜ਼ਗਾਰ ਹਨ, ਪੜ੍ਹਾਈ ਮਹਿੰਗੀ ਹੈ, ਇਲਾਜ ਮਹਿੰਗਾ ਹੈ।

ਕਿਸਾਨੀ ਦੀਆਂ ਖੁਦ ਦੀਆਂ ਪਰਤਾਂ ਹਨ। ਸਭ ਦੇ ਹਿੱਤ ਇਕਸਾਰ ਨਹੀਂ ਹਨ। ਢੇਰੀ-ਪੱਖੋਂ ਛੋਟਾ, ਮਝਲਾ (ਦਰਮਿਆਨਾ) ਕਿਸਾਨ, ਵੱਡਾ ਕਿਸਾਨ ਆਦਿ ਸ਼ਬਦ ਵਖਰੇਵਾਂ ਦਰਸਾਉਂਦੇ ਹਨ। ਖੇਤੀ ਢੰਗ ਪੱਖੋਂ ਸਰਮਾਏਦਾਰਾ ਢੰਗ ਦੀ ਖੇਤੀ ਅਤੇ ਸਵੈ-ਰੁਜ਼ਗਾਰ ਵਾਲੀ ਖੇਤੀ ਪ੍ਰਚੱਲਤ ਹੈ।

ਬਾਹਰੀ ਹਮਲੇ (ਤਿੰਨ ਖੇਤੀ ਕਾਨੂੰਨ) ਵਿਰੁੱਧ ਸਾਂਝਾ ਘੋਲ ਸੰਭਵ ਹੈ, ਸੀ ਅਤੇ ਹੋਇਆ ਹੈ, ਹਮਲਾ ਪਿਛਾੜਣ ਤੱਕ ਜਿੱਤਿਆ ਵੀ ਗਿਆ ਹੈ।

ਐੱਮ ਐੱਸ ਪੀ ਦਾ ਘੋਲ ਸਾਂਝਾ ਆਧਾਰ ਰੱਖਦਾ ਹੈ, ਇਹ ਦੇਸ਼ ਵਿਆਪੀ ਰੂਪ ਵਿੱਚ ਕਾਨੂੰਨ ਬਣਾਉਣ ਲਈ ਅੱਗੇ ਵਧ ਸਕਦਾ ਹੈ।

ਕੀ ਇਸ ਦੀ ਹਮਾਇਤ 'ਤੇ ਬਾਕੀ ਸਾਰੇ ਮਜ਼ਦੂਰ, ਮੁਲਾਜ਼ਮ ਸ਼ਹਿਰੀ ਆਪਣਾ ਹਿੱਤ ਸਮਝ ਕੇ ਆ ਜਾਣ ਦੀ ਸੰਭਾਵਨਾ ਹੈ?

ਉਹਨਾਂ ਦੇ ਹਿੱਤ ਮੇਲ ਨਹੀਂ ਖਾਂਦੇ ਅਤੇ ਕਈਆਂ ਵਰਗਾਂ ਦੇ ਹਿੱਤ ਟਕਰਾਉਂਦੇ ਹਨ, ਸੱਤਾ ਨੇ ਉਹਨਾਂ ਨੂੰ ਵਧਾਉਣਾ ਹੈ। ਮਤਭੇਦ ਵਧਣ ਦੀ ਗੁੰਜਾਇਸ਼ ਹੈ।

ਇਹ ਸਰਕਾਰ 'ਤੇ ਆਰਜ਼ੀ ਦਬਾਅ ਬਣਾਉਣ ਤੱਕ ਜਾ ਸਕਣ ਵਾਲਾ ਵਰਤਾਰਾ ਹੋ ਸਕਦਾ ਹੈ। ਇਹ ਇਕੱਲਾ ਸਰਕਾਰ ਲਈ ਸੰਕਟ ਖੜਾ ਕਰ ਸਕਣ ਦੇ ਸਮਰੱਥ ਨਹੀਂ ਹੈ। ਇਹ ਕੁਝ ਰਿਆਇਤਾਂ ਹਾਸਲ ਕਰਨ ਤੱਕ ਜਾ ਸਕਦਾ ਹੈ, ਮੁਕਤੀ ਤੱਕ ਨਹੀਂ ਜਾ ਸਕਦਾ, ਇਸ ਲਈ ਇਹ ਆਰਥਕ ਘੋਲ ਹੀ ਸਾਬਤ ਹੋਵੇਗਾ।

ਕੀ 'ਮਜ਼ਦੂਰ ਘੋਲ' ਸਭ ਨੂੰ ਨਾਲ ਲੈ ਸਕਦਾ ਹੈ?

ਮਜ਼ਦੂਰ-ਘੋਲ ਮਜ਼ਦੂਰਾਂ ਦੀਆਂ ਆਰਥਕ ਲੋੜਾਂ ਦੀ ਪੂਰਤੀ ਦਾ ਹੋਵੇਗਾ, ਇਹ ਆਰਥਕ-ਘੋਲ ਹੋਵੇਗਾ।

ਆਰਥਕ-ਘੋਲ ਸੱਤਾ ਤੋਂ ਮੰਗ ਨਾਲ ਸੰਬੰਧਤ ਹੋਵੇਗਾ। ਇਹ ਆਪਣੀ ਲੜਣ ਸ਼ਕਤੀ ਤੱਕ ਪ੍ਰਭਾਵਤ ਕਰ ਸਕੇਗਾ। ਇਸ ਨੂੰ ਬਾਕੀ ਜਮਾਤਾਂ ਦਾ ਸਮਰਥਨ ਨਹੀਂ ਮਿਲੇਗਾ। ਜਿਨ੍ਹਾਂ ਦਾ ਹਿੱਤ ਉਜਰਤਾਂ ਦੇ ਵਾਧੇ ਨਾਲ ਪ੍ਰਭਾਵਤ ਹੁੰਦਾ ਹੈ, ਉਹ ਇਸ ਦੇ ਵਿਰੁੱਧ ਹੋਣਗੇ। ਬਾਕੀ ਰਿਆਇਤਾਂ ਹਾਸਲ ਕਰਨ ਤੱਕ ਜਾ ਸਕਦਾ ਹੈ। ਇਹ ਮੁਕਤੀ ਦੀ ਦਹਿਲੀਜ਼ 'ਤੇ ਨਹੀਂ ਜਾਂਦਾ। (ਜੋ ਆਰਥਕ-ਘੋਲ ਤੇ ਜਮਾਤੀ-ਘੋਲ ਨੂੰ ਰਲਗੱਡ ਕਰਨਗੇ, ਉਹ ਗੁੱਸੇ ਵਿੱਚ ਅੱਗ-ਵਰੋਲਾ ਵੀ ਹੋ ਸਕਦੇ ਹਨ, ਬੁਰਾ-ਭਲਾ ਵੀ ਕਹਿ ਸਕਦੇ ਹਨ।)

ਕੀ ਬੇਰੁਜ਼ਗਾਰੀ ਵਿਰੁੱਧ ਰੁਜ਼ਗਾਰ ਦੀ ਪ੍ਰਾਪਤੀ ਦਾ ਘੋਲ ਸਫਲ ਹੋ ਸਕਦਾ ਹੈ?

ਇਸ ਘੋਲ ਅੱਗੇ ਸਭ ਤੋਂ ਵੱਡਾ ਜਵਾਬ ਮੰਗਦਾ ਸਵਾਲ ਹੈ, ਰੁਜ਼ਗਾਰ ਹੈ ਕਿੱਥੇ?

ਆਮ ਮਨੁੱਖ ਅਤੇ ਨੌਜਵਾਨ ਇਸ ਨੂੰ ਨਹੀਂ ਜਾਣਦਾ। ਕੁਝ ਕੁ ਹੋਣਗੇ, ਜੋ ਖਾਲੀ ਪਈਆਂ ਪੋਸਟਾਂ ਭਰਨ ਦੀ ਗੱਲ ਕਰਨਗੇ। ਉਹ ਗਿਣਾਉਣਗੇ, ਕਿੱਥੇ-ਕਿੱਥੇ ਖਾਲੀ ਪਈਆਂ ਹਨ। ਜਦੋਂ ਕੋਈ ਪੁੱਛੇਗਾ ਏਨੀਆਂ ਕੁ ਨਾਲ ਕੀ ਬਣਨਾ ਹੈ।

ਹਰ ਸਾਲ ਦੋ-ਢਾਈ ਕਰੋੜ ਨੌਜਵਾਨ ਜਵਾਨੀ ਚੜ੍ਹ ਰਹੇ ਹਨ, ਅੱਗੋਂ ਜਵਾਬ ਮਿਲੇਗਾ, ਪਹਿਲਾਂ ਇਹ ਤਾਂ ਲੈ ਲਓ!

ਮਾਮਲਾ ਤਰਕ ਦਾ ਹੈ, ਜਵਾਬ ਤਰਸ ਦਾ ਹੋਵੇਗਾ।

ਨਾਲ ਹੀ 'ਰਿਜ਼ਰਵ ਕੋਟਾ ਪੂਰਾ ਕਰੋ' ਅਤੇ 'ਰਿਜ਼ਰਵੇਸ਼ਨ ਖਤਮ ਕਰੋ', (ਵਿਰੋਧੀ ਮੁਹਿੰਮ) ਇਸ ਨੂੰ ਜਾਤੀ ਕੈਂਪਾਂ ਵਿੱਚ ਵੰਡ ਦੇਵੇਗੀ।

ਇਸ ਨੂੰ ਕਾਨੂੰਨੀ ਹੱਕ ਤੱਕ ਜਾਣ ਲਈ ਮੁਸ਼ਕਲਾਂ ਖੜੀਆਂ ਕਰਦੀ ਜਾਵੇਗੀ। ਸੱਤਾ ਆਪਣੇ ਹੱਥਕੰਡੇ ਵਰਤੇਗੀ। ਭਾਵ ਬਾਕੀ ਜਮਾਤਾਂ ਵਿੱਚੋਂ ਹਮਦਰਦੀ ਅਤੇ ਸਮਰਥਨ ਮਿਲਣ ਦੀ ਸੰਭਾਵਨਾ ਤਾਂ ਹੈ, ਪਰ ਰੁਜਗਾਰ ਦੀ ਵਿਗਿਆਨਿਕ ਸਮਝਦਾਰੀ ਬਗੈਰ, ਇਹ ਮੁਹਿੰਮ ਵੀ ਰੁਜ਼ਗਾਰ ਦਾ ਕਾਨੂੰਨ ਬਣਾਉਣ ਤੱਕ ਅੱਗੇ ਵਧ ਸਕੇ, ਇਸ ਅੱਗੇ ਵੀ ਬਹੁਤ ਮੁਸ਼ਕਲਾਂ ਹਨ।

ਇਕ-ਇਕ ਕਰਕੇ ਸਭ ਵਰਗਾਂ ਤੋਂ ਸ਼ੁਰੂ ਕਰਕੇ ਵਰਤਾਰੇ ਨੂੰ ਤਰਕ 'ਤੇ ਦੇਖਿਆਂ 'ਵਿਸ਼ਲੇਸ਼ਣ ਦੀ ਸੰਸਲੇਸ਼ਣ ਨਾਲ ਏਕਤਾ' ਨਹੀਂ ਬੈਠਦੀ।

ਸਾਰਿਆਂ ਦੀਆਂ ਸਾਂਝੀਆਂ ਮੰਗਾਂ ਦੀ ਲਿਸਟ 'ਤੇ ਵੀ ਸਾਂਝੀ ਮੁਹਿੰਮ ਸਿਰੇ ਨਹੀਂ ਚੜ੍ਹਦੀ। ਇਹ ਆਰਜ਼ੀ ਅੰਸ਼ਕ ਪ੍ਰਾਪਤੀ ਤੱਕ ਹੀ ਜਾ ਸਕਣਯੋਗ ਹੈ।

ਫਿਰ ਕੀ ਮੁਕਤੀ ਦਾ ਕੋਈ ਰਾਹ ਨਹੀਂ ਹੈ?

(ਚਲਦਾ)

## ਦੁਕਾਨ ਦਾ ਫਰਕ

ਸਰਿਤਾ ਨੂੰ ਅੱਜ ਦਫਤਰੋਂ ਛੁੱਟੀ ਸੀ। ਘਰ ਦੇ ਰੋਜ਼ਾਨਾ ਕੰਮ ਮੁਕਾ ਕੇ ਉਸ ਨੇ ਸੋਚਿਆ ਕਿ ਭਾਣਜੀ ਦੀ ਮੰਗਣੀ ਆਉਣ ਵਾਲੀ ਐ, ਕਿਉ ਨਾ ਅੱਜ ਮਾਲ 'ਚੋਂ ਜਾ ਕੇ ਆਪਣੀ ਡਰੈੱਸ ਲੈ ਆਵਾਂ। ਸਰਿਤਾ ਦਾ ਪਤੀ ਰਮੇਸ਼ ਪ੍ਰਾਪਰਟੀ ਦਾ ਕੰਮ ਕਰਦਾ ਹੋਣ ਕਰਕੇ ਜ਼ਿਆਦਾਤਰ ਘਰ ਹੀ ਹੁੰਦਾ ਸੀ। ਦੋਵਾਂ ਨੇ ਝੱਟ ਹੀ ਜਾਣ ਦੀ ਸਲਾਹ ਬਣਾ ਲਈ। ਬੇਟਾ ਰਾਹੁਲ ਅਜੇ ਪੜ੍ਹ ਕੇ ਵਾਪਸ ਨਹੀਂ ਆਇਆ ਸੀ। ਇਸੇ ਲਈ ਵਿਹਲਾ ਸਮਾਂ ਵੇਖ ਕੇ ਉਹ ਝੱਟ ਹੀ ਕਾਰ 'ਤੇ ਸਵਾਰ ਹੋ ਗਏ ਤੇ ਸ਼ਹਿਰ ਦੇ ਇੱਕ ਵੱਡੇ ਮਾਲ ਵਿੱਚ ਪਹੁੰਚ ਗਏ।

ਸੋਚਿਆ ਪੇਕਿਆਂ ਦੇ ਘਰ ਕਿੰਨੇ ਚਿਰ ਬਾਅਦ ਕੋਈ ਪ੍ਰੋਗਰਾਮ ਆਇਆ, ਪੈਸੇ ਜਿੰਨੇ ਮਰਜ਼ੀ ਲੱਗ ਜਾਣ, ਪਰ ਕੱਪੜੇ ਵਧੀਆ ਹੀ ਲੈਣੇ ਹਨ। ਇੱਕ ਦੁਕਾਨ ਤੋਂ ਡਰੈੱਸ ਪਸੰਦ ਆ ਗਈ। ਰੇਟ ਪੁੱਛਿਆ ਤਾਂ ਦੁਕਾਨ ਵਾਲਿਆਂ ਨੇ ਬਾਰਾਂ ਹਜ਼ਾਰ ਰੁਪਏ ਦੱਸਿਆ। ਰਮੇਸ਼ ਨੇ ਝੱਟ ਹੀ ਆਪਣਾ ਕਰੈਡਿਟ ਕਾਰਡ ਕੱਢ ਕੇ ਪੈਸੇ ਦੇ ਦਿੱਤੇ ਤੇ ਉਹ ਬਾਹਰ ਨੂੰ ਹੋ ਤੁਰੇ। ਹੋਰ ਕੋਈ ਕੰਮ ਨਹੀਂ ਸੀ, ਇਸ ਲਈ ਉਹ ਸਿੱਧਾ ਬੇਸਮੈਂਟ 'ਚ ਪਹੁੰਚੇ ਤੇ ਕਾਰ 'ਚ ਬਹਿ ਕੇ ਘਰ ਨੂੰ ਚੱਲ ਪਏ। ਮਾਲ 'ਚੋਂ ਬਾਹਰ ਨਿਕਲਿਆ ਹੀ ਸੀ ਇੱਕ ਰੇਹੜੀ 'ਤੇ ਆਲੂ ਪਏ ਦੇਖ ਕੇ ਸਰਿਤਾ ਨੇ ਕਿਹਾ, "ਮੈਂ ਕਿਹਾ ਜੀ, ਇੱਥੋਂ ਹੀ ਆਲੂ ਲੈ ਜਾਨੇ ਹਾਂ, ਸ਼ਾਮ ਨੂੰ ਸਬਜ਼ੀ ਬਣਾਉਣੀ ਹੁੰਦੀ ਐ ਤੇ ਰਾਹੁਲ ਖੇਡ ਕੇ ਨਹੀਂ ਮੁੜਦਾ, ਰੋਜ਼ ਹੀ ਲੇਟ ਹੋ ਜਾਨੀ ਹਾਂ" ਰਮੇਸ਼ ਨੇ ਕਾਰ ਰੇਹੜੀ ਦੇ ਨਾਲ ਜਾ ਲਾਈ।

ਰੇਹੜੀ ਕੋਲ ਇੱਕ ਬਜ਼ੁਰਗ ਬੈਠਿਆ ਹੋਇਆ ਸਨ। ਪਸੀਨੇ ਨਾਲ ਸਿਰ ਤੋਂ ਪੈਰਾਂ ਤੱਕ ਭਿੱਜਿਆ ਹੋਇਆ ਹੋਣ ਕਰਕੇ ਇੱਕ ਗੱਤੇ ਦੇ ਟੁਕੜੇ ਨਾਲ ਹਵਾ ਝੱਲ ਰਿਹਾ ਸੀ। ਰਮੇਸ਼ ਕਾਰ ਵਿੱਚ ਹੀ ਬੈਠਾ ਰਿਹਾ ਤੇ ਸਰਿਤਾ ਨੇ ਕਾਰ 'ਚੋਂ ਨਿਕਲ ਕੇ ਪਹਿਲਾ ਹੀ ਸਵਾਲ ਕੀਤਾ, "ਬਾਬਾ ਜੀ ਕੀ ਰੇਟ ਐ ਆਲੂਆਂ ਦਾ" ਉਸ ਨੇ ਰੇਹੜੀ ਨੂੰ ਸਰਸਰੀ ਨਜ਼ਰ ਮਾਰ ਕੇ ਕਿਹਾ। "ਪੁੱਤ ਦਸ ਰੁਪਏ ਕਿੱਲੋ ਨੇ, ਜੇ ਇਕੱਠੇ ਪੰਜ, ਦਸ ਕਿੱਲੋ ਲੈ ਲਓਗੇ ਤਾਂ ਹੋਰ ਦੋ ਰੁਪਏ ਘੱਟ ਲਾ ਲਵਾਂਗਾ" ਤੱਕੜੀ ਦੇ ਵੱਟੇ ਸਹੀ ਕਰਦਿਆਂ ਬਾਬੇ ਨੇ ਕਿਹਾ। "ਬਾਬਾ ਜੀ ਕਿਉਂ ਲੁੱਟ ਮਚਾਈ ਐ, 10 ਰੁਪਏ ਕਿੱਲੋ? ਜਾਇਜ਼ ਰੇਟ ਕਰੋ ਤਾਂ ਹੀ ਲਵਾਂਗੀ, ਨਹੀਂ ਤਾਂ ਹੋਰ ਰੇਹੜੀਆਂ ਬਥੇਰੀਆਂ ਨੇ, ਹਰ ਚੀਜ਼ ਨੂੰ ਅੱਗ ਹੀ ਲਾਈ ਐ ਲੋਕਾਂ ਨੇ।" ਸਰਿਤਾ ਨੇ ਆਖਰੀ ਲਾਈਨ ਮੂੰਹ 'ਚ ਹੀ ਬੁੜਬੜਾਈ।

ਬਜ਼ੁਰਗ ਨੇ ਚਿਹਰੇ 'ਤੇ ਹਲਕੀ ਜਹੀ ਮੁਸਕਾਨ ਲਿਆ ਕੇ ਕਿਹਾ "ਬੇਟਾ ਗੁੱਸਾ ਨਾ ਕਰੀਂ, ਤੜਕੇ ਮੰਡੀ ਤੋਂ ਆਲੂ ਲਿਆਉਣ ਤੇ ਦੇਰ ਰਾਤ ਤੱਕ ਇਸ ਉਮਰ ਵਿੱਚ ਬਹੁਤ ਥੱਕ ਜਾਂਦਾ ਹਾਂ, ਪਰ ਮੈਂ ਰੁਪਏ ਕਮਾਉਣ ਲਈ ਨਹੀਂ, ਪੇਟ ਦੀ ਅੱਗ ਬੁਝਾਉਣ ਲਈ ਰੇਹੜੀ ਲਾਉਂਦਾ ਹਾਂ, ਫਿਰ ਵੀ ਤੁਹਾਨੂੰ ਮੁੱਲ ਜ਼ਿਆਦਾ ਲੱਗ ਰਿਹਾ ਐ! ਤੁਸੀਂ ਜਿਸ ਮਾਲ 'ਚੋਂ ਨਿਕਲੇ ਹੋ, ਜ਼ਰੂਰ ਕੋਈ ਸਾਮਾਨ ਲਿਆ ਹੋਵੇਗਾ, ਪਰ ਕੀ ਉਹਨਾਂ ਨੇ ਇੱਕ ਵੀ ਰੁਪਇਆ ਘੱਟ ਕੀਤਾ? ਨਹੀਂ ਕੀਤਾ ਹੋਵੇਗਾ, ਮੈਨੂੰ ਤਾਂ ਉਮੀਦ ਐ ਕਿ ਲਿਫਾਫਾ ਵੀ ਮੁੱਲ ਦਿੱਤਾ ਹੋਵੇਗਾ, ਕਿਉਂਕਿ ਉਹਨਾਂ ਦੀ ਦੁਕਾਨ ਬਹੁਤ ਵੱਡੀ ਐ, ਤੇ ਦੁਕਾਨ ਦਾ ਹੀ ਤਾਂ ਫਰਕ ਐ, ਉੱਥੇ ਪਿਆ ਹੋਇਆ ਕੱਚ ਵੀ ਹੀਰਿਆਂ ਦੇ ਮੁੱਲ ਲੱਗਦਾ ਹੈ ਤੇ ਮੈਂ ਸਵੇਰ ਤੋਂ ਲੈ ਕੇ ਸ਼ਾਮ ਤੱਕ ਰੇਹੜੀ ਸ਼ਹਿਰ ਦੀਆਂ ਗਲੀਆਂ ਵਿੱਚ ਹਿੱਕਣੀ ਹੈ, ਤਾਂ ਜਾ ਕੇ ਰੋਟੀ ਜੋਗਾ ਆਟਾ ਘਰ ਲੈ ਕੇ ਜਾਂਦਾ ਹਾਂ, ਤੇ ਅਗਲੇ ਦਿਨ ਫਿਰ ਤੋਂ ਉਹੀ ਫਿਕਰ। ਗੱਲ ਖਤਮ ਕਰਦੇ-ਕਰਦੇ ਬਜ਼ੁਰਗ ਦੇ ਮੂੰਹ 'ਤੇ ਚਿੰਤਾ ਦੇ ਨਿਸ਼ਾਨ ਸਨ।

ਸਰਿਤਾ ਬਜ਼ੁਰਗ ਦਾ ਜਵਾਬ ਸੁਣ ਤੇ ਸੋਚਣ 'ਤੇ ਮਜਬੂਰ ਹੋ ਗਈ। "ਪੰਜ ਕਿੱਲੋ ਤੋਲ ਦਿਓ ਬਾਪੂ ਜੀ" ਉਸ ਦੇ ਮੂੰਹੋਂ ਬੱਸ ਐਨਾ ਹੀ ਨਿਕਲਿਆ। ਪੰਜ ਕਿੱਲੋ ਆਲੂ ਲੈ ਕੇ ਉਸ ਨੇ ਸੌ ਦਾ ਨੋਟ ਫੜਾਇਆ। ਬਜ਼ੁਰਗ ਅਜੇ ਕੰਬਦੇ ਹੱਥਾਂ ਨਾਲ ਉਸ ਲਈ ਬਕਾਇਆ ਕੱਢ ਹੀ ਰਿਹਾ ਸੀ ਕਿ ਸਰਿਤਾ ਕਾਰ 'ਚ ਜਾ ਬੈਠੀ ਤੇ ਉਸ ਨੇ ਇੱਕ ਨਜ਼ਰ ਕਾਰ ਦੀ ਪਿਛਲੀ ਸੀਟ 'ਤੇ ਪਏ ਡਰੈੱਸ ਵਾਲੇ ਲਿਫਾਫੇ ਵੱਲ ਮਾਰੀ, ਜੋ ਕਿ ਸੱਚੀ ਉਹਨਾਂ ਨੂੰ ਮੁੱਲ ਹੀ ਦਿੱਤਾ ਸੀ।

— ਅਰਸ਼ ਸਿੱਧੂ

## .ਫਰਜ਼ਾਂ ਦੀ ਮੌਤ

ਬੱਚੇ ਪੜ੍ਹਾਉਣ ਕਰਕੇ ਸ਼ਹਿਰ ਪਿੰਡ ਦੇ ਨੇੜਲੇ ਕਸਬਾਨੁਮਾ ਸ਼ਹਿਰ ਵਿੱਚ ਰਿਹਾਇਸ਼ ਹੁਣ ਕਰਕੇ ਦੁੱਖ-ਸੁੱਖ ਵਿੱਚ ਪਿੰਡ ਜਾਣਾ ਪੈਂਦਾ ਹੈ। ਅੱਜ ਵੀ ਸਾਬਕਾ ਸਰਪੰਚ ਦੇ ਸਸਕਾਰ ਵਿੱਚ ਸ਼ਾਮਲ ਹੋਣ ਲਈ ਪਿੰਡ ਜਾਂਦਿਆਂ ਵਿੱਛੜੀ ਰੂਹ ਵੱਲੋਂ ਪਿੰਡ ਲਈ ਕੀਤੇ ਕੰਮਾਂ ਨੂੰ ਯਾਦ ਕਰਦਿਆਂ ਉਨ੍ਹਾਂ ਨਾਲ ਜੁੜੀਆਂ ਕਿੰਨੀਆਂ ਹੀ ਯਾਦਾਂ ਫ਼ਿਲਮ ਦੀ ਰੀਲ੍ਹ ਵਾਂਗ ਅੱਖਾਂ ਅੱਗਿਓਂ ਲੰਘ ਰਹੀਆਂ ਸਨ। ਤਾਈ ਬੜਾ ਪਹਿਲਾਂ ਸਮਾਂ ਤੁਰ ਗਈ ਸੀ ਤੇ ਬੱਚੇ ਜੱਦੀ ਘਰ-ਬਾਰ ਤੇ ਜ਼ਮੀਨਾਂ ਛੱਡ ਕੇ ਕੈਨੇਡਾ ਚਲੇ ਗਏ ਸਨ, ਰਿਸ਼ਤੇਦਾਰ ਆਪਣੇ ਕੰਮਾਂ ਵਿੱਚ ਵਿਅਸਤ ਸਨ। ਚੰਦਰੀ ਬਿਮਾਰੀ ਆ ਚਿੰਬੜੀ ਤੇ ਸਾਂਭ-ਸੰਭਾਲ ਵਾਲਾ ਆਪਣਾ ਕੋਈ ਵੀ ਕੋਲ ਨਹੀਂ ਸੀ।

ਖੈਰ, ਕਿਰਿਆ ਕਰਮ ਕਰਕੇ ਵਿਹਲੇ ਹੋਏ ਤਾਂ ਸਰਪੰਚ ਸਾਹਿਬ ਦੇ ਕਰੀਬੀ ਰਿਸ਼ਤੇਦਾਰ ਨੇ ਸ਼ਹਿਰ ਤਕਿ ਮੇਰੇ ਨਾਲ ਜਾਣ ਲਈ ਗੱਡੀ ਵਿਚ ਬੈਠਦਿਆਂ ਹੀ ਪੁੱਛਿਆ, ਕਾਰ ਕਿਹੜਾ ਮਾਡਲ ਏ ਬਾਈ?

ਜੂਨ 2019 ਮੈਂ ਅੱਭੜਵਾਹੇ ਜਿਹੇ ਕਿਹਾ।

ਗੱਡੀ ਦੀ ਸੰਭਾਲ ਘੱਟ ਲੱਗਦੀ ਹੈ, ਪੁਰਾਣੀ ਵੀ ਕਰ ਲਈ। ਵੱਡੇ ਵੀਰ ਇਹ ਤਾਂ ਲੋਹਾ ਹੈ, ਹੋਰ ਲੈ ਲਵਾਂਗੇ, ਪਰ ਨੇੜਲਿਆਂ ਵੱਲੋਂ ਸਾਂਭ-ਸੰਭਾਲ ਦੀ ਘਾਟ ਕਰਕੇ ਜੋ ਬੰਦੇ ਸਾਡੇ ਹੱਥਾਂ ਵਿੱਚੋਂ ਕਿਰ ਰਹੇ ਹਨ, ਉਨ੍ਹਾਂ ਨੇ ਕਦੇ ਨਹੀਂ ਮੁੜਨਾ। ਮੇਰਾ ਉੱਤਰ ਸੁਣ ਕੇ ਉਸ ਨੇ ਨਿੰਮੋਝੂਣਾ ਹੁੰਦਿਆਂ ਵਿਸ਼ਾ ਬਦਲ ਕੇ ਹੋਰ ਗੱਲ ਸ਼ੁਰੂ ਕਰ ਲਈ, ਪਰ ਮੈਂ ਗੱਡੀ ਚਲਾਉਣ ਦੇ ਨਾਲ-ਨਾਲ ਅਜੇ ਵੀ ਵੱਡਾ ਪਰਵਾਰ ਹੋਣ ਦੇ ਬਾਵਜੂਦ ਸਭ ਦਾ ਭਲਾ ਕਰਨ ਵਾਲੇ ਤਾਇਆ ਜੀ ਦੀ ਭਿਆਨਕ ਬਿਮਾਰੀ ਹੋਣ ਦੀ ਪੀੜ ਦੇ ਨਾਲ-ਨਾਲ ਉਨ੍ਹਾਂ ਦੇ ਅੰਤਲੇ ਸਮੇਂ ਦੇ ਇਕਲਾਪੇ ਦੇ ਦਰਦ ਬਾਰੇ ਸੋਚ ਰਿਹਾ ਸੀ।

— ਬਲਜਿੰਦਰ ਜੌੜਕੀਆਂ

## ਸ.ਫ਼ਾ 1 ਦੀ ਬਾਕੀ ਲੱਕੜੀ ਦੇ ਖਿਡੌਣਿਆਂ ਵਾਲਾ ਕੌਂਡਾਪੱਲੀ...

ਆਂਧਰਾ ਪ੍ਰਦੇਸ਼ ਸੈਰ-ਸਪਾਟਾ ਦੀ ਸਹਾਇਕ ਨਿਰਦੇਸ਼ਕ ਲਾਜਵੰਤੀ ਨਾਇਡੂ ਨੇ ਕਿਹਾ ਕਿ ਸਾਡਾ ਉਦੇਸ਼ ਵਿਰਾਸਤ ਨੂੰ ਜਿਊਂਦਾ ਰੱਖਣਾ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਇਸ ਕਲਾ ਨਾਲ ਜੋੜਨਾ ਅਤੇ ਉਤਸ਼ਾਹਤ ਕਰਨਾ ਹੈ, ਤਾਂ ਜੋ ਇਹ ਕਲਾ ਜਿਊਂਦੀ ਰਹੇ। ਇਸ ਲਈ ਸਰਕਾਰ ਨੇ ਇਸ ਕਲਾ ਨਾਲ ਜੁੜਨ ਲਈ ਵਿਅਕਤੀਆਂ ਨੂੰ ਸਿਖਲਾਈ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ 300 ਰੁਪਏ ਰੋਜ਼ਾਨਾ ਦੇਣ ਦਾ ਫੈਸਲਾ ਕੀਤਾ ਹੈ। ਜੋ ਵਿਅਕਤੀ ਇਹ ਕਲਾ ਸਿੱਖਦਾ ਹੈ, ਸਰਕਾਰ ਉਸ ਨੂੰ ਰੋਜ਼ਾਨਾ 300 ਰੁਪਏ ਦਿੰਦੀ ਹੈ।

ਪਿੰਡ ਦੀ ਸੜਕ ਤੋਂ ਸਾਹਮਣੇ ਦੇਖਣ 'ਤੇ ਇੱਕ ਛੋਟੀ ਜਿਹੀ ਪਹਾੜੀ ਨਜ਼ਰ ਆਉਂਦੀ ਹੈ। ਉਸ ਦੇ ਦੂਜੇ ਪਾਸੇ ਬਣਿਆ ਕੌਂਡਾਪੱਲੀ ਕਿਲ੍ਹਾ ਵੀ ਆਪਣੇ ਅੰਦਰ ਇਤਿਹਾਸ ਸਮਾਈ ਬੈਠਾ ਹੈ। 14ਵੀਂ ਸਦੀ ਦੇ ਕੌਂਡਾਪੱਲੀ ਕਿਲ੍ਹੇ ਦੀ ਭਾਰਤੀ ਪੁਰਾਤੱਤਵ ਸਰਵੇਖਣ (ਏ ਐੱਸ ਆਈ) ਸਾਂਭ-ਸੰਭਾਲ ਕਰ ਰਿਹਾ ਹੈ। ਕਿਲ੍ਹੇ ਦੇ ਤਿੰਨ ਦਰਵਾਜ਼ੇ ਹਨ, ਮੁੱਖ ਦਰਵਾਜ਼ੇ ਨੂੰ 'ਦਰਗਾਹ ਦਰਵਾਜ਼ਾ' ਕਿਹਾ ਜਾਂਦਾ ਹੈ, ਜਿਸ ਨੂੰ ਗ੍ਰੇਨਾਈਟ ਪੱਥਰਾਂ ਨਾਲ ਬਣਾਇਆ ਗਿਆ ਹੈ। ਇਹ 12 ਫੁੱਟ ਚੌੜਾ ਤੇ 15 ਫੁੱਟ ਉੱਚਾ ਹੈ। ਦਰਗਾਹ ਦਰਵਾਜ਼ੇ ਤੋਂ ਇਲਾਵਾ ਗੋਲਕੋਂਡਾ ਦਰਵਾਜ਼ਾ ਪਹਾੜੀ ਦੇ ਦੂਜੇ ਪਾਸੇ ਸਥਿਤ ਹੈ, ਜੋ ਜੱਗਾਯਪੇਟ ਪਿੰਡ ਵੱਲ ਖੁੱਲ੍ਹਦਾ ਹੈ। ਕਿਲ੍ਹੇ ਨੂੰ ਸਥਾਨਕ ਭਾਸ਼ਾ 'ਚ 'ਕੌਂਡਾਪੱਲੀ ਕੋਟਾ' ਦੇ ਨਾਂਅ ਵੀ ਜਾਣਿਆ ਜਾਂਦਾ ਹੈ।

ਕਿਲ੍ਹੇ ਨੂੰ ਨਵੀਂ ਟੈਕਨਾਲੋਜੀ ਨਾਲ ਲੈਸ ਕੀਤਾ ਗਿਆ ਹੈ। ਇਥੇ ਆਉਣ ਵਾਲਿਆਂ ਨੂੰ 'ਕੌਂਡਾਪੱਲੀ ਐਪ' ਡਾਊਨਲੋਡ ਕਰਨ ਦੀ ਲੋੜ ਹੁੰਦੀ ਹੈ, ਜਿਸ ਲਈ ਏ ਐੱਸ ਆਈ ਨੇ ਓਪਨ ਵਾਈ-ਫਾਈ ਇੰਟਰਨੈੱਟ ਮੁਹੱਈਆ ਕਰਵਾਇਆ ਹੈ। ਇਹ ਐਪ ਉੱਥੇ ਪ੍ਰਦਰਸ਼ਿਤ ਸਾਰੀਆਂ ਮੂਰਤੀਆਂ, ਤਸਵੀਰਾਂ ਆਦਿ ਬਾਰੇ ਜਾਨਣ 'ਚ ਮਦਦ ਕਰਦਾ ਹੈ, ਕਿਉਂਕਿ ਜਿਵੇਂ ਹੀ ਸੈਲਾਨੀ ਐਪ ਨਾਲ ਇਨ੍ਹਾਂ ਨੂੰ ਸਕੈਨ ਕਰਦਾ ਹੈ, ਉਹ ਚਿੱਤਰ ਆਪਣੇ ਆਪ ਬੋਲ ਕੇ ਆਪਣੇ-ਆਪਣੇ ਬਾਰੇ ਖੁਦ ਦੱਸਣਾ ਸ਼ੁਰੂ ਕਰ ਦਿੰਦਾ ਹੈ ਕਿ ਮੈਂ ਫਲਾਣਾ, ਇੱਥੇ ਕਿੰਨੇ ਤੋਂ ਕਿੰਨੇ ਤੱਕ ਰਾਜ ਕੀਤਾ। ਇਹ ਤਕਨੀਕ ਬਾਕਮਾਲ ਹੈ, ਜੋ ਪੁਰਾਤਨ ਵਸਤਾਂ ਨੂੰ ਦੁਨੀਆ ਨੂੰ ਇਹ ਦੱਸਣ 'ਚ ਮਦਦ ਕਰਦੀ ਹੈ ਕਿ ਉਹ ਕੌਣ ਸਨ ਅਤੇ ਸਮੇਂ ਦੇ ਬੀਤਣ ਨਾਲ ਉਨ੍ਹਾਂ ਨਾਲ ਕੀ ਵਾਪਰਿਆ?

ਫੇਰੀ ਦਾ ਪੰਜਵੇਂ ਦਿਨ ਸਵੇਰੇ ਨਾਗਾਰਜੁਨ ਸਾਗਰ ਡੈਮ ਜਾਣ ਦਾ ਸੀ। ਡੈਮ ਕ੍ਰਿਸ਼ਨਾ ਨਦੀ 'ਤੇ ਬਣਿਆ ਹੋਇਆ ਹੈ। ਇਹ ਡੈਮ 1969 'ਚ ਪੂਰਾ ਹੋਇਆ। ਇਸ ਦੀ ਉਚਾਈ 124 ਮੀਟਰ ਅਤੇ ਇੱਕ ਕਿਲਮੀਟਰ ਤੱਕ ਲੰਮਾ ਹੈ। ਆਜ਼ਾਦ ਭਾਰਤ ਦੀਆਂ ਪਹਿਲੀਆਂ ਯੋਜਨਾਵਾਂ 'ਚ ਇਹ ਡੈਮ ਇੱਕ ਹੈ। ਡੈਮ ਦੇ ਪਿੱਛੇ ਇੱਕ ਝੀਲ ਬਣਾਈ ਗਈ ਹੈ, ਜੋ ਦੁਨੀਆ ਦੀ ਸਭ ਤੋਂ ਵੱਡੀ ਮਨੁੱਖਾਂ ਵੱਲੋਂ ਤਿਆਰ ਕੀਤੀਆਂ ਝੀਲਾਂ 'ਚੋਂ ਇੱਕ ਹੈ। ਇਸ ਤੋਂ ਅੱਗੇ ਨਾਗਾਰਜੁਨ ਕੌਂਡਾ ਹੈ, ਜਿਸ ਦੇ ਨਾਂਅ 'ਤੇ ਇਸ ਡੈਮ ਦਾ ਨਾਂਅ ਰੱਖਿਆ ਗਿਆ। ਇਹ ਇੱਕ ਛੋਟੇ ਜਿਹੇ ਟਾਪੂ 'ਤੇ ਸਥਿਤ ਹੈ, ਜਿਸ 'ਤੇ ਬੋਧ ਮਿਊਜ਼ੀਅਮ ਬਣਾਇਆ ਗਿਆ ਹੈ, ਜਿਸ 'ਚ ਰੱਖੀਆਂ ਕੁਝ ਚੀਜ਼ਾਂ ਤਾਂ ਤੀਜੀ ਸ਼ਤਾਬਦੀ ਦੀਆਂ ਬਣੀਆਂ ਖੋਜੀਆਂ ਗਈਆਂ ਹਨ। ਡੈਮ 'ਚ ਬਣੇ ਮਿਊਜ਼ੀਅਮ ਤੱਕ ਪਹੁੰਚਣ ਲਈ ਕਿਸ਼ਤੀ ਰਾਹੀਂ ਅਸਾਨੀ ਨਾਲ ਪਹੁੰਚਿਆ ਜਾ ਸਕਦਾ ਹੈ। ਇਸ ਲਈ ਅਸੀਂ ਸਮੇਂ ਸਿਰ ਉਥੇ ਪਹੁੰਚ ਗਏ। ਤਕਰੀਬਨ 40 ਮਿੰਟ ਦੇ ਕਿਸ਼ਤੀ ਦੇ ਸਫ਼ਰ ਤੋਂ ਬਾਅਦ ਅਸੀਂ ਅਜਾਇਬਘਰ ਪਹੁੰਚ ਗਏ। ਮਿਊਜ਼ੀਅਮ 'ਚ ਪਈਆਂ ਪੁਰਾਤੱਤਵ ਵਿਭਾਗ ਵੱਲੋਂ ਇਕੱਠੀਆਂ ਕੀਤੀਆਂ ਮੂਰਤੀਆਂ ਅਤੇ ਹੋਰ ਬੋਧ ਧਰਮ ਨਾਲ ਸੰਬੰਧਤ ਸਮਗਰੀ ਨੂੰ ਨਿਹਾਰਦਿਆਂ ਸਮੇਂ ਦਾ ਪਤਾ ਹੀ ਨਹੀਂ ਚੱਲਿਆ ਕਿ ਕਦੋਂ ਸਮਾਂ ਬੀਤ ਗਿਆ।

ਪਿਛਲੇ ਤਿੰਨ ਦਿਨਾਂ 'ਚ ਬਹੁਤ ਸਾਰੀਆਂ ਗਤੀਵਿਧੀਆਂ ਦੀ ਭੱਜ-ਦੌੜ ਤੋਂ ਸਾਰੇ ਥੱਕ ਚੁੱਕੇ ਸਨ। ਸਾਰੇ ਕੋਟਾਪਟਨਮ ਸੀਅਸ਼ੋਰ ਰਿਜ਼ੋਰਟ ਵਾਪਸ ਆ ਗਏ। ਇਹ ਉਹ ਥਾਂ ਹੈ, ਜਿੱਥੇ ਮਛੇਰਾ ਭਾਈਚਾਰੇ ਦੇ ਲੋਕਾਂ ਰਹਿੰਦੇ ਹਨ, ਬਿਲਕੁਲ ਐਨ ਸਮੁੰਦਰ ਦੇ ਕਿਨਾਰੇ। ਇੱਥੇ ਰਹਿਣਾ ਵੀ ਇੱਕ ਯਾਦਗਰੀ ਰਿਹਾ। ਸ਼ਹਿਰੀ ਜਾਂ ਪੇਂਡੂ ਖੇਤਰਾਂ 'ਚ ਰਹਿਣ ਨਾਲੋਂ ਇੱਕ ਅਲੱਗ ਹੀ ਤਜਰਬਾ ਸੀ। ਮਛੇਰਿਆਂ ਦੀ ਬਸਤੀ 'ਚੋਂ ਆਉਂਦੀ ਮੱਛੀ ਦੀ ਨਮਕੀਨ ਗੰਧ ਪਹਿਲਾਂ ਕੁਝ ਸਮਾਂ ਤਾਂ ਪ੍ਰੇਸ਼ਾਨ ਕਰਨ ਵਾਲੀ ਰਹੀ, ਪਰ ਥੋੜ੍ਹੇ ਚਿਰ ਬਾਅਦ ਸਭ ਠੀਕ ਲੱਗਣ ਲੱਗਾ। ਰਾਤ ਨੂੰ ਸਮੁੰਦਰ ਦੀਆਂ ਲਹਿਰਾਂ ਦੀ ਆਵਾਜ਼ ਦਿਲ ਨੂੰ ਹੌਲ ਪਾਉਂਦੀ ਹੈ। ਜਦ ਮੈਂ ਖਾਣਾ ਖਾਣ ਤੋਂ ਪਹਿਲਾਂ ਸਮੁੰਦਰ ਕਿਨਾਰੇ ਗਿਆ ਤਾਂ ਦਿਲ ਕੰਬਾਉਂਦੀ ਆਵਾਜ਼ ਤੁਹਾਨੂੰ ਇੱਕ ਵਾਰ ਪੂਰੀ ਤਰ੍ਹਾਂ ਹਿਲਾ ਦਿੰਦੀ ਹੈ। ਇਸ ਸਮੇਂ ਇੱਥੋਂ ਦੇ ਮਛੇਰੇ ਗਣਪਤੀ ਦੀ ਮੂਰਤੀ ਸਮੁੰਦਰ 'ਚ ਵਿਸਰਜਨ ਕਰਨ ਲਈ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਇੱਕ-ਇੱਕ ਕਰਕੇ ਬਹੁਤ ਥੋੜ੍ਹੇ ਲੋਕਾਂ ਨੂੰ ਪੁਲਸ ਇਜਾਜ਼ਤ ਦੇ ਰਹੀ ਸੀ। ਮਛੇਰਿਆਂ ਦੀ ਜ਼ਿੰਦਗੀ ਸਮੁੰਦਰ ਦੀਆਂ ਲਹਿਰਾਂ ਨਾਲ ਹਰ ਰੋਜ਼ ਸੰਘਰਸ਼ ਕਰਦਿਆਂ ਲੰਘਦੀ ਹੈ। ਇਸ ਦਾ ਪਤਾ ਇੱਥੇ ਆ ਕੇ ਹੀ ਲੱਗਦਾ ਹੈ ਕਿ ਕਿਵੇਂ ਸਮੁੰਦਰ, ਜੋ ਸਾਨੂੰ ਕਿਨਾਰੇ 'ਤੇ ਖੜ੍ਹਿਆਂ ਨੂੰ ਵੀ ਡਰਾਉਂਦਾ ਹੈ ਤੇ ਇਹ ਹਰ ਰੋਜ਼ ਆਪਣੀ ਰੋਜ਼ੀ-ਰੋਟੀ ਲਈ ਸਮੁੰਦਰ 'ਚ ਮੱਛੀਆਂ ਫੜਨ ਲਈ ਨਿਕਲਦੇ ਹਨ। ਪਤਾ ਨਹੀਂ ਹੁੰਦਾ, ਕਦੋਂ ਸਮੁੰਦਰ ਨੇ ਆਪਣਾ ਵਿਕਰਾਲ ਰੂਪ ਧਾਰਨ ਕਰ ਲੈਣਾ ਤੇ ਕਦ ਜ਼ਿੰਦਗੀ ਦੀ ਡੋਰ ਸਮੁੰਦਰ 'ਚ ਸਮਾਅ ਜਾਣੀ, ਪਰ ਜਿਊਣ ਲਈ ਹਰ ਕੋਈ ਸੰਘਰਸ਼ ਕਰਦਾ ਹੈ, ਜੋ ਸੰਘਰਸ਼ ਕਰਦਾ ਹੈ, ਉਹੀ ਜਿਊਂਦਾ ਹੈ।

ਦੱਖਣ ਭਾਰਤ 'ਚ ਪ੍ਰਮੁੱਖ ਨਦੀਆਂ 'ਚ ਇੱਕ ਪੇਨਾਰ ਜਾਂ ਪੇਨਾ ਨਦੀ, ਜੋ ਪੂਰਬ ਵੱਲ ਵਹਿੰਦੀ ਹੈ। ਇਹ ਨਦੀ ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਵਿਚ ਵਹਿੰਦੀ ਹੋਈ ਉਥੇ ਦੇ ਲੋਕਾਂ ਲਈ ਕਾਫ਼ੀ ਸਹਾਇਕ ਹੈ। ਇਸ ਨਦੀ ਦੀ ਸ਼ੁਰੂਆਤ ਕਰਨਾਟਕ ਸੂਬੇ 'ਚ ਸਥਿਤ ਨੰਦਾਦੁਰਗ ਨਾਂਅ ਦੀਆਂ ਪਹਾੜੀਆਂ ਤੋਂ ਹੁੰਦੀ ਹੈ। ਇਹ ਬਰਸਾਤੀ ਨਦੀ, ਜੋ ਆਪਣੇ ਸਫ਼ਰ ਦੇ ਆਖਰੀ ਪੜਾਅ 'ਚ ਆਂਧਰਾ ਪ੍ਰਦੇਸ਼ ਪਹੁੰਚਦੀ ਹੈ ਤੇ ਫਿਰ ਬੰਗਾਲ ਦੀ ਖਾੜੀ 'ਚ ਵਲੀਨ ਹੋ ਜਾਂਦੀ ਹੈ। ਪੇਨਾਰ ਨਦੀ ਬੰਗਾਲ ਦੀ ਖਾੜੀ ਤੱਕ ਦੀ ਆਪਣੀ ਯਾਤਰਾ 'ਚ 597 ਕਿਲੋਮੀਟਰ ਦਾ ਸਫਰ ਤੈਅ ਕਰਦੀ ਹੈ। ਪੇਨਾ ਨਦੀ ਕਿਨਾਰੇ ਹੀ ਵਸਿਆ ਹੈ ਨੇਲੌਰ ਸ਼ਹਿਰ। ਇਸ ਸ਼ਹਿਰ ਨੂੰ ਝੀਂਗਾ ਮੱਛੀ ਦੀ ਰਾਜਧਾਨੀ ਕਿਹਾ ਜਾਂਦਾ ਹੈ, ਕਿਉਂਕਿ ਇਸ ਮੱਛੀ ਨੂੰ ਇੱਥੇ ਸਭ ਤੋਂ ਜ਼ਿਆਦਾ ਸਮੁੰਦਰ ਅਤੇ ਛੋਟੇ-ਛੋਟੇ ਤਲਾਬਾਂ 'ਚ ਪਾਲਿਆ ਜਾਂਦਾ ਹੈ। ਝੀਂਗਾ ਮੱਛੀ ਦਾ ਕਾਰੋਬਾਰ ਇੱਥੇ ਦੀ ਅਰਥ ਵਿਵਸਥਾ ਲਈ ਮਹੱਤਵਪੂਰਨ ਮੰਨਿਆ ਜਾਂਦਾ ਹੈ।

ਜੇਕਰ ਕੋਈ ਇਸ ਤਰ੍ਹਾਂ ਦੀ ਚੀਜ਼ ਹੈ, ਜਿਸ ਨੇ ਝੀਂਗਾ ਮੱਛੀ ਅਤੇ ਸਮੁੰਦਰੀ ਕਲਚਰ ਤੋਂ ਬਾਅਦ ਨੇਲੌਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਸ਼ਹੂਰ ਕੀਤਾ ਹੈ ਤਾਂ ਉਹ ਹੈ ਸ੍ਰੀ ਸਿਟੀ (ਸੱਤਿਅਵੇਦਰ ਰਿਜ਼ਰਵ ਇਨਫਰਾਸਿਟੀ ਪ੍ਰਾਈਵੇਟ ਲਿਮਟਿਡ), ਜਿਸ ਨੇ ਆਂਧਰਾ ਪ੍ਰਦੇਸ਼ ਦੇ ਨੇਲੌਰ ਨੂੰ ਪੂਰੇ ਵਿਸ਼ਵ 'ਚ ਮਸ਼ਹੂਰ ਕਰ ਦਿੱਤਾ।

ਸਵੇਰ ਦੀ ਸ਼ੁਰੂਆਤ ਢਿੱਲੀ-ਮੱਠੀ ਰੋਜ਼ਮਰ੍ਹਾ ਨਾਲ ਹੋਈ, ਕਿਉਂਕਿ ਟੀਮ ਦੇ ਮੈਂਬਰਾਂ ਨੇ ਸਿਰਫ ਇੱਕ, ਪਰ ਬਹੁਤ ਮਹੱਤਵਪੂਰਨ ਥਾਂ ਦਾ ਦੌਰਾ ਕਰਨਾ ਸੀ। ਇਹ ਜਗ੍ਹਾ ਸੀ, ਸ੍ਰੀ ਸਿਟੀ, ਜੋ ਕਿ ਇੱਕ ਵਿਸ਼ੇਸ਼ ਆਰਥਕ ਜ਼ੋਨ ਵਜੋਂ ਜਾਣਿਆ ਜਾਂਦਾ ਹੈ। ਉੱਥੇ ਪਹੁੰਚਣ ਦੇ ਤੁਰੰਤ ਬਾਅਦ ਪੱਤਰਕਾਰਾਂ ਨੂੰ ਪੀ ਆਰ ਓ ਸ੍ਰੀ ਰਵਿੰਦਰਨਾਥ ਅਤੇ ਏ ਜੀ ਐੱਮ (ਮਾਰਕੀਟਿੰਗ) ਸ੍ਰੀ ਹਰੀ ਨੇ ਸ਼ਹਿਰ ਬਾਰੇ ਜਾਣੂ ਕਰਾਇਆ। ਉਨ੍ਹਾਂ ਸ੍ਰੀ ਸਿਟੀ ਦੇ ਬਾਰੇ ਵਿਸਥਾਰ ਨਾਲ ਦੱਸਿਆ ਕਿ ਕਿਵੇਂ ਇਥੇ ਭਾਰਤ ਸਰਕਾਰ ਦੇ 'ਮੇਕ ਇਨ ਇੰਡੀਆ' ਪ੍ਰੋਗਰਾਮ ਦੇ ਤਹਿਤ ਵੱਖ-ਵੱਖ ਬ੍ਰਾਂਡਾਂ ਦੀਆਂ ਵੱਖ-ਵੱਖ ਨਿਰਮਾਣ ਇਕਾਈਆਂ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਇਥੇ ਮਹਿਲਾਵਾਂ ਦੇ ਸ਼ਕਤੀਕਰਨ ਦੀ ਵੀ ਮਿਸਾਲ ਮਿਲਦੀ ਹੈ। ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਦੀ ਸਰਹੱਦ 'ਤੇ ਸਥਿਤ ਸ੍ਰੀ ਸਿਟੀ 'ਚ ਇਸ ਸਮੇਂ 28 ਦੇਸ਼ਾਂ ਦੀਆਂ 200 ਤੋਂ ਵੱਧ ਕੰਪਨੀਆਂ ਨੇ ਆਪਣੀਆਂ ਬਰਾਂਚਾਂ ਖੋਲ੍ਹੀਆਂ ਹਨ। ਇਨ੍ਹਾਂ 'ਚ ਜਾਪਾਨੀ ਕੰਪਨੀਆਂ ਸਭ ਤੋਂ ਜ਼ਿਆਦਾ ਹਨ। 2008 ਤੋਂ ਪਹਿਲਾਂ ਇਸ ਖੇਤਰ 'ਚ ਡਿਗਰੀ ਕਾਲਜ ਵੀ ਨਹੀਂ ਸੀ, ਹੁਣ ਇੱਥੇ ਤਿੰਨ ਕਾਲਜ, ਤਿੰਨ ਸੀ ਬੀ ਐੱਸ ਈ ਸਕੂਲ ਹਨ। ਐਲਸਟੋਮ ਵੱਲੋਂ ਇੱਥੇ ਮੈਟਰੋ ਕੋਚ ਬਣਾਉਣ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਜੋ ਰੇਲ ਕੋਚ ਚੇਨਈ ਤੋਂ ਲੈ ਕੇ ਦਿੱਲੀ ਤੱਕ ਭੇਜੇ ਜਾ ਰਹੇ ਹਨ। ਕੈਡਬਰੀ ਚਾਕਲੇਟ ਦੀ ਵੀ ਇੱਥੇ ਫੈਕਟਰੀ ਹੈ। 200 ਤੋਂ ਵੱਧ ਆਟੋਮੋਬਾਇਲ ਕੰਪਨੀਆਂ ਇੱਥੇ ਕੰਮ ਕਰ ਰਹੀਆਂ ਹਨ। ਸ੍ਰੀ ਸਿਟੀ 'ਚ ਜਪਾਨ ਦੀ ਕੰਪਨੀ ਇਸੂਯੂ ਨੇ 3500 ਕਰੋੜ ਦਾ ਨਿਵੇਸ ਕੀਤਾ ਹੈ। ਤਾਇਵਾਨ ਦੀ ਫਾਕਸਕਾਨ ਕੰਪਨੀ ਨੇ ਇੱਥੇ ਦੇ ਲੋਕਾਂ ਨੂੰ ਸਭ ਤੋਂ ਵੱਧ ਰੁਜ਼ਗਾਰ ਦਿੱਤਾ ਹੈ। ਫਾਕਸਕਾਨ ਇੱਥੇ ਸ਼ਿਓਮੀ, ਨੋਕੀਆ, ਜੀਓ ਲਈ ਮੋਬਾਇਲ ਫੋਨ ਬਣਾ ਰਹੀ ਹੈ। ਬੈਲਜੀਅਮ ਦੀ ਵਰਮੇਰਿਨ ਕੰਪਨੀ ਇੱਥੇ ਆਧੁਨਿਕ ਵ੍ਹੀਲ ਚੇਅਰ ਬਣਾ ਰਹੀ ਹੈ। ਕੰਪਨੀ ਦੇ ਐੱਮ ਡੀ ਸਈਦ ਰਿਆਜ਼ ਕਾਦਰੀ ਨੇ ਦੱਸਿਆ ਕਿ ਸੱਤ ਸਾਲ ਪਹਿਲਾਂ ਸਥਾਪਤ ਹੋਈ ਕੰਪਨੀ 'ਚ ਹਰ ਸਾਲ 30 ਤੋਂ 40 ਹਜ਼ਾਰ ਵ੍ਹੀਲ ਚੇਅਰਾਂ ਬਣਾਈਆਂ ਜਾ ਰਹੀਆਂ ਹਨ।

ਸ੍ਰੀ ਸਿਟੀ ਵਿੱਚ ਕੁਝ ਬਾਹਰੀ ਇਲਾਕਿਆਂ ਦੇ ਨਾਲ ਨੇੜਲੇ ਪਿੰਡਾਂ 'ਚੋਂ ਕੁੱਲ 50,000 ਕਾਮੇ ਕੰਮ ਕਰ ਰਹੇ ਹਨ, ਜਿਨ੍ਹਾਂ 'ਚ ਅੱਧੀ ਗਿਣਤੀ (25,000) ਮਹਿਲਾ ਕਾਮਿਆਂ ਦੀ ਹੈ। ਇਸ ਤਰ੍ਹਾਂ ਸ੍ਰੀ ਸਿਟੀ ਨੇ ਨਾ ਸਿਰਫ ਪੇਂਡੂਆਂ ਨੂੰ ਮਾਣਮੱਤਾ ਜੀਵਨ ਜਿਊਣ ਲਈ ਰੋਜ਼ੀ-ਰੋਟੀ ਦਾ ਮੌਕਾ ਦਿੱਤਾ ਹੈ, ਸਗੋਂ ਉਨ੍ਹਾਂ ਦਾ ਜੀਵਨ ਪੱਧਰ ਵੀ ਉੱਚਾ ਚੁੱਕਿਆ ਹੈ।

ਸ੍ਰੀ ਕਾਲਹਸਤੀ, ਇੱਕ ਪਵਿੱਤਰ ਨਗਰ ਰਾਤ ਦੀ ਠਾਹਰ ਦਾ ਅੰਤਲਾ ਟਿਕਾਣਾ ਸੀ। ਏ ਪੀ ਟੀ ਡੀ ਸੀ ਨੇ ਇੱਕ ਵਾਰ ਫਿਰ ਵਿਸ਼ੇਸ਼ ਤੌਰ 'ਤੇ ਤਿਆਰ ਰਵਾਇਤੀ ਨਾਸ਼ਤਾ ਅਤੇ ਦੁਪਹਿਰ ਦੇ ਖਾਣੇ ਦੀ ਮੇਜ਼ਬਾਨੀ ਕੀਤੀ, ਜਿਸ ਦੇ ਸੁਆਦ, ਪੌਸ਼ਟਿਕਤਾ ਅਤੇ ਉਥੋਂ ਦੇ ਸਟਾਫ ਦੇ ਪਿਆਰ ਅਤੇ ਆਦਰ-ਮਾਣ ਨੂੰ ਕੋਈ ਵੀ ਕਦੇ ਨਹੀਂ ਭੁੱਲ ਸਕੇਗਾ। ਇਸ ਤੋਂ ਬਾਅਦ ਅਸੀਂ ਇੱਥੋਂ ਦੇ ਪ੍ਰਸਿੱਧ ਮੰਦਰ ਸ੍ਰੀ ਕਾਲਹਸਤੀ ਵੇਖਣ ਚਲੇ ਗਏ।

ਮੰਦਰ ਚਿਤੂਰ ਜ਼ਿਲ੍ਹੇ ਦੇ ਨੇੜੇ ਸ੍ਰੀ ਕਾਲਹਸਤੀ ਨਾਂਅ ਦੇ ਪਿੰਡ 'ਚ ਸਥਿਤ ਹੈ। ਇਸ ਨੂੰ ਦੱਖਣ ਦਾ ਕੈਲਾਸ਼ ਅਤੇ ਕਾਸ਼ੀ ਵੀ ਕਿਹਾ ਜਾਂਦਾ ਹੈ। ਸ੍ਰੀ ਕਾਲਹਸਤੀ ਮੰਦਰ ਸਵਰਨਮੁਖੀ ਨਦੀ ਦੇ ਕਿਨਾਰੇ 'ਤੇ ਹੈ। ਇਸ ਮੰਦਰ ਨੂੰ ਰਾਹੂ-ਕੇਤੂ ਮੰਦਰ ਵੀ ਕਿਹਾ ਜਾਂਦਾ ਹੈ। ਮੰਦਰ ਦਾ ਸਿਖਰ ਦੱਖਣ ਭਾਰਤੀ ਸ਼ੈਲੀ 'ਚ ਬਣਿਆ ਹੈ। ਮੰਦਰ 'ਚ ਤਿੰਨ ਗੋਪੁਰਮ ਹਨ, ਇਸ ਦੇ ਨਾਲ ਹੀ ਸੌ ਥੰਭਿਆਂ ਵਾਲਾ ਮੰਡਪ ਕਲਾ ਦੇ ਨਜ਼ਰੀਏ ਤੋਂ ਹੈਰਾਨ ਕਰਨ ਵਾਲਾ ਹੈ। ਮੰਦਰ ਦੀ ਸਾਲਾਨਾ ਆਮਦਨ 100 ਕਰੋੜ ਤੋਂ ਵੀ ਜ਼ਿਆਦਾ ਹੈ। ਮੰਦਰ ਦੇ ਗਰਭ ਗ੍ਰਹਿ 'ਚੋਂ ਲੰਘਦਿਆਂ ਸਾਡੇ 'ਚੋਂ ਹਰੇਕ ਨੇ ਜੋ ਅੰਦਰੂਨੀ ਸ਼ਾਂਤੀ ਮਹਿਸੂਸ ਕੀਤੀ, ਉਸ ਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ। ਸੈਂਕੜੇ ਸਾਲ ਪੁਰਾਣੇ ਮੰਦਰ ਦੀ ਇਮਾਰਤਸਾਜ਼ੀ ਆਧੁਨਿਕ ਸਮੇਂ ਦੇ ਕਿਸੇ ਵੀ ਇੰਜੀਨੀਅਰਿੰਗ ਅਜੂਬੇ ਤੋਂ ਪਰ੍ਹੇ ਹੈ।

ਸ੍ਰੀ ਕਾਲਹਸਤੀ ਮੰਦਰ ਇਸ ਟੂਰ ਦਾ ਆਖਰੀ ਪੜ੍ਹਾਅ ਸੀ। ਮੋਹਨ ਜੀ ਤੇ ਉਸ ਦੀ ਟੀਮ ਤੋਂ ਸਾਰਿਆਂ ਨੇ ਗਲੇ ਮਿਲ ਕੇ ਵਿਦਾ ਲਈ। ਆਪਣੇ ਕੌੜੇ ਮਿੱਠੇ ਅਨੁਭਵਾਂ, ਵੱਖ-ਵੱਖ ਪਕਵਾਨਾਂ ਤੇ ਸੱਭਿਆਚਾਰ ਦੇ ਸੁਆਦ ਨਾਲ ਭਰਪੂਰ ਆਪਣੇ ਜੱਦੀ ਟਿਕਾਣਿਆਂ ਵੱਲ ਪਰਤਣ ਲਈ ਤਿਰੂਪਤੀ ਹਵਾਈ ਅੱਡੇ ਪਹੁੰਚ ਜਿੱਥੇ ਇੱਕ ਤੋਂ ਦੂਜੇ ਹਵਾਈਆਂ 'ਤੇ ਪਹੁੰਚਦਿਆਂ ਅਸੀਂ ਦੋ ਘੰਟੇ ਦਾ ਸਫ਼ਰ ਪੂਰੀ ਰਾਤ 'ਚ ਤੈਅ ਕੀਤਾ, ਜੋ ਵੱਖਰਾ ਹੀ ਤਜ਼ਰਬਾ ਰਿਹਾ। ਤਿਰੂਪਤੀ ਤੋਂ ਵਾਇਆ ਬੈਂਗਲੁਰੂ ਪੂਨੇ ਪਹੁੰਚੇ ਤੇ ਫਿਰ ਪੂਨੇ ਤੋਂ ਚੰਡੀਗੜ੍ਹ।

(ਸਮਾਪਤ)

ਪੈੜਾਂ

ਮੁਲਾਕਾਤੀ : ਡਾ. ਸੋਨੀਆ

# ਕਵਿਤਾ ਨੇ ਮੇਰੀ ਜ਼ਿੰਦਗੀ 'ਚ ਰਸ ਭਰ ਦਿੱਤਾ

# ਸਲੀਮ ਪਾਸ਼ਾ







ਮਾਂ ਕਿਸੇ ਯੂਨੀਵਰਸਿਟੀ ਤੋਂ ਘੱਟ ਨਹੀਂ ਹੁੰਦੀ—ਸਲੀਮ ਪਾਸ਼ਾ

ਲਹਿੰਦੇ ਪੰਜਾਬ ਦੀ ਧਰਾਤਲ ਨੇ ਬੇਸ਼ੁਮਾਰ ਲੇਖਕਾਂ, ਸਾਹਿਤਕਾਰਾਂ ਨੂੰ ਜਨਮ ਦਿੱਤਾ ਹੈ, ਜਿਹਨਾਂ ਵਿੱਚੋਂ ਸਲੀਮ ਪਾਸ਼ਾ ਚਰਚਿਤ ਪਰਵਾਸੀ ਲੇਖਕ ਹਨ, ਜਿਹਨਾਂ ਨਜ਼ਮ ਤੇ ਨਸਰ ਰਾਹੀਂ ਸਮਾਜਕ, ਆਰਥਕ, ਰਾਜਨੀਤਕ ਪੱਖਾਂ ਦੀ ਬਾਤ ਪਾਉਂਦਿਆਂ 'ਸਭੈ ਸਾਂਝੀਵਾਲ ਸਦਾਇਨ' ਦੇ ਮਹਾਂਵਾਕ ਅਨੁਸਾਰ ਇਸ ਸਮੁੱਚੀ ਲੋਕਾਈ ਨੂੰ ਅਮਨ, ਚੈਨ, ਸ਼ਾਂਤੀ, ਭਾਈਚਾਰਕ ਏਕਤਾ ਨੂੰ ਕਾਇਮ ਰੱਖਣ ਦਾ ਸੁਨੇਹਾ ਵੀ ਦਿੱਤਾ ਹੈ। ਮਰਹੂਮ ਸ਼ਰੀਫ ਕੁੰਜਾਹੀ ਦੀ ਸੰਗਤ ਅਤੇ ਸ਼ਾਇਰੀ ਦਾ ਆਨੰਦ ਮਾਣ ਚੁੱਕੇ ਪਾਸ਼ਾ ਨੇ ਸਾਂਝੇ ਪੰਜਾਬ ਤੋਂ ਵੱਖ ਹੋਣ ਦਾ ਝੋਰਾ ਵੀ ਅੰਦਰੋ-ਅੰਦਰੀ ਹੰਢਾਇਆ ਹੈ।

ਲਹਿੰਦੇ ਪੰਜਾਬ ਵਿੱਚ ਗਜ਼ਲ ਅਤੇ ਪ੍ਰਗੀਤਕ ਕਵਿਤਾ ਨੂੰ ਪਾਠਕਾਂ ਦੁਆਰਾ ਦਿਲੋਂ ਪਿਆਰਿਆ ਗਿਆ ਹੈ। ਲੇਖਕਾਂ ਨੇ ਆਧੁਨਿਕਤਾ ਨਾਲ ਜੱਦੋ-ਜਹਿਦ ਕਰਦੇ ਮਨੁੱਖ ਦੀਆਂ ਤੰਗੀਆਂ-ਤੁਰਸ਼ੀਆਂ, ਤਲਖੀਆਂ, ਬਿਰਹਾ, ਭਟਕਣ, ਇਕੱਲਤਾ ਦੇ ਸੰਤਾਪ ਦੇ ਪੱਖਾਂ ਨੂੰ ਕਾਵਿਕਤਾ ਦਾ ਆਧਾਰ ਬਣਾਇਆ ਹੈ। ਜਿਹਨਾਂ ਵਿਚ ਸਲੀਮ ਪਾਸ਼ਾ ਦਾ ਨਾਂਅ ਮੂਹਰਲੀ ਸਫ਼ ਵਿੱਚ ਆਉਂਦਾ ਹੈ। ਸਲੀਮ ਪਾਸ਼ਾ ਨੇ ਆਪਣੀ ਨਜ਼ਮ ਦੀ ਸਿਰਜਣਾ ਰਾਹੀਂ ਅਜੋਕੇ ਸਮੇਂ ਦੀ ਸੂਰਤ-ਏ-ਹਾਲ ਨੂੰ ਬੌਧਿਕ ਸੂਝ ਰਾਹੀਂ ਪਾਠਕਾਂ ਦੇ ਰੂ-ਬ-ਰੂ ਕਰਕੇ ਨਾਮਣਾ ਖੱਟਿਆ। ਪਿਛਲੇ ਦਿਨੀਂ ਫੋਨ ਉਤੇ ਹੋਈ ਮੁਲਾਕਾਤ ਦੇ ਅੰਸ਼ ਇਸ ਪ੍ਰਕਾਰ ਹਨ :

**? ਸਲੀਮ ਪਾਸ਼ਾ ਜੀ, ਆਪਣੇ ਪਰਵਾਰਕ ਪਿਛੋਕੜ ਬਾਰੇ ਚਾਨਣਾ ਪਾਓ।**

—ਮੇਰਾ ਜਨਮ ਪਾਕਿਸਤਾਨ ਦੇ ਗੁਜਰਾਤ ਸ਼ਹਿਰ ਵਿੱਚ ਹੋਇਆ। ਮੇਰੇ ਵਾਲਿਦਾਨ ਦੇ (ਮਾਤਾ-ਪਿਤਾ) ਅਸੀਂ ਅੱਠ ਧੀਆਂ-ਪੁੱਤਰ ਹਨ। ਮੇਰੇ ਵਾਲਿਦ (ਪਿਤਾ) ਪੇਸ਼ੇ ਵਜੋਂ ਮਜ਼ਦੂਰੀ ਕਰਦੇ ਸਨ।

**? ਵਿੱਦਿਆ ਪ੍ਰਾਪਤੀ ਬਾਰੇ ਚਾਨਣਾ ਪਾਓ।**

—ਮੇਰਾ ਪਰਵਾਰ ਅੱਤ ਦੀ ਗਰੀਬੀ ਵਿਚੋਂ ਗੁਜ਼ਰਿਆ ਸੀ। ਮੇਰੇ ਵਾਲਿਦ ਸਾਹਿਬ ਨੇ ਮੈਨੂੰ ਤੇ ਮੇਰੇ ਵੱਡੇ ਭਰਾ ਨੂੰ ਸਰਕਾਰੀ ਸਕੂਲ ਨੰਬਰ-1 ਗੁਜਰਾਤ ਵਿਖੇ ਪੜ੍ਹਨ ਲਈ ਪਾਇਆ। ਮੇਰੇ ਵੱਡੇ ਭਰਾ ਦੀ ਪੜ੍ਹਾਈ ਵਿਚ ਦਿਲਚਸਪੀ ਨਾ ਹੋਣ ਕਰਕੇ ਸਕੂਲ ਛੱਡ ਦਿੱਤਾ ਸੀ। ਮੈਂ ਵਾਲਿਦਾਨ (ਮਾਪਿਆਂ) ਦੇ ਡਰ ਤੋਂ ਪੜ੍ਹਾਈ ਜਾਰੀ ਰੱਖੀ। ਇਸ ਸਕੂਲ ਤੋਂ ਮੈਟ੍ਰਿਕ ਕਰਨ ਮਗਰੋਂ ਮੈਂ ਕਾਲਜ ਵਿਖੇ ਦਾਖਲਾ ਲੈ ਲਿਆ। 1987 ਵਿਚ ਬੀ ਏ ਦੀ ਪੜ੍ਹਾਈ ਪੂਰੀ ਕੀਤੀ। ਮੈਂ ਹੋਰ ਪੜ੍ਹਨਾ ਚਾਹੁੰਦਾ ਸੀ, ਪਰੰਤੂ ਆਰਥਕ ਮਜਬੂਰੀਆਂ ਕਾਰਨ ਮੈਂ ਨੌਕਰੀ ਲੱਭਣੀ ਸ਼ੁਰੂ ਕੀਤੀ। ਮੈਨੂੰ ਪੇਂਟਿੰਗ ਦਾ ਬਹੁਤ ਸ਼ੌਕ ਹੈ। ਇਸੇ ਚਿਤਰਕਾਰੀ, ਡਿਜ਼ਾਇਨਿੰਗ ਸਦਕਾ ਮੈਨੂੰ ਬੂਟ (ਛੀਰਕਤ) ਦੀ ਕੰਪਨੀ ਵਿਚ ਨੌਕਰੀ ਮਿਲ ਗਈ।

**? ਸ਼ਖ਼ਸੀਅਤ ਉਸਾਰੀ 'ਚ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਬਾਰੇ ਜ਼ਿਕਰ ਕਰੋ।**

—ਹਰੇਕ ਸ਼ਖ਼ਸੀਅਤ ਦੀ ਉਸਾਰੀ ਵਿਚ ਸਭ ਤੋਂ ਪਹਿਲਾ ਹੱਥ ਵਾਲਿਦਾਨ (ਮਾਪਿਆਂ) ਭਾਵ ਰੱਬ ਵਰਗੇ ਮਾਪਿਆਂ ਦਾ ਹੁੰਦਾ ਹੈ। ਮੇਰੀ ਇਸ ਸ਼ਖ਼ਸੀਅਤ ਦੀ ਦੇਣ ਮੇਰੇ ਵਾਲਿਦਾਨ ਦੀ ਹਨ। ਮਾਂ ਇਕ ਯੂਨੀਵਰਸਿਟੀ ਤੋਂ ਘੱਟ ਨਹੀਂ ਹੁੰਦੀ, ਜਿਸ ਦੀ ਕੋਈ ਫੀਸ ਨਹੀਂ ਹੁੰਦੀ। ਮੇਰੇ ਵਾਲਿਦਾਨ ਜ਼ਿਆਦਾ ਤਾਲੀਮ ਯਾਫਤਤ (ਪੜ੍ਹੇ-ਲਿਖੇ) ਨਹੀਂ ਸਨ, ਪਰ ਉਹਨਾਂ ਸਾਨੂੰ ਨੇਕ ਤੇ ਇਮਾਨਦਾਰ ਬਣਾਇਆ। ਹੱਕ-ਸੱਚ ਦੀ ਕਮਾਈ ਕਰਨ ਦਾ ਇਲਮ ਦਿੱਤਾ। ਉਹਨਾ ਦਾ ਸਬਕ ਅੱਜ ਤੱਕ ਯਾਦ ਹੈ। ਜ਼ਿੰਦਗੀ ਇਕ ਵਾਰ ਮਿਲਦੀ ਹੈ, ਇਸ ਵਿਚ ਨੇਕ ਕਮਾਈਆਂ ਕਰਨ ਨਾਲ ਸਾਰੀ ਜ਼ਿੰਦਗੀ ਫਲ ਮਿਲਦੇ ਹਨ।

**? ਤੁਹਾਡੀ ਕਵਿਤਾ ਦਾ ਪਿਛੋਕੜ ਕੀ ਹੈ। ਇਹ ਵਿਰਾਸਤ ਵਿਚ ਮਿਲੀ ਹੈ। ਕਵਿਤਾ ਹਰ ਕੋਈ ਲਿਖ ਸਕਦਾ ਹੈ ਜਾਂ ਕਵਿਤਾ ਕਵੀ ਨੂੰ ਉਤਰਦੀ ਹੈ, ਇਸ ਬਾਰੇ ਵਿਚਾਰ ਸਾਂਝੇ ਕਰੋ।**

—ਇਹ ਕੁਦਰਤ ਦੀ ਦੇਣ ਹੈ। ਇਸ ਉਤੇ ਜਾਤੀ ਤੌਰ 'ਤੇ ਕਿਸੇ ਦਾ ਕੋਈ ਅਧਿਕਾਰ ਨਹੀਂ ਹੈ। ਇਹ ਰੱਬੀ ਇਲਹਾਮ ਇਸੇ ਕਰਕੇ ਹੈ। ਸ਼ਾਇਰ ਸ਼ਾਇਰੀ ਨੂੰ ਇਕੋ ਵੇਲੇ ਬੈਠ ਕੇ ਨਹੀਂ ਤਰਾਸ਼ਦਾ, ਸਗੋਂ ਸ਼ੇਅਰਾਂ ਦਾ ਕੋਈ ਸਮਾਂ ਨਹੀਂ ਹੁੰਦਾ। ਉਹ ਕਿਸੇ ਵੇਲੇ ਵੀ ਮਨ ਦੀਆਂ ਬਰੂਹਾਂ ਵਿੱਚ ਮੰਡਰਾਉਣ ਲੱਗ ਜਾਂਦੇ ਹਨ।

**? ਤੁਹਾਡੀ ਸ਼ਾਇਰੀ ਵਿੱਚ ਇਨਕਲਾਬੀ ਸੁਰ ਦੀ ਪ੍ਰਧਾਨਤਾ ਹੈ। ਇਹ ਸੁਭਾਵਕ ਹੋਇਆ ਜਾਂ ਸੁਚੇਤ ਪੱਧਰ 'ਤੇ ਵਾਪਰਿਆ। ਇਸ ਇਨਕਲਾਬੀ ਸੁਰ ਲਈ ਕਿਨ੍ਹਾਂ ਕਵੀਆਂ ਦਾ ਪ੍ਰਭਾਵ ਤੁਹਾਨੂੰ ਆਪਣੇ 'ਤੇ ਜਾਪਦਾ ਹੈ।**

—ਹਰ ਇਨਸਾਨ ਆਜ਼ਾਦ ਤੇ ਸੁਤੰਤਰ ਪੈਦਾ ਹੁੰਦਾ ਹੈ, ਪਰੰਤੂ ਇਹ ਸਰਮਾਏਦਾਰੀ ਨਿਜ਼ਾਮ ਮਾਨਵ ਨੂੰ ਨੀਵੀਂ ਆਰਥਿਕਤਾ ਨਾਲ ਜੋੜ ਕੇ ਸਮਾਜਕ, ਧਾਰਮਕ, ਰਾਜਨੀਤਕ ਗ਼ੁਲਾਮ ਬਣਾ ਲੈਂਦਾ ਹੈ। ਇਸ ਗੁਲਾਮੀ ਦੀ ਆੜ ਹੇਠ ਮਨੁੱਖ ਆਪਣੇ ਸੁਪਨੇ ਸਮੇਂ ਤੋਂ ਪਹਿਲਾਂ ਹੀ ਵੇਚ ਦਿੰਦਾ ਹੈ। ਇਨਕਲਾਬੀ ਸੋਚ ਉਸ ਇਨਸਾਨ ਦੀ ਹੋ ਸਕਦੀ ਹੈ, ਜੋ ਇਸ ਭ੍ਰਿਸ਼ਟ ਸਿਸਟਮ ਪ੍ਰਤੀ ਬੁਲੰਦ ਆਵਾਜ਼ ਉਠਾਵੇ, ਜਿਸ ਇਨਸਾਨ ਦੀ ਸੋਚ ਗੁਲਾਮ ਹੋ ਜਾਵੇ, ਉਹ ਪਸ਼ੂ ਦੇ ਸਾਮਾਨ ਹੋ ਜਾਂਦਾ ਹੈ। ਮੇਰੀ ਸ਼ਾਇਰੀ ਗ਼ੁਲਾਮ ਜ਼ਹਿਨੀਅਤ ਨੂੰ ਨਕਾਰਦੀ ਹੋਈ ਉਸ ਵਿਚਾਰਧਾਰਾ ਦੀ ਹਾਮੀ ਭਰਦੀ ਹੈ, ਜਿੱਥੇ ਜ਼ੁਲਮ ਹੋਵੇਗਾ, ਗਰੀਬ ਮਜ਼ਲੂਮ ਦਾ ਹੱਕ ਖੋਹਿਆ ਜਾਏਗਾ, ਮੈਂ ਆਪਣੀ ਸਿਰਜਣਾ ਰਾਹੀਂ ਡਟਵਾਂ ਵਿਰੋਧ ਕਰਾਂਗਾ। ਮੇਰੀ ਕਵਿਤਾ ਲਿਤਾੜੇ ਲੋਕਾਂ ਦੇ ਪੱਖ ਵਿੱਚ ਖੜ੍ਹੀ ਹੈ। ਮੇਰਾ ਧਰਮ ਇਨਸਾਨੀਅਤ ਦੀ ਸੇਵਾ ਕਰਨਾ ਹੈ। ਮੇਰੀ ਸ਼ਾਇਰੀ ਦੀ ਪਹਿਲੀ ਕਿਤਾਬ ਦੀ ਪਹਿਲੀ ਨਜ਼ਮ ਵੀ ਇਨਸਾਨੀ ਰਿਸ਼ਤਿਆਂ ਨਾਲ ਸਾਂਝ ਪਾਉਂਦੀ ਬਿਆਨਦੀ ਹੈ—

ਸਭ ਧਰਮਾਂ ਦੀਆਂ ਮੁਕੱਦਸ ਥਾਵਾਂ,
ਇਕੋ ਜਿਹੀਆਂ ਜੀਣ ਜੱਗ ਦੀਆਂ,
ਸਾਰੀਆਂ ਮਾਵਾਂ।

**? ਤੁਹਾਡੀ ਕਵਿਤਾ ਨੇ ਤੁਹਾਡੀ ਰੋਜ਼ਾਨਾ ਜ਼ਿੰਦਗੀ 'ਤੇ ਕੀ ਪ੍ਰਭਾਵ ਪਾਇਆ ਹੈ।**

—ਕਵਿਤਾ ਨੇ ਮੇਰੀ ਜ਼ਿੰਦਗੀ ਵਿੱਚ ਰਸ ਭਰ ਦਿੱਤਾ ਹੈ। ਮੇਰੀ ਕਵਿਤਾ ਮੇਰੇ ਆਲੇ-ਦੁਆਲੇ ਤੋਂ ਉਪਜਦੀ ਹੈ। ਮੈਂ ਰੋਜ਼ਾਨਾ ਦੇ ਕੰਮ ਕਰਦਿਆਂ ਜਾਂ ਫੇਰ ਆਲੇ-ਦੁਆਲੇ ਵਿਚ ਵਿਚਰਦਿਆਂ ਸ਼ਾਇਰੀ ਦਾ ਸਰੂਪ ਸਿਰਜ ਲੈਂਦਾ ਹਾਂ। ਮੈਂ ਜਦੋਂ ਫਿਲਮ ਜਾਂ ਨਾਟਕ ਦੇਖਦਾ ਹਾਂ, ਉਸ ਦੇ ਪਾਤਰਾਂ ਨਾਲ ਕਲਪਨਾਵਾਂ ਵਿਚ ਸੰਵਾਦ ਰਚਾ ਕਵਿਤਾ ਸਿਰਜ ਲੈਂਦਾ ਹਾਂ। ਚਿੱਤਰਕਾਰੀ ਕਰਦਿਆਂ ਕਈ ਵਾਰ ਚਿੱਤਰ ਮਾਨਸਿਕਤਾ ਵਿਚ ਭਾਵ ਪੈਦਾ ਕਰਨ ਲੱਗ ਜਾਂਦੇ ਹਨ। ਇਸ ਦੁਹਰਾਅ ਵਿਚ ਮੈਂ ਚਿਤਰਕਾਰੀ ਦੇ ਨਾਲ ਸ਼ਾਇਰੀ ਦੇ ਭਾਵਾਂ ਨੂੰ ਸਿਰਜ ਲੈਂਦਾ ਹਾਂ। ਮੈਂ ਕਵਿਤਾ ਲਿਖਦਾ ਨਹੀਂ, ਕਵਿਤਾ ਦੇ ਵਿੱਚ ਜਿਉਂਦਾ ਹਾਂ। ਜਿਵੇਂ ਇਨਸਾਨ ਲਈ ਸਾਹ ਲੈਣਾ ਜ਼ਰੂਰੀ ਹੈ, ਮੇਰੇ ਲਈ ਕਵਿਤਾ ਲਿਖਣਾ ਵੀ ਉਨਾ ਹੀ ਜ਼ਰੂਰੀ ਹੈ।

**? ਅਜੋਕੇ ਸਮੇਂ ਵਿੱਚ ਸਾਰੀ ਦੁਨੀਆ ਵਿੱਥਾਂ ਸਮੇਟ ਇਕ ਹੋ ਗਈ ਹੈ, ਪਰੰਤੂ ਇਹ ਨਜ਼ਦੀਕੀਆਂ ਮਨੁੱਖਤਾ ਦਾ ਨੁਕਸਾਨ ਵੀ ਕਰ ਰਹੀਆਂ ਹਨ। ਅਜਿਹੇ ਸਮੇਂ ਵਿਚ ਸਾਹਿਤਕਾਰ, ਲੇਖਕ ਦਾ ਕੀ ਰੋਲ ਹੋਣਾ ਚਾਹੀਦਾ ਹੈ।**

—ਤਕਨੀਕੀ ਦੁਨੀਆ ਸਾਰੇ ਦੁੱਖਾਂ ਦਾ ਮੁਢਲਾ ਕਾਰਨ ਹੈ, ਹਰ ਮੁਲਕ ਰਾਤੋ-ਰਾਤ ਸੰਸਾਰ ਸ਼ਕਤੀ ਬਣਨਾ ਚਾਹੁੰਦਾ ਹੈ। ਇਸ ਅਮੀਰੀ ਤੇ ਦਬਾਅ ਨੂੰ ਪ੍ਰਾਪਤ ਕਰਨ ਹਿੱਤ ਉਹ ਕਿਸੇ ਵੀ ਹੱਦ ਤੱਕ ਭਾਵ ਮਾਨਵੀ ਘਾਣ ਕਰਨ ਤੱਕ ਜਾ ਸਕਦਾ ਹੈ ਤੇ ਜਾ ਵੀ ਰਿਹਾ ਹੈ। ਉਸ ਲਈ ਮਾਨਵੀ ਜੀਵਨ ਮਾਇਨੇ ਨਾ ਰੱਖ ਕੇ ਆਪਣੀ ਐਟਮੀ ਸ਼ਕਤੀ ਨੂੰ ਸੰਸਾਰ ਪੱਧਰ 'ਤੇ ਪੇਸ਼ ਕਰਨਾ ਜ਼ਰੂਰੀ ਹੈ। ਇਹਨਾਂ ਸੰਤਾਪੇ ਸਮਿਆਂ ਵਿਚ ਲੇਖਕ ਦਾ ਰੋਲ ਸਜੱਗ ਹੋ ਜਾਂਦਾ ਹੈ। ਉਹ ਅਮਾਨਵੀ ਧਿਰਾਂ ਨੂੰ ਬੇਬਾਕ ਹੋ ਨੰਗੇਜ ਕਰੇ ਤੇ ਮਾਨਵਤਾ ਨੂੰ ਜਾਗਰੂਕ ਹਿੱਤ ਕਰਨ ਲਈ ਸਾਹਿਤ ਰਚੇ। ਸਾਹਿਤ ਰਚਣ ਦੇ ਨਾਲ-ਨਾਲ ਜੇਕਰ ਆਰਥਕ ਪੱਖੋਂ ਠੀਕ ਹੈ ਤਾਂ ਗਰੀਬ ਲੋੜਵੰਦਾਂ ਦੀ ਸਹਾਇਤਾ ਕਰਨ ਤੋਂ ਵੀ ਗੁਰੇਜ਼ ਨਾ ਕਰੇ।

**? ਕਵਿਤਾ ਲਿਖਦੇ-ਲਿਖਦੇ ਰੰਗਾਂ ਦੀ ਦੁਨੀਆ ਵਿੱਚ ਪਹੁੰਚ ਜਾਂਦੇ ਹੋ, ਕਿਵੇਂ ਰੰਗਾਂ ਦੀ ਦੁਨੀਆ ਸ਼ਬਦਾਂ ਦੀ ਦੁਨੀਆ ਵੱਲ ਲੈ ਮੁੜੀ।**

—ਮੈਂ ਡਰਾਇੰਗ ਦਾ ਸ਼ੈਦਾਈ ਸੀ, ਹਰ ਵੇਲੇ ਧਰਤੀ, ਕੰਧਾਂ 'ਤੇ ਉਂਗਲਾਂ ਨਾਲ ਕਿਸੇ ਨਾ ਕਿਸੇ ਕਲਾ-ਕ੍ਰਿਤੀ ਨੂੰ ਕਲਪਨਾ ਵਿਚ ਉੱਕਰਦਾ ਰਹਿੰਦਾ ਸੀ। ਜਦੋਂ ਕਦੇ ਪੈਨਸਿਲ ਮਿਲ ਜਾਂਦੀ, ਕੰਧਾਂ 'ਤੇ ਲੀਕਾਂ ਵਾਹੁਣਾ ਜਾਂ ਕਾਰਟੂਨ ਵੀ ਬਣਾਉਣ ਲੱਗ ਪੈਂਦਾ ਸੀ। ਮੇਰੇ ਰੰਗ ਮੇਰੇ ਅੰਦਰਲੇ ਜਟਿਲ ਤੇ ਸੂਖਮ ਭਾਵਾਂ ਨੂੰ ਬਿਆਨ ਨਹੀਂ ਕਰ ਸਕਦੇ ਸਨ। ਉਹਨਾਂ ਭਾਵਾਂ ਨੂੰ ਕਾਵਿਕ ਧਰਾਤਲ 'ਤੇ ਉਲੀਕਣ ਲਈ ਮੈਨੂੰ ਰੰਗਾਂ ਤੋਂ ਸ਼ਬਦ ਸਿਰਜਣਾ ਦੇ ਧਰਾਤਲ 'ਤੇ ਉਤਰਨਾ ਪਿਆ। ਮੇਰੇ ਤੋਂ ਇਲਾਵਾ ਮੇਰੀਆਂ ਬੇਟੀਆਂ ਮੇਰੇ ਨਕਸ਼ੇ ਕਦਮ 'ਤੇ ਚੱਲ ਰਹੀਆਂ ਹਨ। ਮੈਂ ਪੇਂਟਿੰਗ ਤੋਂ ਕਵੀ ਹੋਣ ਤੱਕ ਦਾ ਸਫਰ ਉਵੇਂ ਤਹਿ ਕੀਤਾ ਹੈ, ਜਿਵੇਂ ਕਿਸੇ ਵੇਲੇ ਇਮਰੋਜ਼ ਸਾਹਿਬ ਨੇ ਆਪਣੀ ਚਿੱਤਰਕਾਰੀ ਰਾਹੀਂ ਅੰਮ੍ਰਿਤਾ ਪ੍ਰੀਤਮ ਦੇ ਕਵਿੱਤਰੀ ਹੋਣ ਦੇ ਸਫ਼ਰ ਨੂੰ ਬਾਖ਼ੂਬੀ ਬਿਆਨਿਆ ਹੈ, ਪਰ ਸਾਡੇ ਸਮਾਜ ਵਿਚ ਜੋ ਕਲਾ ਦਾ ਮੁੱਲ ਪੈਣਾ ਚਾਹੀਦਾ ਹੈ, ਉਹ ਨਹੀਂ ਪਾਇਆ ਜਾਂਦਾ । ਕਲਾ ਕੁਝ ਬੁਰਜੂਆਂ ਸ਼੍ਰੇਣੀ ਦੇ ਹਿਮਾਕਤੀਆਂ ਦੀ ਸੋਸ਼ੇਬਾਜ਼ੀ ਬਣ ਕੇ ਰਹਿ ਗਈ ਹੈ।

**? ਲਹਿੰਦੇ ਪੰਜਾਬ ਵਿਚ ਭਾਰਤੀ ਪੰਜਾਬ ਦੀ ਤਰ੍ਹਾਂ ਹਾਲਾਤ ਵਧੇਰੇ ਸੁਖਾਵੇਂ ਨਹੀਂ। ਇਸ ਲਈ ਰਾਜਨੀਤਕ ਧਿਰਾਂ ਜ਼ਿੰਮੇਵਾਰ ਹਨ। ਇਸ ਬਾਰੇ ਪਾਠਕ ਵਰਗ ਨੂੰ ਸੁਚੇਤ ਕਰਨ ਹਿੱਤ ਕੀ ਕਹੋਗੇ।**

—ਦੋਵੇਂ ਦੇਸ਼ ਪ੍ਰਮਾਣੂ ਸ਼ਕਤੀ ਰਾਹੀਂ ਰਾਜਨੀਤਕ ਦਬਾਅ ਅਧੀਨ ਇਕ-ਦੂਜੇ ਨੂੰ ਨੀਵਾਂ ਦਿਖਾਉਣ ਲਈ ਹਮੇਸ਼ਾ ਤਤਪਰ ਰਹਿੰਦੇ ਹਨ, ਜੰਗ ਦਾ ਮਾਹੌਲ ਬਣਾਈ ਰੱਖਦੇ ਹਨ। ਆਵਾਮ ਦੇ ਮਨਾਂ ਵਿੱਚ ਪਿਆਰ ਦੀ ਥਾਂ ਨਫ਼ਰਤ ਦੀ ਤਵੱਕੋ ਭਰਦੇ ਰਹਿੰਦੇ ਹਨ, ਪਰ ਮਾਨਵਤਾ ਦਾ ਧਰਮ ਨਿਭਾਉਂਦਿਆਂ ਮੈਂ ਲੇਖਕ ਹੋਣ ਦੇ ਨਾਤੇ ਅਮਨ, ਪਿਆਰ, ਮੁਹੱਬਤ, ਸਾਂਝ ਨੂੰ ਲੋਚਦਾ ਹਾਂ। ਮੈਂ ਕੁਰਾਨ ਦਾ ਵਾਸਤਾ ਪਾਉਂਦਿਆਂ ਇਹਨਾਂ ਸਮਾਜ ਦੋਖੀਆਂ ਨੂੰ ਨਿੰਦਦਾ ਹਾਂ ਤੇ ਦਾਨਿਸ਼ਵਰ ਲੋਕਾਂ ਨੂੰ ਅਪੀਲ ਕਰਦਾ ਹੈ ਕਿ ਇਹਨਾਂ ਸਮੇਂ ਦੇ ਅਲੰਬਰਦਾਰਾਂ ਨੂੰ ਮਾਨਵਤਾ ਪ੍ਰਤੀ ਚੰਗੀ ਸੋਚ ਰੱਖਣ ਲਈ ਪ੍ਰੇਰਿਤ ਕਰਨ। ਮੈਂ ਸਮੁੱਚੀ ਲੋਕਾਈ ਨੂੰ ਵਾਤਾਵਰਨ ਦੀ ਸੰਭਾਲ ਕਰਨ ਲਈ ਜਾਗਰੂਕ ਕਰਨ ਹਿੱਤ ਯਤਨਸ਼ੀਲ ਵੀ ਹਾਂ।

**? ਕੈਨੇਡਾ ਦੀ ਧਰਾਤਲ 'ਤੇ ਰਹਿੰਦਿਆਂ ਪੱਛਮੀ ਪੰਜਾਬ ਦੀਆਂ ਕਿਨ੍ਹਾਂ ਸਾਂਝਾਂ ਨੂੰ ਅੱਜ ਵੀ ਯਾਦ ਕਰਦੇ ਹੋ। ਕੀ ਵੱਖਰਤਾ ਹੈ ਸਾਡੇ ਧਰਾਤਲ ਤੇ ਪ੍ਰਵਾਸ ਦੀਆਂ ਰਹਿਗੁਜਰਾਂ ਵਿੱਚ।**

— ਜਨਮ ਭੋਇੰ ਦਾ ਮਨੁੱਖ ਨਾਲ ਰਿਸ਼ਤਾ ਨਹੁੰ-ਮਾਸ ਦਾ ਹੁੰਦਾ ਹੈ। ਮਨੁੱਖ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਕਿਉਂ ਨਾ ਚਲਾ ਜਾਵੇ, ਪਰੰਤੂ ਉਹ ਆਪਣੀ ਜਨਮ ਭੂਮੀ ਨੂੰ ਕਦੇ ਨਹੀਂ ਵਿਸਾਰ ਸਕਦਾ। ਮੇਰੇ ਮਨ ਦੀਆਂ ਸਿਮਰਤੀਆਂ ਵਿੱਚ ਅੱਜ ਵੀ ਪਾਕਿਸਤਾਨੀ ਪੰਜਾਬ ਦਾ ਮੋਹ ਹੁਲਾਰੇ ਦਿੰਦਾ ਰਹਿੰਦਾ ਹੈ। ਕਈ ਵਾਰ ਵਾਲਦਾਇਨ ਤੇ ਮਿੱਤਰਾਂ-ਪਿਆਰਿਆਂ ਨਾਲ ਬਿਤਾਇਆ ਸਮਾਂ ਮੇਰੇ ਮਨ ਨੂੰ ਭਾਵੁਕ ਕਰ ਜਾਂਦਾ ਹੈ। ਮਨ ਤੀਬਰ ਹੋ ਆਪਣੇ ਮੁਲਕ ਨੂੰ ਜਾਣ ਦੀ ਜ਼ਿਦ ਵੀ ਕਰਨ ਲੱਗ ਪੈਂਦਾ ਹੈ ਤੇ ਅੱਖਾਂ ਦੇ ਕੋਏ ਵਗਣ ਲੱਗ ਜਾਂਦੇ ਹਨ। ਆਪਣੇ ਆਪ ਨੂੰ ਸੰਭਾਲਣਾ ਔਖਾ ਹੋ ਜਾਂਦਾ ਹੈ। ਬੇਸ਼ੱਕ ਕੈਨੇਡਾ ਦੀ ਧਰਤੀ ਵਿਚ ਜ਼ਿੰਦਗੀ ਜੀਵਣ ਦੀਆਂ ਸਾਰੀਆਂ ਸਹੂਲਤਾਂ ਹਨ, ਪਰ ਸੱਭਿਆਚਾਰ ਤੋਂ ਟੁੱਟਣ ਦਾ ਖਮਿਆਜ਼ਾ ਕਦੇ ਭਰਿਆ ਨਹੀਂ ਜਾ ਸਕਦਾ। ਮੇਰੇ ਜ਼ਿਹਨ ਵਿਚ ਲਹਿੰਦੇ ਪੰਜਾਬ ਵਿਚ ਬਤਾਇਆ ਸਮਾਂ ਕਿਸੇ ਮਸਜਿਦ ਵਿੱਚ ਕੀਤੀ ਅਜ਼ਾਨ ਤੋਂ ਘੱਟ ਨਹੀਂ।

**? ਪੰਜਾਬੀ ਬੋਲੀ ਦੇ ਵਿਕਾਸ ਲਈ ਜੋ ਕਾਨਫਰੰਸਾਂ/ ਸੈਮੀਨਾਰ ਅੰਤਰ-ਰਾਸ਼ਟਰੀ ਪੱਧਰ 'ਤੇ ਹੋ ਰਹੇ ਹਨ ਕੀ ਉਹ ਆਪਣੇ ਨਜ਼ਦੀਕੀ ਲੇਖਕਾਂ ਨੂੰ ਸੱਦਣ ਲਈ ਜਾਂ ਸੱਚਮੁੱਚ ਵਿਕਾਸ ਹਿੱਤ ਉਲੀਕੇ ਜਾਂਦੇ ਹਨ।**

—ਕਾਨਫਰੰਸਾਂ ਜਾਂ ਸੈਮੀਨਾਰਾਂ ਵਿੱਚ ਪੰਜਾਬੀ ਬੋਲੀ ਦਾ ਵਿਕਾਸ ਨਹੀਂ ਹੋ ਰਿਹਾ। ਇਹਨਾਂ ਕਾਨਫਰੰਸਾਂ ਵਿਚ ਪੜ੍ਹਨ ਵਾਲੇ ਪੇਪਰਾਂ ਨੂੰ ਕੂੜੇਦਾਨਾਂ ਵਿੱਚ ਸੁੱਟ ਦਿੱਤਾ ਜਾਂਦਾ ਹੈ। ਇਹਨਾਂ ਪੇਪਰਾਂ ਵਿਚ ਉਠਾਏ ਗਏ ਸਵਾਲਾਂ ਦਾ ਮੁਲਾਂਕਣ ਨਹੀਂ ਕੀਤਾ ਜਾਂਦਾ, ਨਾ ਹੀ ਸੰਜੀਦਗੀ ਨਾਲ ਵਿਚਾਰਿਆ ਜਾਂਦਾ ਹੈ। ਕਾਨਫਰੰਸਾਂ ਵਿਚ ਕੇਵਲ ਯੂਨੀਵਰਸਿਟੀ ਜਾਂ ਸਰਕਾਰੀ ਪੋਸਟਾਂ 'ਤੇ ਲੱਗੇ ਪ੍ਰੋਫੈਸਰ ਸਾਹਿਬਾਨ ਨੂੰ ਬੁਲਾ ਕੇ ਮੌਜ-ਮਸਤੀ ਕਰਵਾ ਕੇ ਵਾਪਸ ਭੇਜ ਦਿੱਤਾ ਜਾਂਦਾ ਹੈ, ਪਰ ਪੰਜਾਬੀ ਬੋਲੀ ਦੇ ਵਿਕਾਸ ਦੇ ਨਾਤੇ ਭਰਮ ਸਿਰਜਿਆ ਜਾਂਦਾ ਹੈ।

**? ਤੁਹਾਡਾ ਬਹੁਤ ਧੰਨਵਾਦ, ਤੁਸੀਂ ਮੁਲਾਕਾਤ ਲਈ ਸਮਾ ਦਿੱਤਾ, ਪਾਠਕ ਵਰਗ ਨੂੰ ਕੁਝ ਕਹਿਣਾ ਚਾਹੋਗੇ।**

—ਬਹੁਤ-ਬਹੁਤ ਧੰਨਵਾਦ! ਤੁਸੀਂ ਮੇਰੀ ਮੁਲਾਕਾਤ ਕਰ ਪਾਕਿਸਤਾਨੀ ਅਵਾਮ ਦੇ ਨਾਲ ਹਿੰਦੁਸਤਾਨੀ ਆਵਾਮ ਨੂੰ ਮੇਰੇ ਚਿੱਤਰਕਾਰੀ ਤੇ ਸ਼ਾਇਰੀ ਦੇ ਸੂਖਮ ਪੱਖਾਂ ਬਾਰੇ ਜਾਣੂ ਕਰਵਾਇਆ। ਮੈਂ ਸਮੁੱਚੇ ਆਵਾਮ ਲਈ ਅਮਨ-ਸ਼ਾਂਤੀ ਦੀ ਤਵੱਜੋ ਕਰਦਾ ਹਾਂ। ਇਮਰੋਜ਼ ਦੀ ਕਵਿਤਾ ਦੀਆਂ ਦੋ ਲਾਈਨਾਂ ਨਾਲ ਆਪਣੀ ਆਵਾਜ਼ ਨੂੰ ਵਿਰਾਮ ਦਿੰਦਾ ਹਾਂ—

ਹੱਥ ਵਿਚ ਫੜਿਆ ਹੋਇਆ ਫੁੱਲ ਚੁੱਪ ਰਹਿ ਕੇ ਕਹਿੰਦਾ
ਮੈਂ ਅਮਨ ਲਈ ਹਾਂ
ਹੱਥ ਵਿਚ ਫੜੀ ਹੋਈ ਤਲਵਾਰ
ਬੋਲ ਕੇ ਵੀ ਨਹੀਂ ਕਹਿ ਸਕਦੀ
ਮੈਂ ਅਮਨ ਲਈ ਹਾਂ।

ਗਿਆਨ ਸੈਦਪੁਰੀ

# ਦਿੱਲੀ ਤੋਂ ਚੇਨਈ

ਕੁਲ ਹਿੰਦ ਦਲਿਤ ਅਧਿਕਾਰ ਅੰਦੋਲਨ ਦੀ ਔਰੰਗਾਬਾਦ (ਮਹਾਰਾਸ਼ਟਰ) ਵਿੱਚ ਹੋਈ ਕੌਮੀ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਅਸੀਂ ਤਾਮਿਲਨਾਡੂ ਐਕਸਪ੍ਰੈਸ 'ਤੇ ਚੇਨਈ ਲਈ ਚੱਲਣਾ ਸੀ। ਅਸੀਂ ਇੱਕ-ਦੂਸਰੇ ਦਾ ਹਾਲ-ਚਾਲ ਪੁੱਛਣ ਉਪਰੰਤ ਚਾਹ ਪੀਣ ਲਈ ਕੋਈ ਰੇਹੜੀ ਲੱਭ ਰਹੇ ਸਾਂ। ਏਨੇ ਨੂੰ ਤਾਮਿਲਨਾਡੂ ਐਕਸਪ੍ਰੈਸ ਪਲੇਟ ਫਾਰਮ 'ਤੇ ਟਰੇਨ ਆਣ ਲੱਗੀ। ਚਾਹ ਪੀ ਕੇ ਅਸੀਂ ਟਰੇਨ ਵਿੱਚ ਸਵਾਰ ਹੋ ਗਏ। ਗੱਡੀ ਵਿੱਚ ਬੈਠਿਆਂ ਹਜੋਕਾ ਜਿਹਾ ਲੱਗਾ ਇਹ ਟਰੇਨ ਦੇ ਤੁਰਨ ਦਾ ਸੰਕੇਤ ਸੀ। ਅਸੀਂ ਦੇਖਿਆ ਕਿ ਰਾਤ ਦੇ 9 ਵੱਜ ਕੇ ਪੰਜ ਮਿੰਟ ਹੋ ਗਏ ਹਨ। ਕੁਝ ਦੇਰ ਅਸੀਂ ਗੱਲਾਂ ਕੀਤੀਆਂ, ਜਲਦੀ ਹੀ ਨੀਂਦ ਆ ਗਈ।

ਪੇਠਾ ਵੇਚਣ ਵਾਲੇ ਦੀ ਆਵਾਜ਼ ਨਾਲ ਜਾਗ ਖੁੱਲ੍ਹੀ ਤਾਂ ਗੱਡੀ ਝਾਂਸੀ ਦੇ ਰੇਲਵੇ ਸਟੇਸ਼ਨ 'ਤੇ ਰੁਕੀ ਹੋਈ ਸੀ ਤੇ ਸਮਾਂ ਤੜਕੇ ਚਾਰ ਵਜੇ ਦਾ। ਥੋੜ੍ਹੀ ਦੇਰ ਬਾਅਦ ਫਿਰ ਅੱਖ ਲੱਗ ਗਈ। ਦੁਬਾਰਾ ਜਾਗਿਆ ਤਾਂ 6 ਵੱਜ ਚੁੱਕੇ ਸਨ। 'ਗਰਮ ਚਾਏ' ਦੀਆਂ ਆਵਾਜ਼ਾਂ ਕੰਨੀਂ ਪੈਣ ਲੱਗੀਆਂ। ਕਾਮਰੇਡ ਗੁਲਜ਼ਾਰ ਗੋਰੀਆ ਨੇ ਚਾਹ ਦਾ ਆਰਡਰ ਦੇ ਦਿੱਤਾ। ਚਾਹ ਦੀਆਂ ਚੁਸਕੀਆਂ ਦੌਰਾਨ ਗੋਰੀਆ ਨੇ ਦੱਸਿਆ ਕਿ ਹੁਣ ਅਸੀਂ ਮੱਧ ਪ੍ਰਦੇਸ਼ ਵਿੱਚ ਦੀ ਜਾ ਰਹੇ ਹਾਂ। ਸਾਡੀਆਂ ਨਜ਼ਰਾਂ ਬਾਹਰ ਦਾ ਮਾਹੌਲ ਦੇਖਣ ਲੱਗੀਆਂ। ਇਲਾਕਾ ਪਥਰੀਲਾ ਹੈ ਤੇ ਫਸਲਾਂ ਮਰੀਅਲ ਜਿਹੀਆਂ। ਇਸੇ ਦੌਰਾਨ ਮੱਧ ਪ੍ਰਦੇਸ਼ ਦੇ ਡਾਕੂਆਂ ਦੀਆਂ ਗੱਲਾਂ ਦਾ ਸਿਲਸਿਲਾ ਨਾਨਕ ਚੰਦ ਬਾਜਾਜ ਨੇ ਸ਼ੁਰੂ ਕੀਤਾ ਅਤੇ ਸੰਤੋਖ ਸਿੰਘ ਸੰਘੇੜਾ ਨੇ ਗੱਲ ਹੋਰ ਪਾਸੇ ਮੋੜ ਲਈ। ਮੱਧ ਪ੍ਰਦੇਸ਼ ਤੋਂ ਪੰਜਾਬ ਪਹੁੰਚਦੀ ਆਰਗੈਨਿਕ ਕਣਕ ਦੀ ਗੱਲ ਚੱਲ ਰਹੀ ਸੀ, ਜਦ ਨੂੰ ਭੋਪਾਲ ਦਾ ਰੇਲਵੇ ਸਟੇਸ਼ਨ ਆ ਗਿਆ। ਭੋਪਾਲ ਮੱਧ ਪ੍ਰਦੇਸ਼ ਦੀ ਰਾਜਧਾਨੀ ਹੈ। ਕਿਸੇ ਸਾਥੀ ਨੇ ਭੋਪਾਲ ਗੈਸ ਕਾਂਡ ਦੇ ਦੁਖਾਂਤ ਦੇ ਹਵਾਲੇ ਨਾਲ ਵਿਦੇਸ਼ੀ ਕੰਪਨੀਆਂ ਦੀ ਲੁੱਟ ਦੀ ਗੱਲ ਛੋਹ ਲਈ। ਇੱਥੇ ਅੱਧਾ ਘੰਟਾ ਗੱਡੀ ਰੁਕੀ ਰਹੀ। ਟਰੇਨ ਨਰਮਦਾ ਨਦੀ ਦੇ ਪੁਲ ਉਪਰੋਂ ਗੁਜ਼ਰੀ ਤਾਂ ਪੰਜਾਬ ਵਿੱਚ ਵਹਿੰਦੇ ਦਰਿਆਵਾਂ ਦੇ ਗੰਦੇ ਹੋ ਰਹੇ ਪਾਣੀਆਂ ਦੀ ਨਰਮਦਾ ਨਾਲ ਤੁਲਨਾ ਹੋਣ ਲੱਗੀ।

ਦੁਪਹਿਰ ਦੇ ਇੱਕ ਵਜੇ ਟਰੇਨ ਨਾਗਪੁਰ ਦੇ ਸਟੇਸ਼ਨ 'ਤੇ ਰੁਕੀ। ਇੱਥੋਂ ਸਾਡੇ ਗਰੁੱਪ ਵਿੱਚ ਸਾਥੀ ਸ਼ਿਵ ਕੁਮਾਰ ਗਨਵੀਰ ਸ਼ਾਮਲ ਹੋ ਗਿਆ। ਚੇਨਈ ਵਿੱਚ ਹੋਣ ਜਾ ਰਹੀ ਮੀਟਿੰਗ ਦੀ ਚਰਚਾ ਸ਼ੁਰੂ ਹੋ ਗਈ।

ਇਸੇ ਦੌਰਾਨ ਸਾਡੇ ਵਾਲੇ ਡੱਬੇ ਵਿੱਚ ਢੋਲਕੀ ਦੀ ਥਪਥਪਰਾਟ 'ਤੇ ਗਾਉਣ ਦੀ ਆਵਾਜ਼ ਨੇ ਸਾਡਾ ਧਿਆਨ ਖਿੱਚਿਆ। ਗਾਉਣ ਵਾਲੀ ਇਸ ਟੋਲੀ ਵਿੱਚ ਮਰਦ, ਔਰਤਾਂ ਤੇ ਬੱਚੇ ਸ਼ਾਮਲ ਸਨ। ਪੁੱਛਣ 'ਤੇ ਪਤਾ ਲੱਗਾ ਕਿ ਇਹ ਲੋਕ ਈਸਾਈ ਪ੍ਰਚਾਰਕ ਸਵਾਮੀ ਦਾਸ ਦੀ ਅਗਵਾਈ ਵਿੱਚ ਇੰਡੀਅਨ ਮਿਸ਼ਨਰੀ ਸੁਸਾਇਟੀ ਦੇ ਸੱਦੇ 'ਤੇ ਕੰਨਿਆ ਕੁਮਾਰੀ ਜਾ ਰਹੇ ਹਨ। ਉੱਥੇ ਇਹ ਲੋਕ ਪੂਰਾ ਇੱਕ ਮਹੀਨਾ ਰਹਿਣਗੇ ਤੇ ਵੱਖ-ਵੱਖ ਈਸਾਈ ਸਮਾਗਮਾਂ ਵਿੱਚ ਹਿੱਸਾ ਲੈਣਗੇ। ਇਸੇ ਵੇਲੇ ਮੇਰੇ ਚੇਤਿਆਂ 'ਚ ਜਲੰਧਰ ਨੇੜਲੇ ਖਾਂਬਰੇ ਵਾਲੇ ਚਰਚ ਦੀਆਂ ਸਰਗਰਮੀਆਂ ਉੱਭਰ ਆਈਆਂ।

ਏਨੇ ਨੂੰ ਛੇ ਵੱਜ ਗਏ। ਗਰਮੀ ਤੋਂ ਕੁਝ ਰਾਹਤ ਮਿਲੀ। ਯਾਤਰੀਆਂ ਦੇ ਚਿਹਰੇ ਕੁਝ ਟਹਿਕਣ ਲੱਗੇ। ਗੱਡੀ ਇੱਕ ਹੋਰ ਦਰਿਆ ਦੇ ਪੁਲ ਉਤੋਂ ਗੁਜ਼ਰੀ, ਪਰ ਇਸ ਦਰਿਆ ਦਾ ਨਾਂਅ-ਪਤਾ ਨਹੀਂ ਲੱਗ ਸਕਿਆ। ਕੁਝ ਦੇਰ ਬਾਅਦ ਵਾਰੰਗਲ ਦਾ ਰੇਲਵੇ ਸਟੇਸ਼ਨ ਆ ਗਿਆ। ਦੇਰ ਰਾਤ ਤੱਕ ਚੇਨਈ ਵਿੱਚ ਹੋਣ ਵਾਲੀ ਮੀਟਿੰਗ ਸੰਬੰਧੀ ਚਰਚਾ ਹੁੰਦੀ ਰਹੀ। ਪਤਾ ਨਹੀਂ ਕਿਹੜੇ ਵੇਲੇ ਨੀਂਦ ਨੇ ਘੇਰ ਲਿਆ।

ਟਰੇਨ ਦੇ ਸਫਰ ਦੇ ਤੀਸਰੇ ਦਿਨ ਸਵੇਰੇ 5 ਵਜੇ ਜਾਗ ਖੁੱਲ੍ਹ ਗਈ। ਇਨੌਰ ਸਟੇਸ਼ਨ ਆਉਂਦਿਆਂ ਹੀ ਐੱਮ.ਜੀ.ਆਰ ਰੇਲਵੇ ਸਟੇਸ਼ਨ ਚੇਨਈ ਉਤਰਨ ਵਾਲੀਆਂ ਸਵਾਰੀਆਂ ਨੇ ਉਤਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ। ਅਸਮਾਨ ਛੋਂਹਦੀਆਂ ਇਮਾਰਤਾਂ ਨਜ਼ਰ ਆਉਣ ਲੱਗੀਆਂ। ਸਵਾ ਛੇ ਵਜੇ ਟਰੇਨ ਐੱਮ.ਜੀ.ਆਰ ਰੇਲਵੇ ਸਟੇਸ਼ਨ 'ਤੇ ਜਾ ਰੁਕੀ। ਫੋਨ ਰਾਹੀਂ ਅਸੀਂ ਸਥਾਨਕ ਸਾਥੀਆਂ ਨਾਲ ਸੰਪਰਕ ਵਿੱਚ ਸਾਂ। ਰੇਲਵੇ ਸਟੇਸ਼ਨ ਤੋਂ ਬਾਹਰ ਆਏ ਤਾਂ ਲਾਲ ਝੰਡੇ ਵਾਲੇ ਆਟੋ ਦਿਸ ਪਏ। ਅਸੀਂ ਸੱਤ ਜਣੇ ਦੋ ਆਟੋਆਂ 'ਤੇ ਸਵਾਰ ਹੋ ਕੇ ਵੀਹ ਕੁ ਮਿੰਟਾਂ ਵਿੱਚ ਆਈ.ਸੀ.ਐੱਸ.ਏ ਪ੍ਰੋਗਰਾਮ ਸੈਂਟਰ ਪਹੁੰਚ ਗਏ, ਜਿੱਥੇ ਪ੍ਰਬੰਧਕਾਂ ਨੇ ਰਿਹਾਇਸ਼ ਦਾ ਪ੍ਰਬੰਧ ਕੀਤਾ ਹੋਇਆ ਸੀ। ਇੱਥੇ ਦਲਿਤ ਅਧਿਕਾਰ ਅੰਦੋਲਨ ਦੀ ਕੌਮੀ ਕਮੇਟੀ ਦੇ ਕੁਝ ਮੈਂਬਰ ਮੌਜੂਦ ਸਨ। ਉਨ੍ਹਾਂ ਨੇ ਸਾਡਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਦੱਸਿਆ ਗਿਆ ਕਿ ਰਿਹਾਇਸ਼ ਦੌਰਾਨ ਕਿਸੇ ਕਿਸਮ ਦੀ ਮੁਸ਼ਕਲ ਆਵੇ ਤਾਂ ਕੁਮਾਰ ਨਾਂਅ ਦੇ ਨੌਜਵਾਨ ਨੂੰ ਦੱਸਿਆ ਜਾਵੇ। ਭਾਵੇਂ ਕੇਰਲਾ, ਕਰਨਾਟਕ ਜਾਂ ਹੋਰ ਕਿਸੇ ਵੀ ਦੱਖਣੀ ਸੂਬੇ ਵਿੱਚ ਚਲੇ ਜਾਓ, ਭਾਸ਼ਾ ਦੀ ਸਮੱਸਿਆ ਹਰ ਥਾਂ ਆਉਂਦੀ ਹੈ। ਦੱਖਣ ਭਾਰਤ ਦੇ ਲੋਕ ਭਾਸ਼ਾ ਦੇ ਮਸਲੇ ਵਿੱਚ ਇੱਕ ਤਰ੍ਹਾਂ ਕੱਟੜ ਹੀ ਹਨ। ਉਹ ਅੰਗਰੇਜ਼ੀ ਤਾਂ ਬੋਲ ਲੈਂਦੇ ਹਨ, ਪਰ ਹਿੰਦੀ ਨਹੀਂ। ਸ਼ਾਇਦ ਹਿੰਦੀ ਉਹ ਸਿੱਖਣੀ ਵੀ ਨਹੀਂ ਚਾਹੁੰਦੇ। ਖ਼ੈਰ ਮੀਟਿੰਗ ਵਿੱਚ ਹਿੱਸਾ ਲੈਣ ਵਾਲੇ ਵੱਖ-ਵੱਖ ਸੂਬਿਆਂ ਦੇ 35 ਮੈਂਬਰ ਪ੍ਰੋਗਰਾਮ ਸੈਂਟਰ ਵਿੱਚ ਇਕੱਤਰ ਹੋ ਗਏ। ਏਨੇ ਨੂੰ ਮੀਟਿੰਗ ਵਾਲੀ ਬੱਸ ਆ ਗਈ। ਬੱਸ ਵਿੱਚ ਸਵਾਰ ਹੋ ਕੇ ਅਸੀਂ ਅੱਧੇ ਕੁ ਘੰਟੇ ਵਿੱਚ ਮੀਟਿੰਗ ਹਾਲ ਵਿੱਚ ਪਹੁੰਚ ਗਏ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਆਤਿਸ਼ਬਾਜ਼ੀ ਕੀਤੀ ਗਈ। ਕੱਦਾਵਰ ਮਜ਼ਦੂਰ ਆਗੂ ਆਰ. ਨਾਲਾਕਾਨੂੰ ਨੇ ਝੰਡਾ ਲਹਿਰਾਉਣ ਦੀ ਰਸਮ ਨਿਭਾਈ। ਉਦਘਾਟਨੀ ਤਕਰੀਰ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਡੀ.ਰਾਜਾ ਨੇ ਕੀਤੀ। ਉਨ੍ਹਾਂ ਨੇ ਮਾਰਕਸ, ਡਾ. ਅੰਬੇਡਕਰ ਅਤੇ ਪੇਰੀਅਰ ਦੀ ਸੋਚ ਨੂੰ ਅਪਣਾ ਕੇ ਨਰੋਇਆ ਸਮਾਜ ਸਿਰਜਣ ਲਈ ਹੰਭਲਾ ਮਾਰਨ ਦਾ ਸੱਦਾ ਦਿੱਤਾ। ਉਦਘਾਟਨੀ ਸੈਸ਼ਨ ਨੂੰ ਕੁਲ ਹਿੰਦ ਦਲਿਤ ਅਧਿਕਾਰ ਅੰਦੋਲਨ ਦੇ ਪ੍ਰਧਾਨ ਰਾਮਾ ਮੂਰਤੀ (ਪੁਡੂਚੇਰੀ) ਅਤੇ ਪੇਰੀਅਰ ਸਵਾਮੀ ਖੋਜ ਕੇਂਦਰ ਦੇ ਇੰਚਾਰਜ ਕੁਮਾਰ ਸੇਨ (ਚੇਨਈ) ਨੇ ਵੀ ਸੰਬੋਧਨ ਕੀਤਾ। ਦਲਿਤ ਅਧਿਕਾਰ ਅੰਦੋਲਨ ਦੇ ਜਨਰਲ ਸਕੱਤਰ ਵੀ.ਐੱਸ. ਨਿਰਮਲ ਵੱਲੋਂ ਪੇਸ਼ ਕੀਤੇ ਏਜੰਡੇ 'ਤੇ ਲੰਬੀ-ਚੌੜੀ ਬਹਿਸ ਹੋਈ।



ਮਜ਼ਦੂਰਾਂ ਦੇ ਬੁੱਤ ਕੋਲ ਮਜ਼ਦੂਰ ਆਗੂ।

ਮੈਂ ਚੇਨਈ ਦਾ ਸਰਕਾਰੀ ਅਜਾਇਬ ਘਰ ਦੇਖਣ ਲਈ ਚੱਲਦੀ ਬਹਿਸ ਵਿੱਚੋਂ ਆਪਣੇ ਗਰੁੱਪ ਆਗੂ ਕੋਲੋਂ ਛੁੱਟੀ ਲੈ ਲਈ। ਇਹ ਅਜਾਇਬ ਘਰ ਸਾਡੀ ਪ੍ਰੋਗਰਾਮ ਸੈਂਟਰ ਵਾਲੀ ਰਿਹਾਇਸ਼ ਦੇ ਨੇੜੇ ਪੈਂਦਾ ਸੀ। ਮੈਂ ਅਜਾਇਬ ਘਰ ਦੇ ਸਰਕਾਰੀ ਕਾਊਂਟਰ ਤੋਂ 15 ਰੁਪਏ ਦੀ ਟਿਕਟ ਲਈ। ਲੰਬੇ-ਚੌੜੇ ਅਜਾਇਬ ਘਰ ਵਿੱਚ ਮੁੱਖ ਆਕਰਸ਼ਣ ਪੱਥਰਾਂ ਦੀਆਂ ਮੂਰਤੀਆਂ ਹਨ। ਇਨ੍ਹਾਂ ਮੂਰਤੀਆਂ ਰਾਹੀਂ ਚੇਨਈ ਦਾ ਪੁਰਾਤਨ ਇਤਿਹਾਸ ਦਰਸਾਇਆ ਗਿਆ ਹੈ। ਅਜਾਇਬ ਘਰ ਦੇ ਇੱਕ ਹਿੱਸੇ ਵਿੱਚ ਪੁਸਤਕ ਮੇਲਾ ਲੱਗਾ ਹੋਇਆ ਸੀ। ਪਤਾ ਲੱਗਾ ਕਿ ਇਹ ਮੇਲਾ ਪੱਕਾ ਹੀ ਹੈ। ਇਸ ਤੋਂ ਦੱਖਣੀ ਭਾਰਤ ਦੇ ਲੋਕਾਂ ਦੀ ਪੜ੍ਹਨ ਰੁਚੀ ਦਾ ਪਤਾ ਲੱਗਦਾ ਹੈ। ਮਦਰਾਸ ਬਾਰੇ ਮੁਕੰਮਲ ਜਾਣਕਾਰੀ ਸੰਬੰਧੀ ਚਾਰ ਜਿਲਦਾਂ ਦਾ ਸੈੱਟ ਵੱਖ-ਵੱਖ ਸ਼ੈਲਫਾਂ ਦਾ ਸ਼ਿੰਗਾਰ ਹੈ। ਇਸ ਸੈੱਟ ਦੀ ਕੀਮਤ 3600 ਰੁਪਏ ਰੱਖੀ ਗਈ ਹੈ। ਅਜਾਇਬ ਘਰ ਵਿੱਚ ਬੇਸ਼ੁਮਾਰ ਵਸਤੂਆਂ ਦਾ ਪ੍ਰਦਰਸ਼ਨ ਹੈ। ਇੱਥੇ ਘੁੰਮਦਿਆਂ ਸ਼ਾਮ ਪੈ ਗਈ। ਮੇਰੇ ਪ੍ਰੋਗਰਾਮ ਸੈਂਟਰ 'ਤੇ ਪਹੁੰਚਣ ਤੋਂ ਪਹਿਲਾਂ ਬਾਕੀ ਸਾਥੀ ਮੀਟਿੰਗ ਮੁਕਾ ਕੇ ਪਰਤ ਆਏ ਸਨ।

ਅਗਲੇ ਦਿਨ ਮੀਟਿੰਗ 'ਤੇ ਚੱਲਦੀ ਬਹਿਸ ਖਤਮ ਹੋਣ ਤੋਂ ਬਾਅਦ ਪ੍ਰਬੰਧਕਾਂ ਨੇ ਇੱਕ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ। ਤਾਮਿਲ ਕਲਾਕਾਰਾਂ ਨੇ ਗੀਤ ਤੇ ਨਾਚ ਰਾਹੀਂ ਕਮਾਲ ਦੀ ਪੇਸ਼ਕਾਰੀ ਕੀਤੀ। ਇਹ ਪ੍ਰੋਗਰਾਮ ਭਾਸ਼ਾਈ, ਇਲਾਕਾਈ ਤੇ ਪਹਿਰਾਵੇ ਦੀਆਂ ਹੱਦਾਂ ਪਾਰ ਕਰਕੇ ਸਰੋਤਿਆਂ ਦੀਆਂ ਭਾਵਨਾਵਾਂ ਨੂੰ ਟੁੰਬਣ ਵਿੱਚ ਸਫਲ ਰਿਹਾ। ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਡੀ.ਰਾਜਾ ਤਾਮਿਲਨਾਡੂ ਸੂਬੇ ਤੋਂ ਹਨ। ਉਨ੍ਹਾਂ ਨੇ ਸਾਰੇ ਪ੍ਰੋਗਰਾਮ ਦਾ ਆਨੰਦ ਮਾਣਿਆ ਤੇ ਤਾਮਿਲ ਕਲਾਕਾਰਾਂ ਨੂੰ ਭਰਪੂਰ ਦਾਦ ਦਿੱਤੀ। ਤਾਰਿਆਂ ਦੀ ਲੋਅ ਹੋਣ ਤੱਕ ਪ੍ਰੋਗਰਾਮ ਜਾਰੀ ਰਿਹਾ। ਰਾਤ ਦੇ ਖਾਣੇ ਵੇਲੇ ਅਸੀਂ ਪ੍ਰੋਗਰਾਮ ਸੈਂਟਰ ਪੁੱਜੇ। ਚੇਨਈ ਦੇ ਮੇਜ਼ਬਾਨਾਂ ਵੱਲੋਂ ਤਿਆਰ ਕੀਤਾ ਦੱਖਣੀ ਭਾਰਤ ਦਾ ਸਵਾਦਲਾ ਭੋਜਨ ਛਕ ਕੇ ਸੌਣ ਦੀ ਤਿਆਰੀ ਕਰਨ ਲੱਗੇ ਤਾਂ ਲੰਬੀ ਵਾਲੇ ਨਾਨਕ ਚੰਦ ਬਜਾਜ ਨੇ ਪੰਜਾਬੋਂ ਗਏ ਮਜ਼ਦੂਰ ਆਗੂਆਂ ਨੂੰ ਇੱਕ ਥਾਂ ਇਕੱਠੇ ਕਰ ਲਿਆ। ਦਿਨ ਵੇਲੇ ਦੇ ਸਮਾਗਮ ਦੀ ਚੀਰਫਾੜ ਕਰਨ ਉਪਰੰਤ ਨਾਨਕ ਨੇ ਤਾਮਿਲ ਕਲਾਕਾਰਾਂ ਦੇ ਹਵਾਲੇ ਨਾਲ ਹਾਸੇ ਦੀਆਂ ਫੁੱਲਝੜੀਆਂ ਵੀ ਛੱਡੀਆਂ।

ਅਗਲਾ ਦਿਨ ਸਾਡਾ ਪੂਰੀ ਤਰ੍ਹਾਂ ਵਿਹਲਾ ਸੀ। ਵਾਪਸੀ ਟਰੇਨ ਰਾਤ ਨੂੰ ਚੱਲਣੀ ਸੀ। ਵਿਹਲੇ ਸਮੇਂ ਨੂੰ ਉਪਯੋਗੀ ਕਿਵੇਂ ਬਣਾਇਆ ਜਾਵੇ। ਚੇਨਈ 'ਚ ਕੀ ਦੇਖਿਆ ਜਾਵੇ, ਸੋਚ-ਵਿਚਾਰ ਤੋਂ ਬਾਅਦ ਫੈਸਲਾ ਹੋਇਆ ਮਰੀਨਾ ਬੀਚ ਦਾ ਨਜ਼ਾਰਾ ਵੇਖਿਆ ਜਾਵੇ। ਮਰੀਨਾ ਬੀਚ ਭਾਰਤ ਦਾ ਸਭ ਤੋਂ ਵੱਡਾ ਅਤੇ ਦੁਨੀਆ ਦਾ ਦੂਸਰਾ ਵੱਡਾ ਸਮੁੰਦਰੀ ਤੱਟ ਹੈ। ਮਰੀਨਾ ਬੀਚ ਆਪਣੀ ਪੁਰਾਤਨ ਸੁੰਦਰਤਾ ਅਤੇ ਵਧੀਆ ਵਾਤਾਵਰਨ ਲਈ ਜਾਣੀ ਜਾਂਦੀ ਹੈ। ਇੱਥੇ ਹਰ ਰੋਜ਼ ਸੈਂਕੜੇ ਲੋਕ ਸਮੁੰਦਰੀ ਨਜ਼ਾਰਾ ਤੱਕਣ ਆਉਂਦੇ ਹਨ।

ਅਸੀਂ ਸਭ ਤੋਂ ਪਹਿਲਾਂ ਮਰੀਨਾ ਬੀਚ 'ਤੇ ਬਣੇ ਹੋਏ ਅੰਨਾ ਚੌਕ 'ਤੇ ਪਹੁੰਚਦੇ ਹਾਂ। ਸਾਡੇ ਲਈ ਸਭ ਤੋਂ ਵੱਧ ਖਿੱਚ ਦਾ ਕੇਂਦਰ ਮਜ਼ਦੂਰਾਂ ਦਾ ਬਣਿਆ ਬੁੱਤ ਹੈ। ਮਦਰਾਸ ਯੂਨੀਵਰਸਿਟੀ ਦੇ ਸਾਹਮਣੇ ਬਣਿਆ ਮਜ਼ਦੂਰਾਂ ਦਾ ਬੁੱਤ ਸੰਘਰਸ਼ਾਂ ਦੀ ਕਹਾਣੀ ਬਿਆਨ ਕਰਦਾ ਹੈ। ਇਹ ਬੁੱਤ ਪ੍ਰਸਿੱਧ ਆਰਟਿਸਟ ਦੇਬੀ ਪ੍ਰਸ਼ਾਦ ਰਾਇ ਨੇ 1959 ਵਿੱਚ ਬਣਾਇਆ ਸੀ। ਅਸੀਂ ਬੁੱਤ ਦੇ ਕੋਲ ਪਹੁੰਚੇ ਹੀ ਸਾਂ ਕਿ ਦੋ ਨੌਜਵਾਨ ਦੌੜ ਕੇ ਸਾਡੇ ਕੋਲ ਆਏ। ਉਹ ਦੋਵੇਂ ਵਿਦਿਆਰਥੀ ਸਨ। ਉਨ੍ਹਾਂ ਵਿੱਚੋਂ ਇੱਕ ਮਾਨਸਾ ਦਾ ਜਵਾਲਾ ਸਿੰਘ ਸੀ। ਉਸ ਨੇ ਸਾਡੀ ਟੋਲੀ ਨਾਲ ਬੁੱਤ ਅੱਗੇ ਖੜ ਕੇ ਤਸਵੀਰ ਖਿਚਵਾਉਂਦਿਆਂ ਦੱਸਿਆ ਕਿ ਇੱਥੇ ਪੰਜਾਬੀ ਬੋਲਣ ਵਾਲਾ ਮਸਾਂ ਹੀ ਮਿਲਦਾ ਹੈ।

ਸਮੁੰਦਰ ਦੀਆਂ ਛੱਲਾਂ ਦਾ ਆਨੰਦ ਮਾਣਦਿਆਂ ਅਸੀਂ ਦੇਖਿਆ ਕਿ ਕਈ ਲੋਕ ਰੇਤਾ 'ਤੇ ਆਪਣਾ ਨਾਂਅ ਲਿਖ ਰਹੇ ਸਨ। ਇੱਕ ਨਵਾਂ ਵਿਆਹਿਆ ਜੋੜਾ ਸਿੱਪੀਆਂ ਤੇ ਘੋਗੇ ਲੱਭੀ ਜਾਂਦਾ ਸੀ। ਲੱਗਭੱਗ 6 ਕਿਲੋਮੀਟਰ ਤੱਕ ਫੈਲੇ ਬੀਚ 'ਤੇ ਰੌਣਕਾਂ ਲੱਗਦੀਆਂ ਹਨ। ਸਾਡੇ ਨਾਲ ਆਏ ਦਿੱਲੀ ਵਾਲਾ ਸਾਥੀ, ਗੁਲਜ਼ਾਰ ਗੋਰੀਆ ਤੇ ਦੇਵੀ ਕੁਮਾਰੀ ਜਲਦੀ ਵਾਪਸ ਚਲੇ ਗਏ। ਮੈਂ, ਨਾਨਕ ਚੰਦ ਬਜਾਜ ਅਤੇ ਸੰਤੋਖ ਸਿੰਘ ਸੰਘੇੜਾ ਲਾਈਟ ਹਾਊਸ ਤੱਕ ਜਾਣ ਦਾ ਫੈਸਲਾ ਕੀਤਾ। ਸੈਲਾਨੀ ਇੱਥੋਂ ਸੂਰਜ ਛਿਪਣ ਦਾ ਮਨਮੋਹਕ ਨਜ਼ਾਰਾ ਦੇਖਦੇ ਹਨ। ਅਸੀਂ ਉਸੇ ਰਾਤ ਟਰੇਨ ਵਾਪਸੀ ਲਈ ਫੜਨੀ ਸੀ। ਕਾਹਲ ਕਾਰਨ ਅਸੀਂ ਸੂਰਜ ਛਿਪਣ ਦਾ ਨਜ਼ਾਰਾ ਵੇਖਣ ਤੋਂ ਵਾਂਝੇ ਰਹਿ ਗਏ।

# ਬਾਲ ਕੋਨਾ



ਨਵਦੀਪ ਕੌਰ, ਤੀਜੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਗੰਭੀਰਪੁਰ

## ਕਾਂ ਤੇ ਚਿੜੀ

ਪੁਰਾਣੇ ਸਮੇਂ ਦੀ ਗੱਲ ਹੈ। ਇੱਕ ਦਰੱਖਤ 'ਤੇ ਇੱਕ ਕਾਂ ਅਤੇ ਚਿੜੀ ਆਪਣੇ-ਆਪਣੇ ਆਲ੍ਹਣਿਆਂ ਵਿੱਚ ਆਰਾਮ ਨਾਲ ਰਹਿੰਦੇ ਸਨ, ਪਰ ਉਹ ਕਦੇ ਇੱਕ-ਦੂਜੇ ਨੂੰ ਬੁਲਾਉਂਦੇ ਨਹੀਂ ਸੀ। ਗਰਮੀਆਂ ਦਾ ਮੌਸਮ ਆ ਗਿਆ ਸੀ। ਸਾਰੇ ਪਾਸੇ ਗਰਮੀ ਕਰਕੇ ਪੰਛੀ-ਪਰਿੰਦੇ ਪ੍ਰੇਸ਼ਾਨ ਰਹਿਣ ਲੱਗ ਪਏ। ਦੁਪਹਿਰ ਦਾ ਸਮਾਂ ਸੀ। ਕਾਂ ਅਤੇ ਚਿੜੀ ਦੋਵੇਂ ਭੋਜਨ ਅਤੇ ਪਾਣੀ ਦੀ ਭਾਲ ਵਿੱਚ ਜੰਗਲ ਵੱਲ ਦੂਰ ਚਲੇ ਗਏ ਸਨ। ਪਿੱਛੋਂ ਇੱਕ ਜ਼ਹਿਰੀਲਾ ਸੱਪ ਉਨ੍ਹਾਂ ਦੇ ਆਲ੍ਹਣਿਆਂ ਵਾਲ਼ੇ ਦਰੱਖਤ 'ਤੇ ਚੜ੍ਹਨ ਲੱਗ ਪਿਆ। ਇੰਨੇ ਨੂੰ ਇੱਕ ਬਾਜ਼ ਦੀ ਨਜ਼ਰ ਉਸ ਸੱਪ ਵੱਲ ਚਲੀ ਗਈ। ਉਸ ਨੇ ਤੁਰੰਤ ਉਸ ਜ਼ਹਿਰੀਲੇ ਸੱਪ ਨੂੰ ਝਪਟਾ ਮਾਰਿਆ ਤੇ ਸੱਪ ਰੁੱਖ ਤੋਂ ਹੇਠਾਂ ਡਿੱਗ ਗਿਆ ਅਤੇ ਬਾਜ਼ ਨੂੰ ਦੇਖ ਕੇ ਤੁਰੰਤ ਘਬਰਾ ਗਿਆ। ਬਾਜ ਸੱਪ ਨੂੰ ਪਕੜਨ ਹੀ ਲੱਗਾ ਸੀ ਕਿ ਇੰਨੇ ਨੂੰ ਸੱਪ ਰੁੱਖ ਕੋਲ ਬਣੀ ਹੋਈ ਬਰਮੀ ਵਾਲੀ ਥਾਂ ਵਿੱਚ ਛੁਪ ਗਿਆ। ਕੁਝ ਦੇਰ ਬਾਅਦ ਚਿੜੀ ਅਤੇ ਕਾਂ ਵੀ ਜੰਗਲ ਵੱਲ ਤੋਂ ਵਾਪਸ ਆਪਣੇ ਆਲ੍ਹਣਿਆਂ ਵੱਲ ਆ ਗਏ। ਉੱਥੇ ਮਚੀ ਹਫੜਾ-ਤਫੜੀ ਤੇ ਇਕੱਠੇ ਹੋਏ ਪੰਛੀਆਂ ਨੂੰ ਦੇਖ ਕੇ ਉਹ ਦੋਵੇਂ ਘਬਰਾ ਗਏ। ਐਨੇ ਨੂੰ ਬਾਜ਼ ਨੇ ਕਾਂ ਅਤੇ ਚਿੜੀ ਕੋਲ ਆ ਕੇ ਦੋਵਾਂ ਨੂੰ ਸਾਰੀ ਗੱਲ ਦੱਸੀ। ਉੱਥੇ ਇਕੱਠੇ ਹੋਏ ਪੰਛੀਆਂ ਨੇ ਚਿੜੀ ਅਤੇ ਕਾਂ ਨੂੰ ਦੱਸਿਆ ਕਿ ਦੂਸਰੇ ਦਰੱਖਤ 'ਤੇ ਰਹਿੰਦਾ ਬਾਜ਼ ਅੱਜ ਸੱਪ ਨੂੰ ਤੁਹਾਡੇ ਆਲ੍ਹਣਿਆਂ ਵੱਲ ਜਾਣ ਤੋਂ ਨਾ ਰੋਕਦਾ ਤਾਂ ਪਤਾ ਨਹੀਂ ਕੀ ਹੋ ਜਾਣਾ ਸੀ। ਚਿੜੀ ਅਤੇ ਕਾਂ ਨੇ ਆਪਣੇ-ਆਪਣੇ ਆਲ੍ਹਣਿਆਂ ਵੱਲ ਨਜ਼ਰ ਘੁਮਾਈ ਅਤੇ ਆਪਣੇ ਬੱਚਿਆਂ ਨੂੰ ਸਹੀ-ਸਲਾਮਤ ਦੇਖ ਕੇ ਖ਼ੁਸ਼ ਹੋਏ। ਦੋਵਾਂ ਦੇ ਬੱਚੇ ਅੱਜ ਬਾਜ਼ ਦੀ ਹੁਸ਼ਿਆਰੀ ਤੇ ਬਹਾਦਰੀ ਕਰਕੇ ਸੁਰੱਖਿਅਤ ਆਪਣੇ-ਆਪਣੇ ਆਲ੍ਹਣਿਆਂ ਵਿੱਚ ਸਹੀ-ਸਲਾਮਤ ਸਨ। ਕਾਂ ਤੇ ਚਿੜੀ ਨੇ ਆਪਣੇ ਗੁਆਂਢੀ ਬਾਜ਼ ਦਾ ਬਹੁਤ ਧੰਨਵਾਦ ਕੀਤਾ ਤੇ ਕਿਹਾ ਕਿ ਅਸੀਂ ਦੋਵੇਂ ਤੁਹਾਡੇ ਸ਼ੁਕਰਗੁਜ਼ਾਰ ਹਾਂ। ਬਾਜ ਨੇ ਕਿਹਾ ਕਿ ਅਜਿਹੀ ਕੋਈ ਗੱਲ ਨਹੀਂ, ਮੈਂ ਤਾਂ ਇੱਕ ਚੰਗੇ ਗੁਆਂਢੀ ਹੋਣ ਦਾ ਆਪਣਾ ਫਰਜ਼ ਨਿਭਾਇਆ ਹੈ। ਅਸੀਂ ਭਵਿੱਖ ਵਿੱਚ ਰਲ਼-ਮਿਲ਼ ਕੇ ਅਤੇ ਪ੍ਰੇਮ-ਭਾਵਨਾ ਨਾਲ਼ ਰਹਾਂਗੇ ਅਤੇ ਆਪਣੇ ਦੁੱਖ-ਸੁੱਖ ਆਪਸ ਵਿੱਚ ਸਾਂਝੇ ਕਰਦੇ ਰਹਾਂਗੇ। ਚਿੜੀ ਅਤੇ ਕਾਂ ਦੋਵੇਂ ਬਹੁਤ ਖ਼ੁਸ਼ ਹੋਏ ਕਿ ਉਨ੍ਹਾਂ ਨੂੰ ਬਾਜ਼ ਜਿਹਾ ਚੰਗਾ ਗੁਆਂਢੀ ਨਸੀਬ ਹੋਇਆ। ਸਾਰੇ ਪੰਛੀ ਆਪਣੇ-ਆਪਣੇ ਆਲ੍ਹਣਿਆਂ ਵੱਲ ਚਲੇ ਗਏ।

ਸਿੱਖਿਆ : ਪਿਆਰੇ ਬੱਚਿਓ! ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਸਮਾਜ ਵਿੱਚ ਇੱਕ ਚੰਗੇ ਅਤੇ ਮਿਲਣਸਾਰ ਗੁਆਂਢੀ ਬਣ ਕੇ ਰਹਿਣਾ ਚਾਹੀਦਾ ਹੈ ਅਤੇ ਔਖੇ ਸਮੇਂ ਇੱਕ-ਦੂਜੇ ਦੀ ਤੁਰੰਤ ਮਦਦ ਕਰ ਦੇਣੀ ਚਾਹੀਦੀ ਹੈ, ਤਦ ਹੀ ਅਸੀਂ ਚੰਗੇ ਗੁਆਂਢੀ ਬਣ ਸਕਦੇ ਹਾਂ।

**— ਰਜਨੀ ਧਰਮਾਣੀ**



ਜਸਪ੍ਰੀਤ ਸਿੰਘ, ਸੱਤਵੀਂ, ਸਰਕਾਰੀ ਮਿਡਲ ਸਕੂਲ, ਨੰਦਪੁਰ ਟੋਡਾ (ਪੱਟੀ)